


ਚਰਨ ਸਿੰਘ
ਜਨਮ : ਪਿੰਡ ਬੇਗੋਵਾਲ,
(ਨਵੰਬਰ 01, 1947)
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਸ੍ਰੀਮਤੀ ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖ਼ਾਲਸਾ ਹਾਈ ਸਕੂਲ, ਜਲੰਧਰ।
ਉੱਚ ਵਿੱਦਿਆ : ਲਾਇਲਪੁਰ ਖ਼ਾਲਸਾ ਕਾਲਜ ਜਲੰਧਰ (ਐਮ. ਏ. ਪੰਜਾਬੀ ਸਾਹਿਤ)
1980 ਤੋਂ ਕੈਨੇਡਾ ਵਿਚ ਨਿਵਾਸੀ।
CHARAN SINGH
8771-143 STREET
SURREY, B.C. V3W4G4
CANADA
Ph. : 778-564-0331
Email : virdycharan@gmail.com
Website : charan singh.ca@


ਹੇ! ਪ੍ਰਭੂ ਜੀ
ਜਿਨ੍ਹਾਂ ਅਮ੍ਰਿਤੀ ਨੈਣਾਂ
ਮੈਨੂੰ ਤੇਰੇ ਦਰ ਤੋਂ ਉਠਾਇਆ ਸੀ
ਪੈਰਾਂ ਵਿਚ ਨਹੀਂ ਰੱਖਿਆ
ਦਿਲ ਦੇ ਤਖ਼ਤ ਬਿਠਾਇਆ ਸੀ
ਜੋ ਨਹੀਂ ਸੀ ਵੇਖਣਾ ਜ਼ਿੰਦਗੀ ਭਰ
ਮੈਨੂੰ ਉਹ ਸੱਚ ਵਿਖਾਇਆ ਸੀ


ISBN 978-93-87267-07-5
978-93-87267-07-5
Rs. 350/-


ਬੋਲ–ਕਬੋਲ (ਭਾਗ-1) ਚਰਨ ਸਿੰਘ


kaav shastar


# ਬੋਲ–ਕਬੋਲ
## (ਭਾਗ-1)

ਚਰਨ ਸਿੰਘ

ਕਿਤਾਬ ਵਿਚੋਂ ਇਕ
ਕਾਵਿ ਟੁਕੜੀ

ਹੇ! ਮਨਾਂ
ਮੇਰਾ ਤਿੜਕਿਆ ਚਿਹਰਾ
ਅੰਗ ਨਕ਼ਸ਼
ਅਜੋਕੀ ਵਿਸ਼ਵ ਨੂੰ ਨਜ਼ਰ ਨਹੀਂ ਆਉਂਦੇ
ਅੰਬਰ ਦੀ ਨਾ ਅੱਖ ਦਾ ਅੱਥਰੂ
ਧਰਤੀ ਦਾ ਨਾ ਦਰਦ ਕਹਾਉਂਦੇ
–0–
ਪੌਣਾਂ ਦੀ ਜੀਭਾ ’ਤੇ ਜਿਨ੍ਹਾਂ ਦੇ ਵਰਲਾਪ ਨੇ
ਸਮੇਂ ਦੀ ਚਿਹਰੇ ’ਤੇ ਜਿਨ੍ਹਾਂ ਦੇ ਦਾਗ ਨੇ
ਸਾਗਰ ਵਿੱਚ ਹੈ ਜਿਨ੍ਹਾਂ ਦੀ ਨੀਲਤਾ
ਨਦੀਆਂ ਦਰਿਆਵਾਂ ਵਿੱਚ ਹੈ
ਜਿਨ੍ਹਾਂ ਦੀ ਸ਼ੀਤਲਤਾ
ਜੰਗਲਾਂ ਪਹਾੜਾਂ ਵਿੱਚ ਹੈ
ਜਿਨ੍ਹਾਂ ਦਾ ਵਸੇਰਾ
ਫਿਰ ਵੀ ਕਿੱਧਰੇ ਨਜ਼ਰ ਨਹੀਂ ਆਉਂਦੇ
ਨਜ਼ਰ ਹੈ ਆਉਂਦਾ ਪਦਾਰਥ ਦਾ ਚਿਹਰਾ
ਭੂਤ ਭੱਵਿਖ ਵਰਤਮਾਨ ਦੇ
ਪ੍ਰਤੀ ਕਰਮ ਦੇ ਜੋ ਅੱਗੇ ਹਨ
ਸਿਰਜਕ ਸਿਰਜਣਾ ਦੀ
ਪਹਿਚਾਣ ਦਾ ਜੋ ਰੰਗ ਹਨ
ਇੱਕ ਪਾਸੇ ਮਨੁੱਖ ਖੜਾ ਹੈ
ਇਕ ਪਾਸੇ ਵਿਕਸਤ ਪਦਾਰਥ
ਇਕ ਪਾਸੇ ਪਦਾਰਥ ਪੂਜਾ
ਇੱਕ ਪਾਸੇ ਲੋਕਾਂ ਦੀ ਤਜਾਰਤ
ਤਖ਼ਤ ’ਤੇ ਬੈਠਾ ਜੋ ਮੇਰੇ ਹੀ
ਅੰਗਾਂ ਨਕ਼ਸ਼ਾਂ ਦੇ ਮੁੱਲ ਵੱਟਦਾ ਹੈ
ਮੇਰੀ ਸਿਰਜਣਾ ਹੋ ਕੇ
ਮੇਰਾ ਲਹੂ ਚੱਟਦਾ ਹੈ
–0–

# ਬੋਲ ਕਬੋਲ
(ਲੰਬੀ ਕਵਿਤਾ)

ਚਰਨ ਸਿੰਘ

ਕਾਵਿ-ਸ਼ਾਸਤਰ

# BOL KABOL
## (A LONG POEM)

BY CHARAN SINGH
8771-143 STREET
SURREY B.C.
V3W4G4 CANADA

E.MAIL : virdycharan@gmail.com
PHONE : 778-564-0331
WEBSITE : CHARAN SINGH.CA@

EDITION : 2019

ISBN : 978-93-87267-07-5

PRICE : Rs. 350-00

TITLE DESIGNED BY : Kalyani Arts, Phagwara

PUBLISHED BY : KAAV SHASTAR

# ਚਰਨ ਸਿੰਘ ਦਾ ਜੀਵਨ-ਬਿਉਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 01, 1947 (ਜ਼ਿਲ੍ਹਾ ਕਪੂਰਥਲਾ)
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਸ੍ਰੀਮਤੀ ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖ਼ਾਲਸਾ ਹਾਈ ਸਕੂਲ, ਜਲੰਧਰ।
ਉੱਚ ਵਿੱਦਿਆ : ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ। (ਐੱਮ. ਏ. ਪੰਜਾਬੀ)

ਚਰਨ ਸਿੰਘ 1980 ਤੋਂ ਕੈਨੇਡਾ ਵਿਚ ਨਿਵਾਸ ਕਰ ਰਿਹਾ ਹੈ।

CHARAN SINGH
8771-143 STREET
SURREY B.C. V3W4G4
CANADA
Ph. : 778-564-0331
Email : virdycharan@gmail.com
Website : charan singh.ca@

## ਇਸੇ ਕਲਮ ਤੋਂ

- ਤੀਸਰੀ ਅੱਖ (ਕਾਵਿ-ਸੰਗ੍ਰਹਿ) 1982
- ਮਿੱਟੀ 'ਚ ਉੱਕਰੇ ਅੱਖਰ (ਕਾਵਿ-ਸੰਗ੍ਰਹਿ) 1984
- ਸ਼ੁਨਯ-ਬੋਧ (ਕਾਵਿ-ਸੰਗ੍ਰਹਿ) 1987
- ਆਪੇ-ਬੋਲ-ਸ੍ਰੋਤ (ਲੰਬੀ ਕਵਿਤਾ) 1998
- ਗਗਨ ਮੇਂ ਥਾਲੁ (ਕਾਵਿ-ਸੰਗ੍ਰਹਿ) 2008
- ਸ਼ੀਸ਼ੇ ਵਿਚਲਾ ਸੂਰਜ (ਕਾਵਿ-ਸੰਗ੍ਰਹਿ) 2008
- ਰੁੱਖ ਤੇ ਜੰਗਲ (ਕਾਵਿ-ਸੰਗ੍ਰਹਿ) 2008
- ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ-ਸੰਗ੍ਰਹਿ) 2009
- ਵਿਪਰੀਤ (ਕਾਵਿ-ਸੰਗ੍ਰਹਿ) 2009
- ਬਿੰਦੂ ਤੇ ਦਾਇਰੇ (ਕਾਵਿ-ਸੰਗ੍ਰਹਿ) 2009
- ਅੰਤਰੀਵ (ਕਾਵਿ-ਸੰਗ੍ਰਹਿ) 2010
- ਸੂਰਜ ਤੇ ਕਿਰਨਾਂ (ਕਾਵਿ-ਸੰਗ੍ਰਹਿ) 2010
- ਤੁਪਕਾ ਤੁਪਕਾ ਸੂਰਜ (ਕਾਵਿ-ਸੰਗ੍ਰਹਿ) 2010
- ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
- ਪ੍ਰਕਰਮਾ (ਕਾਵਿ-ਸੰਗ੍ਰਹਿ) 2011
- ਦੀਵੇ ਜਗਦੇ ਨੈਣ (ਅਗਜ਼ਲ) 2011
- ਰਿਸ਼ਮਾਂ (ਕਾਵਿ-ਸੰਗ੍ਰਹਿ) 2012
- ਦਰਪਣ (ਕਾਵਿ-ਸੰਗ੍ਰਹਿ) 2012
- ਅਨੁਭਵ (ਕਾਵਿ-ਸੰਗ੍ਰਹਿ) 2012
- ਪ੍ਰਛਾਵੇਂ (ਕਾਵਿ-ਸੰਗ੍ਰਹਿ) 2012
- ਤ੍ਰੈਕਾਲ (ਕਾਵਿ-ਸੰਗ੍ਰਹਿ) 2012
- ਆਗਮਨ (ਕਾਵਿ-ਸੰਗ੍ਰਹਿ) 2012
- ਪ੍ਰਵਾਜ਼ (ਕਾਵਿ-ਸੰਗ੍ਰਹਿ) 2012
- ਤ੍ਰਿਵੇਣੀ (ਕਾਵਿ-ਸੰਗ੍ਰਹਿ) 2012
- ਕੋਰਾ ਕਾਗ਼ਜ਼ (ਕਾਵਿ-ਸੰਗ੍ਰਹਿ) 2012
- ਸ਼ਬਦਾਂ ਦਾ ਸਫ਼ਰ (ਕਾਵਿ-ਸੰਗ੍ਰਹਿ) 2012
- ਬੁੱਕਲ (ਕਾਵਿ-ਸੰਗ੍ਰਹਿ) 2012
- ਸ਼ੀਸ਼ੇ ਦਾ ਸ਼ਹਿਰ (ਕਾਵਿ-ਸੰਗ੍ਰਹਿ) 2012
- ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ) 2013
- ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013

❋ ਸਮਾਧੀ (ਕਾਵਿ-ਸੰਗ੍ਰਹਿ) 2013
❋ ਅੰਕੁਰ (ਲਘੂ ਕਵਿਤਾਵਾਂ) 2013
❋ ਸੰਤੁਲਨ (ਕਾਵਿ-ਸੰਗ੍ਰਹਿ) 2013
❋ ਪੱਥਰ ਦਾ ਸਫ਼ਰ (ਕਾਵਿ-ਸੰਗ੍ਰਹਿ) 2013
❋ ਮੁਕਤੀ (ਲੰਬੀ ਕਵਿਤਾ) 2014
❋ ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
❋ ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014
❋ ਚਰਨ ਸਿੰਘ ਕਾਵਿ ਬਾਰੇ ਆਲੋਚਨਾਤਮਕ ਅਧਿਐਨ
❋ ਚਰਨ ਸਿੰਘ ਦਾ ਕਾਵਿ-ਲੋਕ - ਪ੍ਰੋ.ਬ੍ਰਹਮ ਜਗਦੀਸ਼ ਸਿੰਘ 2015
❋ ਕਵਿਤਾ ਦੀ ਆਬਸ਼ਾਰ (ਚੋਣਵੀਂ ਕਵਿਤਾ) - ਪ੍ਰਮਿੰਦਰਜੀਤ 2015
❋ Beyond the horizon (Poetry in English)
Tanslator : Krishan Bector - 2016
❋ ਕੁਕਨੂਸ (ਕਾਵਿ-ਸੰਗ੍ਰਹਿ) 2016
❋ ਨੀਲਾ ਆਸਮਾਨ (ਕਾਵਿ-ਸੰਗ੍ਰਹਿ) 2016
❋ ਬਾਹਰੋਂ ਅਇਆ ਆਦਮੀ (ਕਾਵਿ-ਸੰਗ੍ਰੀਹ) 2016
❋ ਕਿਵ ਸੱਚਿਆਰਾ ਹੋਈਐ (ਕਾਵਿ-ਨਾਟਕ)
❋ ਆਧੁਨਿਕਤਾ : ਮੁੱਢ ਅਤੇ ਵਿਕਾਸ (ਅਲੋਚਨਾ)

❋ ਚਰਨ ਸਿੰਘ ਦਾ ਕਾਵਿ ਆਲੋਚਨਾਤਮਕ ਅਧਿਐਨ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
❋ ਚਰਨ ਸਿੰਘ ਦਾ ਕਾਵਿ-ਲੋਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
❋ ਆਧੁਨਿਕ ਕਵੀ ਚਰਨ ਸਿੰਘ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
❋ ਚਰਨ ਸਿੰਘ ਕਾਵਿ : ਦ੍ਰਿਸ਼ਟੀ ਅਤੇ ਪਾਸਾਰ : ਐੱਸ. ਸਮਰਾਏ (ਸੰਪਾ.)

**ਬੋਲ ਕਬੋਲ (ਭਾਗ ਪਹਿਲਾ)**

❋ ਉਪਭਾਗ ਇਕ (ਲੰਬੀ ਕਵਿਤਾ) 2019
❋ ਉਪਭਾਗ ਦੋ (ਲੰਬੀ ਕਵਿਤਾ) 2019
❋ ਉਪਭਾਗ ਤਿੰਨ (ਲੰਬੀ ਕਵਿਤਾ) 2019
❋ ਉਪਭਾਗ ਚਾਰ (ਲੰਬੀ ਕਵਿਤਾ) 2019
❋ ਉਪਭਾਗ ਪੰਜ (ਲੰਬੀ ਕਵਿਤਾ) 2019
❋ ਮਹਿਮਾ (ਕਾਵਿ-ਸੰਗ੍ਰਹਿ) 2017
❋ ਸਾਏ ਦਾ ਸਫ਼ਰ (ਕਾਵਿ-ਸੰਗ੍ਰਹਿ) 2017
❋ ਪ੍ਰਬੋਧ (ਕਾਵਿ-ਸੰਗ੍ਰਹਿ) 2017
❋ ਚਲ ਮਨਾਂ (ਪ੍ਰਗੀਤਕ ਕਵਿਤਾਵਾਂ) 2020
❋ ਬ੍ਰਿਹਾ ਬੋਲ ਪਿਆ (ਪ੍ਰਗੀਤਕ ਕਵਿਤਾਵਾਂ) 2020
❋ ਮੌਲੀ ਧਰਤੀ (ਪ੍ਰਗੀਤਕ ਕਵਿਤਾਵਾਂ) 2020
❋ ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
❋ ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
❋ ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)

- ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
- ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
- ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
- ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
- ਮਹਿਮਾ (ਕਾਵਿ-ਸੰਗ੍ਰਹਿ)
- ਸਾਏ ਦਾ ਸਫ਼ਰ (ਕਾਵਿ-ਸੰਗ੍ਰਹਿ)
- ਮੌਲੀ ਧਰਤੀ (ਲੋਕ-ਟੱਪੇ)
- ਹੰਝੂਆਂ ਦੇ ਦਰਿਆ (ਪ੍ਰਗੀਤਕ-ਕਾਵਿ)
- ਛੁੱਪ ਗਏ ਤਾਰੇ (ਪ੍ਰਗੀਤਕ-ਕਾਵਿ)
- ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
- ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
- ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
- ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
- ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
- ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
- ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
- ਪ੍ਰਵਚਨ (ਕਾਵਿ-ਸੰਗ੍ਰਹਿ) ਦਸ ਭਾਗਾਂ ਵਿਚ

## ਛਪਾਈ ਅਧੀਨ ਪੁਸਤਕਾਂ

- ਉਤਰ-ਆਧੁਨਿਕਤਾ
- ਵਿਸ਼ਵ ਰਹੱਸਵਾਦ
- ਬੋਲ ਕਬੋਲ (ਭਾਗ ਦੂਜਾ) ਲੰਬੀ ਕਵਿਤਾ (ਜਿਸ ਵਿਚ ਚਾਰ ਉਪਭਾਗ ਹਨ)
- ਬੋਲ ਕਬੋਲ (ਭਾਗ ਤੀਜਾ) ਲੰਬੀ ਕਵਿਤਾ (ਜਿਸ ਵਿਚ ਪੰਜ ਉਪਭਾਗ ਹਨ)
- ਨਾਨਕ ਦਰਸ਼ਨ (ਕਵਿ-ਨਾਟਕ)
- ਸਿਲਸਲੇ (ਨਾਵਲ)
- ਪ੍ਰਵਚਨ (ਕਾਵਿ-ਸੰਗ੍ਰਹਿ)

## ਅਵਾਰਡਜ਼

- AWARD OF DISTINCTION
  FROM : INDO-CANADIAN TIMES 1984
- ਸ਼ਾਨੇ ਪੰਜਾਬ DISTINCTION AWARD
  FROM : INDO-CANADIAN TIMES 1986

- PROF. MOHAN SINGH MEMORIAL
  FOUNDATION, CANADA.

- AWARD OF DISTINCTION
  FROM : RADIO RIMJIM CANADA 1993 N R I SABHA JALANDHAR CITY

- AWARD OF DISTINCTION 2003
  AWARD FOR THE CONTRIBUTION TO PUNJABI LITERATURE 2007

- AWARD FOR OUTSTANDING CONTRIBUTION
  TO THE PUNJABI POETRY FROM INTERNATIONAL ASSOCIATION OF
  PUNJABI AUTHORS AND ARTISTS I.N.C. FOR 2011

- AWARD FOR OUTSTANDING CONTRIBUTION
  TOWARDS PUNJABI LITERATURE FROM CANADIAN INTERNATIONAL
  PUNJABI

- SAHIT ACADEMY, CANADA, FOR 2011

- AWARD OF HONOUR
  FROM S.S.D. GIRLS COLLEGE, BATHINDA, PUNJAB.
- AWARD OF DISTINCTION
  FROM MALWA COLLEGE BATHINDA, PUNJAB

- AWARD FOR OUTSTANDING CONTRIBUTION TO PUNJABI POETRY
  FROM PUNJABI SAHIT SABHA ABBOTSFORD, B.C. CANADA.2017-18

- AWARD OF HONOUR
  FROM SANT BABA BHAG SINGH UNIVERSITY, KHIALA JALANDHAR,
  PUNJAB
- AWARD OF DISTINCTION
  FROM PREM CHAND MARKANDA S.D. COLLEGE FOR WOMAN
  JALANDHAR, PUNJAB.
- AWARD FOR DISTINCTION
  FROM D.A.V. COLLEGE BATHINDA, PUNJAB
- AWARD FOR LIFETIME CONTRIBUTION TOWARDS PUNJABI POETRY
  AND LITERATURE
  FROM CENTRAL ASSOCIATION OF PUNJABI WRITERS OF
  NORTH AMERICA. 2019
- 'ਸ਼ੂਨਯ-ਬੋਧ' ਕਾਵਿ-ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ,
  ਅੰਮ੍ਰਿਤਸਰ ਵਿਚ ਐੱਮ. ਏ. ਪੰਜਾਬੀ ਦੇ ਸਿਲੇਬਸ ਦਾ ਹਿੱਸਾ ਹੈ।
- 'ਆਧੁਨਿਕ ਵਿਸ਼ਵ' ਕਾਵਿ-ਸੰਗ੍ਰਹਿ ਗੁਰੂ ਕਾਸ਼ੀ ਯੂਨੀਵਰਸਿਟੀ,
  ਤਲਵੰਡੀ ਸਾਬੋ (ਬਠਿੰਡਾ) ਵਿਚ ਐੱਮ. ਏ. ਪੰਜਾਬੀ ਦੇ ਸਿਲੇਬਸ ਦਾ ਹਿੱਸਾ ਹੈ।

- ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ ਸਾਹਿਤਕਾਰਾਂ ਤੇ
  Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇੱਕ ਹੈ।

❁ ਚਰਨ ਸਿੰਘ ਕਾਵਿ 'ਤੇ ਚਾਰ ਪੀਐੱਚ. ਡੀ ਹੋਰ ਹੋ ਰਹੀਆਂ ਹਨ। ਦੋ ਐੱਮ.ਫਿਲ ਹੋ ਚੁੱਕੀਆਂ ਹਨ ਅਤੇ ਇਕ ਐੱਮ. ਫਿਲ ਹੋ ਰਹੀ ਹੈ।

❁ ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਪ੍ਰੋ. ਮੁਨੀਸ਼, ਡਾ. ਸਤਿਨਾਮ ਸਿੰਘ ਜੱਸਲ ਅਤੇ ਡਾ. ਅਮਰਜੀਤ ਸਿੰਘ 'ਚਰਨ ਸਿੰਘ ਕਾਵਿ' 'ਤੇ ਖੋਜ-ਪੱਤਰ ਲਿਖ ਰਹੇ ਹਨ।

**ਡਾ. ਸਤਿਨਾਮ ਸਿੰਘ ਜੱਸਲ ਜੀ**
**ਨੂੰ ਸਮਰਪਿਤ**

# ਤਤਕਰਾ


**'ਬੋਲ ਕਬੋਲ' ਕਾਵਿ-ਸੰਗ੍ਰਹਿ ਦਾ ਵਿਚਾਰਧਾਰਾਈ ਅਧਿਐਨ** **1-8**
-ਐਸ. ਸਮਰਾਏ

**ਬੋਲ ਕਬੋਲ (ਭਾਗ ਪਹਿਲਾ)**

**1. ਪਹਿਲੀ ਪੁਸਤਕ (ਉਪ ਭਾਗ)** **9-85**

ਇਸ ਭਾਗ ਵਿਚ ਅਜੋਕੇ ਜੀਵਨ ਦੇ ਪ੍ਰਤੀਕਰਮ ਦੀ ਅਤੇ ਜੀਵਨ ਦੀ ਵਿਆਖਿਆ ਹੈ। ਜਿਸ ਚੋਂ ਅਖੌਤੀ ਆਧੁਨਿਕ ਜੀਵਨ ਚੋਂ ਗੁਆਚੇ ਮਨੁੱਖੀ ਸਵੈ ਦੀ ਤਲਾਸ਼ ਦੇ ਕਾਰਨ ਉਤਪੰਨ ਹੁੰਦੇ ਹਨ। ਮੈਂ ਇਸ ਨੂੰ ਅਖੌਤੀ ਵਿਸ਼ਵ ਇਸ ਲਈ ਕਹਿੰਦਾ ਹਾਂ ਕਿ ਇਹ ਆਧੁਨਿਕ ਵਿਸ਼ਵ ਨਹੀਂ ਪਦਾਰਥਕ ਵਿਸ਼ਵ ਹੈ।

(ੳ) ਅਗਾਜ਼ ਤੋਂ ਹਸ਼ਰ ਤਕ (ਲੇਖ) **10**
(ਅ) ਅਗਾਜ਼ ਤੋਂ ਹਸ਼ਰ ਤਕ, ਹਸ਼ਰ ਤੋਂ ਅਗਾਜ਼ ਤਕ (ਕਵਿਤਾ) **13**
(ੲ) ਮਾਨਵ ਬ੍ਰਹਮ (ਲੇਖ) **20**
(ਸ) ਮਾਨਵ ਬ੍ਰਹਮ (ਕਵਿਤਾ) **22**
(ਹ) ਨੂਰੀ ਲੋਕ ਅਤੇ ਦੋ ਬੋਲ ਕਬੋਲ ਕਾਵਿ ਟੁਕੜੀਆਂ **28**
(ਕ) ਬੋਲ ਕਬੋਲ ਦੀ ਪਿੱਠ ਭੂਮੀ : ਸੰਦਰਭ ਅਤੇ ਸੰਭਾਵਨਾ (ਲੇਖ) **40**
(ਖ) ਸਵੈ ਦੀ ਤਲਾਸ਼ (ਕਵਿਤਾ) **72**
(ਗ) ਆਧੁਨਿਕ ਰੱਹਸਵਾਦ (ਕਵਿਤਾ) **77**
(ਘ) ਤਿੰਨ ਬੋਲ ਕਬੋਲ ਕਾਵਿ ਟੁਕੜੀਆਂ **81**

**ਬੋਲ ਕਬੋਲ (ਭਾਗ ਦੂਜਾ)**

**2. ਦੂਜੀ ਪੁਸਤਕ (ਬੋਲ ਕਬੋਲ ਉਪਭਾਗ)** **86-155**

ਸਵੈ ਤਲਾਸ਼ ਦੇ ਕਾਰਨਾਂ ਦੀ ਪਿੱਠ ਭੂਮੀ ਵਿਭਿੰਨ ਮਾਨਵੀ ਪ੍ਰਵਿਰਤੀਆਂ 'ਤੇ ਅਧਾਰਿਤ, ਜਿਨ੍ਹਾਂ ਦਾ ਸੰਬੋਧਨੀ ਅਤੇ ਸਰੋਤਾ ਮਨੋਵਾਚ ਹੈ।

**3. ਤੀਜੀ ਪੁਸਤਕ (ਬੋਲ ਕਬੋਲ ਉਪਭਾਗ)** **156-225**

ਸਵੈ ਤਲਾਸ਼ ਦੇ ਕਾਰਨਾਂ ਦੀ ਪਿੱਠ ਭੂਮੀ ਵਿਭਿੰਨ ਮਾਨਵੀ ਪ੍ਰਵਿਰਤੀਆਂ 'ਤੇ ਅਧਾਰਿਤ, ਜਿਨ੍ਹਾਂ ਦਾ ਸੰਬੋਧਨੀ ਅਤੇ ਸਰੋਤਾ ਮਨੋਵਾਚ ਹੈ।

**4. ਚੌਥੀ ਪੁਸਤਕ (ਬੋਲ ਕਬੋਲ ਉਪਭਾਗ)** **226-287**
ਸਵੈ ਦੀ ਤਲਾਸ਼ ਵਿਭਿੰਨ ਮਾਨਵੀ ਪ੍ਰਵਿਰਤੀਆਂ 'ਤੇ
ਅਧਾਰਿਤ, ਜਿਸ ਦਾ ਸੰਬੋਧਨੀ ਅਤੇ ਸਰੋਤਾ ਮਨੋਵਾਚ ਹੈ।

**5. ਪੰਜਵੀਂ ਪੁਸਤਕ (ਬੋਲ ਕਬੋਲ ਉਪਭਾਗ)** **288-355**
ਸਵੈ ਦੀ ਤਲਾਸ਼ ਵਿਭਿੰਨ ਮਾਨਵੀ ਪ੍ਰਵਿਰਤੀਆਂ 'ਤੇ
ਅਧਾਰਿਤ, ਜਿਸ ਦਾ ਸੰਬੋਧਨੀ ਅਤੇ ਸਰੋਤਾ ਮਨੋਵਾਚ ਹੈ।

# 'ਬੋਲ ਕਬੋਲ' ਕਾਵਿ-ਸੰਗ੍ਰਹਿ ਦਾ ਵਿਚਾਰਧਾਰਾਈ ਅਧਿਐਨ

'ਬੋਲ ਕਬੋਲ' ਕਾਵਿ-ਸੰਗ੍ਰਹਿ ਦੇ ਕੁੱਲ ਤਿੰਨ ਭਾਗ ਹਨ। ਜਿਸ ਵਿਚੋਂ ਪਹਿਲਾ ਭਾਗ ਜੋ ਕਿ ਅੱਗੋਂ ਦੋ ਭਾਗਾਂ ਵਿਚ ਵੰਡਿਆ ਗਿਆ ਹੈ, ਹਥਲੀ ਪੁਸਤਕ ਦੇ ਰੂਪ ਵਿਚ ਪਾਠਕਾਂ ਦੇ ਸਾਹਮਣੇ ਹੈ ਅਤੇ ਪਿਛਲੇ ਦੋ ਭਾਗ ਛਪਾਈ ਅਧੀਨ ਹਨ। 'ਬੋਲ ਕਬੋਲ' ਕਾਵਿ-ਸੰਗ੍ਰਹਿ ਦੇ ਪਹਿਲੇ ਭਾਗ ਵਿਚ ਅਜੋਕੇ ਜੀਵਨ ਦੇ ਪ੍ਰਤੀਕਰਮ ਮਨੁੱਖੀ ਜ਼ਿੰਦਗੀ ਵਿਚ ਵਧਦੀ ਪਦਾਰਥਾਂ ਦੀ ਮਹੱਤਤਾ ਅਤੇ ਅਲੋਪ ਹੁੰਦੀ ਇਨਸਾਨੀਅਤ ਨੂੰ ਬਹੁਤ ਹੀ ਬਾਰੀਕੀ ਨਾਲ ਪੇਸ਼ ਕੀਤਾ ਗਿਆ ਹੈ। ਕਵੀ ਦੀ ਪੇਸ਼ਕਾਰੀ ਪਦਾਰਥਕ ਵਿਕਾਸ ਵਾਲੇ ਇਸ ਅਖੌਤੀ ਆਧੁਨਿਕ ਜੀਵਨ ਚੋਂ ਗੁਆਚੇ ਮਨੁੱਖੀ ਅਸਤਿਤਵ ਦੀ ਤਲਾਸ਼ ਅਤੇ ਮਨੁੱਖੀ ਜੀਵਨ ਸ਼ੈਲੀ ਵਿਚ ਆਏ ਬਦਲਾਅ ਦੇ ਕਾਰਨ ਸਾਹਮਣੇ ਲਿਆਉਂਦੀ ਹੈ। ਇਸੇ ਦਿਸ਼ਾ ਵਿਚ ਬੋਲ ਕਬੋਲ (ਭਾਗ ਪਹਿਲਾ) ਨੂੰ ਪੁਸਤਕ ਰੂਪ ਵਿਚ ਅੱਗੋਂ ਉਪਭਾਗਾਂ ਵਿਚ ਵੰਡਿਆ ਗਿਆ ਹੈ। ਇਸ ਵਰਗ ਵੰਡ ਦੁਆਰਾ ਕਵੀ ਨੇ ਆਧੁਨਿਕਵਾਦ, ਪੂੰਜੀਵਾਦ ਅਤੇ ਪਦਾਰਥਵਾਦ ਤੋਂ ਉਪਜੇ ਸਮਾਜਿਕ ਤਣਾਅ, ਰਿਸ਼ਤਿਆਂ ਵਿਚ ਅਵਿਸ਼ਵਾਸ, ਕਦਰਾਂ-ਕੀਮਤਾਂ ਦਾ ਘਾਣ, ਅਸ਼ਾਂਤੀ, ਅਮਾਨਵੀ ਗਤੀਵਿਧੀਆਂ ਅਤੇ ਉਨ੍ਹਾਂ ਦਾ ਮਾਨਵੀ ਜੀਵਨ 'ਤੇ ਪਏ ਚੰਗੇ ਮਾੜੇ ਪ੍ਰਭਾਵ ਨੂੰ ਬਹੁਤ ਹੀ ਕੁਸ਼ਲਤਾ ਪੂਰਵਕ ਢੰਗ ਨਾਲ ਬਿਆਨ ਕੀਤਾ ਹੈ। ਕਵੀ ਦਾ ਮੰਨਣਾ ਹੈ ਕਿ ਮਨੁੱਖ ਨੇ ਪਦਾਰਥਕ ਵਿਕਾਸ ਰਾਹੀਂ ਦੁਨੀਆ ਦੀਆਂ ਉਨ੍ਹਾਂ ਸਾਰੀਆਂ ਐਸ਼ੋ-ਇਸ਼ਰਤ ਦੀਆਂ ਵਸਤਾਂ ਨੂੰ ਪੂੰਜੀ ਦੇ ਬਲਬੂਤੇ ਖਰੀਦ ਲਿਆ ਹੈ ਜਿਨ੍ਹਾਂ ਦੀ ਵਰਤੋਂ ਨਾਲ ਜੀਵਨ ਨੂੰ ਸੁਖਾਲ਼ਾ ਤੇ ਵਧੀਆ ਢੰਗ ਨਾਲ ਜੀਵਿਆ ਜਾ ਸਕਦਾ ਹੈ। ਇਨ੍ਹਾਂ ਵਸਤਾਂ ਨੇ ਮਨੁੱਖ ਨੂੰ ਦੁਨੀਆਵੀ ਸੁੱਖ ਸਹੂਲਤਾਂ ਤਾਂ ਜ਼ਰੂਰ ਪ੍ਰਦਾਨ ਕੀਤੀਆਂ ਪਰ ਆਤਮਿਕ ਸ਼ਾਂਤੀ ਦੇ ਪੱਖੋਂ ਉਸ ਨੂੰ ਨਿਰਾਸ਼ਾ ਹੀ ਮਿਲੀ ਹੈ। ਜਿਸ ਦੇ ਨਤੀਜੇ ਵਜੋਂ ਮਾਨਵੀ ਜੀਵਨ ਵਿਚ ਤਣਾਅ, ਚਿੜਚਿੜਾਪਣ, ਰਿਸ਼ਤਿਆਂ ਵਿਚਲੀ ਮਿਠਾਸ ਦਾ ਫਿੱਕਾ ਪੈਣਾ, ਕਦਰਾਂ ਕੀਮਤਾਂ ਵਿਚਲੀ ਗਿਰਾਵਟ, ਮਨੁੱਖ ਵਿਚੋਂ ਉਸਾਰੂ ਤੇ ਸਾਕਾਰਾਤਮਕ ਸੋਚ ਦਾ ਮਨਫ਼ੀ ਹੋਣਾ ਆਦਿ ਆਧੁਨਿਕ ਸਮਾਜ ਦੇ ਮਸਲੇ ਉਤਪੰਨ ਹੁੰਦੇ ਹਨ, ਜਿਨ੍ਹਾਂ ਨੂੰ ਚਰਨ ਸਿੰਘ ਬਹੁਤ ਹੀ ਗੰਭੀਰਤਾ ਤੇ ਸਾਦਗੀ ਨਾਲ ਪਾਠਕਾਂ ਦੇ ਸਨਮੁੱਖ ਕਰਦਾ ਹੈ। ਉਸ ਦੀ ਇਹ ਵਿਲੱਖਣਤਾ ਹੈ ਕਿ ਉਹ ਆਧੁਨਿਕ ਸਮਾਜ ਦੀਆਂ ਸਮੱਸਿਆਵਾਂ ਵੱਲ ਵੀ ਝਾਤ ਪਾਉਂਦਾ ਹੈ ਤੇ ਉਨ੍ਹਾਂ ਸਮੱਸਿਆਵਾਂ ਦੇ ਹੱਲ ਵੱਲ ਵੀ ਪਾਠਕਾਂ ਨੂੰ ਲੈਜਾਂਦਾ ਹੈ। ਇਸ ਤਰ੍ਹਾਂ ਕਵੀ ਜਿੱਥੇ ਪਦਾਰਥਕ ਵਿਕਾਸ ਕਾਰਨ ਮਨੁੱਖ ਦੀ ਸੂਝ-ਬੂਝ ਵਿਚ ਆਈ ਖੜੋਤ ਨੂੰ ਪੇਸ਼ ਕਰਦਾ ਹੈ ਉੱਥੇ ਉਹ ਪਦਾਰਥਕ ਵਿਕਾਸ ਜਿੰਨ੍ਹਾ ਹੀ ਬੌਧਿਕ ਵਿਕਾਸ ਵੱਲ ਇਸ਼ਾਰਾ ਕਰਕੇ ਇਸ ਦਾ ਸਥਾਈ ਹੱਲ ਵੀ ਪ੍ਰਸਤੁਤ ਕਰਦਾ ਹੈ। ਇਸੇ ਤਰ੍ਹਾਂ ਜਦੋਂ ਉਹ ਸਮਾਜ ਵਿਚ ਫੈਲੀ ਅਰਾਜਕਤਾ, ਅਸ਼ਾਂਤੀ, ਅਮਾਨਵੀ ਗਤੀਵਿਧੀਆਂ, ਵਿਭਾਚਾਰ, ਕੂੜ ਆਦਿ ਨੂੰ ਵਿਅਕਤ ਕਰਦਾ ਹੈ ਉੱਥੇ

ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਰਹੱਸਮਈ ਅਨੁਭਵ ਦੁਆਰਾ ਵਿਅਕਤ ਕਰਦਾ ਹੋਇਆ ਬ੍ਰਹਿਮੰਡੀ ਚੇਤਨਾ ਨੂੰ ਉਭਾਰਦਾ ਹੈ। ਇਸ ਲਈ 'ਬੋਲ ਕਬੋਲ' ਕਾਵਿ-ਸੰਗ੍ਰਹਿ ਕਿਸੇ ਵਿਸ਼ੇਸ਼ ਖਿੱਤੇ ਨਾਲ ਸੰਬੰਧਿਤ ਸਰੋਕਾਰਾਂ ਦੀ ਤਰਜ਼ਮਾਨੀ ਨਹੀਂ ਕਰਦਾ ਬਲਕਿ ਇਹ ਪੂਰੇ ਵਿਸ਼ਵ ਨੂੰ ਆਪਣੀ ਕਾਵਿ ਸਿਰਜਣਾ ਦੇ ਕਲਾਵੇ ਵਿਚ ਲੈਂਦਾ ਹੈ। 'ਬੋਲ ਕਬੋਲ' ਦਾ ਮੁੱਖ ਪ੍ਰਯੋਜਨ ਮਾਨਵ ਨੂੰ ਆਧੁਨਿਕ ਸਮਾਜ ਵਿਚ ਰਹਿੰਦਿਆਂ ਹੀ ਆਤਮਾ ਤੇ ਪਰਮਾਤਮਾ ਦੀ ਅਭੇਦਮਈ ਅਵਸਥਾ ਦਾ ਗਿਆਨ ਹਾਸਿਲ ਕਰਨ ਲਈ ਪ੍ਰੇਰਿਤ ਕਰਨਾ ਹੈ।

ਬੋਲ ਕਬੋਲ ਦੀ ਸਿਰਜਣਾ
ਅਜੋਕੇ ਵਿਸ਼ਵ ਦਾ ਵਿਸ਼ਾ ਹੈ
ਮਨੁੱਖੀ ਸਵੈ ਵਿਕਾਸ
ਜਿਸ ਦੀ ਬੁਨਿਆਦ ਦਿਸ਼ਾ ਹੈ
ਬੋਲ ਕਬੋਲ
ਅਜੋਕੇ ਮਨੁੱਖ ਦਾ ਕਾਇਆ ਕਲਪ ਹੈ
ਅਜੋਕੇ ਮਨੁੱਖ ਚੋਂ
ਨਵ ਸੋਚ ਦਾ ਜਨਮ ਹੈ
ਬੋਲ ਕਬੋਲ
ਅਜੋਕੇ ਵਿਸ਼ਵ ਰੰਗਮੰਚ ਨੂੰ
ਹੰਢਾਵਣ ਦਾ ਜਿੱਥੇ ਉਪਰਾਲਾ ਹੈ
ਉੱਥੇ ਇਸ ਵਿਸ਼ਵ 'ਚ ਰਹਿ ਕੇ
ਇਸ ਵਿਸ਼ਵ ਤੋਂ ਨਿਰਲੇਪ ਰਹਿਣ ਦੀ
ਮਾਨਵ ਲਈ ਪ੍ਰਯੋਗਸ਼ਾਲਾ ਹੈ

ਚਰਨ ਸਿੰਘ ਦੀ ਜ਼ਿੰਦਗੀ ਵਿਚ ਰਹੱਸਵਾਦ ਅਤੇ ਅਧਿਆਤਮਵਾਦ ਦਾ ਗਹਿਰਾ ਅਸਰ ਰਿਹਾ ਹੈ। ਉਹ ਸ਼ੁਰੂ ਤੋਂ ਹੀ ਪ੍ਰਭੂ ਭਗਤੀ ਵਿਚ ਲੀਨ ਰਹਿਣ ਵਾਲੇ ਸ਼ਖ਼ਸ ਰਹੇ ਹਨ। ਉਨ੍ਹਾਂ ਦੀਆਂ ਕਵਿਤਾਵਾਂ ਉੱਤੇ ਭਾਰਤੀ ਅਧਿਆਤਮ ਸਾਹਿਤ ਦਾ ਬਹੁਤ ਡੂੰਘਾ ਪ੍ਰਭਾਵ ਹੈ। ਵੱਖ ਵੱਖ ਧਾਰਮਿਕ ਗ੍ਰੰਥਾਂ ਨੂੰ ਪੜ੍ਹਨਾ ਤੇ ਫਿਰ ਉਨ੍ਹਾਂ ਗ੍ਰੰਥਾਂ ਦੇ ਸਾਂਝੇ ਸਨੇਹੇ ਨੂੰ ਜਨ ਸਧਾਰਨ ਅੱਗੇ ਪ੍ਰਸਤੁਤ ਕਰਨਾ, ਉਸ ਦੀ ਕਾਵਿ-ਕਲਾ ਦੀ ਵਿਲੱਖਣਤਾ ਹੈ। ਭਾਰਤ ਦੇ ਪੁਰਾਤਨ ਧਾਰਮਿਕ ਗ੍ਰੰਥਾਂ ਵੱਲ ਝਾਤ ਪਾਈਏ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਅਧਿਆਤਮ ਸਾਧਨਾ ਲਈ ਸ਼ਾਂਤਮਈ ਵਾਤਾਵਰਣ ਜੋ 'ਇਹਲੌਕਿਕਤਾ ਤੋਂ ਪਾਰਲੌਕਿਕਤਾ' ਤਕ ਪਹੁੰਚਾਉਣ ਵਿਚ ਸਹਾਈ ਹੋਵੇ, ਦੀ ਅਹਿਮ ਲੋੜ ਹੈ। ਪਰੰਤੂ ਚਰਨ ਸਿੰਘ ਹਿੰਦੂ ਧਾਰਮਿਕ ਗ੍ਰੰਥ 'ਮਹਾਭਾਗਵਤ ਗੀਤਾ' ਦੀ

ਉਦਾਹਰਨ ਨਾਲ ਇਸ ਧਾਰਨਾ ਦਾ ਖੰਡਨ ਕਰਦਾ ਹੈ। ਉਸਦਾ ਮੰਨਣਾ ਹੈ ਕਿ ਮਨੁੱਖ ਪਦਾਰਥਵਾਦੀ ਮਾਹੌਲ (ਸਮਾਜ) ਵਿਚ ਰਹਿੰਦਿਆਂ ਵੀ ਆਤਮਾ ਤੇ ਪਰਮਾਤਮਾ ਦੇ ਅਭੇਦਮਈ ਅਨੁਭਵ ਨੂੰ ਹਾਸਲ ਕਰ ਸਕਦਾ ਹੈ। ਜਿਵੇਂ ਮਹਾਭਾਗਵਤ ਗੀਤਾ ਦਾ ਉਚਾਰਨ ਯੁੱਧ ਭੂਮੀ ਵਿਚ ਸ੍ਰੀ ਕ੍ਰਿਸ਼ਣ ਅਤੇ ਅਰੁਜਨ ਦੇ ਸਵਾਲ ਜੁਆਬ ਨਾਲ ਹੋਇਆ ਅਤੇ ਯੁੱਧ ਭੂਮੀ ਵਿਚ ਹੀ ਸ੍ਰੀ ਕ੍ਰਿਸ਼ਣ ਨੇ "ਉਪਾਦੀ ਰਹਿਤ ਆਤਮਾ ਹੀ ਬ੍ਰਹਮ ਹੈ" ਵਰਗੇ ਰਹੱਸਮਈ ਭੇਦ ਨੂੰ ਸਮਝਣ ਲਈ ਧਿਆਨ ਇਕਾਗਰ ਕੀਤਾ। ਉਸੀ ਤਰ੍ਹਾਂ ਮਨੁੱਖ ਇਸ ਪਦਾਰਥਕ ਵਿਕਾਸ ਦੀ ਦੁਨੀਆ ਵਿਚ ਆਤਮਾ ਤੇ ਪਰਮਾਤਮਾ ਦੀ ਅਭੇਦਮਈ ਅਵਸਥਾ ਤਕ ਪਹੁੰਚ ਸਕਦਾ ਹੈ ਅਤੇ ਇਸ ਪਦਾਰਥਕ ਆਕਰਸ਼ਣ ਵਾਲੇ ਸਮਾਜ ਵਿਚ ਵੀ ਆਪਣੀਆਂ ਇੰਦਰੀਆਂ 'ਤੇ ਕਾਬੂ ਪਾ ਸਕਦਾ ਹੈ। ਕਵੀ 'ਮਾਨਵ ਬ੍ਰਹਮ' ਕਵਿਤਾ ਵਿਚ ਇਸ ਮਾਰਗ ਦਾ ਜ਼ਿਕਰ ਕਰਦਾ ਹੈ:

ਉਪਾਦੀ ਰਹਿਤ ਆਤਮ ਹੀ ਬ੍ਰਹਮ ਹੈ
ਬ੍ਰਹਮ ਦੇ ਚਰਨੀ
ਬ੍ਰਹਮ ਦਾ ਅਰਘ ਚੜ੍ਹਾਇਆ ਹੋਵੇ
ਬ੍ਰਹਮ ਦੇ ਕੰਠ 'ਚ ਬਹਿ ਕੇ
ਬ੍ਰਹਮ ਦੀ ਸੁਰ ਵਿਚ ਗਾਇਆ ਹੋਵੇ
ਕੁਰੂਕਸ਼ੇਤਰ ਦੀ ਧਰਤੀ 'ਤੇ
ਤੂੰ ਵੱਖਰਾ ਸੰਸਾਰ ਸਿਰਜਿਆ
ਬ੍ਰਹਮ ਸਿਰਜਣ ਲਈ
ਵੱਖਰੇ ਵਾਤਾਵਰਣ ਦਾ
ਰੰਗ ਰੂਪ ਅਕਾਰ ਸਿਰਜਿਆ
ਰਣ-ਭੂਮੀ ਵਿੱਚ
ਕੋਈ ਵੀ ਆਸਣ ਹੋਵੇ
ਹਰ ਆਸਣ 'ਤੇ
ਬ੍ਰਹਮ ਧਿਆਇਆ ਜਾ ਸਕਦਾ ਹੈ
ਕਿਸੇ ਮਾਹੌਲ ਵਿਚ ਵੀ
ਇੰਦਰੀਆਂ 'ਤੇ ਕਾਬੂ
ਪਾਇਆ ਜਾ ਸਕਦਾ ਹੈ

ਕਵੀ ਨੇ ਇਸ ਕਵਿਤਾ (ਮਾਨਵ ਬ੍ਰਹਮ) ਵਿਚ 'ਬ੍ਰਹਮ' ਸ਼ਬਦ ਦੀ ਵਰਤੋਂ ਮਨੁੱਖੀ ਸਵੈ ਲਈ ਕੀਤੀ ਹੈ ਨਾ ਕਿ ਕਿਸੀ ਰੱਬੀ ਸ਼ਕਤੀ ਜਾਂ ਰੱਬ ਲਈ। ਚਰਨ ਸਿੰਘ ਦਾ ਰਹੱਸਮਈ ਅਨੁਭਵ ਪਰਮਾਤਮਾ ਨੂੰ ਕਿਤੇ ਬਾਹਰ ਨਹੀਂ ਬਲਕਿ ਆਪਣੇ ਅੰਦਰੋਂ ਹੀ

ਭਾਲ਼ਦਾ ਹੈ। 'ਆਧੁਨਿਕ ਰਹੱਸਵਾਦ' ਕਵਿਤਾ ਵਿਚ ਕਵੀ ਨੇ ਸਨਾਤਨੀ ਰਹੱਸਵਾਦ ਤੇ ਆਧੁਨਿਕ ਰਹੱਸਵਾਦ ਦੀ ਤੁਲਨਾ ਕੀਤੀ ਹੈ। ਸਨਾਤਨੀ ਰਹੱਸਵਾਦ ਵਿਚ ਜਿੱਥੇ ਰਹੱਸਵਾਦੀ ਸਾਧਕ ਪਦਾਰਥਕ ਸੁੱਖ ਸਹੂਲਤਾਂ ਤੋਂ ਨਿਰਲੇਪ ਰਹਿ ਕੇ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ ਉੱਥੇ ਆਧੁਨਿਕ ਰਹੱਸਵਾਦ ਵਿਚ ਕਵੀ ਨੇ ਆਧੁਨਿਕ ਯੁੱਗ ਦੀ ਪਦਾਰਥਵਾਦੀ ਮਾਨਸਿਕਤਾ ਨੂੰ ਚਿਤਵਿਆ ਹੈ। ਅਜਿਹੀ ਮਾਨਸਿਕਤਾ ਜਿਹੜੀ ਪਦਾਰਥਾਂ ਨੂੰ ਇਕੱਠੇ ਕਰਨ ਦੀ ਦੌੜ ਵਿਚ ਆਪਣਾ ਆਪਾ ਭੁੱਲ ਬੈਠੀ ਹੈ। ਇਸ ਲਈ ਆਪਣੇ ਸਵੈ ਨੂੰ ਜਾਣਨ ਲਈ ਅਤੇ ਉਸ ਨਿਰਾਕਾਰ ਅਕਾਲ ਪੁਰਖ ਪਰਮਾਤਮਾ ਨੂੰ ਭਾਲ਼ਣ ਲਈ ਕਵੀ ਮਨੁੱਖ ਨੂੰ ਅਧਿਆਤਮ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦਾ ਹੈ।

ਸਨਾਤਨੀ ਰਹੱਸਵਾਦ
ਨਾਸ਼ਵਾਨ ਦੁਨੀਆ ਦੀ ਉਪਜ ਸੀ
ਜਿਸ ਦਾ ਸਿਰਜਣ ਗੁਪਤ ਸੀ
ਤੇਰਾ ਰਹੱਸਵਾਦ
ਤੇਰੀ ਆਪਣੀ ਸਿਰਜੀ ਦੁਨੀਆ ਦੀ ਦੇਣ ਹੈ
ਜਿਸ ਦਾ ਸਿਰਜਨ ਜਗਤ ਜ਼ਾਹਿਰ ਹੈ
-----------------------
ਆਪਣਾ ਆਪਾ
ਮੁੜ ਸਿਰਜਣ ਲਈ
ਅਤੀਤ 'ਤੇ ਝਾਤੀ ਮਾਰ ਲਵੀਂ ਤੂੰ

ਚਰਨ ਸਿੰਘ ਦੀਆਂ ਕਵਿਤਾਵਾਂ ਵਿਚ ਪਰਮਾਤਮਾ ਨੂੰ ਪਾਉਣ ਦੀਆਂ ਅਰਜ਼ੋਈਆਂ ਸ਼ਾਮਿਲ ਹਨ। ਉਹ, "ਕਦੀ ਆ ਸੱਜਣ ਘਰ ਮੇਰੇ" ਦੀ ਹੂਕ ਨਾਲ ਪਰਮਾਤਮਾ ਦੀ ਦੀਦ ਪਾਉਣ ਲਈ ਵਿਆਕੁਲ ਹੈ। ਕਵੀ ਦੀ ਇਸ ਹੂਕ ਵਿਚ ਪ੍ਰੀਤਮ ਨੂੰ ਪਾਉਣ ਦਾ ਦ੍ਰਿੜ ਵਿਸ਼ਵਾਸ ਛੁਪਿਆ ਹੈ। ਉਸ ਨੂੰ ਪਤਾ ਹੈ ਕਿ ਪਰਮਾਤਮਾ ਦੇ ਦੀਦਾਰ ਨਾਲ ਹੀ ਉਸ ਦਾ ਜੀਵਨ ਸਫ਼ਲਾ ਹੋਣਾ ਹੈ ਤੇ ਉਹ ਇਸ ਆਵਾਗਵਣ ਦੇ ਚੱਕਰ ਤੋਂ ਮੁਕਤ ਹੋ ਸਕਦਾ ਹੈ। ਕਵੀ ਦੀਆਂ ਅਰਜ਼ੋਈਆਂ ਉਸ ਨੂੰ ਅੰਤਰ ਆਤਮਾ ਵਿਚ ਡੂੰਘਾ ਉਤਾਰ ਦਿੰਦੀਆਂ ਹਨ ਜਿੱਥੋਂ ਉਸਨੂੰ ਬੋਧ ਹੁੰਦਾ ਹੈ ਕਿ ਜਿਸ ਪਰਮਾਤਮਾ ਨੂੰ ਉਹ ਭਾਲ਼ ਰਿਹਾ ਹੈ ਜਾਂ ਜਿਸ ਨੂੰ ਉਹ ਅਵਾਜ਼ ਮਾਰ ਰਿਹਾ ਹੈ, ਉਹ ਹੋਰ ਕਿਤੇ ਨਹੀਂ ਬਲਕਿ ਉਸਦੇ ਆਪਣੇ ਅੰਦਰ ਹੀ ਹੈ। ਮਨੁੱਖ ਨੂੰ ਜਦੋਂ ਆਤਮਾ ਤੇ ਪਰਮਾਤਮਾ ਦੀ ਅਭੇਦਮਈ ਅਵਸਥਾ ਦਾ ਗਿਆਨ ਹੋ ਜਾਂਦਾ ਹੈ ਤਾਂ ਉਸ ਨੂੰ ਆਪਣੇ ਅੰਦਰੋਂ ਹੀ ਪ੍ਰਭੂ ਪ੍ਰੀਤਮ ਬੋਲਦਾ, ਸੁਣਦਾ ਪ੍ਰਤੀਤ ਹੁੰਦਾ ਹੈ, ਇਸ ਲਈ ਕਵੀ ਕਹਿੰਦਾ ਹੈ :

ਉਹ ਤਾਂ ਅੰਦਰੋਂ ਰੋਜ਼ ਬੋਲਦਾ
ਹਰ ਵੇਲੇ ਤੈਨੂੰ ਫਿਰੇ ਟੋਲਦਾ
ਉਸ ਦਾ ਬੋਲ ਫੜਿਆ ਨਾ ਤੂੰ
ਆਪਣੇ ਅੰਦਰ ਵੜਿਆ ਨਾ ਤੂੰ

ਦਾਰਸ਼ਨਿਕ ਅਤੇ ਰਹੱਸਵਾਦੀ ਸਾਧਕ ਸ੍ਰਿਸ਼ਟੀ ਵਿਚ ਪਰਮਾਤਮਾ ਦੀ ਹੋਂਦ ਨੂੰ ਮੰਨਦੇ ਹਨ। ਪਰਮਾਤਮਾ ਦੀ ਇਹ ਹੋਂਦ ਹੀ ਸੱਭ ਤੋਂ ਵੱਡਾ ਰਹੱਸ ਹੈ। ਪਰਮਾਤਮਾ ਦੇ ਸਰੂਪ ਨੂੰ ਸਿੱਧੇ ਜਾਂ ਪ੍ਰਤੱਖ ਰੂਪ ਵਿਚ ਨਹੀਂ ਵੇਖਿਆ ਜਾ ਸਕਦਾ। ਪਰਮਾਤਮਾ ਤਾਂ ਨੂਰ ਹੈ, ਜਿਸ ਦੇ ਅੰਸ਼ ਸ੍ਰਿਸ਼ਟੀ ਦੇ ਹਰ ਜੀਵ ਵਿਚ ਮੌਜੂਦ ਹਨ, ਹਰ ਪ੍ਰਾਣੀ, ਰੁੱਖ, ਜੀਵ-ਜੰਤੂ ਹਰੇਕ ਵਿਚ ਪਰਮਾਤਮਾ ਦਾ ਵਾਸ ਹੈ। ਇਸ ਯਥਾਰਥ ਦਾ ਬੋਧ ਬੁੱਧੀ ਦੁਆਰਾ ਨਹੀਂ ਬਲਕਿ ਆਤਮਿਕ ਦ੍ਰਿਸ਼ਟੀ ਦੁਆਰਾ ਹੁੰਦਾ ਹੈ। ਜੀਵ ਆਤਮਾ ਨੂੰ ਜਦੋਂ ਪਰਮਾਤਮਾ ਕਣ-ਕਣ ਵਿਚ ਰਮਿਆ ਹੋਇਆ ਮਹਿਸੂਸ ਹੁੰਦਾ ਹੈ ਤਾਂ ਉਸ ਨੂੰ ਖਿੜਦੇ ਗ਼ੁਲਾਬ ਵਿਚੋਂ, ਵਹਿੰਦੇ ਪਾਣੀਆਂ ਵਿਚੋਂ, ਗਰਮ ਸਰਦ ਹਵਾਵਾਂ ਵਿਚੋਂ, ਧਰਤ, ਗਗਨ, ਅਗਨ, ਚੰਨ, ਤਾਰੇ, ਰੁੱਖ-ਬੂਟੇ, ਜੀਵ-ਜੰਤੂ ਤੇ ਸੰਸਾਰ ਦੇ ਹਰ ਜੀਵ ਵਿਚ ਪ੍ਰਭੂ ਪ੍ਰੀਤਮ ਪਰਮਾਤਮਾ ਦੇ ਵਿਆਪਕ ਸਰੂਪ ਦੀ ਝਲਕ ਨਜ਼ਰ ਆਉਂਦੀ ਹੈ। ਚਰਨ ਸਿੰਘ ਅਜਿਹਾ ਰਹੱਸਵਾਦੀ ਕਵੀ ਹੈ ਜੋ ਕੁਦਰਤ ਵਿਚ ਕਾਦਰ ਦੇ ਨਕਸ਼ ਨੂੰ ਪਛਾਣਦਾ ਹੈ ਅਤੇ ਮਾਨਵ ਨੂੰ ਕੁਦਰਤ ਅਤੇ ਇਨਸਾਨੀਅਤ ਨਾਲ ਜੋੜਦਾ ਹੈ। ਕਵੀ ਦਾ ਮੰਨਣਾ ਹੈ ਕਿ ਕੁਦਰਤ ਨਾਲ ਖਿਲਵਾੜ ਤੇ ਇਨਸਾਨੀਅਤ ਦਾ ਘਾਣ ਕਰਕੇ ਆਧੁਨਿਕ ਸਮਾਜ ਨਹੀਂ ਸਿਰਜਿਆ ਜਾ ਸਕਦਾ ਹੈ। ਆਧੁਨਿਕ ਸਮਾਜ ਦੀ ਨੀਂਹ ਮਨੁੱਖ ਦੇ ਬੌਧਿਕ ਵਿਕਾਸ ਉੱਤੇ ਟਿਕੀ ਹੋਈ ਹੈ। ਬਹੁਤ ਸਾਰੇ ਵਿਦਵਾਨ ਜਿਨ੍ਹਾਂ ਵਿਚੋਂ ਕਾਰਲ ਮਾਰਕਸ, ਕਾਂਤ, ਹੀਗਲ, ਵੀਬਰ, ਸਿੰਗਮੰਡ ਫਰਾਇਡ, ਕੋਸੇਲੈੱਕ, ਅਰਡੈਂਟ ਆਦਿ ਨੇ ਪਦਾਰਥਕ ਵਿਕਾਸ ਨੂੰ ਮੁੱਖ ਰੱਖ ਕੇ ਆਧੁਨਿਕ, ਆਧੁਨਿਕਤਾ ਅਤੇ ਆਧੁਨਿਕਵਾਦ ਦੀਆਂ ਧਾਰਨਾਵਾਂ ਪ੍ਰਸਤੁਤ ਕੀਤੀਆਂ ਹਨ। ਪਰ ਕਵੀ ਅਨੁਸਾਰ ਪਦਾਰਥਕ ਵਿਕਾਸ ਆਧੁਨਿਕ ਸਮਾਜ ਦਾ ਇਕ ਛੋਟਾ ਜਿਹਾ ਹਿੱਸਾ ਹੈ, ਇਸਦਾ ਵੱਡਾ ਧੁਰਾ ਮਨੁੱਖ ਦੇ ਬੌਧਿਕ ਵਿਕਾਸ ਉੱਤੇ ਕੇਂਦਰਿਤ ਹੈ ਪਰ ਅਜੋਕੇ ਮਨੁੱਖ ਦੀ ਤ੍ਰਾਸਦੀ ਇਹ ਹੈ ਕਿ ਇਸ ਨੇ ਆਧੁਨਿਕਤਾ ਦੇ ਨਾਂ ਹੇਠ ਪਦਾਰਥ ਨੂੰ ਹੀ ਵਧੇਰੇ ਤਰਜ਼ੀਹ ਦਿੱਤੀ ਹੈ। ਇਸ ਲਈ ਆਧੁਨਿਕ ਯੁੱਗ ਵਿਚ ਮਨੁੱਖ ਦੀ ਨਹੀਂ ਬਲਕਿ ਪਦਾਰਥ ਦੀ ਹੀ ਪ੍ਰਗਤੀ ਹੋਈ ਹੈ, ਕਵੀ ਲਿਖਦਾ ਹੈ ਕਿ :

''ਦਾਰਸ਼ਨਿਕ ਸਮੇਂ ਦੀ ਇਤਿਹਾਸਕ ਚੇਤਨਾ''
ਉਸ ਦੇਉ ਦਾ ਨਾਂਅ ਰੱਖਿਆ ਸੀ
ਆਧੁਨਿਕਤਾ ਦੀ

ਪਰਿਭਾਸ਼ਾ ਦੀ ਆੜ 'ਚ
ਪਦਾਰਥ ਵਿਕਸਤ ਹੋਇਆ
ਪਦਾਰਥ ਦਾ ਸੂਰਜ
ਅੰਬਰੀ ਚੜ੍ਹਿਆ
ਬੰਦਾ ਜਿਉਂਦਾ ਮੋਇਆ

ਇਨ੍ਹਾਂ ਪਦਾਰਥਾਂ ਵਿਚ ਘਿਰਿਆ ਮਨੁੱਖ, ਮਨੁੱਖਤਾ ਨੂੰ ਭੁੱਲ ਗਿਆ ਹੈ। ਅੱਜ ਸਭ ਜਗ੍ਹਾ ਪਦਾਰਥ ਤੇ ਪੂੰਜੀ ਦਾ ਹੀ ਬੋਲਬਾਲਾ ਹੈ। ਪੂੰਜੀ ਦੇ ਲਾਲਚ ਤੇ ਪਦਾਰਥਾਂ ਪ੍ਰਤੀ ਖਿੱਚ ਨੇ ਮਨੁੱਖ ਨੂੰ ਕੁਦਰਤ ਨਾਲੋਂ ਬਹੁਤ ਦੂਰ ਕੀਤਾ ਹੈ। ਚਰਨ ਸਿੰਘ ਦੀ ਕਾਵਿ ਸੰਵੇਦਨਾ ਮਨੁੱਖ ਨੂੰ ਕੁਦਰਤ ਨਾਲ ਜੋੜਦੀ ਹੈ। ਕੁਦਰਤ ਦੀ ਕੁੱਖ ਵਿਚੋਂ ਹੀ ਮਨੁੱਖ ਦੀ ਪ੍ਰਗਤੀ ਹੋਈ ਹੈ। ਪਰ ਤ੍ਰਾਸਦੀ ਇਹ ਹੈ ਕਿ ਮਨੁੱਖ ਨੇ ਕੁਦਰਤ ਤੋਂ ਪਾਸਾ ਵੱਟ ਲਿਆ ਹੈ ਤੇ ਪਦਾਰਥਕ ਵਿਕਾਸ ਦੀ ਹਉਮੇ ਵਿਚ ਹੀ ਆਪਣੇ ਆਪ ਨੂੰ ਸਰਬ ਸ੍ਰੇਸ਼ਟ ਸਮਝੀ ਬੈਠਾ ਹੈ। ਚਰਨ ਸਿੰਘ ਕੁਦਰਤ ਨਾਲੋਂ ਟੁੱਟੇ ਮਨੁੱਖ ਨੂੰ ਕੁਦਰਤ ਦੀ ਅਹਿਮੀਅਤ ਸਮਝਾਉਂਦਾ ਹੋਇਆ ਲਿਖਦਾ ਹੈ ਕਿ :

ਤੇਰੇ ਵਿਸਥਾਰ ਦੀਆਂ ਦਿਸ਼ਾਵਾਂ
ਦਿਸਹੱਦੇ ਮੰਜ਼ਿਲਾਂ ਤੇ ਰਾਹਾਂ
ਸਭ ਕੁਦਰਤ ਦੀ ਕੁੱਖ ਚੋਂ ਜਨਮੇ
ਤੇਰੇ ਗ੍ਰੰਥ ਕਤੇਬਾਂ ਸ਼ਾਸਤਰ
ਸਭ ਕੁਦਰਤ ਦੀ ਗੋਦ 'ਚ ਪਲਰੇ
ਤੇਰੇ ਸੂਰਜ ਚੰਨਾਂ ਤਾਰਿਆਂ ਤਕ
ਅੱਪੜਣ ਦੇ ਸੁਫ਼ਨੇ
ਸਭ ਕੁਦਰਤ ਦੀ ਅੱਖ ਨੇ ਸਿਰਜੇ

'ਬੋਲ ਕਬੋਲ' ਕਾਵਿ-ਸੰਗ੍ਰਹਿ ਪੂੰਜੀਵਾਦੀ ਪ੍ਰਬੰਧ ਦੀ ਡੱਟ ਕੇ ਵਿਰੋਧਤਾ ਕਰਦਾ ਹੈ। ਉਦਯੋਗਿਕ ਕ੍ਰਾਂਤੀ ਨੇ ਮਨੁੱਖ ਦੀ ਜ਼ਿੰਦਗੀ ਨੂੰ ਸੁਖਾਲ਼ਾ ਬਣਾਉਣ ਲਈ ਅਨੇਕ ਪਦਾਰਥਾਂ ਦਾ ਉਤਪਾਦਨ ਕੀਤਾ। ਜਿਸ ਨਾਲ ਪੂੰਜੀਵਾਦ ਦਾ ਪਾਸਾਰ ਇਕ ਰਾਜ ਜਾਂ ਰਾਸ਼ਟਰ ਤਕ ਹੀ ਨਹੀਂ ਹੋਇਆ ਬਲਕਿ ਇਸ ਦਾ ਪ੍ਰਭਾਵ ਪੂਰੇ ਵਿਸ਼ਵ 'ਤੇ ਪਿਆ। ਅਜੋਕਾ ਵਿਸ਼ਵ ਪੂੰਜੀ ਪ੍ਰਧਾਨ ਹੈ। ਮਾਨਵੀ ਕਦਰਾਂ ਕੀਮਤਾਂ, ਸਾਂਝੀਵਾਲਤਾ, ਸਦਾਚਾਰ, ਇਨਸਾਨੀਅਤ, ਪਿਆਰ, ਅਪਣੱਤ ਤੇ ਰਿਸ਼ਤਿਆਂ ਵਿਚਲੀ ਮਿਠਾਸ ਵਿਚ ਪੂੰਜੀ ਨੇ ਕੁੜੱਤਣ ਘੋਲ ਦਿੱਤੀ ਹੈ। ਇਸ ਲਈ ਅੱਜ ਮਨੁੱਖ ਕੋਲ ਪੂੰਜੀ ਤੇ ਸੁੱਖ ਸਹੂਲਤਾਂ ਵਾਲੇ ਅਨੇਕ ਸਾਧਨ ਹੋਣ ਦੇ ਬਾਵਜੂਦ ਵੀ ਮਨ ਨੂੰ ਸ਼ਾਂਤੀ ਤੇ ਧਰਵਾਸ ਨਹੀਂ। ਕਿਉਂਕਿ

ਪੂੰਜੀ ਨੇ ਮਨੁੱਖ ਨੂੰ ਪਦਾਰਥ ਇਕੱਤਰ ਕਰਨ ਲਈ ਇੰਨ੍ਹਾ ਵਿਅਸਤ ਕਰ ਦਿੱਤਾ ਹੈ ਕਿ ਉਹ ਆਪਣੇ ਘਰ, ਪਰਿਵਾਰ, ਰਿਸ਼ਤੇ-ਨਾਤੇ ਅਤੇ ਸਾਕ ਸਬੰਧੀਆਂ ਤੋਂ ਬਹੁਤ ਦੂਰ ਹੋ ਗਿਆ ਹੈ। ਚਰਨ ਸਿੰਘ ਮਨੁੱਖ ਵਿਚ ਵਧਦੀ ਇਸ ਦੂਰੀ ਉੱਤੇ ਕਿੰਤੂ ਲਾਉਂਦਾ ਹੋਇਆ ਇਸ ਦਾ ਜ਼ਿੰਮੇਵਾਰ ਪੂੰਜੀਵਾਦ ਨੂੰ ਠਹਿਰਾਉਂਦਾ ਹੈ। ਕਿਉਂਕਿ ਪੂੰਜੀਵਾਦ ਨੇ ਮਨੁੱਖ ਵਿਚੋਂ ਮਨੁੱਖਤਾ ਨੂੰ ਮਨਫ਼ੀ ਕਰ ਦਿੱਤਾ ਤੇ ਅਮਨ ਪਸੰਦ ਵਿਸ਼ਵ ਵਿਚ ਅਸ਼ਾਂਤੀ, ਅਨੈਤਿਕਤਾ ਤੇ ਫਿਰਕਾ ਪ੍ਰਸਤੀ ਦਾ ਜ਼ਹਿਰ ਘੋਲ ਕੇ ਪਿਆਰ, ਮੁਹੱਬਤ ਤੇ ਸਾਂਝੀਵਾਲਤਾ ਤੋਂ ਸੱਖਣੇ ਕਰ ਦਿੱਤਾ ਹੈ। ਇਸ ਲਈ ਕਵੀ ਲਿਖਦਾ ਹੈ :

1. ਮਨੁੱਖ ਪਿਆਰ ਮੁਹੱਬਤ
ਸਾਂਝੀਵਾਲਤਾ ਰਿਸ਼ਤੇਨਾਤੇ
ਸਰਬਤ ਭਲੇ ਤੋਂ ਹੋਇਆ ਸੱਖਣਾ
ਪ੍ਰਾਈਵੇਸੀ ਦੀ ਪਦਾਰਥ ਦਿੱਤੀ
ਮਨੁੱਖ ਨੂੰ ਦਖਸ਼ਣਾ
ਇੱਕ ਛੱਤ ਹੇਠਾਂ
ਇਕ ਕਮਰੇ ਵਿਚ ਰਹਿੰਦਾ
ਮਨੁੱਖ ਤੋਂ ਹੋਇਆ
ਮਨੁੱਖ ਪਰਾਇਆ
ਹਰ ਇਕ ਘਰ ਨੇ
ਦੀਵਾਰਾਂ ਦਾ ਰੂਪ ਵਟਾਇਆ

2. ਪਦਾਰਥਕ ਵਿਕਾਸ ਨੇ
ਮਨੁੱਖ ਵਿਚ ਇਕੱਲਤਾ ਜਨਮੀ
ਪੂੰਜੀਵਾਦ ਨੂੰ ਸ਼ਕਤੀ ਬਖ਼ਸ਼ੀ
ਮਾਨਵ ਵਿਚ ਨਿਰਬਲਤਾ ਭਰਤੀ
ਆਪਣੇ ਆਪ ਤੋਂ ਟੁੱਟ ਕੇ ਮਾਨਵ
ਨਿਆਸਰਤਾ ਦਾ ਸ਼ਿਕਾਰ ਹੋ ਗਿਆ
ਚੁੱਪ ਇਕੱਲਤਾ ਦਾ ਬੀਮਾਰ ਹੋ ਗਿਆ

3. ਨਿੱਘ ਕਿੱਥੇ ਹੈ? ਕੁੱਖ ਕਿੱਥੇ ਹੈ?
ਤੇਰਾ ਕਿੱਥੇ ਹੈ? ਮੇਰਾ ਕਿੱਥੇ ਹੈ?
ਘਰ ਕਿੱਥੇ ਹੈ? ਵਿਹੜਾ ਕਿੱਥੇ ਹੈ?
ਪੂੰਜੀਵਾਦ ਸਭ ਨਿਗਲ ਗਿਆ ਹੈ
ਪਿੰਜਰ ਹੈ ਜੋ ਦਿਸ ਰਿਹਾ ਹੈ।

ਉਪਰੋਕਤ ਕਾਵਿ ਟੋਟਿਆਂ ਵਿਚ ਕਵੀ ਨੇ ਜਿੱਥੇ ਮਨੁੱਖ ਵਿਚੋਂ ਅਲੋਪ ਹੋ ਰਹੇ ਹੈ ਪਿਆਰ, ਮੁਹੱਬਤ, ਸਾਂਝੀਵਾਲਤਾ, ਰਿਸ਼ਤੇਨਾਤੇ ਅਤੇ ਸਰਬਤ ਦਾ ਭਲਾ ਮੰਗਣ ਵਾਲੀ ਮਾਨਸਿਕਤਾ ਵਿਚ ਆਈ ਗਿਰਾਵਟ ਨੂੰ ਬਿਆਨ ਕੀਤਾ ਹੈ ਉੱਥੇ ਲੋੜੋਂ ਵੱਧ ਪਦਾਰਥਾਂ ਨੂੰ ਦਿੱਤੀ ਤਰਜ਼ੀਹ ਕਾਰਨ ਅਤੇ 'ਪ੍ਰਾਈਵੇਸੀ' ਵਰਗੇ ਸੰਕਲਪਾਂ ਨਾਲ ਮਨੁੱਖੀ ਰਿਸ਼ਤਿਆਂ ਵਿਚ ਪੈ ਰਹੀਆਂ ਦਰਾੜਾਂ ਪ੍ਰਤੀ ਵੀ ਚਿੰਤਾ ਜ਼ਾਹਿਰ ਕੀਤੀ ਹੈ। ਪਦਾਰਥਕ ਵਿਕਾਸ ਨੇ ਮਨੁੱਖ ਨੂੰ ਇਕੱਲਾ ਕਰ ਦਿੱਤਾ ਅਤੇ ਇਨਸਾਨੀਅਤ ਤੋਂ ਸੱਖਣਾ ਕਰਕੇ ਪੂੰਜੀਵਾਦ ਨੂੰ ਮਜ਼ਬੂਤ ਕੀਤਾ ਹੈ। ਇਸ ਲਈ ਕਵੀ ਅਜੋਕੇ ਮਨੁੱਖ ਨੂੰ ਸਵਾਲ ਕਰਦਾ ਹੈ ਕਿ ਰਿਸ਼ਤਿਆਂ ਵਿਚਲਾ ਪਿਆਰ ਅਤੇ ਨਿੱਘ ਕਿੱਥੇ ਹੈ? ਘਰ ਪਰਿਵਾਰ ਕਿੱਥੇ ਹੈ? ਉਹ ਵਿਹੜਾ ਕਿੱਥੇ ਹੈ ਜਿੱਥੇ ਸਾਰਾ ਪਰਿਵਾਰ ਰਲ਼ ਕੇ ਚਾਅ ਤੇ ਖੁਸ਼ੀਆਂ ਮਨਾਉਂਦੇ ਸਨ? ਪੂੰਜੀਵਾਦ ਨੇ ਮਨੁੱਖ ਨੂੰ ਇਨ੍ਹਾਂ ਖੁਸ਼ੀਆਂ ਤੋਂ ਵਾਂਝੇ ਕਰ ਦਿੱਤਾ ਹੈ। ਮਨੁੱਖ 'ਮੋਡਰਨ' ਦੇ ਨਾਂ 'ਤੇ ਆਪਣੀ ਅਮੀਰ ਵਿਰਾਸਤ ਨੂੰ ਭੁੱਲ ਰਿਹਾ ਹੈ। ਚਰਨ ਸਿੰਘ ਮਨੁੱਖ ਨੂੰ 'ਮੋਡਰਨ' ਬਣਨ ਦੇ ਜੋ ਨੁਕਤੇ ਪ੍ਰਦਾਨ ਕਰਦਾ ਹੈ ਉਹ ਮਨੁੱਖ ਨੂੰ ਆਪਣੇ ਵਿਰਸੇ ਨਾਲੋਂ ਟੁੱਟਣ ਨਹੀਂ ਦਿੰਦੇ ਬਲਕਿ ਹੋਰ ਵੀ ਪਕੇਰੇ ਰੂਪ ਵਿਚ ਜੋੜਨ ਦਾ ਕਾਰਜ ਕਰਦੇ ਹਨ। ਇਸ ਤਰ੍ਹਾਂ 'ਬੋਲ ਕਬੋਲ' ਕਾਵਿ-ਸੰਗ੍ਰਹਿ ਦੇ ਮਾਧਿਅਮ ਰਾਹੀਂ ਕਵੀ ਨੇ ਪਾਠਕਾਂ ਨੂੰ ਆਧੁਨਿਕ ਯੁੱਗ ਵਿਚ ਪਦਾਰਥਾਂ ਦੀ ਅਹਿਮੀਅਤ ਤੇ ਸੀਮਾ ਦੋਵਾਂ ਬਾਰੇ ਸੁਚੇਤ ਕੀਤਾ ਹੈ ਤਾਂ ਜੋ ਮਨੁੱਖ ਪਦਾਰਥਕ ਵਿਕਾਸ ਦੇ ਨਾਲ-ਨਾਲ ਬੌਧਿਕ ਵਿਕਾਸ ਨੂੰ ਵੀ ਤਰਜ਼ੀਹ ਦੇਣ। ਮਨੁੱਖ ਦਾ ਆਧੁਨਿਕ ਹੋਣ ਲਈ ਉਸ ਦਾ ਬੌਧਿਕ ਹੋਣਾ ਬਹੁਤ ਜ਼ਰੂਰੀ ਹੈ। ਬੌਧਿਕ ਵਿਕਾਸ ਹੀ ਮਨੁੱਖ ਨੂੰ ਮਨੁੱਖਤਾ ਦਾ ਮਹੱਤਵ ਸਮਝਾ ਸਕਦਾ ਹੈ, ਲੜਾਈ, ਝਗੜੇ ਤੇ ਯੁੱਧ ਦੀ ਥਾਂ ਵਿਸ਼ਵ-ਸ਼ਾਂਤੀ, ਪਿਆਰ, ਸਾਂਝੀਵਾਲਤਾ ਤੇ ਸਦਾਚਾਰਕ ਗੁਣਾਂ ਦਾ ਧਾਰਨੀ ਬਣਾ ਸਕਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਮਨੁੱਖ ਆਪਣੀਆਂ ਜੜ੍ਹਾਂ ਨਾਲ ਜੁੜਿਆ ਰਹੇ ਤੇ ਪਦਾਰਥ ਅਤੇ ਪੂੰਜੀ ਦੀ ਬਜਾਏ ਰਿਸ਼ਤਿਆਂ ਦੀ ਅਹਿਮੀਅਤ ਨੂੰ ਪਛਾਣੇ।

-ਐੱਸ. ਸਮਰਾਏ
ਸਹਾਇਕ ਪ੍ਰੋਫੈਸਰ, ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ,
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ।

# ਬੋਲ ਕਬੋਲ (ਭਾਗ-1)

## ਪਹਿਲੀ ਪੁਸਤਕ (ਬੋਲ ਕਬੋਲ ਉਪਭਾਗ)

ਉਸ ਜੀਵਨ ਦੀ ਪਿੱਠ ਭੂਮੀ ਅਤੇ ਪ੍ਰਤੀਕਰਮ
ਜਿਸ ਚੋਂ ਸਵੈ ਤਲਾਸ਼ ਦੇ ਕਾਰਨ
ਜਨਮੇਂ ਹਨ।

**ਚਰਨ ਸਿੰਘ**

**ਕਾਵਿ-ਸ਼ਾਸਤਰ**

## (ੳ) ਅਗਾਜ਼ ਤੋਂ ਹਸ਼ਰ ਤਕ

ਅਗਾਜ਼ ਤੋਂ ਹਸ਼ਰ, ਹਸ਼ਰ ਤੋਂ ਅਗਾਜ਼ ਤਕ। ਇਹ ਮੇਰੇ ਜੀਵਨ ਦਾ ਪ੍ਰਸੰਗ ਹੈ ਅਤੇ ਬੋਲ ਕਬੋਲ ਰਚਨਾ ਦੀ ਸਿਰਜਣਾ ਦਾ ਪ੍ਰਯੋਜਨ ਹੈ। ਜਦੋਂ ਮੇਰੇ ਇਸ ਵਿਹਾਰ ਦਾ ਸੰਬੰਧ ਹੋਂਦ ਵਿੱਚ ਆਇਆ ਮੈਂ ਇੱਕ ਸਾਧੂ ਸੁਆਮੀ ਸਰੂਪਾ ਨੰਦ ਜੀ ਦੀ ਕੁਟੀਆ ਵਿੱਚ ਰਹਿੰਦਾ ਸਾਂ। ਉਨ੍ਹਾਂ ਮੇਰਾ ਨਾਮ ਸਰਵਾਨੰਦ ਰੱਖਿਆ ਸੀ। ਸੁਆਮੀ ਸਰੂਪਾ ਨੰਦ ਜੀ ਮੇਰੇ ਅਧਿਆਤਮਕ ਗੁਰੂ ਸਨ। ਉਨ੍ਹਾਂ ਤੋਂ ਮੈਂ ਰੱਬੀ ਰਹੱਸ ਅਤੇ ਧਿਆਨ ਲਗਾਉਣ ਦਾ ਮੁਕੰਮਲ ਗਿਆਨ ਹਾਸਿਲ ਕੀਤਾ। ਉਨ੍ਹਾਂ ਮੈਨੂੰ ਇਸ ਦਾ ਯਥਾਰਥਕ ਅਭਿਆਸ ਤੇ ਅਨੁਭਵ ਵੀ ਕਰਵਾਇਆ। ਪ੍ਰਕਾਸ਼ ਕੌਰ ਜੋ ਬਾਅਦ ਵਿੱਚ ਮੇਰੀ ਪਤਨੀ ਬਣੀ, ਉਹ ਕੈਨੇਡਾ ਤੋਂ ਭਾਰਤ ਵਿਆਹ ਕਰਵਾਉਣ ਆਈ ਹੋਈ ਸੀ। ਉਨ੍ਹਾਂ ਨੂੰ ਸਿਰਫ਼ ਤੇ ਸਿਰਫ਼ ਇੱਕ ਪੜ੍ਹੇ ਲਿਖੇ ਵਰ ਦੀ ਤਲਾਸ਼ ਸੀ ਅਤੇ ਮੈਂ ਉਨ੍ਹਾਂ ਦਿਨਾਂ ਵਿੱਚ ਐਮ. ਏ ਪੰਜਾਬੀ ਕਰ ਚੁੱਕਾ ਸੀ।

ਮੇਰਾ ਸੁਭਾਅ ਸੀ ਕਿ ਮੈਂ ਜਮਾਂਦਰੂ ਹੀ ਸਾਧੂ ਸੰਤਾਂ ਦੀ ਸੇਵਾ ਅਤੇ ਸੰਗਤ ਵਿੱਚ ਦਿਲਚਸਪੀ ਰੱਖਦਾ ਸੀ। ਮੇਰੀ ਮਾਂ ਦੱਸਦੀ ਹੁੰਦੀ ਸੀ ਕਿ ਮੇਰਾ ਜਨਮ ਵੀ ਇੱਕ ਸਾਧੂ ਦੇ ਅਸ਼ੀਰਵਾਦ ਦੀ ਦੇਣ ਹੈ। ਇਸ ਲਈ ਵਸਤੂ ਸੰਸਾਰ ਵਿੱਚ ਮੇਰੀ ਰੂਹ ਘੱਟ ਲਗਦੀ ਸੀ। ਮੇਰੀ ਮਾਂ ਨੂੰ ਇਹੀ ਇਤਰਾਜ਼ ਸੀ ਕਿ ਮੈਂ ਵਿਆਹ ਨਹੀ ਕਰਵਾਉਂਦਾ। ਦੂਜੀ ਗੱਲ ਮੇਰੀ ਬਰਾਦਰੀ ਵਿਚ ਉਸ ਸਮੇਂ ਮੇਰੇ ਜਿੰਨ੍ਹੀ ਪੜ੍ਹੀ ਲਿਖੀ ਕੋਈ ਲੜਕੀ ਵੀ ਨਹੀਂ ਸੀ। ਮੈਂ 1972 ਦੇ ਲਾਗੇ ਦੀਆਂ ਗੱਲਾਂ ਕਰ ਰਿਹਾ ਹਾਂ। ਮੇਰੀਆਂ ਕਈ ਮੰਗਣੀਆਂ ਹੋਈਆਂ ਸਨ। ਪਰ ਕੋਈ ਸਿਰੇ ਨਹੀਂ ਸੀ ਚੜ੍ਹੀ। ਮੈਂ ਸਾਧੂ ਸੰਤਾਂ ਦੀ ਸੇਵਾ ਸੰਗਤ ਵਿਚ ਮਸਤ ਰਹਿੰਦਾ ਸਾਂ। ਮੈਨੂੰ ਇਸ ਵਿੱਚ ਬੜੀ ਚੰਗਾ ਲੱਗਦਾ ਅਤੇ ਸਕੂਨ ਮਿਲਦਾ ਸੀ। ਪ੍ਰਕਾਸ਼ 1979 ਦੇ ਅੰਤ ਵਿਚ ਭਾਰਤ ਆਈ ਸੀ। ਸਾਡੇ ਇੱਕ ਪ੍ਰਵਾਰਕ ਮਿੱਤਰ ਨੇ ਮੇਰੀ ਦੱਸ ਪ੍ਰਕਾਸ਼ ਦੇ ਭਰਾ ਅਤੇ ਭਰਜਾਈ ਨੂੰ ਪਾਈ ਕਿ ਤੁਹਾਡੀ ਮੰਗ ਮੁਤਾਬਿਕ ਇਕ ਲੜਕਾ ਹੈ ਅਤੇ ਇਹ ਗੱਲ ਚੱਲ ਹੀ ਰਹੀ ਸੀ ਕਿ ਮੈਂ ਆਪਣੇ ਘਰੋਂ 20-30 ਫੁਲਕੇ ਅਤੇ ਇੱਕ ਵੱਡਾ ਕਰਮੰਡਲ ਦਾਲ ਦਾ ਲੈ ਕੇ ਸਵਾਮੀ ਸਰੂਪਾ ਨੰਦ ਜੀ ਦੀ ਕੁਟੀਆ ਵਿੱਚ ਸਾਧੂਆਂ ਨੂੰ ਭੋਜਨ ਛਕਾਉਣ ਲਈ ਪਹੁੰਚਿਆ। ਉਸ ਦਿਨ ਸ਼ਿਮਲੇ ਤੋਂ ਇੱਕ ਬੜਾ ਮਹਾਨ ਸਾਧੂ ਸੁਆਮੀ ਸਰੂਪਾ ਨੰਦ ਜੀ ਦੀ ਕੁਟੀਆਂ ਵਿੱਚ ਆਇਆ ਹੋਇਆ ਸੀ। ਉਸ ਮਹਾਨ ਪੁਰਸ਼ ਦਾ ਸ਼ਿਮਲੇ ਵਿੱਚ ਆਸ਼ਰਮ ਸੀ। ਜਿਸ ਆਸ਼ਰਮ ਵਿੱਚ ਸਾਰੇ ਭਾਰਤ ਤੋਂ ਸਾਧੂ ਸੰਤ ਧਿਆਨ ਲਗਾਉਣ ਦੀ ਸਿੱਖਿਆ ਲੈਣ ਆਉਂਦੇ ਸਨ। ਜਦੋਂ ਮੈਂ ਲੰਗਰ ਲੈ ਕੇ ਘਰੋਂ ਨਿਕਲਿਆ ਸਾਂ ਤਾਂ ਮੇਰੀ ਮਾਂ ਵੀ ਮੇਰੇ ਮਗਰ-ਮਗਰ ਨਿਕਲ ਆਈ ਸੀ। ਮੈਨੂੰ ਇਸ ਗੱਲ ਦਾ ਗਿਆਨ ਨਹੀਂ ਸੀ। ਕੁਟੀਆ ਵਿਚ ਅਜੇ ਸਾਧੂਆਂ ਨੇ ਭੋਜਨ ਛਕਣਾ ਸ਼ੁਰੂ ਨਹੀਂ ਸੀ ਕੀਤਾ ਕਿ ਮਾਂ ਉਸ ਸ਼ਿਮਲੇ ਵਾਲੇ ਸਾਧੂ ਅੱਗੇ ਦੁੱਖ ਭਰੀ ਮੁਦਰਾ ਵਿੱਚ ਬੋਲੀ, "ਬਾਬਾ ਜੀ ਇਸ ਨੂੰ ਕੁੱਝ ਸਮਝਾਉ, ਇਹ ਵਿਆਹ ਨਹੀਂ ਕਰਵਾਉਂਦਾ।" ਸੁਭਾਵਕ

ਹੀ ਉਸ ਸਾਧੂ ਦੇ ਮੂੰਹੋਂ ਨਿਕਲ ਗਿਆ, "ਜਾਅ ਮਾਈ ਇਸ ਦਾ ਵਿਆਹ ਸ਼ੁੱਕਰਵਾਰ ਨੂੰ ਹੋ ਜਾਏਗਾ।" ਉਸ ਦਿਨ ਸ਼ਨੀਵਾਰ ਸੀ। ਐਤਵਾਰ ਮੈਂ ਆਪਣੇ ਇੱਕ ਲੰਗੋਟੀਏ ਯਾਰ ਸ਼ੌਕੀਨ ਸਿੰਘ ਨੂੰ ਮਿਲਣ ਜਾਣਾ ਸੀ। ਮੈਂ ਚੰਡੀਗੜ੍ਹ ਚਲਾ ਗਿਆ। ਸੋਮਵਾਰ ਨੂੰ ਸਾਡਾ ਪਰਿਵਾਰਕ ਮਿੱਤਰ ਅਤੇ ਪ੍ਰਕਾਸ਼ ਕੌਰ ਦਾ ਭਰਾ ਭਰਜਾਈ ਸ਼ਗਨ ਲੈ ਕੇ ਸਾਡੇ ਘਰ ਨੀਲੇ ਮਹਿਲ ਆ ਗਏ। ਮੈਂ ਘਰ ਨਹੀਂ ਸਾਂ। ਉਨ੍ਹਾਂ ਨੂੰ ਸ਼ਗਨ ਵਾਪਿਸ ਲਿਜਾਣਾ ਪਿਆ। ਮੈਂ ਆਪਣੇ ਪਿਆਰੇ ਮਿੱਤਰ ਕੋਲ ਤਿੰਨ ਚਾਰ ਦਿਨ ਰਹਿ ਕੇ ਵੀਰਵਾਰ ਨੂੰ ਘਰ ਵਾਪਿਸ ਪਰਤਿਆ। ਪ੍ਰਕਾਸ਼ ਕੌਰ ਦੇ ਭਰਾ ਭਰਜਾਈ ਨੇ ਸਾਡੇ ਪ੍ਰਵਾਰਕ ਮਿੱਤਰ ਕੋਲੋਂ ਮੇਰੀ ਵਾਪਸੀ ਦਾ ਪਤਾ ਕਰ ਲਿਆ। ਉਹ ਸ਼ੁੱਕਰਵਾਰ ਸ਼ਗਨ ਲੈ ਕੇ ਆਏ। ਉਸ ਸਾਧੂ ਦੇ ਬਚਨ ਅਨੁਸਾਰ ਸ਼ੁੱਕਰਵਾਰ ਨੂੰ ਸਾਡਾ ਰਿਸ਼ਤਾ ਤਹਿ ਹੋ ਗਿਆ। ਉਸ ਤੋਂ ਬਾਅਦ 18 ਅਪ੍ਰੈਲ ਨੂੰ ਸ਼ੁੱਕਰਵਾਰ ਵਾਲੇ ਹੀ ਦਿਨ ਸਾਡਾ ਲਗਨ ਹੋਇਆ। ਸ਼ੁੱਕਰਵਾਰ ਹੀ ਮੈਂ ਭਾਰਤ ਤੋਂ ਕੈਨੇਡਾ ਆਇਆ। ਸ਼ੁੱਕਰਵਾਰ ਹੀ ਮੇਰੀ ਨੌਕਰੀ ਲੱਗੀ ਅਤੇ ਸ਼ੁੱਕਰਵਾਰ ਨੂੰ ਹੀ ਤਨਖ਼ਾਹ ਮਿਲਦੀ ਸੀ। ਮੈਂ ਕੈਨੇਡਾ ਆ ਕੇ ਵੀ ਆਪਣੇ ਗੁਰੂ ਦੀ ਸਿੱਖਿਆ ਅਤੇ ਉਸ ਸਾਧੂ ਦਾ ਸ਼ੁੱਕਰਵਾਰ ਵਾਲਾ ਬਚਨ ਨਹੀਂ ਭੁੱਲਿਆ। ਰੋਜ਼ਾਨਾ ਗੁਰੂ ਦੀ ਦੱਸੀ ਵਿਧੀ ਅਨੁਸਾਰ ਅੱਜ ਤਕ Meditation ਕਰਦਾ ਆ ਰਿਹਾ ਹਾਂ। ਜਦੋਂ ਮੇਰੇ ਗੁਰੂ ਨੇ ਮੈਨੂੰ Meditation ਸਿਖਾਈ ਸੀ। ਉਸ ਵਕਤ ਮੇਰੀ ਉਮਰ 24-25 ਸਾਲਾ ਦੀ ਸੀ। ਜਦੋਂ ਮੈਂ ਕੈਨੇਡਾ ਆਇਆ, ਮੇਰੀ ਉਮਰ 27-28 ਸਾਲ ਦੀ ਸੀ। ਅੱਜ ਮੈਂ 72 ਸਾਲਾਂ ਦਾ ਹਾਂ। ਪਰ ਇਨ੍ਹਾਂ 44-45 ਸਾਲਾਂ ਵਿੱਚ ਜਿੱਥੋਂ ਤਕ ਮੈਨੂੰ ਯਾਦ ਹੈ, ਮੈਂ ਇੱਕ ਵੀ ਸਾਹ ਐਸਾ ਨਹੀਂ ਲਿਆ ਜਿਸ ਨਾਲ ਮੈਂ ਉਸ ਸ਼ਬਦ ਦਾ ਜਾਪ ਨਾ ਕੀਤਾ ਹੋਵੇ ਜੋ ਮੇਰੇ ਗੁਰੂ ਜੀ ਨੇ ਮੈਨੂੰ ਦੱਸਿਆ ਸੀ। 20-25 ਸਾਲਾਂ ਦੇ ਅਭਿਆਸ ਪਿੱਛੋਂ ਮੇਰਾ ਇਹ ਸਿਮਰਨ ਮੇਰੇ ਨਾਲ ਆਪਣੇ-ਆਪ ਹੋਣਾ ਸ਼ੁਰੂ ਹੋ ਗਿਆ। ਇਹ ਕਾਰਜ ਆਪਣੇ-ਆਪ ਗਤੀਸ਼ੀਲ ਰਹਿੰਦਾ, ਚਾਹੇ ਮੈਂ ਜਾਗਦਾ, ਚਾਹੇ ਸੁੱਤਾ, ਚਾਹੇ ਕੰਮ 'ਤੇ ਹੁੰਦਾ। ਇਸ Meditation ਅਭਿਆਸ ਕਾਰਨ ਮੈਂ ਬ੍ਰਹਮ ਅਤੇ ਕੁਦਰਤ ਦੇ ਅਜਿਹੇ ਜਲਵੇ ਵੇਖੇ ਹਨ ਜੋ ਬਿਆਨ ਨਹੀਂ ਕੀਤੇ ਜਾਅ ਸਕਦੇ।

ਪਰਮਾਤਮਾ ਨੇ ਮੈਨੂੰ ਮੋਹ ਮਾਇਆ ਦੇ ਜਾਲ ਤੋਂ ਨਿਰਲੇਪ ਰੱਖਿਆ ਹੈ। ਸਭ ਤੋਂ ਵੱਡਾ ਮੋਹ ਔਲਾਦ ਦਾ ਹੁੰਦਾ ਹੈ। ਪਰਮਾਤਮਾ ਦੀ ਕ੍ਰਿਪਾ ਨਾਲ ਮੈਂ ਇਸ ਮੋਹ ਤੋਂ ਰਹਿਤ ਹਾਂ। ਮੈਂ ਕੀ ਹਾਂ? ਕੌਣ ਹਾਂ? ਕਿੱਥੋਂ ਆਇਆ ਹਾਂ? ਕਿੱਥੇ ਜਾਣਾ ਹੈ? ਜੀਵਨ ਦਾ ਪ੍ਰਯੋਜਨ ਕੀ ਹੈ? ਆਤਮਾ ਪ੍ਰਮਾਤਮਾ ਕੀ ਹੈ? ਗੁਰੂ ਕ੍ਰਿਪਾ ਨਾਲ ਮੈਨੂੰ ਇਸ ਦਾ ਯਥਾਰਕ ਗਿਆਨ ਹੈ ਅਤੇ ਮੈਂ ਇਸ ਨੂੰ ਹੰਢਾਇਆ ਜੀਵਿਆ ਅਤੇ ਜ਼ਿੰਦਗੀ ਵਿੱਚ ਵੇਖਿਆ ਹੈ। ਮੈਂ ਸਾਰੀ ਵਿਸ਼ਵ ਮਾਨਵਤਾ ਨੂੰ ਆਪਣੀ ਔਲਾਦ ਸਮਝਦਾ ਹਾਂ। ਗੁਰੂ ਨੇ ਆਪਣੇ ਚਰਨਾਂ ਨਾਲ ਮੈਨੂੰ ਹਮੇਸ਼ਾ ਜੋੜੀ ਰੱਖਿਆ ਹੈ। ਦੁਨੀਆ ਦੀ ਕੋਈ ਨਿਹਮਤ ਨਹੀਂ ਜੋ ਉਸ ਨੇ ਮੈਨੂੰ ਨਹੀਂ ਦਿੱਤੀ। ਉਸ ਦੀ ਸਭ ਤੋਂ ਵੱਡੀ ਨਿਹਮਤ ਮੇਰੀਆਂ ਇਛਾਵਾਂ ਤੇ ਮੇਰਾ ਸੰਜਮ ਹੈ। ਜਦ ਇੱਛਾ ਹੀ ਨਹੀਂ ਤਾਂ ਫਿਰ ਦੁਖ ਦਾ ਸਵਾਲ ਹੀ ਪੈਦਾ ਨਹੀਂ

ਹੁੰਦਾ। ਮੈਂ ਸਮਝਦਾ ਹਾਂ ਕਿ ਮੈਂ ਵਿਸ਼ਵ ਦਾ ਇੱਕ ਉਹ ਮਨੁੱਖ ਹਾਂ ਜਿਸ ਕੋਲ ਮਨ ਦੀ ਸ਼ਾਂਤੀ ਦਾ ਸਭ ਤੋਂ ਵੱਡਾ ਖਜ਼ਾਨਾ ਹੈ।

ਗੀਤਾ ਦਾ ਪ੍ਰਵਚਨ ਹੈ ਕਿ ਬ੍ਰਹਮ ਨੂੰ ਸਿਮਰਨ ਵਾਲਾ ਮਨੁੱਖ ਕਰਮ ਰਹਿਤ ਹੁੰਦਾ ਹੈ। ਕਰਮ ਕੀਤੇ ਬਿਨਾਂ ਉਸ ਨੂੰ ਦੁਨੀਆ ਦਾ ਹਰ ਪਦਾਰਥ ਮੁਹੱਈਆ ਹੁੰਦਾ ਹੈ। ਮੇਰੀ ਭਗਤੀ ਮੇਰਾ ਸਿਮਰਨ ਉਸ ਦਾਤੇ ਨੂੰ ਮਨਜ਼ੂਰ ਹੈ ਕਿ ਨਹੀਂ, ਇਹ ਮੈਂ ਨਹੀਂ ਜਾਣਦਾ। ਪਰ ਗੀਤਾ ਦਾ ਪ੍ਰਵਚਨ ਮੇਰੇ ਤੇ ਪੂਰੀ ਤਰ੍ਹਾਂ ਢੁਕਦਾ ਹੈ। ਮੈਂ ਲਿਖਣ-ਪੜ੍ਹਣ ਤੋਂ ਬਿਨਾਂ ਕੁੱਝ ਨਹੀਂ ਕਰਦਾ। ਫਿਰ ਵੀ ਦੁਨੀਆ ਦੀ ਹਰ ਨਿਹਮਤ ਮੈਨੂੰ ਮੁਹੱਈਆ ਹੈ। ਮੈਂ ਹੁਣ ਤਕ 75 ਤੋਂ 80 ਪੁਸਤਕਾਂ ਲਿਖ ਚੁੱਕਾ ਹਾਂ। ਜਿਨ੍ਹਾਂ ਚੋਂ 50 ਛੱਪ ਚੁੱਕੀਆ ਹਨ। ਮੈਂ ਕਈ ਵਾਰ ਹੈਰਾਨ ਹੋ ਜਾਂਦਾ ਹਾਂ ਕਿ ਇੰਨ੍ਹਾ ਕੰਮ ਮੈਂ ਕਿਵੇਂ ਕਰ ਸਕਿਆ ਹਾਂ। ਅਸਲ ਵਿੱਚ ਇਹ ਕੰਮ ਮੈਂ ਨਹੀਂ ਕੀਤਾ। ਮੇਰੇ ਗੁਰੂ ਨੇ ਮੇਰੇ ਰਾਹੀਂ ਕੀਤਾ ਹੈ। ਮੈਂ ਇਸ ਯੋਗ ਅਤੇ ਇਸ ਕਾਬਿਲ ਕਿੱਥੇ ਹਾਂ। ਮੈਂ ਆਪਣੀ ਜ਼ਿੰਦਗੀ ਵਿੱਚ ਸਿਰਫ਼ ਚੰਗਾ ਇਨਸਾਨ ਬਣਨ ਦਾ ਯਤਨ ਕੀਤਾ ਹੈ। ਬਣ ਸਕਿਆ ਹਾਂ ਜਾਂ ਨਹੀਂ, ਇਹ ਵੀ ਮੈਂ ਨਹੀਂ ਜਾਣਦਾ।

ਇਕ ਦਿਨ ਮੈਂ ਸੋਚਿਆ ਗੁਰੂ ਕ੍ਰਿਪਾ ਨਾਲ ਮੈਂ ਦੁਨੀਆ ਦੇ ਸਭ ਰੰਗ ਵੇਖ ਲਏ ਹਨ। ਸੁੱਖ ਧਨ ਦੌਲਤਾਂ, ਇੱਜ਼ਤਮਾਨ, ਮੇਰੇ ਮਨ ਦੀ ਹਰ ਇੱਕ ਇੱਛਾ ਉਸ ਦਾਤੇ ਨੇ ਪੂਰੀ ਕੀਤੀ ਹੈ। ਹੁਣ ਜੋ ਸਫ਼ਰ ਮੈਂ ਵਿਆਹ ਕਾਰਨ ਅਧੂਰਾ ਛੱਡ ਆਇਆ ਸਾਂ, ਉਸ ਨੂੰ ਜਿੰਨ੍ਹਾ ਹੋ ਸਕੇ ਪੂਰਾ ਕਰਨਾ ਚਾਹੁੰਦਾ ਹਾਂ। ਹੁਣ ਗ੍ਰਹਿਸਤੀ ਜੀਵਨ ਤਿਆਗ ਕੇ ਉਸ ਸਾਧੂ ਜੀਵਨ 'ਚ ਪਰਤ ਜਾਣ ਦੀ ਮੇਰੀ ਇੱਛਾ ਹੈ। ਪਰ ਇਹ ਇੱਛਾ ਪੂਰਤੀ ਦਾਤੇ ਦੇ ਹੱਥ ਹੈ। ਮੈਂ ਤਾਂ ਸਿਰਫ਼ ਉਡੀਕ ਹੀ ਕਰ ਸਕਦਾ ਹਾਂ। ਇਸ ਸਾਰੇ ਸੰਦਰਭ ਚੋਂ 'ਬੋਲ ਕਬੋਲ' ਲਿਖਣ ਦੀ ਉਰਜਾ ਉਸ ਦਾਤੇ ਨੇ ਮੈਨੂੰ ਬਖਸ਼ੀ ਹੈ। ਉਸ ਦੀ ਕ੍ਰਿਪਾ ਨਾਲ ਮੈਂ ਇਹ ਲਿਖ ਸਕਿਆ ਹਾਂ। ਇਸ ਵਿੱਚ ਮੈਂ ਕਿੰਨ੍ਹਾ ਸਫ਼ਲ ਹਾਂ ਇਸ ਦਾ ਫ਼ੈਸਲਾ ਤੁਸਾਂ ਕਰਨਾ ਹੈ।

**-ਚਰਨ ਸਿੰਘ**

## (ਅ) ਅਗਾਜ਼ ਤੋਂ ਹਸ਼ਰ ਤਕ
## ਹਸ਼ਰ ਤੋਂ ਅਗਾਜ਼ ਤਕ

ਹੇ ਪ੍ਰਭ ਜੀ
ਜਿਨ੍ਹਾਂ ਅੰਮ੍ਰਿਤੀ ਨੈਣਾਂ
ਮੈਨੂੰ ਤੇਰੇ ਦਰ ਤੋਂ ਉਠਾਇਆ ਸੀ
ਪੈਰਾਂ ਵਿੱਚ ਨਹੀਂ ਰੱਖਿਆ
ਦਿਲ ਦੇ ਤਖ਼ਤ ਬਿਠਾਇਆ ਸੀ
ਜੋ ਨਹੀਂ ਸੀ ਵੇਖਣਾ ਜ਼ਿੰਦਗੀ ਭਰ
ਮੈਨੂੰ ਉਹ ਸੱਚ ਵਿਖਾਇਆ ਸੀ
-0-
ਸੋਨੇ ਦੀ ਧਰਤੀ
ਸਿਰ ਰਹਿਮਤਾ ਭਰਿਆ ਅੰਬਰ ਸੀ
ਧੁਰ ਦਰਗਾਹ 'ਤੇ ਲਿਖਿਆ
ਮੇਰਾ ਇਹ ਮੁਕੱਦਰ ਸੀ
ਸੂਰਜ ਚੰਨ ਸਿਤਾਰੇ ਜਗਦੇ ਦੀਵੇ ਸਨ
ਤੇਰੀ ਰਹਿਮਤ ਜਿਹੇ ਹੀ
ਉਸ ਦੁਨੀਆ ਦੇ ਲੋਕੀਂ ਖੀਵੇ-ਖੀਵੇ ਸਨ
-0-
ਹਰ ਰੁੱਖ ਦੇ ਗਲ
ਜੰਗਲ ਦੀ ਗਾਨੀ ਸੀ
ਹਰ ਇੱਕ ਜਿਸਮ ਦਾ
ਪਹਿਰਾਵਾ ਬੜਾ ਲਸਾਨੀ ਸੀ
ਪਹਿਰਣ ਚੋਂ
ਸੱਚ ਜਿਸਮ ਦਾ ਦਿਸਦਾ ਸੀ
ਮੱਥੇ ਵਿੱਚ ਅੰਦਰ ਦਾ ਦੀਵਾ ਜਗਦਾ ਸੀ
ਅੱਖਾਂ ਵਿੱਚ
ਕਿਸੇ ਦਾ ਹੋ ਜਾਵਣ ਦੀ ਮਸਤੀ ਸੀ
ਤੇਰੀ ਕੁਟੀਆ ਵਿੱਚ
ਜਿਉਂ ਜੋਤੀ ਜਗਦੀ ਸੀ
ਬਹੁਤਿਆਂ ਚਿਹਰਿਆਂ ਚੋਂ
ਮੈਨੂੰ ਆਪਣੇ-ਆਪ ਦਾ ਭੁਲੇਖਾ ਪੈਂਦਾ ਸੀ
ਹਰ ਚਿਹਰੇ ਚੋਂ ਤੂੰ ਹੀ

ਦਿਸਦਾ ਰਹਿੰਦਾ ਸੀ
-0-
ਮੈਂ ਘਰੋਂ ਨਿਕਲਿਆ
ਰੋਜ਼ਗਾਰ ਦੇ ਸਿੰਗੀ ਚੜ੍ਹਿਆ
ਸੂਰਮੇ ਵਾਗੂੰ ਜ਼ਿੰਦਗੀ ਸੰਗ ਲੜਿਆ
ਮੈਂ ਅੰਗਾਂ ਨਖਸ਼ਾਂ ਵਿੱਚ ਵੰਡਿਆ ਵੀ
ਆਪੇ ਸੰਗ ਰਿਹਾ ਜੁੜਿਆ
ਲੱਖ ਤੁਫ਼ਾਨ ਹਨੇਰੀਆਂ ਆਈਆਂ
ਮੰਜ਼ਿਲਾਂ ਵੱਲ ਰਿਹਾ ਮੈਂ ਤੁਰਿਆ
ਰੋਜ਼ਗਾਰ ਦੇ ਬੜੇ ਬਖੇੜੇ ਸਨ
ਕੁੱਝ ਪਰਾਏ ਕੁੱਝ ਮੇਰੇ ਸਨ
ਇਹ ਸੁਲਝਦੇ ਸੁਲਝਦੇ
ਕਈ ਵਾਰੀ ਦੂਰ ਦੁਰੇਡੇ ਲੈ ਜਾਂਦੇ ਨੇ
ਫਿਰ ਵੀ ਪਰਾਏ ਨਹੀਂ ਹੁੰਦੇ
ਆਪਣੇ ਬਣ ਕੇ ਰਹਿ ਜਾਂਦੇ ਨੇ
-0-
ਮੇਰੇ ਆਲ੍ਹਣੇ 'ਚ
ਇੱਕ ਚਿੜੀ-ਚਿੜੇ ਦਾ ਵਸੇਰਾ ਸੀ
ਲੈ ਦੇ ਕੇ ਬਸ ਇਨ੍ਹਾ ਕੁੱਝ ਹੀ ਮੇਰਾ ਸੀ
ਚਿੜੀ ਦੇ ਬੱਗੇ ਆ ਗਏ ਹਨ
ਮੇਰੇ ਨੈਣਾਂ ਦੀ ਜੋਤੀ ਵੀ ਘੱਟ ਗਈ ਹੈ
ਹੁਣ ਬਾਕੀ ਥੋੜੀ ਹੈ
ਅੱਧੀਓ ਬਹੁਤੀ ਕੱਟ ਗਈ ਹੈ
ਚਿੜੀ ਵੀ ਅੰਨ੍ਹ-ਜਲ ਤਿਆਗ ਰਹੀ ਹੈ
ਸੱਚੇ ਘਰ ਅੱਪੜਨ ਦਾ ਨਾਮ ਉਚਾਰ
ਰਹੀ ਹੈ
-0-
ਹੇ ਸਾਂਈ
ਜਿਨ੍ਹਾਂ ਅੰਮ੍ਰਿਤੀ ਨੈਣਾਂ
ਤੇਰੇ ਦਰ ਤੋਂ ਮੈਨੂੰ ਉਠਾਇਆ ਸੀ
ਉਹ ਮੇਰੇ ਲਈ
ਮੈਂ ਉਨ੍ਹਾਂ ਲਈ ਅੱਜ ਪਰਾਇਆ ਸੀ

ਹੁਣ ਇੱਕਲਾ
ਫਿਰ ਤੇਰੇ ਦਰ ਪਰਤ ਆਇਆ ਹਾਂ
ਮੈਂ ਤੇਰਾ ਹੀ ਬੱਚਾ
ਤੇਰਾ ਹੀ ਜਾਇਆ ਹਾਂ
ਤੇਰੇ ਤੋਂ ਅਲੱਗ ਨਹੀਂ ਹਾਂ
ਬੇਸ਼ੱਕ ਆਪਣੇ ਲਈ ਪਰਾਇਆ ਹਾਂ
-0-
ਉਹ ਸਫ਼ਰ ਲੰਮੇਰਾ ਸੀ
ਜਿਸ ਵਿਚ ਉਮਰ ਬੀਤ ਗਈ ਮੇਰੀ
ਇਹ ਸਫ਼ਰ ਵੀ ਲੰਬਾ ਹੈ
ਬੇਸ਼ੱਕ ਪਲ ਦੀ ਉਮਰ ਹੈ ਮੇਰੀ
ਇਹ ਵੀ ਲੀਲਾ ਤੇਰੀ ਹੈ
ਉਹ ਵੀ ਲੀਲਾ ਤੇਰੀ ਸੀ
ਜਿਸ ਨੂੰ ਘੱਲਿਆ ਤੂੰ ਪ੍ਰਦੇਸ਼ੀ
ਉਹ ਮਿੱਟੀ ਦੀ ਢੇਰੀ ਸੀ
ਉਸ ਵਿੱਚ ਕੁੱਝ ਨਹੀਂ ਸੀ ਉਸਦਾ
ਇੱਕ ਬਸ ਮਰਜ਼ੀ ਤੇਰੀ ਸੀ
ਤੇਰੀ ਨਜ਼ਰ ਸਵੱਲੀ ਹੋ ਜਾਏ
ਪਲ ਦੀ ਉਮਰਾਂ ਲੰਬੀ ਹੋ ਜਾਏ
ਤੂੰ ਚਾਹਿਆ
ਤਾਂ ਪਲ ਵਿੱਚ ਸਦੀਆਂ ਗਾਹ ਦੇਵਾਂਗਾ
ਤੇਰੇ ਸੱਚ ਦਾ ਦੀਵਾ
ਪੌਣਾਂ ਵਿੱਚ ਜਗਾ ਦੇਵਾਂਗਾ
-0-
ਮੈਂ ਸਾਰਾ ਵਿਸ਼ਵ ਭੌਂ ਕੇ
ਆਇਆ ਹਾਂ ਤੇਰੇ ਦਰ ਸਾਂਈਆ
ਅਸਲ 'ਚ ਇਹੋ ਹੀ ਸੀ ਜ਼ਨਤ
ਇਹੋ ਹੀ ਸੀ ਮੇਰਾ ਘਰ ਸਾਂਈਆ
ਉਹ ਵੀ ਤੇਰੀ ਨਜ਼ਰ ਹੀ ਸੀ
ਇਹ ਵੀ ਤੇਰੀ ਨਜ਼ਰ ਹੀ ਹੈ
ਮੇਰਾ ਹਰ ਕਦਮ ਤੇਰੀ ਗਲੀ ਹੈ
ਮੇਰੇ ਜਗਦੇ ਦੀਵੇ ਵਿੱਚ

ਤੇਰੇ ਤੇਲ ਦੀ ਪਲੀ ਹੈ
-0-
ਕਦੀ ਥਲ 'ਤੇ ਕਦੀ ਜਲ 'ਤੇ
ਟੁਰਦਾ ਰਿਹਾ ਹਾਂ ਮੈਂ
ਮੋਮ ਦੇ ਬੁੱਤਾਂ ਦੇ ਗਲ ਚੋਂ
ਆਉਂਦਾ ਜਾਂਦਾ ਦਿਸਦਾ ਰਿਹਾ ਹਾਂ ਮੈਂ
ਨੰਗੇ ਜਿਸਮਾਂ ਦੀਆਂ ਨਾਭੀਆਂ
ਕੱਛਦਾ ਰਿਹਾ ਹਾਂ ਮੈਂ
ਆਪਣੀ ਅੱਗ
ਬਰਫਾਨੀ ਟੀਸੀਆਂ ਦੇ
ਪਿੰਡੇ ਵਿੱਚ ਧਰਦਾ ਰਿਹਾ ਹਾਂ ਮੈਂ
ਸੰਘਣੇ ਰੁੱਖਾਂ ਦੀ ਛਾਂ ਹੇਠਾਂ
ਤਪਦਾ ਰਿਹਾ ਹਾਂ ਮੈਂ
ਆਪਣੇ ਮੂੰਹ ਵਿੱਚ ਸੂਰਜ ਪਾ ਕੇ
ਠਰਦਾ ਰਿਹਾ ਹਾਂ ਮੈਂ
-0-
ਧੁੱਪਾਂ ਛਾਵਾਂ ਵੀ ਓਪਰੀਆਂ
ਧਰਤੀ ਅੰਬਰ ਵੀ ਪਰਾਏ
ਧੂੰਨੀ ਦਾ ਨਿੱਤ ਨਿੱਘ ਹੰਢਾਉਂਦੇ
ਦੇਹ ਦੇ ਆਪਣੇ ਹੀ ਸਾਏ
ਇਹ ਸੱਚ ਮੈਂ
ਆਪਣੇ ਹੰਝੂਆਂ ਸੰਗ ਭਿਉਂਕੇ
ਬੁਰਕੀ ਲਾਅ-ਲਾਅ ਖਾਧਾ ਹੈ
ਆਪਣੇ ਭਰਮ ਦਾ ਸੱਚ ਜਾਤਾ ਹੈ
ਨੰਗੇ ਪਿੰਡੇ ਦਰਿਆ ਅੱਗ ਦਾ ਤਰਿਆ ਹੈ
ਉਹ ਜੋ ਤੱਕਿਆ ਨਹੀਂ ਸੀ ਜਾਂਦਾ
ਆਪਣਾ ਹੀ ਚਿਹਰਾ ਲੱਗਿਆ ਹੈ
ਉਹ ਹੀ ਦੁਨੀਆ
ਰੰਗ ਰੂਪ ਖੁਸ਼ਬੂਆਂ ਉਹੀ
ਉਹੀ ਜਿਸਮ ਰੂਹਾਂ ਉਹੀ
ਚਿੜੀਆਂ ਘੁੱਗੀਆਂ ਕੋਇਲਾਂ
ਹੁਸਨ ਗੁਟਾਰਾਂ ਦਾ

ਮੈਨੂੰ ਹੀ ਕਿਉਂ ਲੱਗ ਰਿਹਾ ਹੈ
ਬੁਸਨ ਸੁਬਜ ਬਹਾਰਾਂ ਦਾ
-0-
ਨਦੀ ਉਨ੍ਹਾਂ ਬੁਲਬੁਲਾਂ ਦੀ
ਸੁਰ 'ਤੇ ਮੋਹਿਤ ਸੀ
ਜਿਨ੍ਹਾਂ ਨੂੰ ਆਪਣੇ ਬੋਟਾਂ ਦੇ
ਪਿਤਾ ਦੇ ਨਾਮ ਦਾ ਪਤਾ ਨਹੀਂ ਸੀ
ਇਸ ਵਿੱਚ ਬੁਲਬੁਲਾ ਦੀ ਤਾਂ
ਕੋਈ ਖਤਾ ਨਹੀਂ ਸੀ
ਮੈਂ ਵੀ ਆਪਣਾ ਸਿਰਨਾਵਾਂ
ਪਿੱਠ 'ਤੇ ਲਿਖਾ ਕੇ
ਉਨ੍ਹਾਂ ਬੁਲਬੁਲਾਂ ਸੰਗ
ਜਲ ਇਸ਼ਨਾਨਾਂ ਕਰਦਾ ਰਿਹਾ ਹਾਂ
ਉਹ ਡੁੱਬਣ ਦੇ ਡਰੋਂ ਸਨ ਤਰਦੀਆਂ
ਮੈਂ ਤਰਨ ਦੇ ਡਰ ਤੋਂ ਡੁੱਬਦਾ ਰਿਹਾ ਹਾਂ
-0-
ਉਹ ਬਿਨ ਬਾਪ ਨਾਮ ਦੇ ਚੂਚੇ
ਚੂਚੇ ਚਾਹੁੰਦੇ ਹਨ
ਪਰ ਮਾਂ-ਬਾਪ ਬਣਨਾ ਨਹੀਂ ਚਾਹੁੰਦੇ
ਆਪਣੇ ਹੀ ਮੱਥੇ 'ਚ
ਜੜ੍ਹ ਚੋਂ ਉੱਗਣਾ ਨਹੀਂ ਚਾਹੁੰਦੇ
ਜੋ ਸੰਤਾਪ
ਬਿਨ੍ਹਾਂ ਬਾਪ ਦੇ ਨਾਮ ਦਾ
ਉਨ੍ਹਾਂ ਹੰਢਾਇਆ ਹੈ
ਉਹ ਸੰਤਾਪ
ਆਪਣੇ ਚੂਚਿਆਂ ਦੇ ਖੰਭਾਂ ਸੰਗ
ਬਣਨਾ ਨਹੀਂ ਚਾਹੁੰਦੇ
ਕਿਉਂਕਿ ਉਨ੍ਹਾਂ ਦੀ ਆਪਣੀ ਸ਼ਨਾਖਤ ਹੈ
ਆਪਣੀ ਸਨਾਖਤ ਤੋਂ ਬਿਨ੍ਹਾਂ
ਉਹ ਜੀਣਾ ਨਹੀਂ ਚਾਹੁੰਦੇ ਮਰਨਾ ਨਹੀਂ ਚਾਹੁੰਦੇ
ਇਹ ਸ਼ਨਾਖਤੀ ਸੱਚ
ਉਨ੍ਹਾਂ ਅੱਗੇ ਤੋਰਿਆ ਹੈ

ਇਤਿਹਾਸ ਦੇ ਬਾਬ ਦਾ
ਇਕ ਕੋਣਾ ਮੋੜਿਆ ਹੈ
ਸਮਾਜ ਦੀਆਂ ਰਗਾਂ 'ਚ
ਆਪਣੇ ਨਾਂਅ ਦਾ ਖ਼ੂਨ ਦੌੜਾਇਆ ਹੈ
ਜੋ ਆਪਣੇ ਆਪ ਚੋਂ ਜਨਮਿਆ
ਸੁੰਤਤਰਤਾ ਅਖਵਾਇਆ ਹੈ
ਸੁੰਤਤਰਤਾ ਦੇ ਅਹਿਸਾਸ ਤੋਂ ਵੀ
ਬੇਮੁਥਾਜ ਹੈ ਜੋ
ਸੱਚ ਦੇ ਸੱਚ ਪਾਸ ਹੈ ਉਹ
ਪਰ ਮੇਰੀ ਧਰਤੀ
ਮੇਰਾ ਪੌਣ ਪਾਣੀ ਵੱਖਰਾ ਸੀ
ਬੇਸਬਰੀ ਦੁਨੀਆ ਵਿੱਚ
ਇਕੱਲਾ-ਇਕੱਲਾ ਰੁੱਖ ਸਬਰਾ ਸੀ
ਮੈਂ ਬੰਨ ਪੋਟਲੀ
ਉਸ ਦੁਨੀਆ ਦੀ
ਉਸ ਦੇ ਜਲ ਵਿੱਚ ਤਾਰ ਹਾਂ ਆਇਆ
ਆਪਣੇ ਆਪ ਨੂੰ ਜੀਉਂਦਾ ਹੀ
ਉੱਥੇ ਮਾਰ ਹਾਂ ਆਇਆ
ਆਪਣਾ ਕਾਇਆ ਕਲਪ ਕਰ
ਸਾਂਈ ਤੇਰੇ ਦੁਆਰ ਹਾਂ ਆਇਆ
ਹੁਣ ਚਾਹੁੰਦਾ ਹਾਂ
ਮੈਂ ਹੋਵਾਂ ਨਾ ਕੋਈ ਹੋਵੇ ਹੋਰ
ਨਾ ਦੁਨੀਆ ਨਾ ਦੁਨੀਆਦਾਰੀ
ਨਾ ਚੁੱਪ ਨਾ ਸ਼ੋਰ
ਇੰਜ ਹੋਵੇ ਕਿ ਕੋਈ ਨਾ ਹੋਵੇ
ਕਿਸੇ ਦੇ ਕੋਲ
-0-

ਇਹ ਮੇਰੀ ਜੀਵਨ ਗਾਥਾ ਦੀ ਇੱਕ ਕਾਤਰ ਹੈ। ਜਿਸ ਦਾ ਅਗਾਜ਼ ਭਾਰਤ ਵਿੱਚ ਹੋਇਆ ਅਤੇ ਹਸ਼ਰ ਕੈਨੇਡਾ ਵਿੱਚ। ਇਹ ਹਸ਼ਰ ਹੀ ਮੇਰਾ ਆਰੰਭ ਹੈ। ਜੋ ਮੈਨੂੰ ਉਸੇ ਥਾਂ ਤੇ ਵਾਪਿਸ ਜਾਣ ਲਈ ਉਕਸਾਂਦਾ ਹੈ। ਜਿੱਥੋਂ ਮੈਂ ਆਇਆ ਸਾਂ। ਮੈਂ ਦੱਸ ਚੁੱਕਾ ਹਾਂ ਮੈਂ ਇੱਕ ਫਕੀਰ ਦੀ ਕੁਟੀਆ ਵਿੱਚ ਰਹਿੰਦਾ ਸਾਂ। ਫਕੀਰੀ ਜੀਵਨ ਮੇਰਾ ਵਿਚਰਨ ਧਰਾਤਲ ਸੀ। ਮੈਂ ਜੀਵਨ ਦੇ ਹੋਰ ਪੱਖਾਂ ਵਿੱਚ ਵੀ ਵਿਚਰਿਆ ਹਾਂ ਪਰ ਇਹ

ਪੱਖ ਵਿਸ਼ੇਸ਼ ਸੀ। ਉਂਜ ਮੈਂ ਸਾਹਿਤਕ ਜੀਵਨ ਵਿੱਚ ਵੀ ਪੌਣੀ ਸਦੀ ਵਿਚਰਿਆ ਹਾਂ। ਸਾਂਈ ਨੇ ਮੈਨੂੰ ਆਤਮ ਗਿਆਨ ਦਾ ਰਾਹ ਦੱਸਿਆ ਸੀ ਅਤੇ ਆਪਣੀ ਸ਼ਕਤੀ ਰਾਹੀਂ ਉਸ ਇਲਾਹੀ ਸ਼ਕਤੀ ਦਾ ਅਨੁਭਵ ਕਰਵਾਇਆ ਸੀ। ਆਤਮਕ ਸਫ਼ਰ ਦਾ ਜੋ ਮੈਂ ਭਾਰਤ ਤੋਂ ਆਰੰਭ ਕੀਤਾ ਸੀ। ਇਹ ਸਫ਼ਰ ਤੇ ਫਕੀਰੀ ਰਹਿਣੀ-ਬਹਿਣੀ ਮੈਂ ਕੈਨੇਡਾ ਦੀ ਧਰਤੀ ਤੇ ਵੀ ਜ਼ਾਰੀ ਰੱਖੀ। ਪਰ ਇਹ ਸਫ਼ਰ ਮੈਨੂੰ ਆਪਣੇ ਵਿਆਹ ਸਦਕਾ ਅੱਧ ਵਿੱਚ ਹੀ ਛੱਡਣਾ ਪਿਆ। ਇਸ ਵਿੱਚ ਵੀ ਦਾਤੇ ਦੀ ਰਜ਼ਾ ਸੀ। ਹੁਣ ਮੇਰੇ ਮਨ ਦੀ ਇੱਛਾ ਹੈ ਕਿ ਇਹ ਸਫ਼ਰ ਦੁਬਾਰਾ ਆਰੰਭ ਮੈਂ ਉਸ ਧਰਤੀ ਤੇ ਜਾ ਕੇ ਕਰਾਂ ਅਤੇ ਉਸ ਅਧੂਰੇ ਛੱਡੇ ਕਾਰਜ ਦੀ ਮੁਕੰਮਲਤਾ ਦਾ ਆਨੰਦ ਮਾਣਾ। ਜਿੱਥੇ ਬੋਲ ਕਬੋਲ ਮੇਰੇ ਕੈਨੇਡੀਅਨ ਅਨੁਭਵ ਦੀ ਅਭੀਵਿਅਕਤੀ ਹੈ ਉੱਥੇ ਇਸ ਦੀ ਪਿੱਠ ਭੂਮੀ ਅਤੇ ਮੂਲ ਸੁਆਮੀ ਸਰੂਪਾ ਨੰਦ ਜੀ ਦੀ ਚਰਨ ਛੋਹ ਉਨ੍ਹਾਂ ਦੀ ਸੰਗਤ ਅਤੇ ਕੁਟੀਆ ਹੈ। ਇਹ ਬੋਲ ਕਬੋਲ ਉਸ ਜੀਵਨ ਦੀ ਉਪਜ ਹਨ। ਜਿਸ ਨੂੰ ਲੋਕ ਆਧੁਨਿਕ ਜੀਵਨ ਆਖਦੇ ਹਨ। ਪਰੰਤੂ ਮੈਂ ਇਸ ਨੂੰ ਪਦਾਰਥਕ ਜੀਵਨ ਆਖਦਾ ਹਾਂ।

**-ਚਰਨ ਸਿੰਘ**

## (ੲ) ਮਾਨਵ ਬ੍ਰਹਮ ਕਵਿਤਾ ਦੇ ਸੰਦਰਭ ਵਿਚ

ਜੇ ਭਾਰਤੀ ਅਧਿਆਤਮਕ ਸਾਹਿਤ ਦਾ ਵਿਸ਼ਲੇਸ਼ਣ ਕੀਤਾ ਜਾਏ ਤਾਂ ਇਹ ਗੱਲ ਸਿੱਧ ਹੁੰਦੀ ਹੈ ਕਿ ਅਧਿਆਤਮ ਸਾਧਨਾ ਲਈ ਜਾਂ ਸਿਮਰਨ ਧਿਆਨ ਲਈ ਇੱਕ ਸ਼ਾਂਤਮਈ ਥਾਂ ਅਤੇ ਵਾਤਾਵਰਣ ਦੀ ਲੋੜ ਹੈ। ਜਿਸ ਨਾਲ ਮਨੁੱਖ ਨੂੰ ਪ੍ਰਭੂ ਭਗਤੀ ਵਿੱਚ ਧਿਆਨ ਲਾਉਣ ਲਈ ਅਸਾਨੀ ਹੋ ਸਕੇ ਅਤੇ ਉਹ ਥਾਂ ਤੇ ਵਾਤਾਵਰਣ ਅਭਿਆਸੀ ਮਨੁੱਖ ਦੇ ਧਿਆਨ ਲਾਉਣ ਵਿੱਚ ਸਹਾਇਕ ਹੋ ਸਕੇ। ਤੇ ਇੰਜ ਮੰਨਿਆ ਵੀ ਜਾਂਦਾ ਹੈ ਕਿ ਇਕਾਂਤ ਥਾਂ ਤੇ ਵਾਤਾਵਰਣ ਵਿੱਚ ਹੀ ਧਿਆਨ ਲਾਉਣਾ ਚਾਹੀਦਾ ਹੈ। ਇਸ ਲਈ ਪੁਰਾਤਨ ਰਿਸ਼ੀਆਂ-ਮੁਨੀਆਂ, ਸਾਧੂ-ਸੰਤਾਂ ਨੇ ਦੁਨਿਆਵੀ ਰੌਲ਼ੇ-ਗੌਲ਼ੇ ਦੀ ਥਾਂ ਜੰਗਲ ਦੇ ਕੁਦਰਤੀ ਅਤੇ ਸ਼ਾਂਤ ਵਾਤਾਵਰਣ ਨੂੰ ਪਹਿਲ ਦਿੱਤੀ। ਤਾਂ ਕਿ ਮਨ ਸੌਖੀ ਤਰ੍ਹਾਂ ਨਾਲ ਪ੍ਰਭੂ ਭਗਤੀ ਵਿੱਚ ਲੀਨ ਹੋ ਸਕੇ।

ਪਰ ਜੇ ਭਾਰਤੀ ਅਧਿਆਤਮਕ ਸਾਹਿਤ ਦਾ ਇਤਿਹਾਸ ਵਿਚਾਰੀਏ ਤਾਂ ਸਾਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਇੱਕ ਗ੍ਰੰਥ ਅਜਿਹਾ ਵੀ ਹੈ ਜੋ ਆਪਣੀ ਉਤਕ੍ਰਿਸ਼ਟ ਰੱਬੀ ਪਹੁੰਚ ਤੇ ਗਿਆਨ ਦੇ ਅਨੁਭਵ ਕਾਰਨ ਇਸ ਗੱਲ ਨੂੰ ਝੁਠਲਾਉਂਦਾ ਹੈ ਕਿ ਅਧਿਆਤਮਕ ਅਭਿਆਸ ਲਈ ਕਿਸੇ ਸ਼ਾਂਤਮਈ ਜਾਂ ਸਕੂਨ ਪੁਰ ਥਾਂ ਜਾਂ ਵਾਤਾਵਰਣ ਦੀ ਲੋੜ ਹੈ। ਉਹ ਗ੍ਰੰਥ ਹੈ ਗੀਤਾ। ਜਿਸ ਦਾ ਉਚਾਰਨ ਕੁਰੂਕਸ਼ੇਤਰ ਦੇ ਯੁੱਧ ਵਿੱਚ ਹੋਇਆ ਹੈ। ਜਦੋਂ ਕਿ ਵਾਤਾਵਰਣ ਅਤੇ ਥਾਂ ਭਾਰਤੀ ਫ਼ਲਸਫ਼ੇ ਅਨੁਸਾਰ ਇਸ ਵਿਸ਼ੇ ਦੇ ਬਿਲਕੁਲ ਵਿਪਰੀਤ ਸੀ।

ਅਸਲ ਵਿੱਚ ਇਸ ਵਿਸ਼ੇ ਪ੍ਰਤੀ ਮਨੁੱਖੀ ਮਨ ਦੀ ਇਕਾਗਰਤਾ ਲਈ ਦ੍ਰਿੜਤਾ ਅਤੇ ਵਿਸ਼ਵਾਸ ਦੀ ਲੋੜ ਹੈ। ਨਾ ਕਿ ਵਾਤਾਵਰਣ ਅਤੇ ਸਥਾਨ ਦੀ। ਕਿਉਂਕਿ ਪਰਮਾਤਮਾ ਦੀ ਹੋਂਦ ਚੰਗੀ ਮਾੜੀ ਹਰ ਥਾਂ 'ਤੇ ਹੈ। ਇਹ ਗੱਲ ਵੱਖਰੀ ਹੈ ਕਿ ਉਹ ਮਾੜੀ ਥਾਂ 'ਤੇ ਵੀ ਰਹਿੰਦਾ ਗੰਦਗੀ ਦਾ ਧਾਰਨੀ ਨਹੀਂ ਹੁੰਦਾ। ਜਿਵੇਂ ਸੂਰਜ ਦੀ ਕਿਰਨ ਗੰਦਗੀ 'ਤੇ ਪੈਂਦੀ ਵੀ ਮੈਲ਼ੀ ਨਹੀਂ ਹੁੰਦੀ। ਮਹੱਤਵਪੂਰਨ ਪਹਿਲੀ ਗੱਲ ਇਹ ਹੈ ਕਿ ਮਨੁੱਖ ਆਪਣੀ ਸਰੀਰਕ ਤੇ ਮਾਨਸਿਕ ਉਰਜਾ ਨੂੰ ਕਿੰਨ੍ਹੀ ਸ਼ਿਦਤ ਨਾਲ ਆਪਣੀ ਚੇਤਨਾ ਰਾਹੀਂ ਧਿਆਨ ਯੋਗ ਬਣਾਉਂਦਾ ਹੈ। ਦੂਜੀ ਗੱਲ ਮਨੁੱਖ ਨੇ ਜਿਸ ਵਸਤੂ 'ਤੇ ਧਿਆਨ ਕੇਂਦਰਿਤ ਕਰਨਾ ਹੈ। ਉਹ ਵਸਤੂ ਹੈ ਜਾਂ ਨਹੀਂ। ਇਸ ਦਾ ਉਸ ਨੂੰ ਦ੍ਰਿੜ੍ਹ ਵਿਸ਼ਵਾਸ ਹੋਣਾ ਚਾਹੀਦਾ ਹੈ। ਉਸ ਵਸਤੂ ਬਾਰੇ ਗਿਆਨ ਤਾਂ ਮਨੁੱਖ ਨੂੰ ਉਸ ਵਸਤੂ ਦੇ ਜਾਣਨ ਤੋਂ ਬਾਅਦ ਹੀ ਹੋਵੇਗਾ। ਪਰ ਇਹ ਲਾਜ਼ਮੀ ਹੈ ਕਿ ਜਿਸ ਵਸਤੂ 'ਤੇ ਮਨੁੱਖ ਨੇ ਆਪਣਾ ਧਿਆਨ ਲਾਉਣਾ ਹੈ। ਮਨੁੱਖ ਨੂੰ ਵਿਸ਼ਵਾਸ ਹੋਵੇ ਕਿ ਉਹ ਵਸਤੂ ਹੈ। ਮੇਰੇ ਖ਼ਿਆਲ ਅਨੁਸਾਰ ਸਾਰੇ ਭਾਰਤੀ ਅਧਿਆਤਮਕ ਸਾਹਿਤ ਵਿੱਚ ਭਗਵਾਨ ਕ੍ਰਿਸ਼ਨ ਤੋਂ ਵੱਧ ਧਿਆਨੀ ਪੁਰਖ ਹੋਰ ਕੋਈ ਨਹੀਂ ਹੈ। ਜਿਸ ਨੇ ਆਪਣੇ ਵਿਸ਼ਵਾਸ ਅਤੇ ਧਿਆਨ ਰਾਹੀਂ ਉਸ ਥਾਂ ਤੇ ਵਾਤਾਵਰਣ ਵਿੱਚ ਬ੍ਰਹਮ ਨੂੰ ਗੀਤਾ ਵਿੱਚ ਸਾਕਾਰ ਰੂਪ ਵਿੱਚ ਪ੍ਰਗਟਾਅ ਕੇ ਵਿਖਾ ਦਿੱਤਾ,

ਜੋ ਥਾਂ ਅਤੇ ਵਾਤਾਵਰਣ ਇਸ ਵਿਸ਼ੇ ਦੇ ਅਨੁਕੂਲ ਨਹੀਂ ਸੀ। ਇਸ ਲਈ ਇਸ ਤੋਂ ਬਾਅਦ 'ਮਾਨਵ ਬ੍ਰਹਮ' ਨਾਮ ਦੀ ਕਵਿਤਾ ਇਸ ਪੁਸਤਕ ਵਿੱਚ ਦਰਜ ਕੀਤੀ ਗਈ ਹੈ ਤਾਂ ਕਿ ਪਾਠਕਾਂ ਨੂੰ ਉਸ ਵਾਤਾਵਰਣ ਅਤੇ ਥਾਂ ਦਾ ਗਿਆਨ ਹੋ ਸਕੇ। ਜਿਸ ਵਿੱਚ ਵਿਸ਼ਵ ਦਾ ਸਰਵ ਸ਼੍ਰੇਸਟ ਗ੍ਰੰਥ ਗੀਤਾ ਸਿਰਜਿਆ ਗਿਆ ਹੈ। ਇਸ ਗ੍ਰੰਥ ਵਿੱਚ ਕੁੱਲ 785 ਸ਼ਲੋਕ ਹਨ। 620 ਭਗਵਾਨ ਕ੍ਰਿਸ਼ਨ ਦੇ, 97 ਅਰੁਜਨ ਦੇ 67 ਸੰਜਯ ਦੇ 1 ਧਰਿਤਰਾਸ਼ਟਰ ਰਚਿਤ ਹੈ।

ਮਨੁੱਖ ਮਾਨਸਿਕ ਊਰਜਾ ਕਿੰਨ੍ਹੀ ਸ਼ਿਦਤ ਨਾਲ ਆਪਣੀ ਚੇਤਨਾ ਰਾਹੀਂ ਧਿਆਨ ਯੋਗ ਬਣਾਉਂਦਾ ਹੈ। ਦੂਜੀ ਜਿਸ ਵਸਤੂ 'ਤੇ ਧਿਆਨ ਕੇਂਦਰਿਤ ਕਰਨਾ ਉਸ ਪ੍ਰਤੀ ਕਿੰਨ੍ਹਾ ਦ੍ਰਿੜ੍ਹ ਵਿਸ਼ਵਾਸ ਹੈ। ਇਹ ਦੋਵੇਂ ਗੱਲਾਂ ਮੇਰੇ ਵਿਅਕਤੀਗਤ ਸਮਾਧੀ ਅਭਿਆਸ ਮੁਤਾਵਕ ਸੱਚ ਹਨ ਅਤੇ ਸਮਾਧੀ ਦਾ ਮੂਲ ਅਧਾਰ ਹਨ।

**–ਚਰਨ ਸਿੰਘ**

## (ਸ) ਮਾਨਵ ਬ੍ਰਹਮ

ਰੁੱਖਾਂ ਦੀਆਂ ਛਾਵਾਂ ਅੱਗਣ
ਅੱਗਣ ਹੀ ਧਰਤੀ ਗਗਨ
ਪਿੰਡ ਸ਼ਹਿਰ ਗਿਰਾਂ ਅੱਗਣ
ਦੇਸ਼ ਪ੍ਰਾਤ ਹਰ ਥਾਂ ਅੱਗਣ
ਕਾਮ ਕ੍ਰੋਧ ਹੰਕਾਰ ਦੀਆਂ ਨਦੀਆਂ ਵਗਣ
ਲਹੂ 'ਚ ਭਿੱਜੀਆਂ ਪੌਣਾਂ ਚੱਲਣ
-0-
ਸਾਗਰ ਲਾਵਾ ਉਗਲ ਰਿਹਾ ਸੀ
ਬ੍ਰਹਿਮੰਡ ਅੱਗਣ 'ਚ ਉਬਲ ਰਿਹਾ ਸੀ
ਪਸ਼ੂ ਪਖਸ਼ੀ ਸਭ ਭੁੱਜ ਰਹੇ ਸਨ
ਸੂਰਜ ਚੰਨ ਸਿਤਾਰੇ ਅੰਬਰ
ਝੂਲਸ ਰਹੇ ਸਨ
-0-
ਧਰਤੀ ਤੋਂ ਅੰਬਰ ਤਕ
ਅੱਗਣ ਵਿਰਾਟ ਰੂਪ ਸੀ
ਰਾਤ ਦਿਨ ਪੌਣ ਪਾਣੀ
ਸਭ ਅੱਗਣ ਸਰੂਪ ਸੀ
ਅੱਗਣ ਹਨ੍ਹੇਰੀ ਤੂਫ਼ਾਨ ਅੱਗਣ
ਅੱਗਣ ਰਾਗ
ਸੁਰ ਸਾਜ ਅੱਗਣ
ਸਾਰਾ ਵਿਸ਼ਵ ਅੱਗਣ ਦੀਆਂ
ਲਪਟਾਂ ਵਿੱਚ ਸੜ ਰਿਹਾ ਸੀ
ਅੱਗਣ ਧਰਤ 'ਤੇ
ਅੱਗਣ ਦਾ ਆਸਣ ਲਾਅ
ਗੋਕਲ ਦਾ ਗੁਆਲਾ
ਗੀਤਾ ਉਚਾਰ ਰਿਹਾ ਸੀ
ਬੂੰਦ 'ਚ ਸਾਗਰ
ਸਾਗਰ 'ਚ ਬੂੰਦ ਉਤਾਰ ਰਿਹਾ ਸੀ
ਕੈਸੀ ਥਾਂ ਮਾਹੌਲ ਸਥਿਤੀ
ਤੇ ਵਾਤਾਵਰਣ ਸੀ

ਨਾ ਮਨ ਸ਼ਾਂਤੀ ਨਾ ਬੁੱਧ ਲੀਨਤਾ
ਨਾ ਧਿਆਨ ਟਿਕਾਉਣ ਦਾ ਸਮਾਂ ਸੀ
ਮੌਤ ਨੰਗੀ ਨੱਚ ਰਹੀ ਸੀ
ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰ ਰਹੀ ਸੀ
-0-
ਕਿਵੇਂ ਕੋਈ ਚਿਤਵਨ ਕਰਦਾ
ਸਾਗਰ ਤਕ ਜਾਵਣ ਲਈ
ਅੱਗਣ ਦਾ ਪਿੰਡਾ ਤਰਕੇ
ਆਪਣੇ ਤਕ ਆਵਣ ਲਈ
ਆਪਣੇ ਆਪ 'ਚ ਉਤਰਨ ਲਈ
ਕਿੰਜ ਕੋਈ ਸਿਰ ਤਲ਼ੀ 'ਤੇ ਧਰਦਾ
ਆਪਣੇ ਸਵੈ ਨੂੰ ਪਾਵਣ ਲਈ
ਕਿੰਜ ਕੋਈ ਜੀਂਦੇ ਜੀਅ ਹੀ ਮਰਦਾ
ਅੱਖੀਆਂ ਵਿੱਚ
ਜਦ ਧੜ੍ਹਾਂ ਤੋਂ ਸਿਰ ਕੱਟ ਰਹੇ ਸਨ
ਕਦਮ ਮੌਤ ਦੇ
ਜਦ ਜੀਵਨ ਦੀ ਦੇਹ ਕੱਛ ਰਹੇ ਸਨ
ਕੰਨਾਂ ਵਿੱਚ ਜਦ ਸ਼ੋਰ ਸੀ ਪਾਏ ਵੈਣਾਂ ਦਾ
ਸਵਾਸਾਂ ਵਿੱਚ ਜਦ ਡਰ ਸੀ
ਦੈਂਤਾਂ ਡੈਣਾਂ ਦਾ।
-0-
ਜਦ ਦੇਹ ਵਿੱਚ,
ਬਲਦੀਆਂ ਮੜ੍ਹੀਆਂ ਸਨ
ਜਦ ਜ਼ਿੰਦਗੀ ਦੀ ਅੱਖ 'ਚ
ਲਾਸ਼ਾਂ ਤਰਦੀਆਂ ਸਨ
ਇਸ ਕਤਲੋਗਾਰਤ ਦੀ ਧੂੜ ਸੰਗ
ਕਈ ਖੂਹੀਆਂ ਜਦ ਭਰੀਆਂ ਸਨ
ਕਿਵੇਂ ਕੋਈ
ਆਪਾ ਨਿਰਮਲ ਕਰਨ ਲਈ
ਮਨ ਦੀ ਮੈਲ਼ ਉਤਾਰਦਾ
ਕਿਵੇਂ ਕੋਈ ਇੰਦਰੀਆਂ ਵਸ ਕਰਕੇ
ਨਾਮ ਦੀ ਬੁੱਕਲ ਮਾਰਦਾ

ਜਦ ਫੁੱਲਾਂ ਦੀ ਮਹਿਕ ਦੀ ਥਾਂ
ਮੁਰਦਿਆਂ ਦੀ ਗੰਧ ਆਉਂਦੀ ਹੈ
ਕਿੰਜ ਕੋਈ ਦੇਹੀ
ਫਿਰ ਆਤਮ ਜੋਤ ਧਿਆਉਂਦੀ ਹੈ
-0-
ਜਿੱਥੇ ਤਲਵਾਰਾਂ ਭਾਲੇ
ਸੂਰਜ ਡੁੱਬਣ ਤਕ ਚਲਦੇ ਹਨ
ਜਿੱਥੇ ਜੀਵਨ ਪ੍ਰਾਣ ਤਿਆਗ ਦਾ ਹੈ
ਤੇ ਜੀਂਦੇ ਯੋਧੇ ਸੜਦੇ ਹਨ
ਜਿੱਥੇ ਹਾਥੀ ਚੀਂਘਾਂ ਮਾਰਦੇ
ਜੀਂਦੇ ਮਨੁੱਖ
ਪੈਰੀਂ ਲਿਤਾੜਦੇ
ਜਿੱਥੇ ਸਿਰ ਲਈ ਧੜ ਤਰਸਦੇ
ਜਿੱਥੇ ਮੀਂਹ ਤੀਰਾਂ ਦੇ ਬਰਸਦੇ
ਜਿੱਥੇ ਰੱਥਾਂ ਦੇ ਪਹੀਆਂ ਹੇਠਾਂ ਆ
ਜੀਉਂਦੇ ਚਿੱਥੇ ਜਾਂਦੇ ਹਨ
ਜਿੱਥੇ ਸਮੇਂ ਦੇ ਨੰਨੇ-ਨੰਨੇ ਕਦਮ
ਚਰਬੀ ਲਹੂ 'ਚ ਮਿੱਧੇ ਜਾਂਦੇ ਹਨ
ਜਿੱਥੇ ਸੁਬ੍ਹਾ ਪੁੱਤਰ ਮਾਵਾਂ ਦੇ
ਰਣ-ਭੂਮੀ ਵਿੱਚ ਆਉਂਦੇ ਹਨ
ਸ਼ਾਮ ਢਲੀ ਤੇ ਲਾਸ਼ਾਂ ਬਣ
ਪਰਤ ਘਰਾਂ ਨੂੰ ਜਾਂਦੇ ਹਨ
-0-
ਜਿੱਥੇ ਲਹੂ ਮਿੱਝਦਾ ਅੰਬਰ
ਕੋਈ ਉਸਾਰ ਰਿਹਾ ਹੈ
ਅੱਗਣ ਧਰਤ 'ਤੇ
ਅੱਗਣ ਦਾ ਆਸਣ ਲਾਅ
ਗੋਕਲ ਦਾ ਗੁਆਲਾ
ਗੀਤਾ ਉਚਾਰ ਰਿਹਾ ਹੈ
ਅੱਗਣ ਦੇ ਮੂੰਹ ਵਿੱਚ
ਗੰਗਾ ਜਲੀ ਉਤਾਰ ਰਿਹਾ ਹੈ
-0-

ਜਿੱਥੇ ਸੰਖ ਗੂੰਜਦੇ
ਯੁੱਧ ਦੇ ਆਦਿ ਅੰਤ ਲਈ
ਜਿੱਥੇ ਵਜਦੇ ਬਿਗਲ
ਜਿੱਤ ਹਾਰ ਦੀ ਚੜ੍ਹਤ ਲਈ
ਜਿੱਥੇ ਚੀਕ ਚਿਹਾੜੇ ਤੋਂ ਬਿਨ੍ਹਾਂ
ਕੁੱਝ ਸੁਣਦਾ ਨਹੀਂ ਹੈ
ਜਿੱਥੇ ਮੌਤ ਦੇ ਘੂਰਿਆਂ ਤੋਂ ਬਿਨ੍ਹਾਂ
ਕੁੱਝ ਬਣਦਾ ਨਹੀਂ ਹੈ
ਜਿੱਥੇ ਨਫ਼ਰਤ ਤੇ ਹੰਕਾਰ ਦੇ
ਭਾਂਬੜ ਬਲ਼ਦੇ ਹਨ
ਜਿੱਥੇ ਮੁਰਦਾ ਗੰਧ ਦੇ ਬੱਦਲ
ਹਵਾ 'ਚ ਤਰਦੇ ਹਨ
ਜਿੱਥੇ ਅੰਬਰ
ਧਰਤ ਦੀ ਰੱਤ ਵਿੱਚ ਤਰਿਆ ਹੈ
ਜਿੱਥੇ ਧਰਤ ਦਾ ਵਿਹੜਾ
ਲਾਸ਼ਾਂ ਸੰਗ ਭਰਿਆ ਹੈ
ਉੱਥੇ ਮੁਕਤੀ ਕੋਈ ਸਾਕਾਰ ਕਰ ਰਿਹਾ ਹੈ
ਅੱਗਣ ਧਰਤ 'ਤੇ
ਅੱਗਣ ਦਾ ਆਸਣ ਲਾਅ
ਗੋਕਲ ਦਾ ਗੁਆਲਾ
ਗੀਤਾ ਦਾ ਪ੍ਰਕਾਸ਼ ਕਰ ਰਿਹਾ ਹੈ
ਅੱਗਣ ਦੇ ਮੂੰਹ 'ਚ
ਗੰਗਾ ਜਲੀ ਧਰ ਰਿਹਾ ਹੈ
-0-
ਧੰਨ ਤੂੰ
ਧੰਨ ਤੇਰਾ ਵਿਸ਼ਵਾਸ ਹੈ ਕ੍ਰਿਸ਼ਨਾ
ਧੰਨ ਤੇਰੀ
ਇਕਾਗਰਤਾ ਤੇ ਧਿਆਨ ਹੈ ਕ੍ਰਿਸ਼ਨਾ
ਧੰਨ ਤੂੰ
ਧੰਨ ਤੇਰਾ ਗਿਆਨ ਹੈ ਕ੍ਰਿਸ਼ਨਾ
ਤੂੰ ਆਪਣੇ ਵਿੱਚ ਆਪ ਹੈ ਮਾਨਵ
ਮਾਨਵਤਾ ਲਈ ਭਗਵਾਨ ਹੈ ਕ੍ਰਿਸ਼ਨਾ

ਹੋਰ ਕਈ ਨੇ ਤੇਰੇ ਰਾਹ ਦੇ ਪਾਂਧੀ
ਪਰ ਤੇਰੇ ਵਿਸ਼ਵਾਸ ਧਿਆਨ
ਇਕਾਗਰਤਾ ਦਾ ਕੋਈ ਨਹੀਂ ਹੈ ਸਾਨੀ
ਜਿਸ ਨੇ ਕਾਮ ਕ੍ਰੋਧ ਹੰਕਾਰ ਦੇ
ਬਲ਼ਦੇ ਭਾਂਬੜ ਵਿੱਚ
ਅੱਗਣ ਦੀ ਧਰਤੀ 'ਤੇ
ਅੱਗਣ ਦਾ ਆਸਣ ਲਾਇਆ ਹੋਵੇ
ਇਕ ਮਨ ਇਕ ਚਿੱਤ ਹੋ ਕੇ
ਅੱਗਣ ਦੀ ਬੁੱਕਲੇ
ਆਪਣਾ ਆਪ ਧਿਆਇਆ ਹੋਵੇ
ਆਪਣਾ ਸੱਚ ਪਾਇਆ ਹੋਵੇ
-0-
ਉਪਾਦੀ ਰਹਿਤ ਆਤਮ ਹੀ ਬ੍ਰਹਮ ਹੈ
ਬ੍ਰਹਮ ਦੇ ਚਰਨੀ
ਬ੍ਰਹਮ ਦਾ ਅਰਘ ਚੜ੍ਹਾਇਆ ਹੋਵੇ
ਬ੍ਰਹਮ ਦੇ ਕੰਠ 'ਚ ਬਹਿ ਕੇ
ਬ੍ਰਹਮ ਦੀ ਸੁਰ ਵਿੱਚ ਗਾਇਆ ਹੋਵੇ
ਕੁਰੂਕਸ਼ੇਤਰ ਦੀ ਧਰਤੀ 'ਤੇ
ਤੂੰ ਵੱਖਰਾ ਸੰਸਾਰ ਸਿਰਜਿਆ
ਬ੍ਰਹਮ ਸਿਰਜਣ ਲਈ
ਵੱਖਰੇ ਵਾਤਾਵਰਣ ਦਾ
ਰੰਗ ਰੂਪ ਅਕਾਰ ਸਿਰਜਿਆ
ਰਣ-ਭੂਮੀ ਵਿੱਚ
ਕੋਈ ਵੀ ਆਸਣ ਹੋਵੇ
ਹਰ ਆਸਣ 'ਤੇ
ਬ੍ਰਹਮ ਧਿਆਇਆ ਜਾ ਸਕਦਾ ਹੈ
ਕਿਸੇ ਮਾਹੌਲ ਵਿਚ ਵੀ
ਇੰਦਰੀਆਂ 'ਤੇ ਕਾਬੂ
ਪਾਇਆ ਜਾ ਸਕਦਾ ਹੈ
ਧੰਨ ਤੂੰ
ਧੰਨ ਤੇਰਾ ਵਿਸ਼ਵਾਸ ਹੈ ਕ੍ਰਿਸ਼ਨਾ
ਧੰਨ ਤੇਰੀ ਇਕਾਗਰਤਾ

ਤੇ ਧਿਆਨ ਹੈ ਕ੍ਰਿਸ਼ਨਾ
ਇੱਕ ਸ਼ਾਇਰ ਦਾ
ਜੀਂਦੇ ਜੀਅ ਤੇ ਮਰਨ ਤੋਂ ਪਿੱਛੋਂ ਵੀ
ਤੈਨੂੰ ਪ੍ਰਣਾਮ ਹੈ ਕ੍ਰਿਸ਼ਨਾ!
-0-

## (ਹ) ਨੂਰੀ ਲੋਕ

ਇਕ ਪਹਾੜ
ਜੋ ਮੇਰੇ ਸੁਫ਼ਨਿਆਂ 'ਚ ਤੁਰਦਾ ਹੈ
ਖੁਰਦਾ ਹੈ ਭੁਰਦਾ ਹੈ
ਅਕਾਰ 'ਚ ਮੇਰੀ ਦ੍ਰਿਸ਼ਟੀ ਤੋਂ ਬਾਹਰ ਹੈ
ਉਮਰ ਦੀ ਲੰਬਾਈ ਤੋਂ ਉਚੇਰਾ ਹੈ
ਸਿਮਟੇ ਪਾਣੀਆਂ ਦਾ
ਇਸ ਦੀ ਦੇਹ 'ਚ ਡੇਰਾ ਹੈ
ਇਹ ਪਹਾੜ ਯੁਗਾਂ ਜੁਗਾਂਤਰਾਂ ਦਾ ਹਾਣੀ ਹੈ
ਧਰਤੀ ਜਿੱਡੀ ਪੁਰਾਣੀ
ਇਸਦੀ ਕਹਾਣੀ ਹੈ
ਇਸ 'ਚੋਂ ਉੱਗੀਆ ਘਾਹ ਦੀਆਂ ਤਿੜ੍ਹਾਂ
ਜੇ ਕੋਈ ਫੜਦਾ ਹੈ
ਪਹਾੜ ਦੀ ਗਾਰਾ ਦੇਹ ਤਿੜ੍ਹਾਂ ਤਿਆਗ ਦਿੰਦੀ ਹੈ
ਪੈਰ ਇਸਦੀ ਦੇਹ 'ਤੇ ਨਹੀਂ ਲੱਗਦਾ
ਸਿੱਖਰ 'ਤੇ ਪਹੁੰਚੇ ਕਦਮਾਂ ਨੂੰ
ਜ਼ਿਮੀਂ 'ਤੇ ਪਟਕਾਰ ਦਿੰਦੀ ਹੈ
-0-
ਇਸ ਪਹਾੜ ਨੂੰ ਸਰ ਕਰਨ ਲਈ
ਮੈਂ ਕਈ ਵਾਰ ਜਨਮਿਆ ਹਾਂ
ਜੀਵਨ ਦਾ ਹਰ ਇੱਕ ਸਾਹ
ਇਸ ਨੂੰ ਸਰ ਕਰਨ ਦੇ ਸੁਫ਼ਨੇ 'ਚ
ਗੁਜ਼ਾਰਿਆ ਹੈ
ਮੈਂ ਆਪਣੇ ਆਪ ਨੂੰ
ਇਸਦੀ ਉੱਚਾਈ ਦੀ
ਨਜ਼ਰ 'ਚ ਉਤਾਰਿਆ ਹੈ
ਮੈਂ ਆਪਣਾ ਆਪ
ਇਸ ਨੂੰ ਭੇਂਟ ਕੀਤਾ ਹੈ
ਆਪਣਾ ਸੀਸ
ਇਸਦੇ ਕਦਮਾਂ 'ਚ ਧਰਿਆ ਹੈ
ਕਿ ਇਸ ਜਨਮ 'ਚ

ਇਸਨੂੰ ਫਤਹਿ ਕਰ ਸਕਾਂ
ਇਸ ਦੇ ਦੂਸਰੇ ਪਾਸੇ
ਵਸਦੀ ਦੁਨੀਆ 'ਚ ਕਦਮ ਧਰ ਸਕਾਂ
-0-
ਦੂਸਰੇ ਪਾਸੇ ਵਸਦੀ ਦੁਨੀਆ ਦਾ ਸੱਚ
ਮੇਰੇ ਰੋਮ-ਰੋਮ ਵਿੱਚ ਵਸਿਆ ਹੈ
ਮੇਰੇ ਲਹੂ 'ਚ ਸਮਾਇਆ ਹੈ
ਮੇਰੇ ਮੱਥੇ 'ਚ ਉਤਰ ਆਇਆ ਹੈ
ਮੇਰੀ ਦੇਹ 'ਚ ਜੀਉਂਦਾ ਹੈ
ਮੇਰੀ ਦੇਹ 'ਚ ਤਰ ਆਇਆ ਹੈ

ਇਸ ਸੱਚ ਦੀ ਝਲਕ ਵੇਖਣ ਲਈ
ਮਨ ਉਦਾਸ ਬੜਾ ਹੈ
ਇਸ ਦੁਨੀਆ ਦੇ ਸੱਚ ਦਾ
ਵਜੂਦ ਦੂਰ ਹੈ
ਪਰ ਰੂਹ ਨੂੰ ਇਸ ਸੱਚ ਦਾ
ਅਹਿਸਾਸ ਬੜਾ ਹੈ
ਇਹ ਸੱਚ ਦੇਹ ਦੀ ਪਕੜ ਤੋਂ
ਦੂਰ ਹੈ ਭਾਵੇਂ
ਮੇਰੇ ਅਨੁਭਵ 'ਚ ਜੀਉਂਦਾ ਹੈ
ਬੁੱਧੀ ਦੀ ਮ੍ਰਿਗ ਤ੍ਰਿਸ਼ਨਾ ਹੈ
ਦਿਸਹੱਦੇ ਤੇ
ਜ਼ਿਮੀਂ ਤੇ ਆਸਮਾਨ ਦੇ
ਮਿਲਣ ਦਾ ਭਰਮ ਹੈ
ਦਿਲ ਦਾ ਸੱਚ ਹੈ ਨਜ਼ਰ 'ਚ ਰਹਿੰਦਾ ਹੈ
ਮੇਰੇ ਲਹੂ 'ਚ ਗਿੜਦਾ ਹੈ
ਮੇਰੇ ਲਹੂ 'ਚ ਵਹਿੰਦਾ ਹੈ
-0-
ਮੈਂ ਬੁੱਧੀ ਚੋਂ ਭਰਮ ਨਿਚੋੜ
ਇਸ ਸੱਚ ਤਕ ਅਪੜਣਾ ਹੈ
ਜਿਸਦੇ ਅੰਕੁਰ
ਮੇਰੇ ਸੁਫ਼ਨਿਆ 'ਚ ਬੀਜੇ ਗਏ ਹਨ

ਮੈਂ ਉਸਦੀ ਹਕੀਕਤ ਤੇ ਯਥਾਰਥ ਚੋਂ
ਗੁਜ਼ਰਨਾ ਹੈ
-0-
ਮੈਂ ਆਪਣੇ ਹੱਥਾਂ ਦੀਆਂ ਉਂਗਲਾਂ ਦੀ
ਲੰਬਾਈ ਵਧਾ ਲਈ
ਪੈਰਾਂ ਦੀਆਂ ਉਂਗਲਾਂ ਅੱਗੇ
ਹੋਰ ਉਂਗਲਾਂ ਉਗਾ ਲਈਆਂ
ਮੈਂ ਅੱਖਾਂ
ਆਪਣੇ ਸਾਰੇ ਜਿਸਮ 'ਤੇ ਲਾ ਲਈਆਂ
ਹੌਂਸਲਾ ਵਿਸ਼ਵਾਸ
ਦ੍ਰਿੜ੍ਹਤਾ ਤੇ ਫਤਹਿ ਦੀਆਂ ਜੋਤਾਂ
ਨੈਣਾਂ 'ਚ ਜਗਾ ਲਈਆਂ
ਮੈਂ ਹੱਥਾਂ ਤੇ ਪੈਰਾਂ ਦੀਆਂ ਉਂਗਲਾਂ
ਪਹਾੜ ਦੇ ਪਿੰਡੇ 'ਚ ਉਤਾਰਦਾ ਗਿਆ
ਕਦਮ ਪੁੱਟਦਾ ਗਿਆ
ਪਹਾੜ ਲਿਤਾੜਦਾ ਗਿਆ
ਮੈਂ ਪਲ-ਪਲ ਆਪਣੀ ਫਤਹਿ
ਨਿਹਾਰਦਾ ਗਿਆ
ਮੈਂ ਆਪਣੀ ਆਤਮਾ
ਆਪਣੀ ਦੇਹ ਪਹਾੜ ਦੀ ਉੱਚਾਈ 'ਚ
ਉਤਾਰਦਾ ਗਿਆ
ਜਿਵੇਂ ਪਲਾਂ ਚੋਂ ਸਦੀਆਂ ਜਨਮਦੀਆਂ ਹਨ
ਮੇਰੇ ਇੱਕ ਇੱਕ ਕਦਮ 'ਚ
ਮੀਲੋ-ਮੀਲ ਪਹਾੜ ਦੀ ਉੱਚਾਈ
ਸਿਮਟਦੀ ਗਈ
ਮੈਂ ਪਹਾੜ ਦੇ ਸਿਖ਼ਰ 'ਤੇ ਆ ਗਿਆ
ਮੇਰੇ ਨੰਨੇ-ਨੰਨੇ ਪੈਰਾਂ ਦੇ ਅਕਾਰ 'ਚ
ਉਮਰ ਤੋਂ ਲੰਮੇਰਾ ਪਹਾੜ ਸਮਾ ਗਿਆ
-0-
ਪਹਾੜ ਦੇ ਦੂਜੇ ਪਾਸੇ ਵਗਦੀ ਨਦੀ ਸੀ
ਨਦੀ ਕਿਨਾਰੇ ਕੱਚੇ ਘਰਾਂ 'ਚ
ਨੂਰੀ ਲੋਕਾਂ ਦਾ ਵਸੇਰਾ ਸੀ

ਨਦੀ ਦੁਆਲੇ ਪਰਮ ਹੰਸਾਂ ਦਾ ਡੇਰਾ ਸੀ
ਚਿੱਟੇ ਦੁੱਧ ਚਾਨਣ ਦਾ
ਲੋਕਾਂ ਦੇ ਘਰਾਂ
ਤੇ ਨਦੀ ਦੇ ਜਲ 'ਚ ਵਸੇਰਾ ਸੀ
ਫੁੱਲਾਂ ਫ਼ਲਾਂ ਨਾਲ ਲੱਦੇ
ਰੁੱਖ ਨਦੀ ਕਿਨਾਰੇ ਸਨ
ਨਦੀ ਦੇ ਆਂਚਲ 'ਚ
ਚੰਨ ਸੂਰਜ ਸਿਤਾਰੇ ਸਨ
ਰੰਗ ਬਿਰੰਗੇ ਪੰਛੀਆਂ ਦੀਆਂ
ਡਾਰਾਂ ਦੀਆਂ ਡਾਰਾਂ
ਇੱਕ ਰੁੱਖ ਤੋਂ ਉੱਠ ਕੇ
ਦੂਜੇ ਤੇ ਬਹਿੰਦੀਆਂ ਸਨ
ਤੂੰ ਦੀ ਸੁਰ
ਉਨ੍ਹਾਂ ਦੇ ਕੰਠ ਚੋਂ ਉੱਠਦੀ ਸੀ
ਤੂੰ ਹੀ ਤੂੰ ਤੋਂ ਬਿਨ੍ਹਾਂ
ਨਾ ਕੁੱਝ ਹੋਰ ਕਹਿੰਦੀਆਂ ਸਨ
-0-
ਮੋਮੀ ਲੋਕਾਂ ਦੀ ਦੇਹ 'ਚ
ਚਾਨਣੀ ਰਾਤ ਦੇ ਚਾਨਣ ਦਾ ਵਸੇਰਾ ਸੀ
ਜਿਸਮ 'ਚ ਖ਼ੁਸ਼ਬੂ ਧਰਤੀ ਦੀ
ਨੈਣਾਂ 'ਚ ਅੰਬਰ ਦਾ ਡੇਰਾ ਸੀ
ਮੱਥੇ 'ਚ ਕਾਫਲੇ ਸੂਰਜਾਂ ਦੇ
ਉਨ੍ਹਾਂ ਉਤਾਰੇ ਸਨ
ਪਿਆਰ ਨਿਮਰਤਾ ਸੰਤੋਖ ਤੇ ਤਿਆਗ
ਉਨ੍ਹਾਂ ਦੇ ਜੀਵਨ ਸਹਾਰੇ ਸਨ
-0-
ਉਹ ਸ਼ਬਦ ਜਪਦੇ
ਆਪਣੀ ਪ੍ਰਕਰਮਾ ਆਪ ਕਰਦੇ
ਉਹ ਪੂਜਾ ਵੀ ਸਨ ਸਮਗਰੀ ਵੀ ਸਨ
ਪੂਜਾਰੀ ਵੀ ਸਨ
ਪੂਜਨ ਵੀ ਸਨ ਮੰਦਿਰ ਵੀ ਸਨ
ਉਹ ਬੂੰਦ ਵੀ ਸਨ ਸਮੁੰਦਰ ਵੀ ਸਨ

ਉਹ ਸੱਚ ਸੁੰਦਰਤਾ ਤੇ ਦਿਆਲੂ ਵੀ ਸਨ
ਉਹ ਪਰਮਾਤਮਾ 'ਚ ਆਤਮਾ ਦਾ ਰੂਪ ਸਨ
ਉਹ ਆਤਮਾ ਹੀ
ਪ੍ਰਮਾਤਮਾ ਦਾ ਸਰੂਪ ਸਨ
-0-
ਪ੍ਰਾਣਾਂ ਤੋਂ ਬਿਨ੍ਹਾਂ
ਉਹ ਕੁੱਝ ਹੋਰ ਖਾਂਦੇ ਨਾ ਪੀਂਦੇ ਸਨ
ਉਹ ਨੂਰ ਦੇ ਪੁਤਲੇ ਨੂਰ ਜਨਮ ਦੇ
ਨੂਰ ਜੀਉਂਦੇ ਸਨ
ਉਨ੍ਹਾਂ ਦੀ ਸੁੰਦਰ ਦੇਹ 'ਚ ਸੱਚ ਦਾ ਵਸੇਰਾ ਸੀ
ਨਾ ਸੀ ਕੁੱਝ ਵੀ ਆਪਣਾ
ਜੋ ਕੁੱਝ ਸੀ ਤੇਰਾ ਹੀ ਤੇਰਾ ਸੀ
-0-
ਪਾਰਦਰਸ਼ੀ ਦੇਹ ਚੋਂ
ਪ੍ਰਾਣਾਂ ਦਾ ਆਉਣਾ ਜਾਣਾ ਦ੍ਰਿਸ਼ਟਮਾਨ ਸੀ
ਸੁੰਦਰਤਾ ਦੀ ਧਰਤੀ ਸੀ
ਉਨ੍ਹਾਂ ਦੇ ਪੈਰਾਂ 'ਚ
ਸੱਚ ਦਾ ਫੈਲਿਆ ਸਿਰ ਤੇ ਆਸਮਾਨ ਸੀ
ਸੱਚ ਤੇ ਸੁੰਦਰਤਾ ਉਨ੍ਹਾਂ ਦੀ ਜੁਬਾਨ ਸੀ
ਸੱਚ ਸੁੰਦਰਤਾ ਕਲਿਆਣ ਦਾ ਸੰਕਲਪ
ਬ੍ਰਹਮ ਰੂਪ ਸਨ ਉਹ ਲੋਕ
ਉਪਾਦੀ ਰਹਿਤ ਆਤਮਾ
ਬ੍ਰਹਮ ਸਰੂਪ ਸਨ ਉਹ ਲੋਕ
ਉਨ੍ਹਾਂ ਦੀ ਚਾਲ 'ਚ ਪੌਣਾਂ ਦੀ ਗਤੀ ਸੀ
ਉਨ੍ਹਾਂ ਦੇ ਸ਼ਬਦਾਂ 'ਚ
ਅਰਥਾਂ ਦਾ ਅਰਥ ਛਾਇਆ ਸੀ
ਉਨ੍ਹਾਂ ਦੀ ਦੇਹ 'ਚ ਬ੍ਰਹਿਮੰਡ ਉਤਰ ਆਇਆ ਸੀ
ਉਹ ਤੱਕਦੇ ਸਨ
ਤਾਂ ਕਿਰਨਾਂ ਦੀ ਬਰਸਾਤ ਹੁੰਦੀ ਸੀ
ਉਹ ਅੱਖਾਂ ਮੀਚਦੇ
ਤਾਂ ਰਾਤ ਹੁੰਦੀ ਸੀ
ਉਹ ਅੱਖਾਂ ਖੋਲ੍ਹਦੇ ਪ੍ਰਭਾਤ ਹੁੰਦੀ ਸੀ

ਉਨ੍ਹਾਂ ਦੇ ਸ਼ਬਦ ਚੋਂ ਕਾਇਨਾਤ ਜਨਮੀ
ਬ੍ਰਹਿਮੰਡ ਤਾਰਕਾ ਮੰਡਲ ਪ੍ਰਕ੍ਰਿਤੀਆਂ
ਧਰਤੀਆਂ ਅਕਾਸ਼ ਜਨਮੇ
ਉਹ ਘੱਟ ਤੇ ਮਿੱਠਾ ਬੋਲਦੇ
ਖਿੜਦੇ ਫੁੱਲ ਤੇ ਮਹਿਕਦੀਆਂ ਕਲੀਆਂ
ਜਦੋਂ ਉਹ ਬੁੱਲ੍ਹ ਖੋਲ੍ਹਦੇ
ਉਨ੍ਹਾਂ ਦੀ ਦੇਹ 'ਚ ਅੱਗਣ ਦਾ ਤੇਜ਼
ਨੈਣਾਂ ਤੇ ਸਾਹਾਂ 'ਚ ਮਹਿਕ ਧਰਤੀ ਦੀ
ਉਨ੍ਹਾਂ ਦੀ ਸੋਚ 'ਚ ਪ੍ਰਵਾਜ਼ ਅੰਬਰਾਂ ਦਾ
ਉਨ੍ਹਾਂ ਦੀ ਰੂਹ 'ਚ
ਸਿਖ਼ਰ ਤੇ ਅਗਾਜ਼ ਅੰਬਰਾਂ ਦਾ
-0-
ਉਨ੍ਹਾਂ ਦੇ ਇਕ ਇਸ਼ਾਰੇ 'ਤੇ
ਜ਼ਿੰਦਗੀ ਨੇ ਪਹਿਲੀ ਵਾਰ
ਧਰਤੀ 'ਤੇ ਕਦਮ ਧਰਿਆ
ਉਨ੍ਹਾਂ ਦੇ ਇਸ਼ਾਰੇ 'ਤੇ
ਆਦਿ ਧੁੰਧੂਕਾਰਾ ਦੀ ਕੁੱਖ ਚੋਂ
ਸਮੇਂ ਦਾ ਸੂਰਜ ਚੜ੍ਹਿਆ
ਚੰਨਾਂ, ਸੂਰਜਾਂ, ਤਾਰਿਆਂ ਦੀ ਰੋਸ਼ਨੀ ਹੋਈ
ਪ੍ਰਕ੍ਰਿਤੀ ਧਰਤੀ ਦੀ ਕੁੱਖ ਚੋਂ ਜਨਮੀ
ਫੁੱਲਾਂ ਚੋਂ ਰੰਗ ਬਹਾਰਾਂ
ਮੌਸਮਾਂ ਚੋਂ ਖ਼ੁਸ਼ਬੂ ਜਨਮੀ
ਲਹੂ ਮਾਸ ਦੇ ਪੁਤਲੇ ਤੋਂ ਪਹਿਲਾਂ
ਜਿਉਂਦੀ ਜਾਗਦੀ ਪੁਤਲੇ ਦੀ ਰੂਹ ਜਨਮੀ
-0-
ਉਹ ਆਪਣੇ ਘਰਾਂ ਵਿੱਚ
ਆਤਮਕ ਚਾਨਣ ਵਾਂਗ ਰਹਿੰਦੇ ਸਨ
ਨਦੀ ਨੂੰ ਤੈਰਦੇ
ਇੱਕ ਕਿਨਾਰੇ ਤੋਂ ਉਡਕੇ
ਦੂਜੇ 'ਤੇ ਜਾਅ ਬਹਿੰਦੇ ਸਨ
ਉਨ੍ਹਾਂ ਦੇ ਅੰਦਰ ਦਾ ਸੱਚ
ਪਾਰਦਰਸ਼ੀ ਜਿਸਮਾਂ ਚੋਂ ਦਿਸਦਾ ਸੀ

ਉਨ੍ਹਾਂ ਦੇ ਚਿਹਰਿਆਂ ਤੋਂ
ਨੂਰ ਸਿਮਦਾ ਸੀ
ਨਾ ਗ਼ਮੀ ਨਾ ਖ਼ੁਸ਼ੀ
ਨਾ ਦੁੱਖ ਨਾ ਸੁੱਖ ਦਾ ਅਹਿਸਾਸ ਉਨ੍ਹਾਂ ਨੂੰ
ਆਪਣੇ-ਆਪ ਦਾ ਬਸ ਪਾਸ ਉਨ੍ਹਾਂ ਨੂੰ
ਆਪਣੀ ਰੂਹ ਆਪਣੇ ਸ਼ਬਦ ਦਾ
ਹੁਲਾਸ ਉਨ੍ਹਾਂ ਨੂੰ
-0-
ਉਹ ਨੰਗ ਧੜੰਗੇ ਤੁਰਦੇ ਫਿਰਦੇ
ਸੂਰਜਾਂ ਦੇ ਕਾਫ਼ਲੇ ਨਦੀ ਕਿਨਾਰੇ 'ਤੇ
ਨਦੀ ਚੋਂ ਉੱਠਦੀਆਂ ਛੱਲਾਂ
ਉਨ੍ਹਾਂ ਦੇ ਇਸ਼ਾਰੇ 'ਤੇ
ਉਹ ਆਪ ਵਸਦੇ ਧਰਤੀ 'ਤੇ
ਆਪਣਾ ਸਵਰਗ ਉਤਾਰੇ ਤੇ
ਉਹ ਦਰਪਣ
ਜ਼ਿੰਦਗੀ ਦਾ ਚਿਹਰਾ ਸੁਆਰਨ ਦੇ
ਜ਼ਿੰਦਗੀ ਦੇ ਵਿਹੜੇ ਚਾਨਣ ਖਿਲਾਰਣ ਦੇ
ਜ਼ਿੰਦਗੀ ਦੀ ਪ੍ਰਾਪਤੀ ਲਈ
ਕੁੱਝ ਕਰ ਗੁਜ਼ਰਨ ਦੇ
ਜ਼ਿੰਦਗੀ ਨੂੰ ਚਾਰ ਚੰਨ ਲਾਉਣ ਲਈ
ਸਿਰ ਤਲ਼ੀ 'ਤੇ ਧਰ ਗੁਜ਼ਰਨ ਦੇ
-0-
ਇਹ ਪਹਾੜ ਵੀ ਮੇਰੇ ਹੀ ਅੰਦਰ ਸੀ
ਇਹ ਸਵਰਗ ਵੀ ਮੇਰੇ ਹੀ ਅੰਦਰ ਸੀ
ਇਹ ਲੋਕ ਵੀ
ਮੇਰੇ 'ਚ ਹੀ ਵੱਸਦੇ ਸਨ
ਮੇਰੀ ਹਉਮੇ ਤੇ ਹੰਕਾਰ ਦੇ ਸਦਕਾ
ਮੈਨੂੰ ਅਜਨਬੀ ਪਰਾਏ ਤੇ
ਆਪਣੇ ਤੋਂ ਦੂਰ ਲੱਗਦੇ ਸਨ
-0-
ਕਈ ਜਨਮ
ਮੈਂ ਆਪਣੇ ਨਰਕ ਦੇ ਜਾਲ਼ ਤੋਂ

ਨਿਕਲ ਨਾ ਸਕਿਆ
ਪੱਥਰ ਬਣਿਆ ਰਿਹਾ
ਚਸ਼ਮੇ ਵਾਂਗ ਫੁੱਟ ਨਾ ਸਕਿਆ
ਪਿਘਲ ਨਾ ਸਕਿਆ ਵਹਾ ਨਾ ਸਕਿਆ
ਆਪਣੇ ਹਨ੍ਹੇਰੇ 'ਚ ਗੁਆਚਾ ਰਿਹਾ
ਮੱਥੇ ਦੀ ਜੋਤ ਬਣਕੇ ਜਗ ਨਾ ਸਕਿਆ
-0-
ਮੈਂ ਆਪਣਾ ਨਰਕ ਤਿਆਗ
ਦੇਹ ਦੇ ਪਹਾੜ ਨੂੰ ਫਤਹਿ ਕੀਤਾ
ਆਪਣਾ ਚਾਨਣ ਪਾ ਲਿਆ
ਆਪਣੇ ਲੋਕਾਂ 'ਚ ਵਸ ਗਿਆ
ਆਪਣੇ ਆਪ ਨੂੰ ਲੋਕਾਂ 'ਚ ਵਸਾ ਲਿਆ
ਮੈਂ ਉਨ੍ਹਾਂ ਲੋਕਾਂ ਦੀ ਝਲਕ ਵੇਖੀ
ਤਾਂ ਨੂਰ ਹੋ ਗਿਆ
ਲੋਭ ਮੋਹ ਕਾਮ ਕ੍ਰੋਧ ਹੰਕਾਰ
ਭਰਮ ਦੇ ਲਾਲਚ ਚੋਂ ਨਿਕਲਿਆ
ਆਪਣੇ ਚਾਨਣ ਦੇ ਹਜ਼ੂਰ ਹੋ ਗਿਆ
ਮੇਰੇ ਚਿਹਰੇ ਤੇ ਨਖਸ਼ਾਂ ਦੀ ਪਹਿਚਾਣ ਮਿਟ ਗਈ
ਮੇਰੀ ਮੈਂ ਤੇਰੀ ਤੂੰ 'ਚ ਖੋਹ ਗਈ
ਮੇਰੀ ਪਹਿਚਾਣ ਨਾ ਰਹੀ
ਤੇਰੀ ਪਹਿਚਾਣ ਮੇਰੀ ਪਹਿਚਾਣ ਹੋ ਗਈ
-0-

## ਬੋਲ ਕਬੋਲ (ਕਾਵਿ ਟੁਕੜੀ - 1)

ਹੇ ਮਨਾਂ
ਦਾਤੇ ਨੇ ਕਿੰਜ ਜਗਤ ਸਿਰਜਿਆ
ਜਦ ਉਸ ਦਾ ਕੋਈ ਵਜੂਦ ਨਹੀਂ ਹੈ
ਵਜੂਦ ਤੋਂ ਪਹਿਲਾਂ
ਦਾਤਾ ਜੇ ਇਕ ਸੰਕਲਪ ਸੀ
ਉਸ ਸੰਕਲਪ ਨੂੰ ਸੰਕਲਪਣ ਵਾਲਾ
ਜਗਿਆਸੂ ਅਤੇ ਚੇਤਨਾ ਸ਼ੀਲ
ਕੋਈ ਸਖ਼ਸ਼ ਸੀ
-0-
ਜਿਉ ਮਨੁੱਖੀ ਪੰਜਾਂ ਤੱਤਾਂ ਦੀ
ਦੇਹ ਕਾਰਜ ਪ੍ਰਣਾਲੀ ਚੋਂ
ਚੇਤਨਾ ਜਨਮਦੀ ਹੈ
ਉਹ ਚੇਤਨਾ ਸ਼ੂਨਯ ਚੋਂ ਸਿਰਜਣਾ
ਸਿਰਜਣਾ ਚੋਂ ਸ਼ੂਨਯ ਸਿਰਜਦੀ ਹੈ
ਜੇ ਦਾਤਾ ਸੰਕਲਪ ਰਹਿਤ ਸ਼ੂਨਯ ਹੈ
ਤਾਂ ਵੀ ਸ਼ੂਨਯ ਦੀ ਕੁੱਖ ਸਿਰਜਣਾ ਹੈ
ਸਿਰਜਣਾ ਬਿਨ
ਸ਼ੂਨਯ ਹੋਂਦ 'ਚ ਆ ਨਹੀਂ ਸਕਦੀ
ਸ਼ੂਨਯ ਬਿਨਾਂ ਸਿਰਜਣਾ
ਸਿਰਜਣਾ ਬਿਨ ਸ਼ੂਨਯ
ਸ਼ੂਨਯ ਸਿਰਜਣਾ
ਸਿਰਜਣਾ ਸ਼ੂਨਯ ਅਖਵਾ ਨਹੀਂ ਸਕਦੀ
ਜਿਵੇਂ ਜੀਵਨ ਆਦਿ ਹੈ
ਮ੍ਰਿਤੂ ਸ਼ੂਨਯ ਹੈ ਜੀਵਨ ਦਾ ਅੰਤ ਹੈ
ਦੋਵੇਂ ਇੱਕ ਦੂਜੇ ਦੇ ਸਾਦ੍ਰਿਸ਼ ਹਨ
ਤੂੰ ਹੀ ਦਸ ਮਨਾਂ
ਅੰਤ ਪਹਿਲਾਂ ਹੈ ਕਿ ਆਦਿ ਪਹਿਲਾਂ ਹੈ
ਸਿਰਜਣਾ ਪਹਿਲਾਂ
ਕਿ ਸ਼ੂਨਯ ਰੱਬ ਦੀ ਜਾਤ ਪਹਿਲਾਂ ਹੈ
ਮਰਨਾ ਪਹਿਲਾਂ

ਕਿ ਜਿਉਣਾ ਪਹਿਲਾਂ
ਅੰਤ ਪਹਿਲਾਂ ਕੇ ਆਦਿ ਪਹਿਲਾਂ ਹੈ
ਸੁਣ ਬੰਦੂ
ਅਧਿਆਤਮ ਦੇ ਵਿਚ
ਆਦਿ ਅੰਤ ਹੈ ਅੰਤ ਆਦਿ ਹੈ
ਮੌਤ ਤੋਂ ਪਹਿਲਾਂ ਵੀ ਜੀਵਨ ਹੈ
ਮੌਤ ਤੋਂ ਪਿੱਛੋਂ ਵੀ ਜੀਵਨ ਹੈ
ਜੀਵਨ ਵਿੱਚ ਹੀ ਸ਼ੂਨਯ ਹੈ
ਸ਼ੂਨਯ ਵਿੱਚ ਹੀ ਜੀਵਨ ਹੈ
-0-
ਸ਼ਾਸਤਰ ਉਚਰੇ
ਦਾਤੇ ਤੋਂ ਪਹਿਲਾਂ
ਕੋਈ ਸਿਰਜਣਾ ਨਹੀਂ ਸੀ ਸਭ ਸ਼ੂਨਯ ਸੀ
ਸ਼ੂਨਯ ਸ਼ੂਨਯ ਚੋਂ ਨਹੀਂ ਜਨਮਦੀ
ਸ਼ੂਨਯ ਦੀ ਕੁੱਖ ਸਿਰਜਣਾ ਹੈ
ਰਹਾਉ
ਸਿਰਜਣਾ ਸ਼ੂਨਯ ਦਾ ਸੱਚ
ਸਮਝਣ ਦਾ ਸਾਧਨ ਸਿਮਰਨ ਹੈ
ਸਿਮਰਨ ਸੰਗ ਗਤੀ ਹੋਂਦ ਵਿੱਚ
ਆਉਂਦੀ ਹੈ
ਜੋ ਸਿਰਜਣਾ ਅਖਵਾਉਂਦੀ ਹੈ
ਸਿਰਜਣਾ ਦਾ ਵਿਨਾਸ਼
ਵਿਗਿਆਨਕ ਤੇ ਜ਼ਰੂਰੀ ਹੈ
ਵਿਨਾਸ਼ ਹੋਈ ਸਿਰਜਣਾ ਹੀ ਸ਼ੂਨਯ ਹੈ
ਜੋ ਸਦਾ ਅਮਰ ਹਜ਼ੂਰੀ ਹੈ
ਜਿਸ ਦਾ ਰੰਗ ਰੂਪ ਕੋਈ ਭੇਖ ਨਹੀਂ ਹੁੰਦਾ
ਸ਼ੂਨਯ ਸੱਚ ਸਦੀਵੀਂ ਹੈ
ਦਾਤਾ ਆਦਿ ਸੱਚ ਜੁਗਾਦਿ ਸੱਚ ਹੈ
ਸ਼ੂਨਯ ਦਾ ਇਹੀ ਪਦ ਹੈ
-0-
ਦਾਤੇ ਦਾ ਮੁੱਢ ਸ਼ੂਨਯ ਹੀ ਹੈ
ਸ਼ੂਨਯ ਤੋਂ ਪਹਿਲਾਂ

ਕੁੱਝ ਨਾ ਕੁੱਝ ਹੋਵੇਗਾ
ਜੋ ਹੋਵੇਗਾ
ਸ਼ੁੱਧ ਸ਼ੂਨਯ ਨਹੀਂ
ਸਿਰਜਣਾ ਦਾ ਅਸ਼ੁੱਧ ਹੋਵੇਗਾ
ਸ਼ੂਨਯ ਸੱਚ ਹੈ ਦਾਤਾ ਸੱਚ ਹੈ
ਦਾਤਾ ਸੱਚ ਹੈ ਸ਼ੂਨਯ ਸੱਚ ਹੈ
-0-
ਮੈਂ ਜਦ ਆਪਾ ਪਹਿਚਾਣ ਦਾ ਹਾਂ
ਆਪੇ ਚੋਂ ਜਦ ਆਪਾ ਜਾਣਦਾ ਹਾਂ
ਮੇਰੇ ਬਿਨ ਕੋਈ ਹੋਰ ਨਹੀਂ ਹੁੰਦਾ
ਸ਼ੂਨਯ ਦੀ ਚੁੱਪ ਨਹੀਂ ਹੁੰਦੀ
ਸਿਰਜਣਾ ਦਾ ਸ਼ੋਰ ਨਹੀਂ ਹੁੰਦਾ
ਮੇਰੇ ਬਿਨ ਕੋਈ ਹੋਰ ਨਹੀਂ ਹੁੰਦਾ
-0-

## ਬੋਲ ਕਬੋਲ (ਕਾਵਿ ਟੁਕੜੀ - 2)

ਹੇ ਮਨਾ
ਪੰਜਾਂ ਤੱਤਾਂ ਦਾ ਪੁਤਲਾ
ਮਿੱਟੀ ਦੇਹ ਸਰੀਰ
ਮਿੱਟੀ ਦੇ ਵਿੱਚ ਮਿਲਸੀ
ਇਹ ਮਿੱਟੀ ਅਖੀਰ
ਕਾਹਨੂੰ ਇਸ ਨੂੰ ਪੋਚਦਾ
ਕਾਹਨੂੰ ਕਰੇ ਸੰਭਾਲ
ਮਿੱਟੀ ਤੋਂ ਮਿੱਟੀ ਦਾ
ਮੈਲ਼ਾ ਰਿਹਾ ਉਤਾਰ
-0-
ਮਿੱਟੀ ਅੰਦਰ ਮਿੱਟੀ
ਮਿੱਟੀ ਅੰਦਰ ਬਾਹਰ
ਮਿੱਟੀ ਚੋਂ ਮਿੱਟੀ ਦਿਸਦੀ
ਕਿਉਂ ਮਿੱਟੀ ਰਿਹਾ ਉਖਾੜ
ਇਸ ਮਿੱਟੀ ਦੀ ਸੁੱਚਤਾ
ਇਸ ਦੇ ਵਿਚਲੇ ਸੰਗ
ਕੀ ਕਰੇਗਾ ਰੰਗ ਰੰਗ ਮਿੱਟੀ
ਰੰਗਿਆ ਨਹੀਂ ਜੇ ਉਸਦੇ ਰੰਗ
-0-
ਮਿੱਟੀ ਦੀ ਉਮਰ ਪਲ ਦੋ ਪਲ
ਅੰਤ ਮਿੱਟੀ ਮਿੱਟੀ ਦਾ ਢੇਰ
ਰੰਗਿਆ ਜਾਅ ਉਸ ਦੇ ਰੰਗ 'ਚ
ਇਹ ਮਿੱਟੀ ਮਿਲਣੀ ਨਹੀਂ ਫੇਰ
ਇਸ ਪੰਜਾਂ ਤੱਤਾਂ ਦੇ ਪੁਤਲੇ ਵਿਚ ਹੀ
ਤੂੰ ਉਸ ਦਾਤੇ ਨੂੰ ਪਾਅ ਸਕਦਾ ਹੈ
ਮਿੱਟੀ ਤੋਂ ਤੂੰ ਆਪਣੇ ਆਪ 'ਚ
ਆਤਮ ਰੂਪ ਕਹਾਅ ਸਕਦਾ ਹੈ
-0-

## (ਕ) ਬੋਲ ਕਬੋਲ ਦੀ ਪਿੱਠ ਭੂਮੀ : ਸੰਦਰਭ ਅਤੇ ਸੰਭਾਵਨਾਵਾਂ ਭਾਵ ਸ਼ੀਸ਼ਾ ਤੇ ਦਰਪਣ ਸੰਬੰਧੀ ਭੂਮਿਕਾ

'ਬੋਲ ਕਬੋਲ' ਕਾਵਿ ਪਦਾਰਥਕ ਵਿਕਾਸ ਦਾ ਜੋ ਜੀਵਨ 'ਤੇ ਅਸਰ ਪਿਆ ਹੈ, ਉਸ ਦੇ ਪ੍ਰਤੀਕਰਮ ਦੀ ਉਪਜ ਹੈ। ਪਦਾਰਥਕ ਵਿਕਾਸ ਦੀ ਕਾਰਜਪ੍ਰਣਾਲੀ ਦੇ ਅਸਰ ਅਧੀਨ ਅਜੋਕਾ ਮਨੁੱਖ ਆਪਣੀ ਹੋਂਦ, ਆਪਣੀ ਸ਼ਨਾਖਤ, ਸੱਚ ਅਤੇ ਮਨ ਦੀ ਸ਼ਾਂਤੀ ਖੋਹ ਚੁੱਕਾ ਹੈ। ਅਜੋਕਾ ਮਨੁੱਖ ਆਪਣੇ ਆਪ ਨੂੰ ਘਰ ਪਰਿਵਾਰ, ਸਮਾਜ, ਭੈਣ-ਭਰਾਵਾਂ, ਰਿਸ਼ਤੇਦਾਰਾਂ, ਯਾਰਾਂ ਮਿੱਤਰਾਂ ਵਿਚ ਰਹਿੰਦਾ ਹੋਇਆ ਵੀ, ਇਕੱਲਾ ਮਹਿਸੂਸ ਕਰਦਾ ਹੈ। ਮਨੁੱਖੀ ਸ਼ਖ਼ਸੀਅਤ ਸਿਫ਼ਰਿਆਂ ਵਿਚ ਇੰਜ ਤਕਸੀਮੀ ਗਈ ਹੈ ਕਿ ਮਨੁੱਖੀ ਇਕਾਈ ਦਾ ਕੋਈ ਅਰਥ ਹੀ ਨਹੀਂ ਰਿਹਾ ਅਤੇ ਨਾ ਹੀ ਮਨੁੱਖ ਆਪਣੀ ਤਕਸੀਮੀ ਸ਼ਖ਼ਸੀਅਤ ਵੱਲੋਂ ਉਨ੍ਹਾਂ ਪੱਖਾਂ ਦੀ ਮੁਕੰਮਲ ਰੂਪ ਵਿਚ ਪੂਰਤੀ ਕਰ ਸਕਦਾ ਹੈ, ਜਿਸ ਦੀ ਉਹ ਪੱਖ ਮੰਗ ਕਰਦੇ ਹਨ।

ਵਿਦਵਾਨਾਂ ਅਨੁਸਾਰ ਯੂਰਪ ਵਿਚ ਅਧੁਨਿਕਤਾ ਦਾ ਆਗਮਨ 13-14ਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਇਸ ਸਮੇਂ ਹੀ ਯੂਰਪੀਅਨ ਵਿਦਵਾਨਾਂ ਨੇ ਧਰਮ ਦਾ ਪਤਨ ਐਲਾਨ ਕਰ ਦਿੱਤਾ। ਧਰਮ ਦਾ ਪਤਨ ਹੋਣ ਕਾਰਨ ਮਨੁੱਖ ਆਪਣੇ ਆਪ ਨੂੰ ਸਵੈ ਰੂਪ ਵਿਚ ਵਿਕਸਤ ਨਹੀਂ ਕਰ ਸਕਿਆ। ਧਰਮ ਦਾ ਮੂਲ ਤੱਤ ਹੈ, ਪਰਮਾਤਮਾ। ਪਰਮਾਤਮਾ ਹੈ ਜਾਂ ਨਹੀਂ ਇਸ ਵਿਚਾਰ ਨੂੰ ਅਸੀਂ ਇਕ ਪਾਸੇ ਰੱਖਦੇ ਹੋਏ, ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਧਰਮ ਆਪਣੇ ਆਪ ਵਿਚ ਇਕ ਅਜਿਹੀ ਸੰਸਥਾ ਹੈ ਜੋ ਕਿਸੇ ਵੀ ਵਿੱਦਿਅਕ ਪ੍ਰਣਾਲੀ ਨਾਲੋਂ ਮਨੁੱਖ ਨੂੰ ਮਨੁੱਖ ਦੇ ਸਵੈ ਪ੍ਰਤੀ ਸਭ ਤੋਂ ਵੱਧ ਗਿਆਨ ਪ੍ਰਦਾਨ ਕਰਦੀ ਹੈ। ਜਦੋਂ ਕਿ ਯੂਰਪੀਅਨ ਸੰਸਾਰ ਵਿਚ ਧਰਮ ਦਾ ਹੀ ਪਤਨ ਐਲਾਨ ਕਰ ਦਿੱਤਾ ਗਿਆ ਸੀ। ਤਾਂ ਫਿਰ ਮਨੁੱਖ ਦਾ ਸਵੈ ਕੀ ਵਿਕਸਤ ਹੋਣਾ ਸੀ।

ਦੂਜੀ ਗੱਲ ਵਿਗਿਆਨਕ ਤੌਰ 'ਤੇ ਆਧੁਨਿਕ ਦਾ ਮੁੱਢ ਯੂਰਪ ਵਿਚ 18ਵੀਂ ਸਦੀ ਦੇ Enlightment ਯੁੱਗ ਨਾਲ 17ਵੀਂ ਸਦੀ ਦੇ ਗੈਲੀਉ, ਨਿਉਟਨ, ਲਾਇਬਨਿਜ਼ ਅਤੇ ਡੇਕਾਰਡ ਦੀਆਂ ਲਿਖਤਾਂ ਦੇ ਅਧਾਰ 'ਤੇ ਬੱਝਾ। 18ਵੀਂ ਸਦੀ ਦੀਆਂ ਪ੍ਰਮੁੱਖ ਯੋਜਨਾਵਾਂ 16ਵੀਂ ਸਦੀ ਵਿਚ ਮੁਕੰਮਲ ਕਰ ਲਈਆਂ ਗਈਆਂ ਸਨ। 19ਵੀਂ ਸਦੀ ਦੀਆਂ ਸੱਤ ਵਿਸ਼ਵ ਪ੍ਰਸਿੱਧ ਹਸਤੀਆਂ ਨੇ ਆਧੁਨਿਕਤਾ ਦੀ ਰੂਪ-ਰੇਖਾ ਅਤੇ ਪਰਿਭਾਸ਼ਾ ਨਿਸ਼ਚਿਤ ਕੀਤੀ। ਇਹ ਬੁੱਧੀਜੀਵੀ ਸਨ : ਚਾਰਲਸ ਡਾਰਵਿਨ (1809-1882), ਸਿਗਮੰਡ ਫਰਾਇਡ (1856-1939), ਫਰਦੀਨਾ-ਦਾ-ਸਾਸਿਉਰ (1857-1955), ਕਾਰਲ ਮਾਰਕਸ (1818-1883) ਅਤੇ ਫ੍ਰੈਡਰਿਕ ਨਿਤਸ਼ੇ (1844-1900)।

ਇਨ੍ਹਾਂ ਵਿਦਵਾਨਾਂ ਦੀ ਵਿਚਾਰਧਾਰਾ ਨੇ ਸਾਰੇ ਵਿਸ਼ਵ ਦੀ ਮਾਨਵਤਾ ਦਾ ਸੋਚਣ ਢੰਗ ਹੀ ਬਦਲ ਦਿੱਤਾ। 20ਵੀਂ ਸਦੀ ਦੇ ਵਿਸ਼ਵ ਸਾਹਿਤ, ਭਾਸ਼ਾ, ਕਲਾ, ਸਭਿਆਚਾਰ, ਸਮਾਜਕ, ਰਾਜਨੀਤਕ ਅਤੇ ਆਰਥਿਕ ਢਾਂਚੇ ਨੂੰ ਇਸ ਵਿਚਾਰਧਾਰਾ ਨੇ ਬੜਾ ਪ੍ਰਭਾਵਿਤ ਕੀਤਾ ਅਤੇ ਅੱਜ ਤਕ ਕਰ ਰਹੀ ਹੈ। ਇਸ ਸਮੇਂ ਭੌਤਿਕ ਵਿਗਿਆਨੀ ਵਰਨਰ ਹਾਇਜ਼ਨ ਬਰਗ (1901-1976) ਪਾਬਲੋ ਨਾਰੂਦਾ (1904-1973) ਅਤੇ ਯਾਂ ਪਾਲ ਸਾਰਤਰ (1905-1980) ਅਜਿਹੇ ਬੁੱਧੀਜੀਵੀਆਂ ਨੇ ਅਨਿਸ਼ਚਤਾ, ਕ੍ਰਾਂਤੀਕਾਰੀ ਅਤੇ ਹੋਂਦਵਾਦ ਦੇ ਨਿਯਮਾਂ ਨਾਲ ਆਧੁਨਿਕਵਾਦ ਦੇ ਸਮਕਾਲੀ ਚਿਹਰੇ ਨੂੰ ਸਪੱਸ਼ਟ ਕਰਨ ਵਿਚ ਅਮੁੱਲੀ ਅਤੇ ਅਰਥ ਭਰਪੂਰ ਤਰਕਸ਼ੀਲਤਾ ਪ੍ਰਦਾਨ ਕੀਤੀ ਹੈ। MARX, KANT, HEGEL, WEBER, SIGMOND, KOSELLECK ਅਤੇ HANNA ARDENT ਨੇ ਆਧੁਨਿਕਤਾ ਪ੍ਰਤੀ ਆਪਣੇ ਵਿਚਾਰ ਪ੍ਰਗਟਾਏ ਹਨ। ਪਰ ਇਨ੍ਹਾਂ ਸਭਨਾਂ ਵਿਦਵਾਨਾਂ ਨੇ ਆਧੁਨਿਕਤਾ ਦਾ ਵਿਸ਼ਾ ਪਦਾਰਥ ਨੂੰ ਹੀ ਮੰਨਿਆ ਹੈ, ਮਨੁੱਖ ਨੂੰ ਨਹੀਂ। ਆਧੁਨਿਕਤਾ ਦੀ ਪਰਿਭਾਸ਼ਾ ਹੈ ; "MODERNITY IS PHILOSOPHICAL AND HISTORICAL CONCIOUSNESS OF TIME." ਇਸ ਪਰਿਭਾਸ਼ਾ ਦਾ ਸਿੱਧਾ ਸੰਪਰਕ ਸਮੇਂ ਦੀ ਚੇਤਨਾ ਨਾਲ ਹੈ। ਇਸ ਚੇਤਨਾ ਦਾ ਸੰਬੰਧ ਮਨੁੱਖੀ ਵਿਚਰਨ ਧਰਾਤਲ ਨਾਲ ਹੈ। ਦੂਜੇ ਲਫਜ਼ਾਂ ਵਿਚ ਇਸ ਚੇਤਨਾ ਦੀ ਕੁੱਖ ਮਨੁੱਖ ਹੈ। ਪਰ ਇਸ ਪਰਿਭਾਸ਼ਾ ਦੀ ਆੜ ਹੇਠਾਂ ਵਿਸ਼ਵ ਵਿਦਵਾਨਾਂ ਨੇ ਮਨੁੱਖ ਦੀ ਥਾਂ ਪਦਾਰਥ ਨੂੰ ਹੀ ਵਿਕਸਿਤ ਕਰਨ ਦੀ ਗੱਲ ਕੀਤੀ ਹੈ। ਨਾ ਕਿ ਇਨ੍ਹਾਂ ਵਿਦਵਾਨਾਂ ਨੇ ਮਨੁੱਖੀ ਸਵੈ ਵਿਕਾਸ ਦੀ ਆਧੁਨਿਕਤਾ ਦੇ ਸੰਦਰਭ ਵਿਚ ਕੋਈ ਵਿਚਾਰਧਾਰਾ ਪੇਸ਼ ਕੀਤੀ ਹੈ। ਇਸ ਲਈ ਇਹ ਦੋ ਕਾਰਨ ਹਨ ਕਿ ਅਜੋਕਾ ਮਨੁੱਖ ਸਵੈ ਰੂਪ ਵਿਚ ਵਿਕਸਤ ਨਹੀਂ ਹੋ ਸਕਿਆ, ਪਹਿਲਾ ਯੂਰਪ ਵਿਚ ਧਰਮ ਦਾ ਪਤਨ ਦੂਜਾ ਆਧੁਨਿਕਤਾ ਦੇ ਵਿਕਾਸ ਦਾ ਵਿਸ਼ਾ ਮਨੁੱਖ ਦੀ ਥਾਂ ਪਦਾਰਥ ਦਾ ਹੋਣਾ।

ਆਧੁਨਿਕਤਾ ਦੇ ਆਗਮਨ ਨਾਲ ਵਿਸ਼ਵ ਵਿਚ ਹੇਠ ਲਿਖੀਆਂ ਤਬਦੀਲੀਆਂ ਆਈਆਂ :

- ਰਾਸ਼ਟਰੀ ਰਾਜ ਦਾ ਆਰੰਭ ਹੋਇਆ।
- ਰਾਜਨੀਤਕ ਤੌਰ 'ਤੇ ਸਮਾਜਕ ਵਿਕਾਸ ਅਤੇ ਸਹਿਨਸ਼ੀਲਤਾ ਦਾ ਆਰੰਭ।
- ਉਦਯੋਗਿਕ ਮੁਨਾਫ਼ਾਖੋਰੀ ਅਤੇ ਸਰਮਾਏਦਾਰੀ ਦਾ ਆਰੰਭ।
- ਸਮਾਜਵਾਦੀ ਮੁਲਕਾਂ ਦਾ ਵਿਕਾਸ ਅਤੇ ਲੋਕਤੰਤਰ ਦੀ ਪ੍ਰਤੀਨਿੱਧਤਾ।
- ਵਿਗਿਆਨ ਅਤੇ ਸ਼ਿਲਪ ਵਿਚ ਵਾਧਾ ਅਤੇ ਅਵਾਮੀ ਅਨਪੜ੍ਹਤਾ ਦਾ ਵਿਕਾਸ।
- ਸ਼ਹਿਰੀਕਰਨ ਅਤੇ ਅਵਾਮੀ ਮਾਧਿਅਮ ਦਾ ਪ੍ਰਸਾਰ।

ਪਦਾਰਥਕ ਵਿਕਾਸ ਦਾ ਅਸਰ ਜੋ ਜੀਵਨ ਤੇ ਵਿਸ਼ਵ 'ਤੇ ਪਿਆ ਉਸਦੀ ਲਪੇਟ ਵਿਚ ਅਜੋਕਾ ਮਨੁੱਖ ਬੜੀ ਬੁਰੀ ਤਰ੍ਹਾਂ ਨਾਲ ਫਸਿਆ। ਆਧੁਨਿਕਤਾ 20ਵੀਂ

ਸਦੀ ਤਕ ਆਪਣੀ ਸਿਖ਼ਰ 'ਤੇ ਪਹੁੰਚੀ ਅਤੇ ਇਸੇ ਸਦੀ ਵਿਚ ਇਸਦਾ ਅੰਤ ਹੋ ਗਿਆ ਅਤੇ ਉਤਰਆਧੁਨਿਕਤਾ ਦਾ ਆਰੰਭ ਹੋਇਆ। ਆਧੁਨਿਕਤਾ ਦੇ ਅੰਤ ਤੋਂ ਬਾਅਦ ਅਤੇ ਦੌਰਾਨ ਵਿਸ਼ਵ ਵਿਚ ਮਹੱਤਵਪੂਰਨ ਤਬਦੀਲੀਆਂ ਆਈਆਂ :

- ਆਵਾਜਾਈ ਦੇ ਸਾਧਨ ਮੰਗਲ ਗ੍ਰਹਿ ਤਕ ਅੱਪੜ ਗਏ।
- ਸੰਚਾਲਨ ਸਾਧਨ ਕੰਪਿਊਟਰ ਯੁੱਗ ਵਿਚ ਪ੍ਰਵੇਸ਼ ਕਰ ਗਏ।
- ਸਮਾਜਕ, ਰਾਜਨੀਤਕ ਅਤੇ ਆਰਥਕ ਸਾਧਨ ਵਿਸ਼ਵ ਬੌਧਿਕ ਕੇਂਦਰ ਤਕ ਅੱਪੜ ਗਏ।
- ਹਰੀ ਕ੍ਰਾਂਤੀ ELECTRONIC ENLIGHTMENT ਯੁੱਗ ਇਸ ਸਮੇਂ ਤਕ ਮਨੁੱਖ ਹੰਢਾਅ ਚੁੱਕਾ ਸੀ।

ਇਸ ਸਾਰੇ ਪਦਾਰਥਕ ਵਿਕਾਸ ਦੇ ਅਸਰ ਅਧੀਨ ਬਾਰੂਨੀ ਤੌਰ 'ਤੇ ਮਨੁੱਖ ਨੇ ਸ਼ੀਸ਼ੇ ਦੀਆਂ ਸੜਕਾਂ, ਅਸਮਾਨ ਛੂੰਹਦੀਆਂ ਇਮਾਰਤਾਂ ਦਾ ਨਿਰਮਾਣ ਕੀਤਾ। ਸਮੁੰਦਰੀ ਪਾਣੀਆਂ ਤੇ ਮਹਾਂ ਨਗਰਾਂ ਦੀ ਉਸਾਰੀ ਕੀਤੀ। ਇਸ ਤਰ੍ਹਾਂ ਮਨੁੱਖ ਨੇ ਆਪਣੇ ਦੁਆਲੇ ਸੀਮਿੰਟ, ਸਰੀਏ ਅਤੇ ਸ਼ੀਸ਼ੇ ਦਾ ਜੰਗਲ ਉਸਾਰ ਲਿਆ।

ਅੰਦਰੂਨੀ ਤੌਰ 'ਤੇ ਮਨੁੱਖੀ ਘਰਾਂ ਵਿਚ ਸ਼ੀਸ਼ੇ ਦੇ ਬੰਦ ਡੱਬਿਆਂ 'ਚ ਸਮੁੰਦਰੀ ਜੀਵ ਜੰਤੂ ਨਜ਼ਰ ਆਉਣ ਲੱਗੇ। ਘਰਾਂ ਦੀਆਂ ਕੰਧਾਂ 'ਤੇ ਲੱਗੇ WALL PAPER ਉੱਤੇ ਜੰਗਲੀ ਜਾਨਵਰਾਂ ਦੇ ਝੁੰਡ, ਦਰਿਆ, ਨਦੀਆਂ, ਨਾਲੇ, ਚਸ਼ਮੇ, ਝਰਨੇ, ਪਹਾੜ ਦ੍ਰਿਸ਼ਟਾਂਤਮਾਨ ਹੋਣ ਲੱਗੇ। ਮਨੁੱਖੀ ਘਰਾਂ ਦੇ BACK YARD ਵਿਚ ਪਲਾਸਟਕ ਦੇ ਫੁੱਲ-ਬੂਟੇ, ਨਕਲੀ ਖੂਹੀਆਂ, ਤਲਾਬ ਨਜ਼ਰ ਆਉਣ ਲੱਗੇ। ਇਸ ਤਰ੍ਹਾਂ ਪਸਾਰਥਕ ਵਿਕਾਸ ਅਧੀਨ ਮਨੁੱਖ ਦਾ ਅੰਦਰ ਬਾਹਰ ਕੁਦਰਤ ਦੀ ਥਾਂ ਬਣਾਉਟੀਪਣ ਦਾ ਰੂਪ ਧਾਰਨ ਕਰ ਗਿਆ। ਪਦਾਰਥਕ ਯੁੱਗ ਦੇ ਅਰਧ ਪਲਾਸਟਕ ਦੇ ਮਨੁੱਖ ਦਾ ਜੀਵਨ ਅਤੇ ਵਿਚਰਨ ਧਰਾਤਲ ਅੱਜ ਮੁਕੰਮਲ ਬਣਾਵਟੀ ਅਤੇ ਧਾਤੂ ਪ੍ਰਕ੍ਰਿਤੀ ਦਾ ਸੀ।

ਪਦਾਰਥਕ ਵਿਕਾਸ ਅਧੀਨ ਸ਼ਹਿਰੀਕਰਨ ਦਾ ਜਨਮ ਹੋਇਆ। ਪੇਂਡੂ ਸਭਿਆਚਾਰ ਸ਼ਹਿਰੀ ਸਭਿਆਚਾਰ ਵਿਚ ਤਬਦੀਲ ਹੋ ਗਿਆ। ਕੁਝ ਹੱਦ ਤਕ ਮਨੁੱਖ ਨੇ ਸ਼ਹਿਰੀ ਸਭਿਆਚਾਰ ਨੂੰ ਸਵੀਕਾਰ ਤਾਂ ਕਰ ਲਿਆ ਪਰ ਇਸ ਚੋਂ ਅਲੋਪ ਹੋਇਆ ਪੇਂਡੂ ਸਭਿਆਚਾਰ, ਰਸਮਾਂ, ਰੀਤਾਂ, ਰਿਵਾਜ਼ਾਂ ਅਤੇ ਮਿਲਾਪੜਾਪਣ ਮਨੁੱਖ ਅੱਜ ਤਕ ਵੀ ਨਹੀਂ ਭੁੱਲ ਸਕਿਆ। ਮਹਾਂ ਨਗਰਾਂ ਵਿਚ ਮਨੁੱਖ ਵੱਡੇ ਵੱਡੇ ਘਰਾਂ ਵਿਚ ਰਹਿ ਰਿਹਾ ਹੈ। ਜਿੱਥੇ ਜੀਵਨ ਦਾ ਹਰ ਸੁੱਖ ਅਤੇ ਸਹੂਲਤ ਮੁਹੱਈਆ ਹੈ। ਪਰ ਇੰਨ੍ਹਾ ਕੁਝ ਹੁੰਦਿਆਂ ਵੀ ਮਨੁੱਖ ਨੂੰ ਨਾ ਤਾਂ ਇਨ੍ਹਾਂ ਵੱਡੇ ਘਰਾਂ ਵਿਚ ਨੀਂਦ ਆਉਂਦੀ ਹੈ ਅਤੇ ਨਾ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ। ਮਨੁੱਖ ਮਨ ਦੀ ਸ਼ਾਂਤੀ ਅਤੇ ਸੁੱਖ ਦੀ ਨੀਂਦ ਲਈ ਆਪਣਾ ਬਹੁਤਾ ਸਮਾਂ ਸਾਲ ਵਿਚ ਦਿਹਾਂਤ ਜਾਂ ਆਪਣੇ ਫਾਰਮ ਘਰਾਂ ਵਿਚ ਗੁਜ਼ਾਰਦਾ ਹੈ।ਭਾਵ ਪਦਾਰਥਕ ਵਿਕਾਸ ਨੇ ਮਨੁੱਖ ਨੂੰ ਹਰ ਤਰ੍ਹਾਂ ਦਾ ਸਰੀਰਕ ਸੁੱਖ ਪ੍ਰਦਾਨ ਕੀਤਾ ਹੈ। ਉੱਥੇ ਮਨੁੱਖੀ ਮਾਨਸਿਕਤਾ ਅਤੇ ਮਨ ਦੀ ਸ਼ਾਂਤੀ ਨੂੰ ਮਨੁੱਖ ਤੋਂ ਬਹੁਤ ਦੂਰ ਕਰ ਦਿੱਤਾ ਹੈ।

ਮਨੁੱਖ ਅੰਦਰ ਭਟਕਣ ਅਤੇ ਬੇਚੈਨੀ ਵਧੀ ਹੈ।

ਪਦਾਰਥਕ ਵਿਕਾਸ ਨੇ ਵੈਸਟਰੈੱਨ ਸਮਾਜ 'ਤੇ ਬੜਾ ਮਾਰੂ ਪ੍ਰਭਾਵ ਪਾਇਆ ਹੈ। ਇਸ ਨੇ ਯੂਰਪੀਅਨ ਸਮਾਜ ਦੀ ਰੂਪ-ਰੇਖਾ ਹੀ ਬਦਲ ਕੇ ਰੱਖ ਦਿੱਤੀ ਹੈ। ਯੂਰਪੀਅਨ ਸਮਾਜ ਦੀਆਂ ਵਧੇਰੇ ਔਰਤਾਂ ਨੂੰ ਆਪਣੇ ਬੱਚਿਆਂ ਦੇ ਪਿਤਾ ਦਾ ਨਾਮ ਵੀ ਪਤਾ ਨਹੀਂ। ਇਸ ਵਿਚ ਵਿਆਹੁਤਾ ਅਤੇ ਕੁਆਰੀਆਂ ਔਰਤਾਂ ਸ਼ਾਮਿਲ ਹਨ। ਔਰਤ ਮਰਦ ਦੇ ਕਈ ਕਈ ਵਿਆਹ ਹਨ। ਫਿਰ ਵੀ ਮਰਦ ਨੂੰ ਮਰਜ਼ੀ ਦੀ ਔਰਤ ਅਤੇ ਔਰਤ ਨੂੰ ਮਰਜ਼ੀ ਦਾ ਮਰਦ ਨਹੀਂ ਲੱਭਦਾ। ਜਿਸ ਨਾਲ ਉਹ ਆਪਣਾ ਜੀਵਨ ਗੁਜ਼ਾਰ ਸਕਣ। ਮਹਾਂ ਨਗਰਾਂ ਵਿਚ ਸੜਕਾਂ ਅਤੇ ਬਜ਼ਾਰਾਂ 'ਚ ਮਰਦਾਨਾ ਹੁਕਰਾਂ ਦੀ ਭੀੜ ਲੱਗੀ ਹੈ। ਮਹਾਂ ਨਗਰਾਂ ਦੇ ਹਰ BLOCK ਵਿਚ ਨੰਗੇ SEX ਦੇ ਕੇਂਦਰ ਖੁੱਲ੍ਹੇ ਹਨ, ਜਿੱਥੇ 50-60 ਜੋੜੇ ਨੰਗੇ ਭੋਗ ਦੀ ਪ੍ਰਦਰਸ਼ਨੀ ਕਰਦੇ ਹਨ ਅਤੇ ਬਹੁਤ ਸਾਰੇ ਲੋਕ ਉਨ੍ਹਾਂ ਨੂੰ ਵੇਖਦੇ ਹਨ। ਯੂਰਪੀਅਨ ਆਉਣ ਵਾਲੀ ਨਸਲ ਵਿਆਹ ਬੰਧਨ ਵਿਚ ਬੱਝਣਾ ਨਹੀਂ ਚਾਹੁੰਦੀ। ਨੌਜਵਾਨ ਪੀੜ੍ਹੀ COMMON LAW ਅਧੀਨ ਬੱਚੇ ਤਾਂ ਪੈਦਾ ਕਰਨੇ ਚਾਹੁੰਦੀ ਹੈ ਪਰ ਮਾਂ ਬਾਪ ਦੀ ਜ਼ਿੰਮੇਵਾਰੀ ਤੋਂ ਕੰਨੀਂ ਕਤਰਾਉਂਦੀ ਹੈ। ਨੌਜਵਾਨ ਪੀੜ੍ਹੀ ਜੀਵਨ ਸੰਘਰਸ਼ ਤੋਂ ਵੀ ਅਵੇਸਲੀ ਹੈ। ESCAPISM ਨੂੰ ਹੀ ਜੀਵਨ ਸੁਤੰਤਰਤਾ ਦਾ ਪ੍ਰਤੀਕ ਸਮਝਦੀ ਹੈ।

ਪਦਾਰਥਕ ਵਿਕਾਸ ਅਧੀਨ ਬਹੁਤ ਸਾਰੀਆਂ ਸਭਿਆਚਾਰਕ ਤਬਦੀਲੀਆਂ ਆਈਆਂ ਹਨ। ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ ਇੰਨ੍ਹੀਆਂ ਸੁੱਖਦਾਇਕ ਅਤੇ ਆਕਰਸ਼ਿਤ ਹਨ ਕਿ ਹਰ ਮਨੁੱਖ ਇਨ੍ਹਾਂ ਦੀ ਪ੍ਰਾਪਤੀ ਲਈ ਕੁਝ ਵੀ ਕਰਨ ਨੂੰ ਤਿਆਰ ਹੈ। ਇਹ ਪ੍ਰਾਪਤੀਆਂ ਮਨੁੱਖ ਨੂੰ GANGISM ਵੱਲ ਪ੍ਰੇਰਿਤ ਕਰਦੀਆਂ ਹਨ। ਜੋ ਲੋਕ ਪਦਾਰਥਕ ਪ੍ਰਾਪਤੀਆਂ ਕਰਨ ਵਿਚ ਅਸਫ਼ਲ ਰਹਿੰਦੇ ਹਨ। ਉਨ੍ਹਾਂ ਅੰਦਰ ਹੀਣ ਭਾਵਨਾ ਪੈਦਾ ਹੋ ਜਾਂਦੀ ਹੈ। ਜਿਸ ਤੋਂ ਉਹ ਛੁਟਕਾਰਾ ਪਾਉਣ ਲਈ ਕਈ ਤਰ੍ਹਾਂ ਦੀਆਂ DRUGS ਦਾ ਇਸਤੇਮਾਲ ਕਰਦੇ ਹਨ। ਇਸ ਤਰ੍ਹਾਂ ਪਦਾਰਥਕ ਵਿਕਾਸ ਨੇ ਸਮਾਜ ਵਿਚ GANGISM ਅਤੇ DRUGS ਨੂੰ ਜਨਮ ਦਿੱਤਾ ਹੈ।

ਪਦਾਰਥਕ ਵਿਕਾਸ ਨੇ ਸਮਾਜਕ ਪਰਿਵਾਰਾਂ ਵਿਚ ਤ੍ਰੇੜਾਂ ਪੈਦਾ ਕੀਤੀਆਂ ਹਨ। ਪਦਾਰਥਕ ਵਿਕਾਸ ਅਧੀਨ ਜੀਵਨ ਦੀ ਰਫ਼ਤਾਰ ਇੰਨੀ ਤੇਜ਼ ਹੈ ਕਿ ਮਾਂ ਬਾਪ ਕੋਲ ਆਪਣੇ ਬੱਚਿਆਂ ਪਾਸ ਬਹਿਣ ਦਾ ਸਮਾਂ ਨਹੀਂ ਹੈ। ਵੱਡੇ ਵੱਡੇ ਘਰਾਂ ਦੀਆਂ ਆਪ ਸਹੇੜੀਆਂ ਵੱਡੀਆਂ ਵੱਡੀਆਂ ਕਿਸ਼ਤਾਂ ਨੇ, ਘਰੇਲੂ ਔਕੜਾਂ ਅਤੇ ਸਮਾਜਕ ਕਠਿਨਾਈਆਂ ਦੇ ਹੱਲ ਲਈ ਲੋਕ ਡਾਲਰਾਂ ਪਿੱਛੇ ਨਸ ਰਹੇ ਹਨ। ਆਪਣੇ ਬੱਚਿਆਂ ਦੀ ਪਰਵਰਿਸ਼ ਵਿਚ ਧਿਆਨ ਨਹੀਂ ਦੇ ਰਹੇ। ਜਿਸ ਕਾਰਨ ਬੱਚਿਆਂ ਦੇ ਜੀਵਨ ਵਿਚ ਬਹੁਤ ਸਾਰੀਆਂ ਊਣਤਾਈਆਂ ਰਹਿ ਜਾਂਦੀਆਂ ਹਨ। ਪੈਸੇ ਦੀ ਪ੍ਰਧਾਨਤਾ ਕਾਰਨ ਲਹੂ ਮਾਸ ਦੇ ਰਿਸ਼ਤੇ ਪਾਣੀ ਹੋ ਗਏ ਹਨ। ਜਿਸ ਕਾਰਨ ਘਰੇਲੂ ਪਰਿਵਾਰਾਂ ਵਿੱਚ ਤ੍ਰੇੜਾਂ ਆ ਗਈਆਂ ਹਨ। ਕਿਸ਼ਤ ਮੁਕਤ ਘਰ ਵਿਚ ਰਹਿੰਦੇ ਲੋਕ ਜੋ ਬਹੁਤ ਅਮੀਰ ਵੀ ਹਨ। ਜਿਹਨਾਂ ਦੇ ਕੋਲ ਪੈਸੇ ਦੀ ਇੰਤਹਾ ਹੈ। ਉਹ ਲੋਕ ਵੀ ਇੰਨ੍ਹੇ Money Minded ਹਨ ਕਿ ਆਪਣੇ

ਸਕੇ ਮਾਂ-ਪਿਉ ਤੋਂ ਜੋ ਉਨ੍ਹਾਂ ਦੇ ਘਰ ਦੀ Basement ਵਿਚ ਰਹਿੰਦੇ ਹਨ। ਉਨ੍ਹਾਂ ਕੋਲੋਂ ਕਿਰਾਇਆ ਲੈਂਦੇ ਹਨ। ਯੂਰਪ ਵਿੱਚ ਬਿਰਧ ਘਰਾਂ ਦੀ ਮੰਗ ਵਧੀ ਹੈ। ਬਿਰਧ ਘਰਾਂ ਵਿੱਚ ਬਜ਼ੁਰਗ ਲੋਕ ਵਿਸ਼ੇਸ਼ ਕਰਕੇ ਭਾਰਤੀ ਮੂਲ ਦੇ ਲੋਕ ਸਮੇਂ ਤੋਂ ਪਹਿਲਾਂ ਹੀ ਪ੍ਰਾਣ ਤਿਆਗ ਦਿੰਦੇ ਹਨ। ਕਿਉਂਕਿ ਉਨ੍ਹਾਂ ਨੂੰ ਬਿਰਧ ਘਰਾਂ ਵਿਚ ਪੋਤੇ ਪੋਤੀਆਂ ਦਾ ਪਿਆਰ ਅਤੇ ਘਰ ਦਾ ਨਿੱਘ ਨਹੀਂ ਮਿਲਦਾ। ਇਹ ਸਮੱਸਿਆ ਇੰਨੀ ਵੱਧ ਗਈ ਹੈ ਕਿ ਸਰਕਾਰ ਹੁਣ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਜਿੰਨਾਂ ਲੋਕਾਂ ਕੋਲ ਉਨ੍ਹਾਂ ਦੇ ਮਾਂ-ਬਾਪ ਨਹੀਂ ਹਨ ਜਾਂ ਗੁਜ਼ਰ ਚੁੱਕੇ ਹਨ। ਉਹ ਬਿਰਧ ਘਰਾਂ 'ਚੋਂ ਬਿਰਧ ਲੋਕਾਂ ਨੂੰ ਗੋਦ ਲੈਣ। ਇਥੇ ਹੀ ਬੱਸ ਨਹੀਂ, ਪਦਾਰਥਕ ਵਿਕਾਸ ਨੇ ਜੀਵਨ ਵਿੱਚ ਭਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਨੂੰ ਵੀ ਬੜ੍ਹਾਵਾ ਦਿੱਤਾ ਹੈ। ਪਦਾਰਥਕ ਪ੍ਰਾਪਤੀਆਂ ਇੰਨੀਆਂ ਸੰਤੋਖਜਨਕ ਹਨ ਕਿ ਇਹਨਾਂ ਦੀ ਪ੍ਰਾਪਤੀ ਪ੍ਰਤੀ ਮਨੁੱਖ ਦੇ ਮਨ ਵਿੱਚ ਲਾਲਚ ਪੈਦਾ ਹੋ ਜਾਂਦਾ ਹੈ ਕਿ ਮਨੁੱਖ ਭਰਿਸ਼ਟ ਤੋਂ ਭਰਿਸ਼ਟ ਅਤੇ ਰਿਸ਼ਵਤਖੋਰ ਤੋਂ ਵੱਧ ਰਿਸ਼ਵਤਖੋਰ ਇਨ੍ਹਾਂ ਦੀ ਪ੍ਰਾਪਤੀ ਲਈ ਹੋ ਜਾਂਦਾ ਹੈ। ਮਨੁੱਖ ਇਨ੍ਹਾਂ ਪ੍ਰਾਪਤੀਆਂ ਨੂੰ ਹਾਸਿਲ ਕਰਨ ਲਈ ਇਹਨਾਂ ਵਿਚ ਇੰਨ੍ਹਾ ਮਗਨ ਹੈ ਕਿ ਉਸ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਲਗਦਾ ਕਿ ਉਹ ਕਦੋਂ ਭਰਿਸ਼ਟ ਅਤੇ ਰਿਸ਼ਵਤਖੋਰ ਹੋ ਗਿਆ ਹੈ। ਮਿਸਾਲ ਦੇ ਤੌਰ 'ਤੇ ਸਾਇਕਲ ਵਾਲਾ ਕਾਰ ਲਈ ਅਤੇ ਕਾਰ ਵਾਲਾ ਜਹਾਜ਼ ਦੀ ਪ੍ਰਾਪਤੀ ਦੇ ਪਿੱਛੇ ਨਸ ਰਿਹਾ ਹੈ। ਇਸ ਪ੍ਰਾਪਤੀ ਲਈ ਮਨੁੱਖ ਕੋਈ ਵੀ ਰਾਹ ਅਪਣਾਉਣ ਲਈ ਤਿਆਰ ਹੈ। ਇਸ ਸਭ ਦਾ ਮੂਲ ਕਾਰਨ ਅਤੇ ਅਧਾਰ ਪਦਾਰਥਕ ਵਿਕਾਸ ਹੈ।

ਪਦਾਰਥਕ ਵਿਕਾਸ ਨੇ ਕੰਪਿਊਟਰ ਕਲਚਰ (Computer Culture) ਨੂੰ ਜਨਮ ਦਿੱਤਾ ਹੈ। ਕੰਪਿਊਟਰ ਜਿੱਥੇ ਮਨੁੱਖ ਨੂੰ ਅਥਾਹ ਗਿਆਨ ਪ੍ਰਦਾਨ ਕਰਦਾ ਹੈ ਉੱਥੇ ਮਨੁੱਖ ਨੂੰ ਬਾਹਰੀ ਦੁਨੀਆ ਨਾਲੋਂ ਤੋੜ ਕੇ ਉਸ ਦਾ ਮਸ਼ੀਨੀਕਰਨ ਵੀ ਕਰਦਾ ਹੈ। ਮਨੁੱਖ ਦੀ ਚੇਤਨਾ ਅਤੇ ਜਗਿਆਸਾ ਨੂੰ ਗਤੀ ਰਹਿਤ ਕਰਦਾ ਹੈ। ਪਦਾਰਥਕ ਵਿਕਾਸ ਨੇ ਮਨੁੱਖ ਅੰਦਰ ਹੀਣ ਭਾਵਨਾ ਨੂੰ ਜਨਮ ਦਿੱਤਾ ਹੈ। ਮਨੁੱਖ ਨੂੰ ਫਾਡੀ ਹੋਣ ਦਾ ਅਹਿਸਾਸ ਕਰਵਾਇਆ ਹੈ। ਜਿਸ ਕਾਰਨ ਮਨੁੱਖ ਟੁੱਟ-ਭੱਜ ਅਤੇ ਬਿਖਰ ਗਿਆ ਹੈ। ਆਪਣੀ ਹੋਂਦ ਸੱਚ ਸ਼ਨਾਖਤ ਗੁਆ ਬੈਠਾ ਹੈ। ਕਿਉਂਕਿ ਪਦਾਰਥ ਮਨੁੱਖ ਦੀ ਰਹਿਨੁਮਾਈ ਕਰ ਰਿਹਾ ਹੈ, ਮਨੁੱਖ ਨੂੰ ਵਰਤ ਰਿਹਾ ਹੈ। ਮਨੁੱਖ ਪਦਾਰਥ ਦਾ ਗੁਲਾਮ ਬਣ ਕੇ ਰਹਿ ਗਿਆ ਹੈ। ਇਹੀ ਹੀਣ ਭਾਵਨਾ ਮਨੁੱਖ ਨੂੰ ਅੰਦਰੋਂ ਅੰਦਰੀ ਖਾਈ ਜਾ ਰਹੀ ਹੈ। ਮਨੁੱਖ ਆਪਣੇ ਆਪ ਨੂੰ ਜ਼ਿੰਦਗੀ ਚੋਂ ਮਨਫ਼ੀ ਸਮਝਦਾ ਹੈ। ਮਨੁੱਖ ਪਦਾਰਥਕ ਵਿਕਾਸ ਕਾਰਨ ਦੁਨਿਆਵੀ ਰਿਸ਼ਤਿਆਂ ਤੋਂ ਟੁੱਟ ਗਿਆ ਹੈ। ਪੈਸੇ ਦੀ ਪ੍ਰਧਾਨਤਾ ਕਾਰਨ ਮਨੁੱਖ ਮਨੁੱਖ ਤੋਂ ਦੂਰ ਹੋ ਗਿਆ ਹੈ। ਨਾ ਸਮਾਜ ਮਨੁੱਖਤਾ ਦੀ ਇਕਾਈ ਰਿਹਾ ਹੈ ਨਾ ਮਨੁੱਖ ਸਮਾਜ ਦੀ ਇਕਾਈ ਰਿਹਾ ਹੈ। ਪਦਾਰਥ ਵਿਕਾਸ ਕਾਰਨ ਮਨੁੱਖ Privacy ਦਾ ਧਾਰਨੀ ਹੋ ਗਿਆ ਹੈ। ਮਨੁੱਖ ਆਪਣੇ ਆਪ ਨਾਲੋਂ ਟੁੱਟ ਕੇ ਇਕ ਕਮਰੇ ਵਿਚ ਬੰਦ ਹੋ ਕੇ ਰਹਿ ਗਿਆ ਹੈ। ਅਜੋਕੇ ਵਿਸ਼ਵ ਵਿਚ ਮਨੁੱਖੀ ਸ਼ਨਾਖਤ ਉਸ ਦੇ ਗੁਣਾਂ ਤੇ ਨਿਸਚਿਤ ਨਹੀਂ

ਕੀਤੀ ਜਾਂਦੀ ਸਗੋਂ ਇਸ ਗੱਲ 'ਤੇ ਅਧਾਰਤ ਹੈ ਕਿ ਉਸ ਕੋਲ ਕਿੰਨ੍ਹੀ ਜਾਇਦਾਦ ਹੈ। ਕਿੰਨੀਆਂ ਕੋਠੀਆਂ-ਕਾਰਾਂ ਹਨ ਅਤੇ Bank Balance ਹੈ। ਪਦਾਰਥਕ ਵਿਕਾਸ ਨੇ ਮਨੁੱਖ ਨੂੰ ਇਕੱਲਤਾ ਨੂੰ ਜਨਮ ਦਿੱਤਾ ਹੈ। ਕੁਦਰਤ ਨਾਲੋਂ ਟੁੱਟ ਕੇ ਮਨੁੱਖ ਇਕਲਾਪੇ ਦਾ ਸ਼ਿਕਾਰ ਹੋ ਗਿਆ ਹੈ। ਇਕੱਲਤਾ ਮਨੁੱਖੀ ਦੇਹ ਅਤੇ ਸੋਚ ਵਿਚ ਪਸਰ ਗਈ ਹੈ। ਮਨੁੱਖ ਵਿਸ਼ਵ ਸਮਾਜ ਵਿਚ ਰਹਿੰਦਾ ਹੋਇਆ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ। ਮਨੁੱਖ ਵਿਚਲਾ ਅੰਦਰਲਾ ਮਨੁੱਖ ਚੋਂ ਨੁੱਚੜ ਗਿਆ ਹੈ।Depression ਰੋਜ਼ਾਨਾ ਜੀਵਨ ਦਾ ਹਿੱਸਾ ਹੈ। ਪਦਾਰਥਕ ਵਿਕਾਸ ਵਿਚੋਂ ਮਨੁੱਖੀ ਜ਼ਿੰਦਗੀ ਅਲੋਪ ਹੈ। ਮਨੁੱਖ ਅਲੋਪ ਹੈ। ਆਦਿ ਮਨੁੱਖ ਤੋਂ ਅਜੋਕੇ ਮਨੁੱਖ ਦਾ ਇਤਿਹਾਸ ਪੜ੍ਹਕੇ ਵਿਚਾਰ ਲਉ, ਤੁਹਾਨੂੰ ਮਨੁੱਖ ਦੀਆਂ ਪ੍ਰਾਪਤੀਆਂ ਤਾਂ ਨਜ਼ਰ ਆਉਣਗੀਆਂ ਪਰ ਮਨੁੱਖ ਨਜ਼ਰ ਨਹੀਂ ਆਵੇਗਾ। ਉਦਾਹਰਣ ਦੇ ਤੌਰ 'ਤੇ ਕਾਰ ਵਿਚ ਬੈਠਾ ਮਨੁੱਖ ਜਦੋਂ ਦਫ਼ਤਰ ਜਾਂਦਾ ਹੈ ਤਾਂ ਕਾਰ ਵਿਚ ਲਗਾ GPS ਸਿਸਟਮ ਉਸ ਨੂੰ ਦਫ਼ਤਰ ਦਾ ਰਸਤਾ ਦਸ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਹੀ ਮਨੁੱਖ ਦਫ਼ਤਰ ਤੋਂ ਘਰ ਪਰਤਦਾ ਹੈ। ਦਫ਼ਤਰ ਵਿਚ ਉਸ ਦਾ ਕੰਮ ਕੰਪਿਊਟਰ ਕਰਦਾ ਹੈ। ਇਸੇ ਵਿਚਾਰ ਵਾਲੀ ਗੱਲ ਇਹ ਕਿ ਕਾਰ ਜੋ ਪਲਾਸਟਕ ਅਤੇ ਲੋਹੇ ਦਾ ਵਿਕਸਤ ਰੂਪ ਹੈ ਜੋ ਚੇਤਨਾ ਅਤੇ ਜਗਿਆਸਾ ਰਹਿਤ ਹੈ। ਉਹ ਇਕ ਚੇਤਨ ਅਤੇ ਜਗਿਆਸੂ ਮਨੁੱਖ ਨੂੰ ਘਰੋਂ ਦਫ਼ਤਰ ਤੇ ਦਫ਼ਤਰੋਂ ਲਿਆ ਰਹੀ ਹੈ। ਚੇਤਨ ਮਨੁੱਖ ਪੱਥਰ ਬਣ ਕੇ ਕਾਰ ਵਿਚ ਬੈਠਾ ਹੈ। ਭਾਵ ਪਦਾਰਥ ਮਨੁੱਖ ਨੂੰ ਢੋਅ ਰਿਹਾ ਹੈ। ਇਸ ਤੋਂ ਵੱਧ ਮਨੁੱਖ ਦੀ ਬਦਨਸੀਬੀ ਕੀ ਹੋ ਸਕਦੀ ਹੈ।

ਇੱਥੇ ਹੀ ਬੱਸ ਨਹੀਂ ਬੱਚੇ ਨੂੰ ਸਕੂਲ ਜਾਣ ਤੋਂ ਪਹਿਲਾਂ ਕੰਪਿਊਟਰ ਉਸ ਨੂੰ ਤਿਆਰ ਹੋਣਾ ਸਿਖਾਉਂਦਾ ਹੈ। ਬੱਚੇ ਨੇ ਆਪਣੇ ਕਪੜੇ ਕਿਵੇਂ ਪਹਿਨਣੇ ਹਨ। ਬੂਟਾਂ ਦੇ ਤਸਮੇ ਕਿਵੇਂ ਬੰਨ੍ਹਣੇ ਹਨ ਅਤੇ ਕਮੀਜ਼ ਦੇ ਬਟਣ ਕਿਵੇਂ ਲਗਾਉਣੇ ਹਨ। ਜਦ ਬੱਚਾ ਸਕੂਲ ਪਹੁੰਚਦਾ ਹੈ। ਤਾਂ ਕਲਾਸ ਰੂਮ ਵਿੱਚ ਕੰਪਿਊਟਰ ਬੱਚੇ ਨੂੰ 1.2.3 ਅਤੇ ਭੁਲਾਵੇਂ ਅੱਖਰਾਂ ਦੀ ਪੜਚੋਲ ਸਮਝਾਂਦਾ ਹਾ। ਭਾਵ ਇਹ ਕਿ ਪਦਾਰਥਕ ਵਿਕਾਸ ਨੇ ਮਨੁੱਖ ਨੇ ਜਨਮ ਤੋਂ ਬੁਢਾਪੇ ਤਕ ਮਨੁੱਖੀ ਚੇਤਨਾ ਅਤੇ ਜਗਿਆਸਾ 'ਤੇ ਕੰਟਰੋਲ ਕੀਤਾ ਹੋਇਆ ਹੈ। ਕੰਪਿਊਟਰ ਮਨੁੱਖ ਨੂੰ ਨਚਾ ਰਿਹਾ ਹੈ ਅਤੇ ਮਨੁੱਖ ਨੱਚ ਰਿਹਾ ਹੈ। ਇਹ ਸਭ ਪਦਾਰਥਕ ਵਿਕਾਸ ਕਾਰਨ ਹੈ।

ਪਦਾਰਥਕ ਵਿਕਾਸ ਨੇ ਮਨੁੱਖੀ ਜੀਵਨ ਦਾ ਸਫ਼ਰ ਥਲ ਦੇ ਸਫ਼ਰ ਜਿਹਾ ਕਠਿਨ ਬਣਾ ਦਿੱਤਾ ਹੈ। ਮਨੁੱਖ ਤੰਦੂਰ ਵਾਂਗ ਤੱਪ ਰਿਹਾ ਹੈ। ਇਸ ਸਫ਼ਰ ਵਿਚ ਭੁਜ ਰਿਹਾ ਹੈ ਅਤੇ ਥਲ ਰੂਪੀ ਸੂਰਜ ਨਿਗਲ ਰਿਹਾ ਹੈ। ਮਨੁੱਖੀ ਪ੍ਰਾਣਾਂ ਵਿਚ ਵਧ ਰਹੀ ਹੈ। ਪਦਾਰਥ ਵਿਕਾਸ ਨੇ ਮਨੁੱਖੀ ਦ੍ਰਿਸ਼ਟੀ ਅਤੇ ਅਨੁਭਵ ਵਿਚ ਬਹੁਤ ਫ਼ਰਕ ਪੈਦਾ ਕਰ ਦਿੱਤਾ ਹੈ। ਧਾਤੂ ਪ੍ਰਕਿਰਤੀ ਨੂੰ ਮਨੁੱਖ ਨੇ ਐਸਾ ਰੂਪਾਤਰ ਕੀਤਾ ਹੈ ਕਿ ਇਸ ਦਾ ਸੱਚ ਤੇ ਭਰਮ ਜਾਣਨਾ ਮੁਸ਼ਕਲ ਹੋ ਗਿਆ ਹੈ। ਪਦਾਰਥਕ ਧਾਤੂ ਦਾ ਆਪਣਾ ਅਸਲ ਰੂਪ ਉਸ ਦੇ ਵਿਕਸਤ ਰੂਪ ਤੋਂ ਪਹਿਚਾਣਿਆਂ ਨਹੀਂ ਜਾ ਸਕਦਾ। ਉਦਾਹਰਣ ਦੇ ਤੌਰ 'ਤੇ

ਮਹਾਂਨਗਰਾਂ ਵਿਚ ਉਚੀਆਂ ਉਚੀਆਂ ਇਮਾਰਤਾਂ ਨੂੰ ਸ਼ੀਸ਼ੇ ਦੇ ਦਰਵਾਜ਼ੇ ਲੱਗੇ ਹੋਏ ਸਨ। ਇਹ ਸ਼ੀਸ਼ਾ ਇਨ੍ਹਾਂ ਸ੍ਰੇਸ਼ਟ ਅਤੇ ਵਿਕਸਤ ਹੈ ਕਿ ਧੁੱਪ ਅਤੇ ਸ਼ੀਸ਼ੇ ਦੇ ਰੰਗ ਵਿੱਚ ਕੋਈ ਫ਼ਰਕ ਨਹੀਂ ਜਾਪਦਾ। ਮਨੁੱਖ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਿ ਇਥੇ ਸ਼ੀਸ਼ੇ ਦਾ ਦਰਵਾਜ਼ਾ ਹੈ ਵੀ ਕਿ ਨਹੀਂ। North America ਵਿਚ ਕਈ ਲੋਕ ਇਨ੍ਹਾਂ ਸ਼ੀਸ਼ੇ ਦਿਆਂ ਦਰਵਾਜ਼ਿਆਂ ਨਾਲ ਟੱਕਰਾ ਕੇ ਗੰਭੀਰ ਸੱਟਾਂ ਦੇ ਸ਼ਿਕਾਰ ਹੋਏ ਹਨ। ਇਸ ਸ਼ੀਸ਼ੇ ਦੇ ਵਿਕਸਿਤ ਰੂਪ ਨੇ ਮਨੁੱਖੀ ਦ੍ਰਿਸ਼ਟੀ ਅਤੇ ਅਨੁਭਵ ਲਈ ਦੁਬਿਧਾ ਪੈਦਾ ਕਰ ਦਿੱਤੀ ਹੈ। ਦੁਬਿਧਾ ਹੈ ਕਿ ਮਨੁੱਖ ਹੱਥਾਂ ਨਾਲ ਟੋਹ ਕੇ ਕਦਮ ਪੁੱਟੇ ਜਾਂ ਅੱਖਾਂ ਨਾਲ ਵੇਖਕੇ। ਇਹ ਪਦਾਰਥਕ ਵਿਕਾਸ ਦੀ ਮਨੁੱਖੀ ਅਨੁਭਵ ਅਤੇ ਦ੍ਰਿਸ਼ਟੀ ਨੂੰ ਦੇਣ ਹੈ।

ਪਦਾਰਥਕ ਵਿਕਾਸ ਨੇ ਮਨੁੱਖ ਨੂੰ ਹੰਕਾਰੀ ਬਣਾਇਆ ਹੈ ਅਤੇ ਕਈ ਜਾਨ ਲੇਵਾ ਬਿਮਾਰੀਆਂ ਨੂੰ ਜਨਮ ਦਿੱਤਾ ਹੈ। ਮਨੁੱਖ ਵਿਗਿਆਨਕ ਪ੍ਰਾਪਤੀਆਂ ਕਾਰਨ ਇੰਨ੍ਹਾ ਸ਼ਕਤੀਸ਼ਾਲੀ ਹੋ ਗਿਆ ਹੈ ਕਿ ਉਹ ਸੋਚਦਾ ਹੈ ਜੇ ਉਹ ਹੈ ਤਾਂ ਦੁਨੀਆ ਦੀ ਹੋਂਦ ਹੈ। ਉਹ ਨਹੀਂ ਤਾਂ ਕੁੱਝ ਵੀ ਨਹੀਂ। ਮਨੁੱਖ ਵਿਗਿਆਨਕ ਪ੍ਰਾਪਤੀਆਂ ਦੀਆਂ ਸ਼ਕਤੀਆਂ ਕਾਰਨ ਵਿਸ਼ਵ ਨੂੰ ਆਪਣੀ ਮੁੱਠੀ ਵਿਚ ਸਮਝਦਾ ਹੈ ।

ਮਨੁੱਖ ਸੋਚਦਾ ਹੈ ਕਿ ਜੀਵਨ ਹੋਂਦ ਉਸ ਤੋਂ ਬਿਨ੍ਹਾਂ ਅਸੰਭਵ ਹੈ ਪਦਾਰਥਕ ਵਿਕਾਸ ਦੀ ਤੇਜ਼ ਰਫ਼ਤਾਰ ਨੇ Stress ਨੂੰ ਜਨਮ ਦਿੱਤਾ ਹੈ। ਜਿਸ ਤੋਂ ਰਾਹਤ ਪਾਉਣ ਲਈ ਤੰਮਾਕੂ ਦੀ ਵਰਤੋਂ ਇਸ Stress ਦਾ ਮੂਲ ਕਾਰਨ ਹੈ। ਜਿਸ ਨਾਲ ਕੈਂਸਰ Heart Attack ਅਤੇ ਫੇਫੜਿਆਂ ਦੇ ਅਨੇਕ ਰੋਗ ਮਨੁੱਖ ਨੂੰ ਲਗ ਜਾਂਦੇ ਹਨ। ਸ਼ਰਾਬ ਅਤੇ ਹੋਰ Drug ਦੀ ਵਰਤੋਂ ਵੀ ਪਦਾਰਥਕ ਵਿਕਾਸ ਦਾ ਸਿੱਟਾ ਹੈ।

ਵਿਸ਼ਵ ਦੇ ਦੋ ਪੱਖ ਹਨ। ਇਕ ਮਾਨਸਿਕ ਅਤੇ ਦੂਜਾ ਪਦਾਰਥਕ ਪੱਖ ਹੈ। ਮਾਨਸਿਕਤਾ ਵਿਸ਼ਵ ਹੋਂਦ ਦੀ ਗਤੀ ਦੀ ਸੰਚਾਲਕ ਹੈ। ਕਿਉਂਕਿ ਮਨੁੱਖੀ ਮਾਨਸਿਕਤਾ ਵਿਚ ਚੇਤਨਾ ਅਤੇ ਜਗਿਆਸਾ ਹੁੰਦੀ ਹੈ। ਜਦੋਂ ਕਿ ਪਦਾਰਥ ਇਸ ਯੋਗ ਨਹੀਂ ਹੁੰਦਾ ਕਿ ਉਹ ਵਿਸ਼ਵ ਵਿਚ ਸੰਤੁਲਨ ਰੱਖ ਸਕੇ। ਵਿਚਾਰਨ ਵਾਲੀ ਗੱਲ ਇਹ ਹੈ ਕਿ ਆਧੁਨਿਕ ਵਿਕਾਸ ਮਨੁੱਖੀ ਮਾਨਸਿਕਤਾ ਦੇ ਵਿਪਰੀਤ ਹੈ ਅਤੇ ਨਾ ਹੀ ਵਿਸ਼ਵ ਦੇ ਵਿਦਵਾਨਾਂ ਨੇ ਮਨੁੱਖੀ ਸਵੈ ਵਿਕਾਸ ਦੀ ਕੋਈ ਗੱਲ ਕੀਤੀ ਹੈ। ਅਜੋਕੇ ਵਿਸ਼ਵ ਵਿਚ ਜੋ ਅਸੰਤੁਲਨ ਹੈ ਉਸ ਦਾ ਹੱਲ ਮਨੁੱਖੀ ਬੋਧ ਹੈ। ਪਰ ਮਨੁੱਖੀ ਚੇਤਨਾ ਅਤੇ ਬੋਧ ਲਈ ਆਧੁਨਿਕ ਪਦਾਰਥਕ ਵਿਕਾਸ ਵਿਚ ਕੋਈ ਥਾਂ ਨਹੀਂ। ਆਧੁਨਿਕਤਾ ਦਾਰਸ਼ਨਿਕਤਾ ਵੱਲੋਂ ਜਾਣੂ ਕਰਵਾਈ ਗਈ ਇਕ ਪਾਸੜ ਵਿਚਾਰਧਾਰਾ ਹੁੰਦੀ ਤਾਂ ਮਨੁੱਖ ਅਤੇ ਪਦਾਰਥ ਦਾ ਵਿਕਾਸ ਨਾਲ ਨਾਲ ਹੋਣਾ ਸੀ ਤਾਂ ਅੱਜ ਦੁਨੀਆ ਦੀ ਰੂਪ-ਰੇਖਾ ਕੁਝ ਹੋਰ ਹੋਣੀ ਸੀ। ਪਦਾਰਥ ਵਾਂਗ ਮਨੁੱਖ ਵੀ ਚੜ੍ਹਦੀ ਕਲਾ ਵਿਚ ਹੋਣਾ ਸੀ। ਪਦਾਰਥ ਅਜੋਕੇ ਵਿਸ਼ਵ ਦੀ ਸ਼ਨਾਖਤ ਹੈ ਮਨੁੱਖ ਵਿਸ਼ਵ ਜੀਵਨ ਚੋਂ ਮੰਨਫੀ ਹੈ।

ਇਹ ਸਾਰੀ ਸਥਿਤੀ ਵਿਚ ਅਜੋਕਾ ਮਨੁੱਖ ਆਪਣੇ ਆਪ ਵਿਚ ਤਕਸੀਮਿਆ ਗਿਆ ਹੈ। ਅਜੋਕਾ ਮਨੁੱਖ ਅੱਜ ਉਸ ਪੜਾਅ 'ਚ ਖੜ੍ਹਾ ਹੈ ਜਿਸ ਪੜ੍ਹਾਅ 'ਚ ਉਸ ਦਾ

ਪਿੱਛਾ ਬਹੁਤ ਪਿੱਛੇ ਰਹਿ ਗਿਆ ਹੈ। ਜਿੱਥੇ ਉਹ ਅਪੜਿਆ ਹੈ ਉਥੇ ਅਤੇ ਉਸ ਅੱਗੇ ਉਸ ਨੂੰ ਕੁਝ ਨਜ਼ਰ ਨਹੀਂ ਆਉਂਦਾ ਹੈ। ਇਹ ਉਸ ਦੇ ਆਪ ਸਿਰਜੇ ਜੀਵਨ ਸਮਾਜ ਅਤੇ ਵਿਸ਼ਵ ਦਾ ਸਿੱਟਾ ਹੈ। ਆਪਣੇ ਸਿਰਜੇ ਜੀਵਨ ਅਤੇ ਸਮਾਜ ਦਾ ਅੱਜ ਮਨੁੱਖ ਗੁਲਾਮ ਬਣ ਕੇ ਰਹਿ ਗਿਆ ਹੈ। ਸਮਾਜ ਅਤੇ ਜੀਵਨ ਦਾ ਅਸਰ ਜੋ ਇਸ ਮਨੁੱਖ 'ਤੇ ਪਿਆ ਹੈ, ਉਸ ਦਾ ਸੰਤਾਪ ਅਜੋਕਾ ਮਨੁੱਖ ਭੋਗ ਰਿਹਾ ਹੈ। 'ਬੋਲ ਕੁਬੋਲ' ਦਾ ਕਾਵਿ-ਸੰਗ੍ਰਹਿ ਇਸੇ ਸਮਾਜਕ ਜੀਵਨ ਦੇ ਪ੍ਰਤੀਕਰਮ ਦੀ ਉਪਜ ਹੈ। ਮੈਂ ਯੂਰਪ ਵਿਚ 40-45 ਸਾਲਾਂ ਤੋਂ ਰਹਿ ਰਿਹਾ ਹਾਂ। ਅਜੋਕਾ ਜੀਵਨ ਜੀਅ ਰਿਹਾ ਹਾਂ। ਮੈਨੂੰ ਇਸ ਜੀਵਨ ਦਾ ਹਰ ਪਹਿਲੂ ਤੋਂ ਲੋੜ ਮੁਤਾਬਿਕ ਗਿਆਨ ਹੈ। ਜੇ ਇਸ ਜੀਵਨ ਨੂੰ ਬਹੁ-ਦਿਸ਼ਾਵੀ ਅਤੇ ਬਹੁ-ਪਰਤੀ ਅਨੁਭਵਤਾ 'ਤੇ ਵਿਚਾਰ ਕਰੀਏ, ਤਾਂ ਮੈਨੂੰ ਲੱਗਦਾ ਹੈ ਕਿ ਇਹ ਕੋਈ ਅਧੁਨਿਕ ਜੀਵਨ ਨਹੀਂ, ਅਸਲ ਵਿਚ ਇਹ ਪਦਾਰਥਕ ਜੀਵਨ ਹੈ। ਅਸੀਂ ਅਧੁਨਿਕ ਤਾਂ 1% (ਇੱਕ ਫੀਸਦੀ) ਵੀ ਨਹੀਂ ਹੋਏ। ਸਗੋਂ ਹੱਦ ਤੋਂ ਵੱਧ ਪਦਾਰਥਵਾਦੀ ਹੋ ਗਏ ਹਾਂ। ਇਹ ਮਨੁੱਖੀ ਮਾਨਸਿਕ ਅਤੇ ਪਦਾਰਥਕ ਦੋਹਾਂ ਪੱਖਾਂ 'ਤੇ ਢੁੱਕਵਾਂ ਵਿਚਾਰ ਹੈ। ਸਾਡੀ ਸੋਚ ਸਾਡੀ ਰਹਿਣੀ-ਬਹਿਣੀ ਅਤੇ ਸਾਡੇ ਨੈਤਿਕਤਾ ਅਤੇ ਸਭਿਆਚਾਰਕ ਕਿਰਦਾਰ ਸਭ ਪਦਾਰਥਵਾਦੀ ਹਨ।

ਅਜੋਕੇ ਸਮੇਂ ਵਿਚ ਅਧੁਨਿਕਤਾਵਾਦੀ ਪ੍ਰੀਭਾਸ਼ਾ ਦੀ ਆੜ ਹੇਠਾਂ ਪਦਾਰਥ ਵਿਕਸਤ ਹੋਇਆ ਹੈ, ਅਧੁਨਿਕਤਾ ਤਾਂ ਵਿਕਸਤ ਹੋਈ ਹੀ ਨਹੀਂ। ਮੇਰਾ ਸਾਰੇ ਦਾ ਸਾਰਾ ਕਾਵਿ-ਸੰਗ੍ਰਹਿ ਇਸੇ ਜੀਵਨ ਦੀ ਦੇਣ ਹੈ। ਅਜੋਕੇ ਜੀਵਨ ਦੀਆਂ ਪ੍ਰਾਪਤੀਆਂ, ਸੀਮਾ, ਸੰਭਾਵਨਾ ਤੇ ਉਨ੍ਹਾਂ ਦਾ ਮਨੁੱਖੀ ਜੀਵਨ 'ਤੇ ਕੀ ਪ੍ਰਭਾਵ ਹੈ? ਇਹ ਉਸ ਨੂੰ ਕਿਸ ਦਿਸ਼ਾ ਵੱਲ ਲਿਜਾ ਰਹੀਆਂ ਹਨ, ਦੀ ਵਿਆਖਿਆ ਹੈ ਅਤੇ ਪਦਾਰਥਕ ਵਿਕਾਸ ਅਧੀਨ ਮਨੁੱਖ ਅਤੇ ਮਨੁੱਖਤਾ ਦੇ ਘਾਣ ਵਿੱਚ ਨਿਰੋਏ ਮਨੁੱਖ ਸਮਾਜ ਅਤੇ ਵਿਸ਼ਵ ਦਾ ਸੰਕਲਪ ਸਿਰਜਣ ਦਾ ਪ੍ਰਯੋਜਨ ਹੈ। ਜਿਸ ਨੂੰ ਭਵਿੱਖ ਵਿਚ ਯਥਾਰਥਕ ਰੂਪ ਦੇਣ ਦੀ ਯਤਨਸ਼ੀਲਤਾ ਹੈ। ਇਸ ਤਰ੍ਹਾਂ ਸਾਹਿਤਕ ਰਚਨਾ ਦੀ ਨਿਰੰਤਰਤਾ ਜੀਵਨ ਨਿਰੰਤਰਤਾ ਦੇ ਹਾਣ ਦੀ ਰਹਿੰਦੀ ਹੈ। ਭਾਰਤੀ ਸਾਹਿਤ ਵਿਚ ਜਿੰਨ੍ਹੀਆਂ ਵੀ ਸਾਹਿਤਕ ਲਹਿਰਾਂ ਆਈਆਂ ਹਨ, ਸਾਹਿਤਕਾਰਾਂ ਨੇ ਉਨ੍ਹਾਂ ਲਹਿਰਾਂ ਅਧੀਨ ਵਰਤਮਾਨ ਜੀਵਨ 'ਤੇ ਪਏ ਪ੍ਰਭਾਵ ਨੂੰ ਹੀ ਅਭੀਵਿਅਕਤ ਕੀਤਾ ਹੈ। ਨਾ ਹੀ ਉਸ ਵਿਖੰਡਤ ਮਨੁੱਖੀ ਅਤੇ ਸਮਾਜਕ ਹੋਂਦ ਚੋਂ ਨਿਰੋਏ ਮਨੁੱਖ ਅਤੇ ਸਮਾਜ ਦਾ ਸੰਕਲਪ ਸਿਰਜਿਆ ਹੈ ਅਤੇ ਨਾ ਹੀ ਉਸ ਸੰਕਲਪ ਨੂੰ ਭਵਿੱਖ ਵਿਚ ਯਥਾਰਥਕ ਰੂਪ ਦੇਣ ਦੀ ਕੋਈ ਗੱਲ ਕੀਤੀ ਹੈ। ਵਿਸ਼ੇਸ਼ ਤੌਰ 'ਤੇ ਪੰਜਾਬੀ ਸਾਹਿਤ ਵਿਚ ਬਾਕੀ ਭਸ਼ਾਵਾਂ ਦੇ ਸਾਹਿਤ ਵਿਚ ਵੀ ਇਸ ਵਿਚਾਰ ਦੀ ਅਭੀਵਿਅਕਤੀ ਨਾ ਮਾਤਰ ਹੀ ਮਿਲਦੀ ਹੈ। ਇਸ ਲਈ ਇਨ੍ਹਾਂ ਧਰਾਵਾਂ ਚੋਂ ਉਪਜੇ ਸਾਹਿਤ ਦੀ ਨਿਰੰਤਰਤਾ ਤ੍ਰੈਕਾਲ ਮੁਖੀ ਰੂਪ ਨਹੀਂ ਧਾਰਦੀ। ਸਗੋਂ ਭੂਤ ਤੇ ਵਰਤਮਾਨ ਤਕ ਹੀ ਸੀਮਿਤ ਰਹਿੰਦੀ ਹੈ। ਇਨ੍ਹਾਂ ਧਰਾਵਾਂ ਦੇ ਸਾਹਿਤ ਦੀ ਉਮਰ ਇਨ੍ਹਾਂ ਧਰਾਵਾਂ ਤੋਂ ਸ਼ੁਰੂ ਹੋ ਕੇ ਇਨ੍ਹਾਂ ਧਰਾਵਾਂ ਦੇ ਅੰਤ ਨਾਲ ਹੀ ਮੁਕ ਜਾਂਦੀ ਹੈ।

ਮੇਰੀ ਲੰਬੀ ਕਵਿਤਾ ''ਆਧੁਨਿਕ-ਵਿਸ਼ਵ'' ਜੋ ਮੌਜੂਦਾ ਵਿਸ਼ਵ ਨੂੰ ਸੁਧਾਰ ਕੇ ਮਨੁੱਖ ਅਤੇ ਪਦਾਰਥ ਦਾ ਸੰਤੁਲਨ ਵਿਕਾਸ ਕਰਨ ਦਾ ਮਨੁੱਖਤਾ ਅਨੁਕੂਲ ਜੀਵਨ ਸਮਾਜ ਅਤੇ ਵਿਸ਼ਵ ਸਿਰਜਣ ਦਾ ਯਤਨ ਹੈ। ਅਜੋਕੇ ਮਨੁੱਖ ਨੂੰ ਸਥਿਰ ਜੀਵਨ ਜਿਉਣ ਲਈ ਮਾਨਸਿਕ ਸ਼ਾਂਤੀ ਦੀ ਲੋੜ ਹੈ। ਉਹ ਮਨੁੱਖ ਨੂੰ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਉਹ ਜਾਣ ਸਕੇ ਕਿ ਉਹ ਕੀ ਹੈ? ਕੌਣ ਹੈ? ਕਿੱਥੋਂ ਆਇਆ ਹੈ? ਉਸ ਕਿੱਥੇ ਜਾਣਾ ਹੈ? ਉਸ ਦੇ ਜੀਵਨ ਦਾ ਪ੍ਰਯੋਜਨ ਕੀ ਹੈ?

ਮਨੁੱਖ ਦੇ ਸਵੈ ਸਿਰਜੇ ਜੀਵਨ ਅਤੇ ਸਮਾਜ ਨੇ ਮਨੁੱਖ ਅੱਗੇ ਉਪਰੋਕਤ ਸਵਾਲ ਖੜ੍ਹੇ ਕਰ ਦਿੱਤੇ ਹਨ। ਆਪਣੀ ਹੋਂਦ ਸੱਚ ਸ਼ਨਾਖਤ ਦੀ ਜੋ ਅਜੋਕੇ ਮਨੁੱਖ ਨੂੰ ਤਲਾਸ਼ ਹੈ। ਇਨ੍ਹਾਂ ਸਾਰੇ ਸਵਾਲਾਂ ਦੇ ਜੁਆਬ ਬੋਲ ਕੁਬੋਲ ਕਾਵਿ ਮਨੁੱਖ ਨੂੰ ਪ੍ਰਦਾਨ ਕਰਦਾ ਹੈ। ਇਹੀ ਬੋਲ ਕੁਬੋਲ ਕਾਵਿ-ਰਚਨਾ ਦੀ ਪਿੱਠ ਭੂਮੀ ਸੰਦਰਭ ਅਤੇ ਸੰਭਾਵਨਾਵਾਂ ਹਨ। ਇਹੀ ਇਸ ਰਚਨਾ ਦੀ ਸਿਰਜਣਾ ਦਾ ਪ੍ਰਯੋਜਨ ਹੈ ਕਿ ਮਨੁੱਖ ਆਪਣੀ ਹੋਂਦ, ਸੱਚ ਤੇ ਸ਼ਨਾਖਤ ਨੂੰ ਮੁੜ ਬਹਾਲ ਕਰ ਸਕੇ। ਆਪਣੀ ਹੋਂਦ ਸੱਚ ਅਤੇ ਸ਼ਨਾਖਤ 'ਤੇ ਅਧਾਰਤ ਗੌਰਵਮਈ ਜੀਵਨ ਭਵਿੱਖ ਵਿਚ ਜੀਅ ਸਕੇ।

ਮੈਨੂੰ ਇਕ ਘਟਨਾ ਯਾਦ ਆਈ ਹੈ। ਇਕ ਵਾਰ ਵਰਤਮਾਨ ਟੁਰਿਆ ਜਾ ਰਿਹਾ ਸੀ। ਉਸ ਦੇ ਨਾਲ ਭਵਿੱਖ ਬਾਲ ਅਵਸਥਾ ਵਿਚ ਉਸ ਉਂਗਲੀ ਫੜੀ ਉਸ ਦੇ ਨਾਲ ਸੀ। ਰਸਤੇ ਵਿਚ ਸੜਕ ਕਿਨਾਰੇ ਇਕ ਆਧੁਨਿਕ ਨੌਜਵਾਨ ਕੁੜੀ ਦੀ ਲਾਸ਼ ਪਈ ਸੀ। ਲਾਸ਼ ਵਿਚ ਕਿਰਮ ਚਲ ਰਹੇ ਸਨ। ਉਸ ਲਾਸ਼ ਨੂੰ ਦੇਖ ਕੇ ਬਾਲ ਭਵਿੱਖ ਨੇ ਵਰਤਮਾਨ ਨੂੰ ਦਸਿਆ ਕਿ ਇਹ ਲਾਸ਼ ਉਸ ਕੁੜੀ ਦੀ ਹੈ ਜੋ ਪੰਜ ਸਿਤਾਰਾ ਲਿਫ਼ਟਾਂ ਵਾਲੇ ਹੋਟਲ ਵਿਚ ਡਾਂਸਰ ਸੀ। ਇਹ ਵਰਤਮਾਨ ਦੀ ਸਵੈ ਸਿਰਜਣਾ ਦਾ ਅੰਤ ਹੈ। ਵਰਤਮਾਨ ਦਾ ਆਪਣਾ ਅੰਤ ਹੈ। ਵਰਤਮਾਨ ਆਪਣੇ ਤੋਂ ਆਪਾ ਉਤਾਰ ਕੇ ਉਸ ਡਾਂਸਰ ਕੁੜੀ ਦੀ ਲਾਸ਼ ਦੀ ਧੁੰਨੀ ਦਾ ਸਫ਼ਰ ਕਰਨ ਵਿਚ ਰੁੱਝ ਗਿਆ। ਤਾਂ ਕਿ ਉਸ ਡਾਂਸਰ ਕੁੜੀ ਦੀ ਹੋਂਦ ਸੱਚ ਤੇ ਸ਼ਨਾਖ਼ਤ ਜੋ ਸੜਕ ਕਿਨਾਰੇ ਲਾਸ਼ ਦੇ ਰੂਪ ਵਿਚ ਪਈ ਸੀ। ਉਸ ਨੂੰ ਭਵਿਖ ਲਈ ਮੁੜ ਸਿਰਜ ਸਕੇ।

ਇਸੇ ਤਰ੍ਹਾਂ ਇਕ ਸ਼ਾਇਰ ਬੀਚ 'ਤੇ ਜਾਂਦਾ ਹੈ ਉਸ ਦੀ ਰੁਚੀ ਬੀਚ ਵਿਚ ਨਹੀਂ ਸਗੋਂ ਬੀਚ 'ਤੇ ਪਏ ਨੰਗੇ ਜਿਸਮਾਂ ਵਿਚ ਹੈ। ਜੋ ਲੋਕ ਆਪਣੇ ਜੀਵਨ ਅੰਦਰ ਦੀ ਸੁਤੰਤਰਤਾ ਲਈ ਆਪਣੇ ਖੋਲ ਉਤਾਰ ਅਰਥਾਂ ਵਿਚ ਵਿਚਰਨ ਲਈ, ਜੀਵਨ ਦੇ ਅਰਥ ਸਿਰਜਣ ਲਈ ਆਪਣੀ ਦੇਹ ਤੋਂ ਸਭਿਅਤਾ ਦਾ ਮਖੌਟਾ ਉਤਾਰ ਕੇ ਆਏ ਹਨ। ਸ਼ਾਇਰ ਉਨ੍ਹਾਂ ਲੋਕਾਂ ਦੀ ਅੰਤਰੀਵੀ ਪ੍ਰਦਰਸ਼ਨੀ ਦੀ ਅਭਿਵਿਅਕਤੀ ਵਿਚ ਰੁਚਿਤ ਹੈ। ਬੀਚ ਤੇ ਜੋ ਨੰਗੇ ਜਿਸਮ ਪਏ ਹਨ। ਉਹ ਮਨੁੱਖੀ ਮਨ ਦੇ ਖੁਲ੍ਹੇ ਦਰਵਾਜ਼ੇ ਹਨ। ਤਾਂ ਕਿ ਤੁਸੀਂ ਉਨ੍ਹਾਂ ਦੇ ਅੰਦਰ ਉਤਰ ਸਕੋ, ਉਨ੍ਹਾਂ ਦੀ ਪਰਤ ਦਰ ਪਰਤ ਉਧੇੜ ਸਕੋ। ਉਨ੍ਹਾਂ ਦਾ ਸੱਚ ਸਮਝ ਸਕੋ। ਉਨ੍ਹਾਂ ਦੀ ਮਾਨਸਿਕਤਾ ਦਾ ਸੱਚ ਆਪਣਾ ਕੱਜਣ ਉਤਾਰ ਕੇ ਨੈਤਿਕਤਾ ਦੀ ਸਰਦਲ ਟੱਪ ਕੇ ਅਨੈਤਿਕਤਾ ਦੇ ਮੱਥੇ ਵਿਚ ਜਗਣਾ ਹੈ ਅਤੇ ਆਪਣੀ

ਸੁਤੰਤਰਤਾ ਦਾ ਚਾਨਣ ਕਰਨਾ ਹੈ। ਇਹ ਨੰਗੇ ਜਿਸਮ ਬੀਚ 'ਤੇ ਉਹ ਭਾਸ਼ਾ ਸਿਰਜਦੇ ਹਨ ਜਿਨ੍ਹਾਂ ਦੇ ਸ਼ਬਦਾਂ ਦੇ ਲਹੂ ਵਿਚ ਅਰਥ ਹਨ। ਇਹ ਲਹੂ ਦੀ ਭਾਸ਼ਾ ਵਿਚ ਅਰਥ ਸਿਰਜਦੇ ਹਨ। ਇਹ ਲੋਕ ਨੰਗੇ ਜਨਮਨ ਦੇ ਸੱਚ ਨੂੰ ਸਵੀਕਾਰ ਕਰਦੇ ਹਨ ਅਤੇ ਸੱਚ ਦੇ ਨੰਗਿਆਂ ਵਿਚਰਨ ਦੀ ਹਾਮੀ ਭਰਦੇ ਹਨ। ਇਨ੍ਹਾਂ ਨੰਗੇ ਜਿਸਮਾਂ ਦੇ ਅਰਥ ਤੇ ਭਾਸ਼ਾ ਸਮੇਂ ਦਾ ਉਹ ਸੱਚ ਸਿਰਜਦੀ ਹੈ ਜਿਸ ਵਿਚ ਇਨ੍ਹਾਂ ਦਾ ਵਿਚਰਨ ਅਸਲੀ ਨੈਤਿਕਤਾ ਦਾ ਪ੍ਰਤੀਕ ਬਣ ਸਕੇ, ਚਾਹੇ ਉਹ ਸਮਾਜ ਲਈ ਅਨੈਤਿਕ ਹੀ ਕਿਉਂ ਨਾ ਹੋਵੇ। ਸ਼ਾਇਰ ਇਨ੍ਹਾਂ ਜਿਸਮਾਂ ਦੀ ਮਾਨਸਿਕਤਾ ਵਿਚ ਉਤਰਦਾ ਹੈ ਅਤੇ ਸ਼ਬਦ ਤੋਂ ਅਰਥ ਤੋਂ ਵਾਪਿਸ ਪਰਤਦਾ ਹੈ।

ਇਹ ਅਜੋਕੀ ਮਨੁੱਖਤਾ ਦਾ ਅਧੁਨਿਕ ਅੰਤ੍ਰੀਵ ਹੈ ਜੋ ਆਪਣੇ ਸੱਚ ਦੀ ਤਲਾਸ਼ ਲਈ ਕਿਸੇ ਵੀ ਅਖੌਤੀ ਨੈਤਿਕਤਾ ਦਾ ਨਕਾਬ ਉਤਾਰ ਸਕਦਾ ਹੈ। ਜਿਸਨੂੰ ਸਮਾਜ ਅਨੈਤਿਕ ਸਮਝਦਾ ਹੈ ਅਤੇ ਨੈਤਿਕਤਾ ਵਿਚ ਜਿਸ ਅਨੈਤਿਕਤਾ ਦਾ ਦਮ ਘੁਟਦਾ ਹੈ। ਅਜੋਕੇ ਮਨੁੱਖ ਦਾ ਸੱਚ ਕਿਸੇ ਵੀ ਨੈਤਿਕਤਾ ਜਾਂ ਅਨੈਤਿਕ ਦੇ ਨਿਕਾਬ ਤੋਂ ਵੱਧ ਮਹੱਤਵਪੂਰਨ ਹੈ।

ਪਦਾਰਥਕ ਜੀਵਨ ਵਿਚ ਅਜੋਕਾ ਮਨੁੱਖ ਇਕੱਲਾ ਹੀ ਬੀਜਿਆ ਤੇ ਉਗਾਇਆ ਜਾਂਦਾ ਹੈ। ਗਲ਼ੀਆਂ, ਬਜ਼ਾਰਾਂ, ਸੜਕਾਂ 'ਤੇ ਇਕੱਲਤਾ ਹੰਢਾਉਂਦਾ ਵੇਖਿਆ ਜਾ ਸਕਦਾ ਹੈ। ਅਜੋਕਾ ਮਨੁੱਖ ਜੀਉਂਦਾ ਤਾਂ ਇਕੱਲਾ ਹੈ ਪਰ ਮਰਦਾ ਸਭ ਕੁਝ ਨਾਲ ਲੈ ਕੇ ਹੈ। ਇਸ ਪਖੋਂ 'ਬੋਲ ਕੁਬੋਲ' ਦਾ ਰਹੱਸਵਾਦ ਸਨਾਤਨੀ ਰਹੱਸਵਾਦ ਨਾਲੋਂ ਵੱਖਰਾ ਹੈ। ਸਨਾਤਨੀ ਹੋਰ ਸੰਵਾਦ ਵਿਚ ਮਨੁੱਖ ਖਾਲੀ ਹੱਥ ਆਉਂਦਾ ਹੈ ਅਤੇ ਖ਼ਾਲੀ ਹੱਥ ਜਾਂਦਾ ਹੈ। ਪਰ ਅਜੋਕੇ ਵਿਸ਼ਵ ਵਿਚੋਂ ਉਪਜਿਆ ਰਹੱਸਵਾਦ ਸਨਾਤਨੀ ਰਹੱਸਵਾਦ ਦੇ ਵਿਪਰੀਤ ਹੈ। ਅਜੋਕੇ ਪਦਾਰਥਕ ਜੀਵਨ ਵਿਚ ਮਨੁੱਖ ਇਕੱਲਤਾ ਦਾ ਸ਼ਿਕਾਰ ਹੋਇਆ ਹੈ। ਉਹ ਆਪਣੀ ਮਰਜ਼ੀ ਦਾ ਜੀਵਨ ਪਦਾਰਥਕ ਸੰਸਾਰ ਵਿਚ ਨਹੀਂ ਜੀਅ ਸਕਦਾ। ਉਹ ਇਸ ਪਦਾਰਥਕ ਸੰਸਾਰ ਵਿਚ ਇਕੱਲਤਾ ਦਾ ਜੀਵਨ ਜੀਉਂਦਾ ਹੈ। ਇਸ ਲਈ ਉਹ ਜੀਵਨ ਦੀਆਂ ਸਾਰੀਆਂ ਇੱਛਾਵਾਂ, ਸੰਦਰਭ, ਸਮਗਰੀ ਅਤੇ ਸੀਮਾ ਸੰਭਾਵਨਾਵਾਂ ਨਾਲ ਲੈ ਕੇ ਮਰਦਾ ਹੈ। ਖ਼ਾਲੀ ਹੱਥ ਨਹੀਂ ਜਾਂਦਾ ਸਗੋਂ ਖ਼ਾਲੀ ਘੱਟ ਅਤੇ ਵਧੇਰੇ ਮਨ 'ਤੇ ਬੋਝ ਲੈ ਕੇ ਮਰਦਾ ਹੈ। ਜਿਸ ਤਰ੍ਹਾਂ ਪਦਾਰਥ ਵਿਕਾਸ ਅਧੀਨ ਦੁਨੀਆ ਦੇ ਸਾਗਰ ਵਿਚ ਇਕੱਲਤਾ ਫੈਲੀ ਹੈ। ਇਸ ਦਾ ਅਸਰ ਕੁਦਰਤੀ ਸੋਮਿਆਂ 'ਤੇ ਵੀ ਬਰਾਬਰ ਪੈਂਦਾ ਹੈ। ਜਿਵੇਂ ਦੁਨੀਆ ਵਿਚ ਚੁੱਪ ਛਾਈ ਹੋਈ ਹੈ, ਇਸੇ ਤਰ੍ਹਾਂ ਕੁਦਰਤੀ ਜਲ ਸਾਗਰ ਵਿਚ ਵੀ ਚੁੱਪ ਛਾਈ ਹੋਈ ਹੈ। ਕੁਦਰਤੀ ਜਲ ਸਾਗਰ ਦੀ ਹਰ ਬੂੰਦ ਆਪਣੇ ਆਪ ਨੂੰ ਸਾਗਰ ਸਮਝਦੀ ਹੈ। ਹਰ ਮੱਛੀ ਹਰ ਸਮੁੰਦਰੀ ਜੀਵ ਦੀ ਆਪਣੀ ਦੁਨੀਆ ਹੈ। ਆਪਣੀ ਹਸਤੀ ਹੈ ਜੋ ਸਾਗਰ ਦੇ ਵਿਪਰੀਤ ਹੈ। ਭਾਵ ਸਾਗਰ ਦਾ ਜੀਵਨ ਹੀ ਸਾਗਰ ਦੇ ਵਿਪਰੀਤ ਹੈ। ਹਰ ਜੀਵ ਆਪਣਾ ਖ਼ੁਦਾ ਆਪ ਹੀ ਬਣਿਆਂ ਬੈਠਾ ਹੈ। ਕੁਦਰਤੀ ਸਾਗਰ ਆਪਣੇ ਆਪ ਵਿਚ ਥਲ ਹੋ ਚੁੱਕਾ ਹੈ। ਜਿਵੇਂ ਪਦਾਰਥਕ ਵਿਕਾਸ ਦੇ ਚੜ੍ਹਦੇ ਸੂਰਜ ਨੇ

ਹਰ ਮਿੱਟੀ ਦੇ ਘਰ ਵਿੱਚ ਹਨ੍ਹੇਰਾ ਕਰ ਦਿੱਤਾ ਹੈ। ਲਹੂ ਮਾਸ ਦੇ ਲੋਕ ਸ਼ੀਸ਼ੇ ਦੇ ਲੋਕਾਂ ਵਿਚ ਰੂਪਾਂਤਰ ਹੋ ਗਏ ਹਨ। ਪਦਾਰਥਕ ਵਿਕਾਸ ਅਧੀਨ ਦੁਨੀਆ ਸ਼ਮਸ਼ਾਨ ਦਾ ਰੂਪ ਧਾਰਨ ਕਰ ਗਈ ਹੈ। ਸਮੁੰਦਰ ਥਲ 'ਚ ਬਦਲ ਗਿਆ ਹੈ। ਜੀਵਨ ਚੋਂ ਜ਼ਿੰਦਗੀ, ਜ਼ਿੰਦਗੀ ਚੋਂ ਜੀਵਨ ਨੁਚੜ ਗਿਆ ਹੈ। ਅਜੋਕੇ ਮਨੁੱਖ ਦਾ ਸਵੈ ਰੂਪ ਉਸ ਦੀ ਸਿਰਜੀ ਹੋਈ ਦੁਨੀਆ ਚੋਂ ਅਲੋਪ ਹੋ ਗਿਆ ਹੈ। ਜਿਸ ਨੂੰ ਉਹ ਹੱਥਾਂ ਦੀਆਂ ਉਂਗਲਾਂ ਤੇ ਸ਼ੀਸ਼ੇ ਲਾ ਕੇ ਅਤੇ ਹੱਥਾਂ 'ਤੇ ਦਸਤਾਨੇ ਪਾ ਕੇ ਦਿਨੇ ਅੰਨ ਦੀ ਗੋਲੀ ਅਤੇ ਰਾਤ ਨੂੰ ਨੀਂਦਰ ਦੀ ਗੋਲ਼ੀ ਚੋਂ ਲੱਭ ਰਿਹਾ ਹੈ। ਜ਼ਿੰਦਗੀ ਦੇ ਜਿਸਮ 'ਤੇ ਪ੍ਰਸ਼ਨ ਚਿੰਨ੍ਹਾਂ ਦੀ ਸੂਲ਼ਾਂ ਵਰਗੀ ਫ਼ਸਲ ਉੱਗ ਆਈ ਹੈ। ਮਾਨਵੀ ਸੰਬੋਧਨੀ ਅਤੇ ਅਭਿਵਿਅਕਤੀਗਤ ਭਾਸ਼ਾ ਆਪਣੇ ਤੋਂ ਆਪਣਾ ਜਿਸਮ ਉਤਾਰ ਕੇ ਸ਼ਬਦਾਂ ਤੇ ਅਰਥਾਂ ਦਾ ਨੰਗੇਜ਼ ਹੰਢਾ ਰਹੀ ਹੈ। ਜਿਵੇਂ ਮਨੁੱਖੀ ਬੋਧ, ਮਨੁੱਖ ਦੀ ਪੈਰਾਂ ਹੇਠਲੀ ਮਿੱਟੀ ਦਾ ਮਰੀਅਲ ਪਰ ਤਸੱਲੀਬਖਸ਼ ਹਾਸਾ ਜੀਅ ਲਿਆ ਹੋਵੇ। ਇਸ ਸਵਾਲ ਦੇ ਉੱਤਰ ਵਿੱਚ ਕਿ ਮਨੁੱਖ ਦੀ ਸੱਚ ਕਿੱਥੇ ਗੁਆਚ ਗਿਆ ਹੈ। ਇਸ ਸੰਦਰਭ ਵਿਚ ਮਨੁੱਖ ਨੇ ਸ਼ਬਦਾਂ ਰੂਪੀ ਇਨ੍ਹਾਂ ਅਨੁਭਵਾਂ ਨੂੰ ਆਪਣੇ ਪੋਟਿਆਂ ਨਾਲ ਮਹਿਸੂਸ ਕੀਤਾ ਹੈ। ਪਰ ਮਨੁੱਖ ਨੂੰ ਇਸ ਵਿਚੋਂ ਇਕੋ ਜਿਹੇ ਵਖਰੇਵੇਂ ਤੋਂ ਬਿਨਾਂ ਕੁੱਝ ਵੀ ਨਜ਼ਰ ਨਹੀਂ ਆਇਆ। ਉਹ ਆਪ ਵੀ ਆਪਣੇ ਪੈਰਾਂ ਦੀ ਮਿੱਟੀ ਵਾਂਗ ਹੋਂਦ ਰਹਿਤ ਹੈ। ਨਾ ਸ਼ੀਸ਼ੇ ਦੀ ਹੋਂਦ ਹੈ ਨਾ ਚਿਹਰੇ ਦੀ ਹੋਂਦ ਹੈ। ਦੋਵੇਂ ਹੋਂਦ ਰਹਿਤ ਹਨ ਅਤੇ ਦੋਵੇਂ ਆਪਣੀ ਹੋਂਦ ਦੀ ਤਲਾਸ਼ ਵਿਚ ਭਟਕ ਰਹੇ ਹਨ। ਇਸ ਹੋਂਦ ਰਹਿਤ ਦਾ ਅਹਿਸਾਸ ਅਜੋਕੇ ਮਨੁੱਖ ਦੇ ਮੱਥੇ ਵਿਚ ਵਾਰ ਵਾਰ ਪੱਥਰ ਵਾਂਗ ਵਜਦਾ ਹੈ ਅਤੇ ਟੁਕੜੇ ਟੁਕੜੇ ਹੋ ਜਾਂਦਾ ਹੈ। ਇਹ ਵੇਖ ਕੇ ਮਨੁੱਖੀ ਸ਼ਨਾਖਤ ਦਾ ਸਾਗਰ ਸਹਿਰਾ ਹੋ ਗਿਆ ਹੈ। ਮਨੁੱਖ ਨੂੰ ਜਾਪਦਾ ਹੈ ਕਿ ਉਹ ਅੱਖੀਆਂ 'ਚ ਗੁਆਚੇ ਅੱਥਰੂ ਤੋਂ ਸਿਵਾ ਕੁਝ ਨਹੀਂ ਹੈ।

ਅਜੋਕਾ ਮਨੁੱਖ ਰੁੱਖ ਦਾ ਇਕ ਸੁੱਕਾ ਪੱਤਾ ਹੈ। ਜਿਸ ਦੀ ਉਮਰ ਪੂੰਜੀਵਾਦੀ ਰੁੱਤਾਂ ਆਪਣੇ ਪੈਰੀਂ ਬੰਨ੍ਹੀ ਹੈ। ਮਨੁੱਖ ਦਾ ਦੁਖਾਂਤ ਹੈ ਕਿ ਪਦਾਰਥਵਾਦੀ ਸੋਚ 'ਚ ਮਨੁੱਖ ਨੂੰ ਆਪਣੀ ਆਵਾਜ਼ ਨਹੀਂ ਸੁਣਾਈ ਦਿੰਦੀ। ਮਨੁੱਖ ਨੂੰ ਇੰਜ ਲਗਦਾ ਹੈ ਕਿ ਨੱਕ ਦੀ ਸੇਧੇ ਤੁਰਨਾ ਵੀ ਪਦਾਰਥ ਵਿਕਾਸ ਦੀਆਂ ਘੁੰਮਣ ਘੇਰੀਆਂ ਹਨ। ਮਨੁੱਖ ਇਸ ਪਦਾਰਥ ਢਾਂਚੇ 'ਚ ਇੱਟਾਂ ਦੀ ਤਰ੍ਹਾਂ ਇਕ ਦੀਵਾਰ 'ਚ ਚਿਣਿਆ ਗਿਆ ਹੈ। ਸਾਰੇ ਵਿਸ਼ਵ ਦੇ ਮੋਢੇ 'ਤੇ ਸੱਚ, ਸੁੰਦਰਤਾ ਅਤੇ ਕਲਿਆਣ ਦਾ ਖ਼ਾਲੀ ਤਰਕਸ਼ ਲਟਕ ਰਿਹਾ ਹੈ। ਮਨੁੱਖ ਚੇਤਨ ਅਤੇ ਜਗਿਆਸੂ ਹੁੰਦਾ ਹੋਇਆ ਵੀ ਆਪਣੇ ਸਵੈ ਨਿੱਘ ਤੋਂ ਮਹਿਰੂਮ ਹੈ। ਜ਼ਿੰਦਗੀ ਜਿਉਣ ਤੋਂ ਬਿਨਾਂ ਮਨੁੱਖ ਜੀਅ ਅਤੇ ਮਰ ਰਿਹਾ ਹੈ।

18ਵੀਂ ਸਦੀ ਵਿਚ ਆਧੁਨਿਕਤਾ ਦਾ ਮੁੱਢ ਬੱਝਿਆ। ਜਿਸ ਦੀਆਂ ਯੋਜਨਾਵਾਂ 16ਵੀਂ ਸਦੀ ਵਿਚ ਮੁਕੰਮਲ ਕਰ ਲਈਆਂ ਗਈਆਂ ਸਨ। ਇਸ ਲਈ ਕਿਹਾ ਜਾ ਸਕਦਾ ਹੈ ਕਿ 16ਵੀਂ ਸਦੀ ਤੋਂ 18ਵੀਂ ਸਦੀ ਵਿਚਲੀ ਵਿਕਸਤ ਮਾਨਵੀ ਸੋਚ ਨੇ ਜੋ ਸਮਾਜਕ ਦਾਇਰੇ ਅਤੇ ਲੀਕਾਂ ਖਿਚੀਆਂ ਸਨ। ਉਹ ਅਜੋਕੇ ਜੀਵਨ ਦੇ ਅਨੁਕੂਲ ਨਹੀਂ ਸਨ। ਇਸ ਲਈ 19ਵੀਂ ਸਦੀ ਵਿਚ ਅਜੋਕੇ ਜੀਵਨ ਦੀ ਰੂਪ ਰੇਖਾ, ਆਧੁਨਿਕਤਾ ਦੇ

ਅਧਾਰ 'ਤੇ 19ਵੀਂ ਸਦੀ ਦੀ ਮਾਨਵੀ ਸੋਚ ਨੇ ਨਿਸਚਿਤ ਕੀਤੀ। ਇਸ ਸੋਚ ਨੇ ਆਧੁਨਿਕਤਾ ਦਾ ਵਿਸ਼ਾ ਪਦਾਰਥ ਨੂੰ ਮਿੱਥ ਕੇ ਬਹੁਤ ਵੱਡੀ ਗਲਤੀ ਕੀਤੀ ਸੀ। ਆਧੁਨਿਕਤਾ ਦਾ ਵਿਸ਼ਾ ਪਦਾਰਥਕ ਵਿਕਾਸ ਦੇ ਹੋਣ ਕਾਰਨ ਪੂੰਜੀਵਾਦੀ ਸੋਚ ਨੂੰ ਇਸ ਦਾ ਸਭ ਤੋਂ ਵੱਧ ਲਾਭ ਹੋਇਆ। ਜੋ ਅੱਜ ਸਪੱਸ਼ਟ ਰੂਪ ਵਿਚ ਵੇਖਣ ਵਿਚ ਆਉਂਦਾ ਹੈ। ਮਨੁੱਖ ਦਾ ਸਵੈ ਵਿਕਾਸ ਨਾ ਹੀ ਤਾਂ 13ਵੀ ਸਦੀ ਤੋਂ 18ਵੀ ਸਦੀ ਤਕ ਹੋਇਆ ਹੈ ਅਤੇ ਨਾ ਹੀ 18ਵੀਂ ਸਦੀ ਤੋਂ ਬਾਅਦ ਹੋਇਆ ਹੈ।

ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ ਨੇ ਪੂੰਜੀਵਾਦੀ ਅਜੋਕੇ ਵਰਗ ਨੂੰ ਇੰਨਾ ਸ਼ਕਤੀਸ਼ਾਲੀ ਤੇ ਸੱਤਾ ਪ੍ਰਧਾਨ ਕਰ ਦਿੱਤਾ ਹੈ ਕਿ ਉਹ ਹਵਾ ਦੀ ਪਿੱਠ 'ਤੇ ਬੈਠਾ ਈ ਹਵਾ ਦੀ ਗਤੀ ਤੋਂ ਅਸੰਤੁਸ਼ਟ ਹੈ ਅਤੇ ਅਜੋਕੀ ਜੀਵਨ ਚਾਲ ਦਾ ਵਿਦਰੋਹੀ ਹੈ। ਹਵਾ ਤੋਂ ਵੀ ਤੇਜ਼ ਦੌੜਨ ਦਾ ਉਹ ਆਦੀ ਹੋ ਗਿਆ ਹੈ। ਉਹ ਸੋਚਦਾ ਹੈ ਕਿ ਭਵਿੱਖ ਉਸ ਦੇ ਕਦਮਬੋਸੀ ਲਈ ਤ੍ਰਿਹਾਇਆ ਹੈ। ਮਨੁੱਖ ਭਵਿੱਖ 'ਤੇ ਕਬਜ਼ਾ ਚਾਹੁੰਦਾ ਹੈ। ਪਦਾਰਥਕ ਪ੍ਰਾਪਤੀਆਂ ਦੇ ਮਾਧਿਅਮ ਸਾਧਨਾਂ ਰਾਹੀਂ ਆਪਣੀਆਂ ਪ੍ਰਾਪਤੀਆਂ ਦੁਆਰਾ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰ ਰਿਹਾ ਹੈ।

ਅਜੋਕੀ ਪੂੰਜੀਵਾਦੀ ਸੋਚ ਨੇ ਲਹੂ ਮਾਸ ਦੀ ਸਿਰਜਣਾਤਮਕ ਕਿਰਿਆ ਤੋਂ ਸਾਰੀ ਦੀ ਸਾਰੀ ਬਨਾਸਪਤੀ ਪਲਾਸਟਿਕ ਬਨਾਸਪਤੀ ਵਿਚ ਬਦਲ ਦਿੱਤੀ ਹੈ। ਜਿਸ ਦਾ ਮਨੁੱਖੀ ਜੀਵਨ 'ਤੇ ਪ੍ਰਭਾਵ ਪਿਆ, ਜਿਸ ਨਾਲ ਮਨੁੱਖੀ ਜੀਵਨ ਤੇ ਸਮਾਜ ਦੀ ਰੂਪ ਰੇਖਾ ਹੀ ਬਦਲ ਗਈ। ਇਹ ਪ੍ਰਭਾਵ ਸਮਾਜਕ ਸੂਖਮ ਕਲਾਵਾਂ ਨੇ ਵੀ ਕਬੂਲਿਆ ਹੈ। ਜਿਸ ਅਧੀਨ ਅਜੋਕੀ ਪੂੰਜੀਵਾਦੀ ਸੋਚ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਅਰਸਤੂ ਦਾ ਕਾਵਿ-ਸ਼ਾਸਤਰ ਅਜੋਕੇ ਵਿਗਿਆਨਕ ਅਨੁਭਵ ਤੋਂ ਬਹੁਤ ਪਿੱਛੇ ਰਹਿ ਗਿਆ ਹੈ। ਕਿਉਂਕਿ ਅਜੋਕੇ ਸਮਾਜ ਵਿਚ ਸਾਹਿਤ ਉਸ ਸਮਾਜ ਦੀ ਨਕਲ ਨਹੀਂ, ਜਿਸ ਸਮਾਜ ਦਾ ਪ੍ਰਤੀਬਿੰਬ ਅਰਸਤੂ ਸਾਹਿਤ ਸ਼ਾਸਤਰ ਪੇਸ਼ ਕਰਦਾ ਹੈ। ਅਰਸਤੂ ਦਾ ਸਮਾਜ ਲਹੂ ਮਾਸ ਦਾ ਸੀ। ਅਜੋਕਾ ਸਮਾਜ ਪਲਾਸਟਕ ਦਾ ਹੈ ਪਦਾਰਥ ਦਾ ਹੈ। ਜਿੱਥੇ ਪੂੰਜੀਵਾਦੀ ਸੋਚ ਨੇ ਸਾਹਿਤ ਜਿਹੀ ਸੂਖਮ ਪ੍ਰਵਿਰਤੀ ਨੂੰ ਕੋਹਜਾ ਕੀਤਾ ਹੈ। ਉੱਥੇ ਉਸ ਨੇ ਵਿਗਿਆਨਕ ਵਿਕਾਸ ਅਧੀਨ ਮਨੁੱਖੀ ਮੌਜੂਦਗੀ ਦੀ ਪਹਿਚਾਣ ਪ੍ਰਤੀ ਵੀ ਸਵਾਲ ਖੜ੍ਹੇ ਕੀਤੇ ਹਨ।

ਅਜੋਕਾ ਮਨੁੱਖ ਆਪਣੀ ਦੇਹ ਵਿਚਲੀ ਕਾਰਜ ਪ੍ਰਣਾਲੀ ਨੂੰ Screen ਤੇ ਆਪਣੀਆਂ ਅੱਖਾਂ ਨਾਲ ਵੇਖ ਸਕਦਾ ਹੈ। ਆਪਣੇ ਹੱਥੀਂ ਟੋਹ ਸਕਦਾ ਹੈ। ਇਸ ਲਈ ਮਨੁੱਖ ਨੂੰ ਆਪਣੇ ਸਵੈ ਦੀ ਭਾਲ ਦੀ ਖੋਜ ਦੀ ਲੋੜ ਨਹੀਂ। ਮਨੁੱਖ ਆਪਣੀ ਦੇਹ ਵਿਚ ਵਗ ਰਹੀ ਕੰਢੇ ਰਹਿਤ ਈਸ਼ਵਰੀ ਅਨੰਦਤਾ ਨੂੰ ਪਲਾਸਟਕ ਦੀ ਜੀਭ ਨਾਲ ਚੱਖ ਸਕਦਾ ਹੈ। ਮਨੁੱਖ ਨੇ ਅਨੁਭਵਸ਼ੀਲਤਾ ਨੂੰ ਅਨੁਭਵ ਰਹਿਤ ਸਾਧਨਾ ਰਾਹੀਂ ਅਨੁਭਵ ਕਰਨ ਦਾ ਜਤਨ ਕੀਤਾ ਹੈ। ਭਾਵ ਅਸਲੀਅਤ ਦੀ ਪਰਖ ਬਣਾਵਟੀਪਣ ਦੀ ਘਸਵੱਟੀ 'ਤੇ ਪਰਖਣ ਦਾ ਯਤਨ ਕੀਤਾ ਹੈ। ਇਹ ਕਿੱਥੋਂ ਤਕ ਸੰਭਵ ਹੈ ਸਮਾਂ ਹੀ ਦਸੇਗਾ? ਇਥੋਂ ਤਕ ਕਿ ਪਲਾਸਟਕ ਦੇ ਦਿਲ ਅਤੇ ਜ਼ਿਹਨ ਵਿਚੋਂ ਉੱਠੇ ਉਬਾਲਾਂ ਨੂੰ ਪੂੰਜੀਵਾਦੀ ਸੋਚ

ਅਨੁਸਾਰ ਕਾਵਿਕ ਅਤੇ ਲਿਖਤੀ ਰੂਪ ਵਿਚ ਦਿਤਾ ਜਾ ਸਕਦਾ ਹੈ। ਇਹ ਵੀ ਪੂੰਜੀਵਾਦੀ ਸੋਚ ਦੀ ਮਨੁੱਖੀ ਸ਼ਨਾਖਤ ਦੀ ਬਹਾਲੀ ਵਿਰੁਧ ਸੋਚੀ ਸਮਝੀ ਸੋਚ ਹੈ। ਪਦਾਰਥਕ ਵਿਕਾਸ ਨੇ ਮਨੁੱਖ ਦੇ ਅੰਦਰ ਇਕ ਕੰਡਿਆਲਾ ਜੰਗਲ ਬੀਜ ਦਿੱਤਾ ਹੈ। ਜ਼ਿੰਦਗੀ ਦੇ ਮਿੱਧਣ ਲਈ ਅਤੇ ਮਨੁੱਖੀ ਨਜ਼ਰ ਨੂੰ ਡੰਗਣ ਲਈ। ਮਨੁੱਖੀ ਦਿਸਹੱਦਿਆਂ ਤੇ ਬੇ-ਬਹਾਰਾ ਕੈਕਟਸ ਉੱਗ ਆਇਆ ਹੈ। ਜਿਸ ਕਾਰਨ ਮਨੁੱਖ ਅਤੇ ਮਾਨਵਤਾ ਵਿਚ ਇਕਾਈ ਦੀ ਨਦੀ ਸੁੱਕ ਗਈ ਹੈ। ਮਨੁੱਖੀ ਨਜ਼ਰ ਪਾਟ ਗਈ ਹੈ। ਮਨੁੱਖੀ ਦੇਹ ਦਾ ਵਾਸ਼ਪੀਕਰਨ ਹੋ ਗਿਆ ਹੈ। ਮਨੁੱਖੀ ਮਸਤਕ ਦੀ ਚੌਖਟ 'ਤੇ ਛਾਲਿਆਂ ਵਰਗਾ ਇਕ ਸ਼ਹਿਰ ਜਿਹਾ ਵਸ ਗਿਆ ਹੈ। ਵਿਸ਼ਵ ਚੋਂ ਜਲ ਦੀ ਨੀਰਤਾ ਅਲੋਪ ਹੈ। ਦਰਿਆਵਾਂ ਦੀ ਮਿੱਟੀ ਦਾ ਜਿਸਮ ਪਾਪੜੀ ਪਾਪੜੀ ਹੋ ਗਿਆ ਹੈ। ਹਵਾ ਦੇ ਵੇਗ ਅਗਨ ਚੋਂ ਤੇਜ਼ ਮਨਫ਼ੀ ਹੈ। ਅਸਮਾਨ ਦਾ ਰੰਗ ਪੀਲਾ ਜ਼ਰਦ ਹੈ। ਧਰਤੀ ਆਪਣੀ ਮਹਿਕ ਭਾਲਦੀ ਆਪਣਾ ਹੀ ਜਿਸਮ ਫਿਰੋਲ ਰਹੀ ਹੈ। ਭਾਵ ਪਦਾਰਥਕ ਵਿਕਾਸ ਨੇ ਸਭ ਕੁੱਝ ਬੇਰੂਪੀਆ ਬਣਾ ਦਿੱਤਾ ਹੈ। ਸੂਝ ਗਤੀ ਦੇ ਤੇਜ਼ ਵਾ-ਵਰੋਲਿਆਂ ਸੰਗ ਮਨੁੱਖੀ ਦੇਹ ਦੇ ਅੰਗ ਭੁਲਾਵੇ ਅੱਖਰਾਂ ਵਾਂਗ ਬਿਖਰ ਗਏ ਹਨ। ਮਨੁੱਖ ਦਾ ਆਪਣਾ ਸੱਚ ਹੀ ਮਨੁੱਖ ਦੀ ਆਪਣੀ ਛਾਂ ਹੇਠ ਗੁਆਚ ਗਿਆ ਹੈ। ਪਦਾਰਥਵਾਦੀ ਸੋਚ ਵਰ੍ਹਿਆਂ ਦੇ ਗਜ਼ਾਂ ਨਾਲ ਚਾਨਣ ਦੀ ਉਮਰ ਮਾਪਦੀ ਹੈ ਅਤੇ ਅਰਥਾਂ ਨੂੰ ਸ਼ਬਦਾਂ ਦੇ ਤਰਾਜ਼ੂ 'ਚ ਤੋਲਦੀ ਹੈ। ਇਹ ਮਨੁੱਖ ਦਾ ਦੁਖਾਂਤ ਹੈ। ਮਨੁੱਖੀ ਸੁਰਤ ਦੇ ਪੈਰਾਂ ਹੇਠ ਇਹ ਕਿਹੋ ਜਿਹਾ ਸਫ਼ਰ ਹੈ ਕਿ ਮਨੁੱਖ ਦੀ ਰੀੜ ਹੱਡੀ ਮਨੁੱਖੀ ਦੇਹ ਵਿਚ ਵਗਦੇ ਲਹੂ ਤੋਂ ਅਣਜਾਣ ਹੈ। ਉਸ ਨੂੰ ਆਪਣੇ ਹੀ ਚਿਹਰੇ ਦੀ ਪਹਿਚਾਣ ਨਹੀਂ । ਮਨੁੱਖ ਨੇ ਜਿਸ ਘਰ ਵਿਚ ਆਪਣੀ ਉਮਰ ਗੁਜ਼ਾਰੀ ਹੈ, ਉਸ ਘਰ ਦਾ ਬੂਹਾ, ਵਿਹੜਾ, ਕੰਧਾਂ, ਛੱਤਾਂ, ਖਿੜਕੀਆਂ ਰੌਸ਼ਨਦਾਨ ਮਨੁੱਖ ਨੂੰ ਪਹਿਚਾਣਦੇ ਨਹੀਂ। ਸੁਰਤੀ ਅਸੁਰਤ ਹੈ ਆਪਣੀ ਹੀ ਪਹਿਚਾਣ ਤੋਂ ਲਫ਼ਜ਼ ਨੂੰ ਆਪਣੀ ਜ਼ੁਬਾਨ ਦਾ ਪਤਾ ਨਹੀਂ, ਲਹੂ ਨੂੰ ਆਪਣੇ ਰੰਗ ਦਾ ਪਤਾ ਨਹੀਂ। ਇਹ ਮਨੁੱਖੀ ਸ਼ਨਾਖਤਹੀਣਤਾ ਨੂੰ ਜਨਮ ਦੇਣ ਵਾਲਾ ਪਦਾਰਥਕ ਵਿਕਾਸ ਹੈ। ਜਿਸ ਕਾਰਨ ਮਨੁੱਖਾ ਜੀਵਨ ਵਿਚ ਅਜਨਬੀਪਣ ਨਫ਼ਰਤ, ਈਰਖਾ ਤੇ ਵੈਰ-ਵਿਰੋਧ ਦੀ ਭੀੜ ਹੈ।

ਜਦ ਵਿਗਿਆਨਕ ਪ੍ਰਾਪਤੀਆਂ ਦੇ ਪ੍ਰਯੋਗ ਲਈ ਸਮੁੰਦਰ ਉਛਾਲਿਆ ਜਾਂਦਾ ਹੈ ਤਾਂ ਮੱਛੀਆਂ ਨੂੰ ਜੀਵਨ ਦੇ ਅਰਥ ਸਮਝ ਆਉਂਦੇ ਹਨ। ਜਦ ਕਿਸੇ ਪ੍ਰਾਪਤੀ ਲਈ ਸਮੁੰਦਰ ਨੂੰ ਰਿੜਕਿਆ ਜਾਂਦਾ ਹੈ ਤਾਂ ਮੱਛੀਆਂ ਨੂੰ ਆਪਣੇ ਜੀਵਨ ਚੋਂ ਮੌਤ ਦੀ ਬੂ ਆਉਂਦੀ ਹੈ। ਜਦ ਕਿਸੇ ਪ੍ਰਾਪਤੀ ਲਈ ਸਮੁੰਦਰ ਦਾ ਵਾਸ਼ਪੀਕਰਨ ਹੁੰਦਾ ਹੈ ਤਾਂ ਜੀਵਨ ਨਦੀ ਦੇ ਕੰਢੇ ਮਾਨਵੀ ਨਸਲ ਦੀਆਂ ਲਾਸ਼ਾਂ ਜ਼ਰਿਆਂ ਵਾਂਗ ਖਿਲਰੀਆਂ ਮਿਲਦੀਆਂ ਹਨ। ਸਮੁੰਦਰ ਜਦ ਹੱਥਾਂ ਦੀਆਂ ਤਲ਼ੀਆਂ 'ਤੇ ਵਗਦਾ ਹੈ ਤਾਂ ਮਨੁੱਖ ਲਈ ਜੀਵਨ ਨਹੀਂ ਮੌਤ ਉਗਲਦਾ ਹੈ। ਵਿਸ਼ਵ ਸਮੁੰਦਰ ਸ਼ਾਇਦ ਇਨ੍ਹਾਂ ਚੌਹਾਂ ਪੜਾਵਾਂ ਚੋਂ ਗੁਜ਼ਰਦਾ ਹੈ। ਫਿਰ ਅਜੋਕੀ ਵਿਸ਼ਵ ਚੇਤਨਾ ਦੀ ਸੋਚ ਵਿਚ ਤਬਦੀਲੀ ਆਉਂਦੀ ਹੈ। ਸਮਾਂ ਦੂਰ ਨਹੀਂ ਜਦੋਂ ਪੂੰਜੀਵਾਦੀ ਸੋਚ ਜਿਸ ਨੇ ਮਾਨਵਤਾ ਦੇ ਮੱਥੇ ਬਲ਼ਦੀਆਂ ਸਿਗਰਟਾਂ ਬੁਝਾਈਆਂ ਹਨ

ਅਤੇ ਮਾਨਵਤਾ ਦੀ ਜੀਭ 'ਤੇ ਛਾਲਿਆਂ ਦੀ ਪੈਂਤੀ ਅੱਖਰੀ ਝਰੀਟੀ ਹੈ। ਲੋਕ ਕਚਿਹਰੀ 'ਚ ਖੜ੍ਹੀ ਹੋਵੇਗੀ ਅਤੇ ਆਪਣੇ ਲਾਭ ਲਈ ਕਣਕ, ਖੁੰਭਾਂ ਤੇ ਆਡਿਆਂ ਦੀਆਂ ਫ਼ਸਲਾਂ ਜਿਸ ਆਪਣੀ ਪ੍ਰਯੋਗਸ਼ਾਲਾ ਦੀ ਟਿਊਬੀ ਧਰਤੀ 'ਤੇ ਬੀਜੀਆਂ ਹਨ। ਗੋਲ਼ੀਆਂ 'ਚ ਬੰਦ ਕਰਕੇ ਵਕਤ ਤੇ ਲੋਕਾਂ ਨੂੰ ਉਨ੍ਹਾਂ ਦੀ ਊਰਜਾ ਦੇ ਭਾਅ ਦਿੱਤੀਆਂ ਹਨ। ਉਸ ਦਾ ਹਿਸਾਬ ਚੁਕਾਣਾ ਪਏਗਾ।

ਪਲਾਸਟਕ ਗਰਭ ਚੋਂ ਜਨਮਿਆ ਧਰਤੀ ਦਾ ਕਲਾਤਮਕ ਚਿਹਰਾ ਜੋ ਲਹੂ ਮਾਸ ਦੇ ਹੱਡਾਂ ਦਾ ਮਹਾਨ ਖੋਜੀ ਪਲਾਸਟਕ ਦੇ ਅੰਗਾਂ ਅਤੇ ਰਿਸ਼ਤਿਆਂ 'ਚ ਘਿਰਿਆ ਅਰਧ ਪਲਾਸਟਕ ਦਾ ਅਜੋਕਾ ਮਨੁੱਖ ਹੈ। ਜੀ ਰਿਹਾ ਹੈ ਉਮਰ ਤੇ ਮੌਤ ਮਨਫੀ ਹੈ ਜਿਸ ਚੋਂ। ਜਿਸ ਦੀ ਦੇਹ ਹਵਾ ਪਾਣੀ ਅਗਨ ਅਕਾਸ਼ ਧਰਤ ਦੇ ਅਸਰ ਤੋਂ ਮੁਕਤ ਹੈ। ਜੋ ਪਲਾਸਟਕ ਦੀ ਪ੍ਰਕਿਰਤੀ 'ਚ ਵਿਚਰਦਾ ਆਪਣੇ ਕਰਮ ਫਲ ਤੋਂ ਸੰਤੁਸ਼ਟ ਹੈ। ਪੂੰਜੀਵਾਦੀ ਸੋਚ ਦਾ ਪ੍ਰਤੀਕ ਹੈ। ਪੂੰਜੀਵਾਦੀ ਸੋਚ ਨੇ ਆਪਣੇ ਕਾਮ ਫਲਾਂ ਦੀ ਤ੍ਰਿਪਤੀ ਲਈ ਧਰਤੀ ਦਾ ਇਹ ਕਲਾਤਮਕ ਚਿਹਰਾ ਅਤੇ ਆਪਣੀ ਸੋਚ ਦਾ ਪ੍ਰਤੀਕ ਖੋਪਰੀਆਂ 'ਚ ਉੱਗੇ ਨਜ਼ਰ 'ਚ ਫੈਲੇ ਪਲਾਸਟਕ ਦੇ ਜੰਗਲ ਵਿਚ ਛੱਡ ਦਿੱਤਾ ਹੈ। ਤਾਂ ਕਿ ਉਹ ਪਦਾਰਥਕ ਪ੍ਰਾਪਤੀਆਂ ਦੇ ਅਰਥ ਨੂੰ ਸਮਝ ਸਕੇ ਅਤੇ ਲਹੂ ਮਾਸ ਤੋਂ ਅਰਧ ਪਲਾਸਟਕ ਮਨੁੱਖ ਦੀ ਸਿਰਜਣਾ ਤਕ ਦਾ ਸਫਰ ਅਭਿਆਸ ਸਕੇ। ਇਹ ਇਤਿਹਾਸਕ ਅਭਿਆਸ ਦਾ ਖਜ਼ਾਨਾ ਪੂੰਜੀਵਾਦੀ ਸੋਚ ਭਵਿੱਖ ਨੂੰ ਭੇਟ ਕਰਨਾ ਚਾਹੁੰਦੀ ਹੈ। ਤਾਂ ਕਿ ਭਵਿਖ ਪੂੰਜੀਵਾਦੀ ਸੋਚ ਦੀਆਂ ਪਦਾਰਥਕ ਪ੍ਰਾਪਤੀਆਂ ਅਤੇ ਸੰਘਰਸ਼ ਨੂੰ ਜੀਵਨ ਦੀ ਜਾਇਜ ਲੋੜ ਗਰਦਾਨ ਸਕੇ ਅਤੇ ਪੂੰਜੀਵਾਦੀ ਸੋਚ ਦਾ ਰਿਣੀ ਰਹਿ ਸਕੇ। ਉਸ ਦੀ ਨਿਰੰਤਰਤਾ ਨੂੰ ਗਤੀਸ਼ੀਲ ਅਤੇ ਸੁਰਕਸ਼ਾ ਨੂੰ ਕਾਇਮ ਰਖ ਸਕੇ।

ਲੋਕਾਂ ਨੂੰ ਪੂੰਜੀਵਾਦੀ ਸੋਚ ਤੋਂ ਇਕ ਕਦਮ ਅੱਗੇ ਨਿਕਲਣਾ ਪਏਗਾ। ਤਾਂ ਕਿ ਜਦੋਂ ਵਿਸ਼ਵ ਘਰ ਚੋਂ ਪੂੰਜੀਵਾਦੀ ਸੋਚ ਦੀ ਤਸਵੀਰ ਉਤਾਰੀ ਜਾਵੇ ਤਾਂ ਉਸ ਵਿਸ਼ਵਘਰ ਦੀ ਸਮਗਰੀ ਅਤੇ ਕਾਰਜ ਪ੍ਰਣਾਲੀ ਨੂੰ ਲੋਕ ਲੋਕਤਾ ਅਨੁਸਾਰ ਊਰਜਾ ਅਨੁਸ਼ਾਸ਼ਣ ਦੇ ਸਕਣ, ਜੋ ਪਦਾਰਥ ਅਤੇ ਮਨੁੱਖੀ ਵਿਕਾਸ ਵਿਚ ਸੰਤੁਲਨ ਕਾਇਮ ਰਖ ਸਕੇ। ਕਿਉਂਕਿ ਖ਼ਾਲੀ ਘਰ ਖੁਦ ਨੂੰ ਤੇ ਲੋਕਾਂ ਨੂੰ ਮੁਖਾਤਿਬ ਹੋਵਾਗਾ। ਆਖੇਗਾ ਕਮਰਿਆਂ ਦੀਆਂ ਗੋਲਾਈਆਂ 'ਚ ਵਸਦੀ ਹਯਾ ਨੰਗੇਜ਼ ਤੇ ਚੁੱਪ ਮੈਂ ਹਾਂ। ਨਜ਼ਰੀ ਰੁੱਤਾਂ ਦੀ ਨਿਮੋਸ਼ੀਆਂ 'ਚ ਘੁਲ਼ੀ ਤੇ ਵਸਦੀ ਪਾਕ ਮੁਸਕਰਾਹਟ ਮੈਂ ਹਾਂ। ਘਰ ਹੀ ਨਹੀਂ ਆਪਣੇ ਆਪ 'ਤੇ ਕੇਂਦਰਿਤ ਸ਼ਨਾਖਤੀ ਨਜ਼ਰ ਵੀ ਮੈਂ ਹੀ ਹਾਂ। ਸਰੀਰਕ ਮਾਨਸਿਕ ਖੰਡਿਤ-ਅਖੰਡਿਤ ਰੂਪ 'ਚ ਘਰ ਦੀ ਦੇਹ 'ਚ ਕੇਂਦਰਿਤ ਅੱਧਾ-ਪੌਣਾ ਜਾਂ ਸਾਲਮ ਤਾਂ ਨਹੀਂ ਜਿੰਨ੍ਹਾ ਵੀ ਹਾਂ ਅਸਲ ਸੱਚ ਮੈਂ ਹੀ ਹਾਂ। ਘਰ ਜੋ ਘਰ ਹੋਣ ਦਾ ਦੇਵਾਦਾਰ ਹੈ ਬੀਜ ਰੂਪ 'ਚ ਤੁਹਾਡੇ ਹਵਾਲੇ ਹੈ। ਘਰ ਰੂਹ ਚੋਂ ਦੇਹ ਲਈ ਲ਼ਾਲਾਂ ਸੁੱਟ ਰਿਹਾ ਹੈ।ਲ਼ਾਲਾਂ ਹਨ ਘਰ ਦੀ ਸਿਰਜਣਾ ਮਨੁੱਖੀ ਲਹੂ ਚੋਂ ਘਰ ਦੀ ਹੋਂਦ ਪ੍ਰਕਿਰਤੀ ਚੋਂ ਘਰ ਦਾ ਵੱਸਣ ਅਤੇ ਇਕਾਈ ਮਨੁੱਖਤਾ ਅਨੁਕੂਲ ਵਿਸ਼ਵ ਚੋਂ ਜਨਮਦੀ ਹੈ। ਮਨੁੱਖ ਦੀ ਅੱਖ ਚ ਪਦਾਰਥ ਪਦਾਰਥ ਦੀ

ਅੱਖ ਚ ਮਨੁੱਖ ਪਲੱਰਨਾ ਚਾਹੀਦਾ ਹੈ ਤਾਂ ਕਿ ਦੁਨੀਆ ਵਿਚ ਸੰਤੁਲਨ ਕਾਇਮ ਰਹਿ ਸਕੇ।

ਅਜੋਕਾ ਮਨੁੱਖ ਸਮੇਂ ਦੀ ਧੂੜ 'ਚ ਗੁੰਮ ਗਿਆ ਹੈ। ਮਨੁੱਖੀ ਹਸਤੀ ਦਾ ਸੂਰਜ ਡੁੱਬ ਗਿਆ ਹੈ। ਮਨੁੱਖਤਾ ਦਾ ਰੁੱਖ ਜੋ ਕਦੀ ਜੜ੍ਹਾਂ ਤੋਂ ਪੱਤਿਆਂ ਤਕ ਹਰਾ ਸੀ, ਉਹ ਬਾਹਰ ਤੋਂ ਅੰਦਰ ਤਕ ਸੁੱਕ ਗਿਆ ਹੈ। ਅਜੋਕੇ ਮਨੁੱਖ ਦੀ ਦਸ਼ਾ ਪਾਣੀ ਚੋਂ ਪਿਆਸ ਜਾਂ ਪਿਆਸ ਚੋਂ ਪਾਣੀ ਮਨਫੀ ਵਰਗੀ ਹੈ। ਕਦੀ ਮਨੁੱਖ ਰੂਹ ਦਾ ਅਰਥ ਸੀ, ਅੱਜ ਸ਼ਬਦਈ ਲਾਸ਼ ਵਾਂਗ ਇੰਨ-ਬਿੰਨ ਮਹਿਕ ਮਿਟੀ ਹੈ। ਮਨੁੱਖ ਨੇ ਆਪਣਾ ਹੀ ਚਿਹਰਾ ਝਰੀਟ ਲਿਆ ਹੈ ਸੁਰਤੀ ਤੋਂ ਅੰਗਾਂ ਤਕ ਬਿਖਰ ਗਿਆ ਹੈ। ਮਨੁੱਖ ਪਦਾਰਥਕ ਵਿਕਾਸ ਅਧੀਨ ਇੰਨ੍ਹਾ ਗਰਕ ਗਿਆ ਹੈ ਕਿ ਉਸ ਦਾ ਗਰਕਣਾ ਜੀਵਨ ਦੀ ਨਿਰੰਤਰਤਾ ਦਾ ਰੂਪ ਧਾਰਨ ਕਰ ਗਿਆ ਹੈ। ਮਨੁੱਖ ਆਪਣੀ ਵਾਸਤਵਿਕਤਾ ਅਤੇ ਮਾਨਸਿਕਤਾ ਵਿਚਕਾਰ ਉਮਰ ਦੀ ਲਾਂਅ 'ਤੇ ਲਟਕ ਰਿਹਾ ਹੈ। ਉਸ ਦਾ ਪੁਰਜਾ-ਪੁਰਜਾ ਹੋਇਆ ਹੋਇਆ ਜਿਸਮ ਸੂਰਜ ਦੀਆਂ ਅੱਖਾਂ 'ਚ ਹਵਾ ਵਾਂਗ ਖੜਕ ਰਿਹਾ ਹੈ। ਮਨੁੱਖ ਦੇ ਸਾਹਮਣੇ ਦਰਪਣ ਵੀ ਹੈ ਚਿਹਰਾ ਵੀ ਹੈ ਪਰ ਸ਼ੀਸ਼ੇ ਚੋਂ ਸ਼ੀਸ਼ੇ ਦੇ ਅਤੇ ਚਿਹਰੇ ਚੋਂ ਚਿਹਰੇ ਦੇ ਨਕਸ਼ ਗੁੰਮ ਹਨ।

ਅਜੋਕੇ ਮਨੁੱਖ ਦੇ ਅੱਗੇ ਚੁੱਪ ਉਜਾੜ ਪਸਰੀ ਪਈ ਹੈ, ਉਸ ਦੇ ਪਿੱਛੇ ਉਸ ਦੀ ਰਹਿ ਗਈ ਦੁਨੀਆ ਦਾ ਚਿਹਰਾ ਹੈ। ਮਨੁੱਖ ਦੇ ਸੱਜੇ ਖੱਬੇ ਯੁੱਗ ਵਿਚ ਪਿਘਲੇ ਲੋਹੇ ਦਾ ਦਰਿਆ ਵਗ ਰਿਹਾ ਹੈ। ਮਨੁੱਖ ਇਸ ਹਾਲਤ ਵਿਚ ਮੌਤ ਦੇ ਅਰਥ ਬਦਲ ਕੇ ਜੀਅ ਰਿਹਾ ਹੈ। ਪਦਾਰਥਕ ਕੋਹੜ ਦੀ ਸੋਚ ਹੰਢਾ ਰਿਹਾ ਹੈ। ਜਿਸ ਮਨੁੱਖ ਦੇ ਕਦਮ ਰੌਣਕਾਂ ਦੇ ਮੁਕੱਦਸ ਤਖ਼ਤ ਸੀ ਅਤੇ ਜਿਸ ਦੇ ਆਸਣ ਵਿਚ ਸੂਰਜਾਂ ਦੀ ਕੁੱਖ ਦਾ ਵਾਸਾ ਸੀ। ਅਜੋਕੇ ਵਿਸ਼ਵ ਵਿਚ ਪਦਾਰਥ ਦੀ ਬੁੱਕਲ ਵਿਚ ਘਿਰਿਆ ਹਨ੍ਹੇਰਾ ਜੀਅ ਰਿਹਾ ਹੈ। ਫਿਰ ਵੀ ਮਨੁੱਖ ਹਨ੍ਹੇਰੇ ਨੂੰ ਚਣੌਤੀ ਦੇ ਰਿਹਾ ਹੈ ਕਿ ਹਨ੍ਹੇਰੇ ਮਿੱਧਣੇ ਮਨੁੱਖੀ ਪੈਰਾਂ ਦਾ ਸੁਭਾਅ ਹੈ। ਮੰਗਲ ਬੀਜਣੇ ਉਸ ਦੀ ਇਤਿਹਾਸਕ ਪ੍ਰਤਿਗਿਆ ਹੈ। ਉਸ ਦੀ ਅੱਖ ਵਿਚ ਧਰਤੀ ਹੀ ਅੰਬਰ ਹੈ ਅਤੇ ਬੰਦਾ ਹੀ ਬੰਦੇ ਦਾ ਰੱਬ ਹੈ। ਮਨੁੱਖ ਆਪਣੀ ਤਫਰੀਹ ਲਈ ਘਰੋਂ ਨਿਕਲਦਾ ਹੈ ਤਾਂ ਉਸ ਦੇ ਚਿਹਰੇ 'ਤੇ ਖੁਸ਼ੀ ਦੀ ਪ੍ਰਾਪਤੀ ਦੀ ਤਾਂਘ ਹੁੰਦੀ ਹੈ। ਪਰ ਜਦੋਂ ਉਹ ਵਾਪਿਸ ਪਰਤਦਾ ਹੈ ਤਾਂ ਉਹ ਚੁੱਪ ਉਦਾਸ, ਉਹਦੇ ਚਿਹਰੇ 'ਤੇ ਖੁਸ਼ੀ ਦੀ ਥਾਂ ਗ਼ਮੀ ਹੁੰਦੀ ਹੈ। ਉਸ ਚੋਂ ਮਸੂਮੀਅਤ ਅਤੇ ਭੋਲਾਪਣ ਅਲੋਪ ਹੁੰਦਾ ਹੈ। ਉਸ ਵਿਚਲੀ ਮਹਿਕ ਗੁਆਚ ਗਈ ਲਗਦੀ ਹੈ ਕਿਉਂਕਿ ਬਾਹਰਲੀ ਦੁਨੀਆ ਅੰਦਰਲੀ ਦੁਨੀਆ ਤੋਂ ਵੱਖਰੀ ਹੈ। ਅੰਦਰਲੀ ਦੁਨੀਆ ਫੁੱਲਾਂ ਦੀ ਹੈ। ਬਾਹਰ ਪੱਥਰ ਦੇ ਸ਼ਹਿਰ-ਸੜਕਾਂ ਘਰ-ਬੂਹੇ-ਬਾਰੀਆਂ ਸਭ ਪੱਥਰ ਹੈ। ਪੱਥਰ ਦੇ ਲੋਕ, ਪੱਥਰ ਦਾ ਹਾਸਾ ਹੱਸਦੇ, ਪੱਥਰ ਦੇ ਹੰਝੂ ਕੇਰਦੇ ਪੱਥਰ ਦੇ ਬੋਲ ਸੁਣਦੇ ਤੇ ਬੋਲਦੇ ਹਨ। ਪੱਥਰ ਦੀ ਚੁੱਪ-ਸ਼ੋਰ, ਕੁਦਰਤ-ਕਾਦਰ, ਚਿੜੀਆਂ, ਤੋਤੇ, ਘੁੱਗੀਆਂ, ਮੋਰ ਸਭ ਕੁੱਝ ਨਕਲੀ ਅਤੇ ਬਨਾਵਟੀ ਹਨ।

ਮਨੁੱਖ ਜਦ ਆਪਣੀ ਤਫਰੀਹ ਲਈ ਅਜੋਕੇ ਪਦਾਰਥਕ ਵਿਸ਼ਵ ਵਿਚ ਬਾਹਰ ਨਿਕਲਦਾ ਹੈ ਤਾਂ ਉਸ ਦਾ ਸੱਚ-ਸੁੰਦਰਤਾ ਅਤੇ ਮੁਸਕਾਣ ਸਭ ਵਿਸ਼ਵ ਦੇ ਪ੍ਰਭਾਵ ਹੇਠਾਂ ਤਬਾਹ ਹੋ ਜਾਂਦਾ ਹੈ। ਪੱਥਰ ਦੀ ਤਾਸੀਰ ਤੇ ਜ਼ਮੀਰ ਉਸ ਦੇ ਪੱਲੇ ਪੈਂਦੀ ਹੈ। ਉਸ ਦਾ ਘਰ ਪਰਤਣਾ ਵੀ ਯਕੀਨੀ ਨਹੀਂ ਹੁੰਦਾ। ਇਤਿਹਾਸ ਗਵਾਹ ਹੈ ਕਿ ਮਨੁੱਖ ਨੇ ਕਿਸਮਤੀ ਬੰਜ਼ਰ ਜਮੀਨ ਚੋਂ ਫੁੱਲ ਉਗਾਏ ਹਨ। ਆਪਣੀ ਸ਼ੁੰਨਤਾ, ਚੁੱਪ ਅਤੇ ਇਕੱਲਤਾ ਨੂੰ ਆਪਣੀ ਤਾਕਤ ਬਣਾਇਆ ਹੈ। ਮਨੁੱਖ ਲਈ ਉਜਾੜ ਇਕ ਦਰਪਣ ਹੈ, ਜਿਸ ਚੋਂ ਮਨੁੱਖ ਰੌਣਕਾਂ ਸਿਰਜਦਾ ਹੈ। ਮਨੁੱਖ ਸਵੈ ਵਿਰੋਧੀ ਅਵਾਜ਼ ਬਣ ਸੂਲ਼ੀ ਲਟਕਦਾ ਹੈ ਤਾਂ ਕਿ ਉਹ ਆਪਣੇ ਪਿੱਛੇ ਮਨੁੱਖਤਾ ਅਨੁਕੂਲ ਵਿਕਸਤ ਸੰਸਾਰ ਛੱਡ ਜਾਏ। ਅਜੋਕਾ ਮਨੁੱਖ ਜਿਸਮੀ ਬਸਤਰ ਉਤਾਰਨ ਨਹੀਂ ਟੁਰਿਆ ਸਗੋਂ ਰੂਹ ਨੂੰ ਆਪਣੇ ਹੱਥੀਂ ਸਿਰਜੀ ਦੇਹ ਵਿਚ ਰਿਹਾਸ਼ਨ ਲਈ ਸਿਰ ਭਾਰ ਖੜ੍ਹਾ ਹੈ । ਤਾਰਿਆਂ ਦੀ ਸੇਧੇ ਨਹੀਂ ਤਾਰਿਆਂ ਨੂੰ ਆਪਣੀ ਸੇਧੇ ਤੋਰਨ ਲਈ ਉਤਾਵਲਾ ਹੈ। ਅਜੋਕਾ ਮਨੁੱਖ ਸ਼ਬਦਾਂ ਦੀ ਕੁੱਖ ਚੋਂ ਅਰਥ ਹੋ ਜਨਮਣਾ ਚਾਹੁੰਦਾ ਹੈ। ਤਾਂ ਕਿ ਜੋ ਸਾਗਰ ਕਿਨਾਰੇ ਮੋਈਆਂ ਮੱਛੀਆਂ ਵਾਂਗ ਪਿਆ ਹੈ। ਉਸ 'ਚ ਰੂਹ ਸੰਕ੍ਰਮਿਤ ਹੋ ਸਕੇ। ਇਹ ਅਜੋਕੇ ਮਨੁੱਖ ਦਾ ਮੰਤਵ ਹੈ। ਮਨੁੱਖ ਮੁੜ੍ਹਕੇ ਦਾ ਹੜ ਬਣ ਕੇ ਆਪਣਾ ਰਾਹ ਪੱਥਰ ਦੀਆਂ ਚਟਾਨਾਂ ਚੋਂ ਹਰਬਨਾ ਚਾਹੁੰਦਾ ਹੈ। ਇਹ ਸਭ ਕੁੱਝ ਮਨੁੱਖ ਆਪਣੀ ਦ੍ਰਿਸ਼ਟੀ ਰਾਹੀਂ ਅਨੁਭਵ ਕਰਦਾ ਹੈ। ਆਪਣੀ ਦੇਹ ਅਤੇ ਆਤਮਾ 'ਚ ਉਤਾਰਦਾ ਹੈ। ਇਹ ਪਦਾਰਥਕ ਵਿਸ਼ਵ ਦ੍ਰਿਸ਼ਟਾਂਤ ਮਨੁੱਖ ਦੀ ਅੰਦਰਲੀ ਦੁਨੀਆ ਨੂੰ ਮੈਲ਼ਾ ਕਰਦਾ ਹੈ। ਮਨੁੱਖ ਦੀ ਹੱਸਦੀ-ਖੇਡਦੀ ਜਿਉਂਦੀ-ਜਾਗਦੀ ਰੂਹ ਉਦਾਸ ਹੋ ਜਾਂਦੀ ਹੈ। ਅਜੋਕਾ ਮਨੁੱਖ ਘਰੋਂ ਤਾਂ ਚੰਨ ਦੀ ਭਾਲ਼ 'ਚ ਭਾਵ ਮਨ ਦੀ ਸ਼ਾਂਤੀ ਲਈ ਨਿਕਲਦਾ ਹੈ, ਪਰ ਇਸ ਭਾਲ਼ ਵਿਚ ਇੰਨੀ ਦੂਰ ਨਿਕਲ ਜਾਂਦਾ ਹੈ ਕਿ ਨਾ ਤਾਂ ਚੰਨ ਹੀ ਪ੍ਰਾਪਤ ਹੁੰਦਾ ਹੈ, ਨਾ ਘਰ ਹੀ ਪਰਤਦਾ ਹੈ। ਨਿਕਲਿਆ ਦਾਂ ਦਿਲ ਦੇ ਸਕੂਨ ਲਈ ਸੀ ਚੰਨ ਦੀ ਠੰਢਕ ਲਈ, ਪਰ ਇਸ ਭਾਲ਼ 'ਚ ਆਪਾ ਹੀ ਗੁਆ ਬੈਠਾ। ਮਨੁੱਖ ਆਪਣੀ ਲਾਸ਼ ਮੋਢਿਆ 'ਤੇ ਚੁਕੀ ਦਰ-ਬ-ਦਰ ਠੋਕਰਾਂ ਖਾਂਦਾ ਨਜ਼ਰ ਆਉਂਦਾ ਹੈ।

ਅਸਲ ਵਿਚ ਜ਼ਿੰਦਗੀ ਗਤੀ ਤੋਂ ਸਿਵਾ ਕੁੱਝ ਨਹੀਂ। ਗਤੀ ਹੀ ਜ਼ਿੰਦਗੀ ਦੀ ਅਸਲ ਹਕੀਕਤ ਹੈ। ਕਿਉਂਕਿ ਜ਼ਿੰਦਗੀ ਖੁਦ ਆਪਣੇ ਸਕੂਨ ਹੋ ਮਹਿਰੂਮ ਹੈ। ਜ਼ਿੰਦਗੀ ਪਦਾਰਥ ਵਿਕਾਸ ਅਧੀਨ ਜਦੋਂ ਹਵਾ ਤੋਂ ਤੇਜ਼ ਦੌੜਨ ਦੀ ਆਦੀ ਹੋ ਜਾਂਦੀ ਹੈ ਤਾਂ ਠਹਿਰ ਜਾਂਦੀ ਹੈ, ਸਿਰਫ ਗਤੀ ਦਾ ਭਰਮ ਜਿਉਂਦੀ ਹੈ। ਠਹਿਰੀ ਜ਼ਿੰਦਗੀ ਅਸ਼ਾਂਤ ਹੁੰਦੀ ਹੈ। ਜ਼ਿੰਦਗੀ ਦੀ ਗਤੀ ਹੀ ਜ਼ਿੰਦਗੀ ਦਾ ਸਕੂਨ ਹੈ। ਅਜੋਕੀ ਵਿਸ਼ਵ ਵਿੱਚ ਜ਼ਿੰਦਗੀ ਤਾਂ ਹੈ ਹੀ ਨਹੀਂ। ਅਜੋਕੀ ਵਿਸ਼ਵ ਗਿਆਨ ਵਿਗਿਆਨ ਤੇ ਦਰਸ਼ਨ ਵਿਚ ਉਲਝੀ ਜ਼ਿੰਦਗੀ ਦਾ ਚਿਹਰਾ ਅੰਗ-ਨਕਸ਼ ਤੇ ਰੰਗ ਭੁਲ ਗਈ ਹੈ। ਵਿਸ਼ਵ ਬਹੁਤ ਅੱਗੇ ਨਿਕਲ ਗਈ ਹੈ। ਜੋ ਚੀਜ਼ ਆਪਣੇ ਤੋਂ ਅੱਗੇ ਨਿਕਲ ਜਾਂਦੀ ਹੈ, ਉਹ ਇਕੱਲਤਾ ਦਾ ਸ਼ਿਕਾਰ ਹੋ ਜਾਂਦੀ ਹੈ। ਅਨੁਭਵ, ਜਜ਼ਬਾ, ਹਾਸੇ, ਅੱਥਰੂ ਉਸ ਚੋਂ ਮਨਫੀ ਹੋ ਜਾਂਦੇ ਹਨ। ਵਿਸ਼ਵ ਚੋਂ ਜ਼ਿੰਦਗੀ, ਜ਼ਿੰਦਗੀ ਚੋਂ ਮਨੁੱਖ ਤੇ ਮਾਨਵਤਾ ਅਲੋਪ ਹੈ। ਪਤਝੜਾਂ, ਵੀਰਾਨੀਆਂ, ਉਦਾਸੀਆਂ

ਵਿਸ਼ਵ ਵਿਹੜੇ ਧਮਾਲ ਪਾਉਂਦੀਆਂ ਹਨ। ਵਿਸ਼ਵ ਨੇ ਮਨੁੱਖ ਦੇ ਪੈਰੀਂ ਵਿਸ਼ਾਲ ਥਲ ਧਰ ਦਿੱਤਾ ਹੈ। ਮਨੁੱਖ ਨੂੰ ਖੁਦ ਤੋਂ ਇੰਨ੍ਹਾ ਦੂਰ ਕਰ ਦਿੱਤਾ ਹੈ ਕਿ ਮਨੁੱਖ ਜੀਉਣਾ ਹੀ ਭੁਲ ਗਿਆ ਹੈ। ਅਜੋਕੇ ਵਿਸ਼ਵ ਵਿਚ ਜ਼ਿੰਦਗੀ ਮਨੁੱਖ ਲਈ ਦਿੱਸਹੱਦੇ ਦਾ ਭਰਮ ਬਣ ਕੇ ਰਹਿ ਗਈ ਹੈ। ਅੱਜ ਮਨੁੱਖ ਅਸਮਾਨਾਂ ਚੋਂ ਜ਼ਿੰਦਗੀ ਭਾਲ਼ ਰਿਹਾ ਹੈ। ਪਹਾੜਾਂ ਦੇ ਸੀਨੇ ਚੀਰ ਰਿਹਾ ਹੈ। ਸਮੁੰਦਰ ਉਬਾਲ ਰਿਹਾ ਹੈ। ਹਵਾ ਉਧੇੜ ਰਿਹਾ ਹੈ। ਜ਼ਿੰਦਗੀ ਦੀ ਤਲਾਸ਼ 'ਚ ਸਾਗਰ ਨੂੰ ਪੁਣ ਰਿਹਾ ਹੈ। ਨਾ ਜ਼ਿੰਦਗੀ ਨੂੰ ਮਨੁੱਖ, ਨਾ ਮਨੁੱਖ ਨੂੰ ਜ਼ਿੰਦਗੀ ਨਜ਼ਰ ਆਉਂਦੀ ਹੈ। ਮਨੁੱਖ ਅਤੇ ਜ਼ਿੰਦਗੀ ਵਿਚ ਵਿੱਥਾਂ ਦਾ ਕਾਰਨ ਪਦਾਰਥ ਹੈ।

ਅਜੋਕਾ ਮਨੁੱਖ ਜ਼ਿੰਦਗੀ ਵਿਚ ਇਸ ਲਈ ਦੌੜ ਰਿਹਾ ਹੈ ਕਿ ਉਸ ਨੂੰ ਪਿੱਛੇ ਰਹਿਣ ਦਾ ਡਰ ਨਹੀਂ, ਸਗੋਂ ਜ਼ਿੰਦਗੀ ਤੋਂ ਅੱਗੇ ਨਿਕਲਣ ਦਾ ਅਮਲ ਹੈ। ਅਜੋਕਾ ਮਨੁੱਖ ਆਪਣੇ ਦੁਆਲੇ ਨਾਲ ਦੌੜ ਰਿਹਾ ਹੈ। ਉਸ ਦੇ ਦੁਆਲੇ ਸਿਰ ਰਹਿਤ ਧੜ ਅਤੇ ਪੈਰ ਦੌੜ ਰਹੇ ਹਨ। ਉਸ ਦੇ ਪਿੱਛੇ ਵੀ ਸਿਰ ਰਹਿਤ ਧੜਾਂ ਦੀ ਭੀੜ ਹੈ। ਅੱਗੇ ਵੀ ਸਿਰ ਰਹਿਤ ਧੜਾਂ ਦੀ ਭੀੜ ਹੈ। ਭੀੜ ਕਿਧਰ ਜਾ ਰਹੀ ਹੈ, ਕਿਉਂ ਨਸ ਰਹੀ ਹੈ। ਭੀੜ ਨੂੰ ਨਹੀਂ ਪਤਾ, ਬੱਸ ਭੀੜ ਨਸ ਰਹੀ ਹੈ। ਨਸਦੇ ਮਨੁੱਖ ਦੇ ਨਾਲ ਦੌੜਦੇ ਮਨੁੱਖ ਨੂੰ ਪੁੱਛਿਆ ਇਹ ਭੀੜ ਕਿਉਂ ਨਸ ਰਹੀ ਹੈ। ਉਹ ਬੋਲਿਆ ਭੀੜ ਜਿਉਣ ਦੇ ਡਰ ਤੋਂ ਨਸ ਰਹੀ ਹੈ। ਦੂਜੇ ਮਨੁੱਖ ਨੇ ਪਹਿਲੇ ਮਨੁੱਖ ਨੂੰ ਪੁੱਛਿਆ ਕਿ ਤੂੰ ਕਿਉਂ ਨਸ ਰਿਹਾ ਹੈ। ਉਹ ਬੋਲਿਆ ਕਿ ਮੈਂ ਭੀੜ ਦੇ ਪੈਰਾਂ ਹੇਠ ਆ ਕੁਚਲਿਆ ਨਾ ਜਾਵਾਂ। ਇਸ ਲਈ ਡਰਦਾ ਨਸ ਰਿਹਾ ਹਾਂ। ਪਹਿਲੇ ਮਨੁੱਖ ਨੇ ਸੋਚਿਆ ਮੈਂ ਮਰਨ ਦੇ ਡਰ ਤੋਂ ਨਸ ਰਿਹਾ ਹਾਂ, ਭੀੜ ਜਿਉਣ ਦੇ ਡਰ ਤੋਂ ਨਸ ਰਹੀ ਹੈ। ਉਸ ਫਿਰ ਦੂਜੇ ਮਨੁੱਖ ਨੂੰ ਪੁੱਛਿਆ ਤੂੰ ਕਿਉਂ ਨਸ ਰਿਹਾ ਹੈ। ਉਹ ਬੋਲਿਆ ਮੈਂ ਜੀਣ ਪਿੱਛੇ ਨਸ ਰਿਹਾ ਹਾਂ। ਦੂਜੇ ਆਦਮੀ ਨੇ ਫਿਰ ਉਸ ਨੂੰ ਕਿਹਾ ਕਿ ਤੂੰ ਮਾਰਨ ਦੇ ਡਰ ਤੋਂ ਨਸ ਰਿਹਾ ਹੈ। ਤੂੰ ਹੀ ਦਸ ਮੌਤ ਵੀ ਕੋਈ ਨਸ ਸਕਿਆ ਹੈ। ਭੀੜ ਜੀਵਨ ਜਿਉਣ ਦੇ ਡਰ ਤੋਂ ਨਸ ਰਹੀ ਹੈ। ਭੀੜ ਤੋਂ ਪੁੱਛ ਜ਼ਿੰਦਗੀ ਤੋਂ ਵੀ ਕੋਈ ਜੀਂਦੇ ਜੀਅ ਨਸ ਸਕਿਆ ਹੈ। ਉਹ ਚੁੱਪ ਸੀ, ਕਦੀ ਭੀੜ ਵਲ, ਕਦੀ ਆਪਣੇ ਵਲ, ਕਦੀ ਉਸ ਮਨੁੱਖ ਵਲ ਵੇਖਦਾ।

ਪਦਾਰਥਕ ਵਿਸ਼ਵ ਦੀ ਗ਼ਲੀ 'ਚ ਜ਼ਿੰਦਗੀ ਬੈਠੀ ਠਰ ਰਹੀ ਹੈ। ਸੋਚਦੀ ਹੈ ਕਦ ਸੂਰਜ ਚੜ੍ਹੇਗਾ। ਗ਼ਲੀ ਚੋਂ ਗੁਜ਼ਰਦੇ ਹਰ ਸਖਸ਼ ਨੂੰ ਗਲੀ ਦੀ ਹਰ ਇੱਟ ਵੇਖ ਰਹੀ ਹੈ, ਪਰ ਕੋਈ ਵੀ ਸ਼ਖ਼ਸ ਠਰ ਰਹੀ ਜ਼ਿੰਦਗੀ ਵਲ ਨਹੀਂ ਵੇਖਦਾ। ਲੋਕਾਂ ਨੂੰ ਜ਼ਿੰਦਗੀ ਦਾ ਚਿਹਰਾ ਨਜ਼ਰ ਹੀ ਨਹੀਂ ਆਉਂਦਾ। ਜ਼ਿੰਦਗੀ ਨੂੰ ਆਦਮੀ ਚੋਂ ਆਦਮੀ ਤੇ ਆਦਮੀ ਚੋਂ ਆਪਣਾ ਕੁੱਝ ਵੀ ਨਜ਼ਰ ਨਹੀਂ ਆਉਂਦਾ। ਇਹ ਫ਼ਲਸਫ਼ਾ ਹੈ ਜਿਸ ਦੀ ਸੂਲ਼ੀ 'ਤੇ ਜ਼ਿੰਦਗੀ ਲਟਕ ਰਹੀ ਹੈ। ਸਾਰੇ ਦਾ ਸਾਰਾ ਅੰਬਰ ਦਾ ਸੂਰਜ ਹੋ ਗਿਆ ਹੈ। ਧਰਤੀ 'ਤੇ ਇਕ ਵੀ ਰੌਸ਼ਨੀ ਦੀ ਕਿਰਨ ਨਹੀਂ। ਦੁਨੀਆ ਦੇ ਬਾਜ਼ਾਰ 'ਚ ਜ਼ਿੰਦਗੀ ਦੀ ਕੋਈ ਕੀਮਤ ਨਹੀਂ ਹੈ। ਜ਼ਿੰਦਗੀ ਜਿੱਥੋਂ ਟੁਰੀ ਸੀ ਉੱਥੇ ਖੜ੍ਹੀ ਹੈ। ਬੇਸ਼ੱਕ ਪਦਾਰਥ ਵਿਕਸਤ ਹੋ ਕੇ ਅੰਬਰੀਂ ਅੱਪੜ ਗਿਆ ਹੈ। ਵਿਗਿਆਨਕ ਪ੍ਰਾਪਤੀਆਂ ਤਾਂ ਨਜ਼ਰ ਆਉਂਦੀਆਂ ਹਨ।

ਉਸ ਪਿਛਲਾ ਸੰਘਰਸ਼ ਦਾ ਸੋਮਾ ਆਲੋਪ ਹੈ। ਹਰ ਪਾਸੇ ਪੱਥਰ ਹੀ ਪੱਥਰ ਹਨ। ਪੱਥਰਾਂ ਤੋਂ ਪੱਥਰਾਂ ਦਾ ਸਫ਼ਰ ਹੈ। ਪਰ ਆਦਮੀ ਦੁਆਲੇ ਆਦਮੀ ਨਹੀਂ ਲੋਕਾਂ ਦੀ ਭੀੜ ਹੈ। ਲੋਕ ਜੀਅ ਰਹੇ ਹਨ, ਪਰ ਜ਼ਿੰਦਗੀ ਨਹੀਂ। ਆਦਮੀ ਚੋਂ ਆਦਮੀ, ਜ਼ਿੰਦਗੀ ਚੋਂ ਜ਼ਿੰਦਗੀ ਆਲੋਪ ਹੈ। ਜ਼ਿੰਦਗੀ ਲਈ ਆਦਮੀ, ਆਦਮੀ ਲਈ ਜ਼ਿੰਦਗੀ ਅਜਨਬੀ ਹੈ। ਵਿਸ਼ਵ ਵਿਚ ਮੁਰਦਿਆਂ ਦੀ ਭੀੜ ਹੈ। ਜ਼ਿੰਦਗੀ ਲਈ ਨਾ ਕੋਈ ਧਰਤ ਹੈ ਨਾ ਕੋਈ ਆਸਮਾਨ ਹੈ।

ਕਿੰਨੀ ਹੈਰਾਨੀ ਦੀ ਗੱਲ ਹੈ, ਜੋ ਮਨੁੱਖ ਚੰਨ 'ਤੇ ਜਿਉਂਦਾ ਹੈ ਉਹ ਧਰਤੀ 'ਤੇ ਮਰਦਾ ਹੈ। ਆਦਮੀ ਆਦਮੀ ਤਾਂ ਬਣ ਨਹੀਂ ਸਕਿਆ ਪਰ ਰੱਬ ਬਣੀ ਬੈਠਾ ਹੈ। ਨਾ ਜ਼ਿੰਦਗੀ ਦੀ ਰਾਸ ਮਨੁੱਖ ਹੈ ਨਾ ਮਨੁੱਖ ਦੀ ਰਾਸ ਜ਼ਿੰਦਗੀ ਹੈ। ਜਿਸ ਮਨੁੱਖ ਨੇ ਵਿਸ਼ਵ ਨੂੰ ਸਿਰਜਿਆ ਸੀ। ਉਸ ਵਿਸ਼ਵ ਨੇ ਮਨੁੱਖ ਨੂੰ ਬਣਵਾਸ ਦੇ ਦਿੱਤਾ। ਅਜੋਕੀ ਪਦਾਰਥਵਾਦੀ ਸੋਚ ਦਾ ਮਨੁੱਖ ਵਿਗਿਆਨਕ ਪ੍ਰਾਪਤੀਆਂ ਰਾਹੀਂ ਅਕਾਸ਼ ਦੇ ਮੋਢੀਂ ਚੜ੍ਹ ਬੈਠਾ। ਧਰਤੀ ਕੱਛੇ ਮਾਰ ਸੂਰਜ ਆਪਣੇ ਢਿੱਠ ਵਿਚ ਪਾਅ ਮਨੁੱਖ ਪੱਥਰ ਤੋਂ ਖ਼ੁਦਾ ਹੋ ਗਿਆ। ਸਮੁੰਦਰ ਡੀਕ, ਪਹਾੜ ਫਤਹਿ ਕਰ ਪ੍ਰਕਿਰਤੀ ਆਪਣੀਆਂ ਅੱਖੀਆਂ 'ਚ ਪਾ ਆਪਣੇ ਆਪ ਨੂੰ ਦੁਨੀਆ ਦਾ ਮਾਲਕ ਅਖਵਾਉਣ ਲਗਾ ਹੈ। ਪਦਾਰਥ ਸੂਰਜ ਨੂੰ ਡੁੱਬਣਾ ਅਤੇ ਚੜ੍ਹਨਾ ਸਿਖਾ ਰਿਹਾ ਹੈ। ਰਾਤ ਨੂੰ ਦਿਨ 'ਚ, ਦਿਨ ਨੂੰ ਰਾਤ 'ਚ ਢਾਲ਼ ਰਿਹਾ ਹੈ। ਹਵਾ ਨੂੰ ਵੇਗ, ਅਗਨ ਨੂੰ ਬਲਣ ਦੇ ਢੰਗ ਸਿਖਾ ਰਿਹਾ ਹੈ। ਅਚੰਭਾ ਹੈ ਕਿ ਪਦਾਰਥਕ ਅਗਤੀ ਨੂੰ ਜਲ ਨੂੰ ਭਾਫ਼, ਭਾਫ਼ ਨੂੰ ਬੱਦਲ ਬਣਾ ਰਹੀ ਹੈ। ਪ੍ਰਕਿਰਤੀ ਨੂੰ ਹਰਿਆਵਲ ਪ੍ਰਧਾਨ ਕਰ ਰਹੀ ਹੈ। ਧਰਤੀ ਘੁਮਾ ਅਤੇ ਬ੍ਰਹਿਮੰਡ ਨੂੰ ਊਰਜਾ ਦੇ ਰਹੀ ਹੈ। ਪੱਥਰ ਨੂੰ ਪੈਰ ਲਾ ਰਹੀ ਹੈ। ਸੋਚੋ ਕਿ ਚੇਤਨਾ ਰਹਿਤ ਪਦਾਰਥ ਕੀ ਸੋਚ ਸਕਦਾ ਹੈ। ਕੀ ਜਾਣ ਸਕਦਾ ਹੈ। ਵਿਸ਼ਵ ਵਿਚ ਜੋ ਵੀ ਵਿਕਸਤ ਹੋ ਰਿਹਾ ਹੈ, ਉਹ ਪਦਾਰਥ ਹੈ। ਪਦਾਰਥ ਜੋ ਗਤੀ ਰਹਿਤ ਚੇਤਨਾ ਅਤੇ ਜਗਿਆਸਾ ਰਹਿਤ ਹੈ। ਪਦਾਰਥ ਮਨੁੱਖੀ ਜੀਵਨ ਦੀ ਸਮਗਰੀ ਹੈ ਜੀਵਨ ਨਹੀਂ। ਫਿਰ ਵੀ ਦੁਨੀਆ ਦਾ ਕਾਰੋਬਾਰ, ਕੁਦਰਤ ਦਾ ਸਿਲਸਿਲਾ, ਮੌਸਮਾਂ ਰੁੱਤਾਂ ਬਹਾਰਾਂ ਪਤਝੜਾਂ ਦਾ ਆਉਣਾ-ਜਾਣਾ, ਬ੍ਰਹਿਮੰਡਕ ਸੰਚਾਲਨ ਸ਼ਕਤੀ ਦੀ ਊਰਜਾ ਪਦਾਰਥ ਹੈ।

ਅਜੋਕਾ ਮਨੁੱਖ ਧਰਤੀ ਦੀ ਥਾਂ ਗਮਲਿਆਂ'ਚ ਬੀਜਿਆ ਤੇ ਉਗਾਇਆ ਗਿਆ ਹੈ। ਗਲ਼ੀਆਂ ਬਜ਼ਾਰਾਂ ਮੰਡੀਆਂ 'ਚ ਵੇਚਣ ਲਈ Sale 'ਤੇ ਲਾਇਆ ਗਿਆ ਹੈ। ਅਜੋਕੇ ਵਿਸ਼ਵ ਵਿਚ ਪਦਾਰਥ ਦਾ ਸੂਰਜ ਅੰਬਰੀਂ ਚੜ੍ਹਿਆ ਹੋਇਆ ਹੈ। ਪਰ ਮਿੱਟੀ ਦੇ ਘਰਾਂ ਵਿਚ ਹਨ੍ਹੇਰਾ ਹੈ। ਸ਼ੀਸ਼ੇ ਦੇ ਲੋਕ ਦੀਵਾਲੀ ਮਨਾ ਰਹੇ ਹਨ। ਰਾਵਣ ਨੂੰ ਸਿਮਰ ਰਹੇ ਹਨ ਰਾਮ ਨੂੰ ਜਲ਼ਾ ਰਹੇ ਹਨ। ਪਦਾਰਥ ਨੇ ਮਨੁੱਖੀ ਹੀਣ ਭਾਵਨਾ ਦਾ ਦੀਵਾ ਮਨੁੱਖੀ ਦਿਸਹੱਦਿਆਂ 'ਤੇ ਧਰਿਆ ਹੈ। ਜਿਸ ਦੀ ਲੋਅ ਵਿਚ ਮਨੁੱਖ ਸੁੰਗੜਿਆ ਹੈ। ਅਜੋਕੇ ਪਦਾਰਥਕ ਵਿਸ਼ਵ ਵਿਚ ਨਿਰੰਤਰ ਸਮੇਂ ਨੂੰ ਘੜੀ ਅੰਕ ਰਹੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਇਹ ਵੇਖ ਕੇ ਕਿ ਗਤੀ ਨੂੰ ਅਗਤੀ ਅੰਕ ਰਹੀ ਹੈ। ਸਮਾਂ ਗਤੀ ਹੈ, ਘੜੀ

ਚੇਤਨਾ ਰਹਿਤ ਜਗਿਆਸਾ ਵਿਗਿਆਨਕ ਪ੍ਰਾਪਤੀ ਦਾ ਸਮੇਂ ਪ੍ਰਤੀ ਯੰਤਰ ਹੈ ਜੋ ਸਮੇ ਨੂੰ ਅੰਕ ਰਿਹਾ ਹੈ। ਪਦਾਰਥਕ ਵਿਕਾਸ ਅਧੀਨ ਦਰਿਆਵਾਂ ਤੇ ਉਸਾਰੇ ਪੁੱਲ ਹੀ ਦਰਿਆਵਾਂ ਨੂੰ ਖਾ ਗਏ ਹਨ। ਕਿਨਾਰਿਆਂ ਸਮੁੰਦਰ ਡੀਕ ਲਿਆ ਹੈ। ਪਦਾਰਥਕ ਹਰਿਆਵਲ ਜੰਗਲ ਖਾ ਗਈ ਹੈ। ਮੌਤ ਜ਼ਿੰਦਗੀ ਨੂੰ ਜਿਉਣਾ ਸਿਖਾ ਰਹੀ ਹੈ। ਹਰੀਆਂ ਐਨਕ ਨੂੰ ਅਗਨ ਖਾ ਰਹੀ ਲਗ ਰਹੀ ਹੈ। ਪਦਾਰਥਕ ਦ੍ਰਿਸ਼ਟੀ ਹੈ। ਪਦਾਰਥਕ ਵਿਕਾਸ ਅਧੀਨ ਕਬਰਾਂ ਦੀ ਮਿੱਟੀ, ਘਰਾਂ-ਚੁੱਲ੍ਹਿਆਂ ਚੌਂਕਿਆਂ ਦੇ ਵੱਸਣ ਦਾ ਰੂਪ ਧਾਰ ਗਈ ਹੈ। ਪੱਥਰ ਦੇ ਬੁੱਤ ਮਨੁੱਖ ਨੂੰ ਸ਼ਰਧਾ ਵਿਸ਼ਵਾਸ ਦੇ ਅਰਥ ਸਮਝਾ ਰਹੇ ਹਨ। ਪੱਥਰ ਰੱਬ ਬਣਦਾ ਜਾ ਰਿਹਾ ਹੈ ਮਨੁੱਖ ਪੱਥਰ। ਵਿਸ਼ਵ 'ਚ ਲੋਕਾਂ ਦੀ ਭੀੜ ਹੈ। ਪਦਾਰਥ ਦਾ ਸਿਰਜਿਆ ਲੱਕੜ ਦਾ ਮਨੁੱਖ ਮਨੁੱਖ ਹੋਣ ਦਾ ਭਰਮ ਜੀਅ ਰਿਹਾ ਹੈ। ਨਾ ਜਿਸ ਦਾ ਧੜ ਪੈਰ ਹਨ। ਵਿਚਾਰ ਵਾਲੀ ਗੱਲ ਹੈ ਕਿ ਮਨੁੱਖ ਕਿੱਥੋਂ ਟੁਰਿਆ ਸੀ? ਕਿੱਥੇ ਅਪੜਿਆ ਹੈ? ਮਨੁੱਖ ਨੇ ਆਪਣਾ ਸੱਚ ਪਦਾਰਥਕ ਵਿਕਾਸ ਵਿਚ ਹੀ ਖਰਚ ਕਰ ਦਿੱਤਾ ਹੈ।

ਅਜੋਕੇ ਪਦਾਰਥਕ ਵਿਸ਼ਵ ਵਿਚ ਜਿਸਮ ਤੋਂ ਜਿਸਮ ਸਾਏ ਤੋਂ ਸਾਇਆ ਵੱਖ ਹੈ। ਜਿਸ ਭੀੜ ਚੋਂ ਆਮ ਮਨੁੱਖ ਆਪਣਾ ਚਿਹਰਾ ਭਾਲ਼ਦਾ ਹੈ। ਉਸ ਭੀੜ ਦਾ ਸ਼ੀਸ਼ਾ ਤਿੜਕਿਆ ਹੋਇਆ ਹੈ। ਲੋਕ ਸ਼ੀਸ਼ੇ ਦੀ ਨਗਰੀ ਦੀ ਗ਼ੁਲਾਮੀ ਜੀਅ ਰਹੇ ਹਨ। ਜਿਨ੍ਹਾਂ ਦੇ ਪ੍ਰਵਾਜ਼ ਚੋਂ ਲਹੂ ਸੁੱਕ ਗਿਆ ਹੈ। ਲੋਕ ਕਾਲਪਨਿਕ ਪ੍ਰਵਾਜ ਦਾ ਨਿੱਘ ਮਾਨ ਰਹੇ ਹਨ। ਸੜਕਾਂ 'ਤੇ ਰੋਬਾਟ ਅੰਬਰ 'ਚ ਪਹਾੜ ਸਾਗਰ 'ਚ ਪੱਥਰ ਤੈਰ ਰਹੇ ਹਨ। ਰੌਣਕਾਂ ਰੰਗੀਨੀਆਂ ਨੰਗਿਆਂ ਜਿਸਮਾਂ ਦੇ ਮੰਡੀਆਂ ਬਜ਼ਾਰ ਹਨ। ਸੰਧਲੀ ਖੁਸ਼ਬੂ ਦੀ ਹਰ ਚੀਕ ਵਿਕ ਰਹੀ ਹੈ। ਪੱਥਰ ਜਿਸ ਦੇ ਖਰੀਦਦਾਰ ਹਨ। ਵਿਸ਼ਵ ਵਿਚ ਬਲੌਰੀ ਜ਼ਿੰਦਗੀ ਤਾਂ ਹੈ ਪਰ ਜ਼ਿੰਦਗੀ ਦਾ ਸੱਚ ਆਲੋਪ ਹੈ। ਜੋ ਦਿਸ ਰਿਹਾ ਹੈ ਜ਼ਿੰਦਗੀ ਨਹੀਂ ਫੋਕ ਹੈ। ਮੌਸਮਾਂ ਰੁੱਤਾਂ ਬਹਾਰਾਂ ਦੀ ਅਕਾਸ਼ ਬਾਣੀ ਸ਼ੀਸ਼ੇ ਦੇ ਗੁਲਸ਼ਨ ਦਾ ਕਾਰੋਬਾਰ ਹੈ।Fabric ਕਲੀਆਂ ਦੀ ਮਹਿਕ ਕਾਗਜੀ ਫੁੱਲਾਂ ਦੀ ਰੰਗਤ ਕੁਦਰਤੀ ਮਾਲੀ ਨੂੰ ਖਾਹ ਗਈ ਹੈ। ਇਸ ਵਿਸ਼ਵ ਵਿਚ ਕਾਠ ਦੀ ਕੋਇਲ ਤਾਂਬੇ ਦੇ ਰੁੱਖਾਂ 'ਚ ਬੈਠੀ ਚਾਂਦੀ ਸੋਨੇ ਦਾ ਬ੍ਰਿਹਾ ਗਾਅ ਰਹੀ ਹੈ। ਆਦਮੀ ਜਦ ਆਪਣੇ ਹੀ ਸਿਰਜੇ ਵਿਸ਼ਵ ਚੋਂ ਆਪਣਾ ਹੀ ਚਿਹਰਾ ਤਿੜਕਿਆ ਵੇਖਦਾ ਹੈ। ਤਾਂ ਉਸ ਨੂੰ ਆਪਣੇ ਪਿੱਘਲੇ ਅੰਗਾਂ ਤੇ ਨਕ਼ਸ਼ਾ ਸਿਵਾ ਕੁੱਝ ਨਜ਼ਰ ਨਹੀਂ ਆਉਂਦਾ। ਪਦਾਰਥੀ ਵਿਕਾਸ ਨੇ ਕੁਦਰਤ ਦਾ ਜੀਵਨ ਯਥਾਰਥ ਖਾਹ ਲਿਆ ਹੈ। ਨਦੀਆਂ ਦੇ ਵੇਗ ਦਰਿਆਵਾਂ ਦਾ ਅੱਥਰਾਪਣ ਸਾਗਰ ਦੀ ਨੀਲਤਾ ਮੁੱਕਾ ਦਿੱਤੀ ਹੈ। ਜ਼ਿੰਦਗੀ ਸਰੀਰਕ ਸੁੱਖਾ ਦਾ ਖ਼ਜ਼ਾਨਾ ਹੋ ਰਹੀ ਹੈ। ਪਰ ਆਦਮੀ ਦਾ ਤੁਖਮ ਧਰਤੀ ਤੋਂ ਮਿਟ ਗਿਆ ਹੈ। ਅਜੋਕਾ ਮਨੁੱਖ ਅੱਗਾ ਜਨਮਦੇ ਰੁੱਖਾਂ ਦੀ ਛਾਂ ਹੰਢਾਅ ਰਿਹਾ ਹੈ। ਆਪਣਾ ਲਹੂ ਪੀਅ ਰਿਹਾ ਹੈ। ਆਪਣੇ ਹੱਡ ਚੱਬਾ ਰਿਹਾ ਹੈ। ਰੋਜ਼ ਚੜ੍ਹਣ ਲਈ ਡੁੱਬਦਾ ਹੈ। ਡੁੱਬਣ ਲਈ ਚੜ੍ਹਦਾ ਹੈ। ਅਜੋਕੇ ਵਿਸ਼ਵ ਵਿੱਚ ਮਨੁੱਖੀ ਘਰਾਂ ਦੀਆਂ ਕੰਧਾਂ 'ਤੇ ਰੁੱਖ ਟੁਰਦੇ ਹਨ। ਪਹਾੜ ਗਤੀਆਂ ਜਨਮਦੇ ਹਨ। ਪੱਥਰ ਤਰਦੇ ਹਨ। ਕੰਧਾਂ ਬੋਲਦੀਆਂ ਤੇ ਆਖਦੀਆਂ

ਹਨ ਆਪਣੇ ਅੰਦਰ ਦੀ ਗੰਢ ਖੋਲੋ। ਆਪਾ ਪਹਿਚਾਣੋ, ਆਪਣੇ ਸੱਚ ਨੂੰ ਜਾਣੋ ਸੱਚ ਜੋ ਬੀਜ ਤੋਂ ਰੁੱਖ ਦਾ ਨਿਰੰਤਰ ਸਫ਼ਰ ਹੈ। ਇਹ ਸੱਚ ਹੀ ਮਨੁੱਖੀ ਪੈਂਤੀ ਅੱਖਰੀ ਦਾ ਪਹਿਲਾਂ ਤੇ ਆਖਰੀ ਹਰਫ ਹੈ। ਛੱਤ ਵਿਅੰਗ ਮਈ ਸੁਰ ਅਲਾਪ ਦਾ ਹੈ। ਮੈਂ ਆਪਣੀ ਅਗਤੀ ਵਿਚ ਗਤੀ ਦਾ ਅਹਿਸਾਸ ਭਰਿਆ ਹੈ। ਕੰਧਾਂ ਨੂੰ ਬੰਦਸ਼ ਮੁਕਤ ਕਰ ਵਿਹੜੇ ਨੂੰ ਵਿਸ਼ਵ ਘਰ ਦਾ ਰੂਪ ਦਿੱਤਾ ਹੈ। ਹੁਣ ਜੀਵਨ ਸਮੱਗਰੀ ਮਨੁੱਖੀ ਕਦਮਾਂ ਨਾਲ ਕਦਮ ਮੇਲ ਕੇ ਟੁਰੇਗੀ। ਕੁੱਝ ਵੀ ਪਿੱਛੇ ਰਹਿ ਗਿਆ ਨਜ਼ਰ ਨਹੀਂ ਆਏਗਾ। ਸਮਾਂ ਭੂਤ ਨਹੀਂ ਵਰਤਮਾਨ ਤੇ ਭਵਿੱਖ ਕਹਾਏਗਾ। ਘਰ ਦੇ ਮੁਖ ਦਰਵਾਜ਼ੇ ਨੇ ਆਖਿਆ ਮਨੁੱਖ ਨੂੰ ਜ਼ਿੰਦਗੀ 'ਚ ਤਾਲੇ ਦੀ ਨਹੀਂ ਚਾਬੀ ਦਾ ਸੱਚ ਜਿਉਣਾ ਚਾਹੀਦਾ ਹੈ। ਆਪਣੇ ਅੰਦਰ ਦੀ ਕਿਰਨ ਲਈ ਕਾਲਖ ਨੂੰ ਪੀਣਾ ਚਾਹੀਦਾ ਹੈ। ਜਿਸ ਨਾਲ ਜ਼ਿੰਦਗੀ ਦੀ ਹਰ ਦਰਵਾਜ਼ਾ ਮਨੁੱਖ ਲਈ ਖੁਲੇਗਾ। ਆਪਣਾ ਆਪ ਤੁਹਾਡੇ ਹਵਾਲੇ ਕਰੇਗਾ। ਤੁਹਾਡੀ ਅੰਦਰਲੀ ਕਿਰਨ ਦਾ ਸੂਰਜ ਤੁਹਾਡੀ ਤਲੀ ਧਰੇਗਾ।

ਅਜੋਕਾ ਮਨੁੱਖ ਆਪਣੇ ਆਪ ਨੂੰ ਜੰਗਲ ਤੇ ਰੁੱਖਾਂ ਦੀ ਛਾਂ ਵਿਖਾਉਣ ਲਈ ਉਤਸੁਕ ਹੈ। ਉਸ ਦੀ ਆਪਣੀ ਦ੍ਰਿਸ਼ਟੀ ਵਿਚ ਜੰਗਲ ਕਿਤੇ ਵੀ ਨਜ਼ਰ ਨਹੀਂ ਆਉਂਦਾ। ਜੰਗਲ ਉਸ ਨੂੰ ਪਲਾਸਟਿਕ ਕਾਰਿਸਟਲ ਅਤੇ ਤਾਂਬੇ ਦੀ ਧਾਤੂ ਪ੍ਰਕਿਰਤੀ ਵਿਚ ਰੂਪਾਂਤਰ ਹੋ ਗਿਆ ਦਿਸਦਾ ਹੈ। ਹਰ ਰੁੱਖ ਨੇ ਆਪਣਾ ਮੁਰਦਾ ਆਪਣੇ ਮੋਢੀ ਧਰਿਆ ਹੈ। ਜੰਗਲ ਆਪਾ ਵਿਸਥਾਰਨ ਲਈ ਟੁਰਿਆ ਅਤੇ ਆਪਣੇ ਵਿਸਥਾਰ ਲਈ ਹੋਰ ਜੰਗਲ ਬੀਜ ਜਦ ਵਾਪਿਸ ਮੁੜਿਆ ਤਾਂ ਉਸਦੇ ਘਰ ਦਾ ਜੰਗਲ ਸੁੱਕ ਚੁੱਕਾ ਸੀ। ਆਦਿ ਜੰਗਲ ਦਾ ਸੱਚ ਆਲੋਪ ਸੀ। ਕੁਦਰਤ ਦੇ ਤਖ਼ਤ ਤੇ ਕੱਚ ਬਰਾਜਮਾਨ ਸੀ। ਜੋ ਜ਼ਿੰਦਗੀ ਦੇ ਨੈਣੀਂ ਰੁੱਖਾਂ ਦੇ ਬਲ਼ਦੇ ਸਿਵੇ ਅਤੇ ਸ਼ੀਸ਼ੇ ਦੇ ਥਲ ਦਾ ਪ੍ਰਗਟਾ ਸੀ।

ਸ਼ੀਸ਼ੇ ਦੇ ਅੰਬਰੀ ਪੂੰਜੀਵਾਦੀ ਸੋਚ ਦਾ ਸਮਾਂ ਹਰੀਆਂ ਐਨਕਾਂ ਲਾਈ ਬੈਠਾ ਸੜਦਾ ਜੰਗਲ ਤੱਕ ਰਿਹਾ ਹੈ। ਪੂੰਜੀਵਾਦੀ ਸੋਚ ਦਾ ਸ਼ਾਂਤਮਈ ਚੰਨ ਪੂੰਜੀਵਾਦੀ ਸੋਚ ਦੇ ਅੰਬਰੀ ਤੈਰ ਰਿਹਾ ਹੈ। ਪੂੰਜੀਵਾਦੀ ਸੂਰਜ ਧਰਤੀ ਦੇ ਸਿਰ 'ਤੇ ਚੰਦਨ ਦੀ ਧੂਪ ਵਾਂਗ ਧੁਖ ਰਿਹਾ ਹੈ। ਪੌਣ ਜੰਗਲ ਦੀਆਂ ਅਸਤੀਆਂ ਚੁੱਕੀ ਵਿਸ਼ਵ ਨਗਰੀ ਦੀ ਹਰ ਗਲੀ ਹਰ ਕੂਚੇ 'ਚ ਵਗ ਰਹੀ ਹੈ। ਪਰ ਸ਼ੀਸ਼ੇ ਦੇ ਅੰਬਰੀ ਪੂੰਜੀਵਾਦੀ ਸੋਚ ਦੇ ਸਮੇਂ ਨੂੰ ਹਰੀਆਂ ਐਨਕਾਂ ਚੋਂ ਸੜਦਾ ਜੰਗਲ ਹਰਾ ਨਜ਼ਰ ਆ ਰਿਹਾ ਹੈ। ਇਹ ਅਜੋਕੇ ਵਿਸ਼ਵ ਦੀ ਕੁਦਰਤੀ ਤਸਵੀਰ ਹੈ ਜਿਸ ਵਿਚ ਮਨੁੱਖ ਦੀ ਮੁਰਦਾ ਤਾਸੀਰ ਅਤੇ ਜ਼ਾਮੀਰ ਹੈ। ਅਜੋਕੇ ਵਿਸ਼ਵ ਵਿੱਚ ਜਦ ਮਨੁੱਖ-ਮਨੁੱਖ ਨੂੰ ਮਿਲਦਾ ਹੈ ਤਾਂ ਸੋਗ ਜਨਮਦਾ ਹੈ। ਕਦੀ ਮਨੁੱਖ ਨੂੰ ਮਨੁੱਖ ਮਿਲਦਾ ਸੀ ਤਾਂ ਚੰਬਾ ਖਿੜਦਾ ਸੀ। ਅਜੋਕੇ ਮਨੁੱਖ 'ਚ ਜੀਵਨ, ਜੀਵਨ 'ਚ ਮਨੁੱਖ ਦਾ ਵਾਸ ਨਹੀਂ। ਜਲ ਨੂੰ ਜਲ ਦੀ ਹੀ ਪਿਆਸ ਨਹੀਂ। ਅਜੋਕੇ ਵਿਸ਼ਵ ਦਾ ਮੈਗਨਿਜਮ ਦਾ ਦਿਨ ਹੈ। ਸਿੱਕੇ ਦੀ ਰਾਤ ਹੈ। ਇਸਪਾਤੀ ਅਤੇ ਲੱਕੜ ਦੀਆਂ ਮੱਛੀਆਂ ਦੀ ਵਿਸ਼ਵ ਸਾਗਰ ਵਿੱਚ ਭੀੜ ਹੈ। ਸਾਰਾ ਜਲ ਪਾਰੇ ਦੀ ਜੂੰਨ ਹੰਢਾਅ ਰਿਹਾ ਹੈ। ਕਾਦਰ ਕੁਦਰਤ ਅਤੇ ਮਨੁੱਖ ਦਾ ਮੁਰਦਾ ਵਿਸ਼ਵ ਸਾਗਰ ਵਿਚ ਤਰਦਾ ਨਜ਼ਰ ਆ ਰਿਹਾ

ਹੈ।

ਸਾਗਰ ਕੰਢੇ ਲੱਤਾ ਬਾਹਾਂ ਅੱਖਾਂ ਮੂੰਹ ਅਤੇ ਸਿਰ ਪੈਰ ਧੜ ਸੁੱਕਣੇ ਪਏ ਹਨ। ਜੋ ਅਜੋਕੇ ਮਨੁੱਖ ਦੀ ਵਿਖੰਡਤ ਸਖ਼ਸ਼ੀਅਤ ਦੇ ਪ੍ਰਤੀਕ ਹਨ। ਉਡੀਕ ਕਰ ਰਹੇ ਹਨ ਕਿ ਕਦ ਇਹ ਵਿਸ਼ਵ ਪਦਾਰਥਕ ਸਾਗਰ ਸੁੱਕੇ ਅਤੇ ਉਹ ਆਪਣੇ ਸਰੀਰ ਦਾ ਸਾਲਮ ਆਪਾ ਵੇਖ ਸਕਣ। ਤਾਂ ਕਿ ਸੁੱਕਣੇ ਪਏ ਅੰਗ ਆਪਣੇ ਸਾਲਮ ਆਪੇ ਦੇ ਸਿਰਜਕ ਪਲ ਮਾਣ ਸਕਣਾ ਆਪਣੀ ਹੋਂਦ ਸੱਚ ਪਹਿਚਾਣ ਸਕਣ। ਸਵਾਲ ਉਠ ਦਾ ਹੈ ਕਿ ਆਪਾ ਸਾਲਮ ਵੇਖਕੇ ਵੀ ਕੋਈ ਕੀ ਕਰੇਗਾ। ਉਹ ਕਿਹੜੀ ਤਲ਼ੀ ਹੈ। ਜਿਸ 'ਤੇ ਉਹ ਆਪਣਾ ਸੱਚ ਧਰੇਗਾ। ਇਹ ਦੱਸਣ ਲਈ ਕਿ ਆਦਮੀ ਤਾਂ ਆਦਮੀ ਹੈ। ਆਦਮੀ ਦਾ ਆਦਮੀ ਹੋਣਾ। ਕੋਈ ਕਿਸ ਲਈ ਸਿੱਧ ਕਰੇਗਾ। ਜਦ ਵਿਸ਼ਵ ਦੇ ਅੰਦਰ ਬਾਹਰ ਸਭ ਅਧੂਰਾ ਤੇ ਪਰਾਇਆ ਉੱਗਿਆ ਹੈ। ਅਜੋਕੇ ਵਿਸ਼ਵ ਸਾਗਰ ਵਿੱਚ ਆਦਮੀ ਦਾ ਮੈਲ਼ਾ ਧੋਣ ਲਈ ਕੋਈ ਜਲ ਨਹੀਂ ਹੈ। ਵਿਸ਼ਵ ਸਾਗਰ ਦੀ ਗੰਗਾ ਆਪ ਮੈਲ਼ੀ ਹੈ। ਕੋਈ ਸੂਰਜ ਨਹੀਂ ਜਿਸ ਦੀ ਧੁੱਪ 'ਚ ਮਨੁੱਖ ਆਪਾ ਸੁੱਕਾ ਸਕੇ। ਨਾ ਸ਼ੁੱਧ ਹਵਾ ਹੈ ਸਾਹ ਲੈਣ ਲਈ ਨਾ ਹੀ ਇਨਸਾਨ ਦਾ ਸੱਚ ਹੈ ਇਨਸਾਨ ਲਈ। ਅਜੋਕਾ ਮਨੁੱਖ ਆਪਣੀ ਹੀ ਅੱਖ 'ਚ ਅੱਥਰੂ ਦੀ ਜੂੰਨ ਹੰਢਾਅ ਰਿਹਾ ਹੈ। ਕਬਰਾ ਦੀ ਚੁੱਪ ਜੀਅ ਰਿਹਾ ਹੈ। ਜੋ ਮਨੁੱਖ ਚੇਤਨ ਅਤੇ ਜਗਿਆਸੂ ਹੈ ਉਸ ਨੂੰ ਅਜੋਕੀ ਪਦਾਰਥਕ ਕਾਰਜ ਪ੍ਰਣਾਲੀ ਕਾਰਨ ਨੀਂਦਰ ਨਹੀਂ ਆਉਂਦੀ ਜੋ ਮਨੁੱਖ ਚੇਤਨਾਹੀਣ ਹੈ ਉਸ ਨੂੰ ਕੋਈ ਪ੍ਰਵਾਹ ਨਹੀਂ। ਚੇਤਨ ਮਨੁੱਖ ਪਲ-ਪਲ ਆਪਣੀ ਸੁਰਖਸ਼ਾ ਤੇ ਮਨ ਦੀ ਸ਼ਾਂਤੀ ਲਈ ਮਰਦਾ ਹੈ। ਉਦਾਸੀ ਅਤੇ ਭਟਕਣ ਦੀ ਆਉਧ ਹੰਢਾਉਂਦਾ ਹੈ। ਸੱਚ ਦਾ ਸੰਤਾਪ ਜਰਦਾ ਹੈ। ਮਰਨ ਲਈ ਪਲ-ਪਲ ਜਿਉਂਦਾ ਹੈ। ਜੀਉਣ ਲਈ ਪਲ-ਪਲ ਮਰਦਾ ਹੈ। ਅਜੋਕੀ ਵਿਸ਼ਵ ਦੀ ਜੀਵਨ ਨਦੀ ਰੇਤ ਹੋ ਗਈ ਹੈ। ਨਦੀ ਦੀ ਦੇਹ ਸਾਏ ਨੂੰ ਸਾਇਆ ਦੇਹ ਨੂੰ ਖਾਹ ਰਿਹਾ ਹੈ। ਅਜੋਕੀ ਵਿਸ਼ਵ ਨਦੀ ਦਾ ਜਲ ਹੀ ਜਲ ਦਾ ਸੰਘ ਘੁੱਟ ਰਿਹਾ ਹੈ। ਜਲ ਦਾ ਮੁਰਦਾ ਜਲ ਤੇ ਤੈਰ ਰਿਹਾ ਹੈ।

ਇਸ ਅਜੋਕੀ ਵਿਸ਼ਵ ਰੂਪੀ ਨਦੀ ਦੀ ਨੀਲੀ ਕੈਨਵਸ ਤੇ ਅੰਬਰੀ ਸੂਰਜਾਂ ਚੰਨਾਂ ਤਾਂਰਿਆ ਦੇ ਧੱਬੇ ਹਨ। ਕਿਤੇ ਰੰਗਾਂ ਦੀਆਂ ਲਾਸ਼ਾ ਕਿਤੇ ਬੁੱਤ ਤਰਾਸ਼ ਦੇ ਹੱਥ ਅਤੇ ਨਿਰਤ ਦੇ ਪੈਰ ਕਟੇ ਹਨ। ਕਿਤੇ ਪਿਕਾਸੋ ਦਾ ਸਿਰ ਸੂਲ਼ੀ 'ਤੇ ਟੰਗਿਆ ਹੈ। ਕਿਤੇ ਗਾਲਿਬ ਲਹੂ 'ਚ ਭਿੱਜਾ ਹੈ। ਕਿਤੇ ਤਾਨ ਸੈਨ ਸ਼ੋਰ ਜਾਪਦਾ ਹੈ। ਹਰ ਥਾਂ ਵਿਸ਼ਵ ਨਦੀ ਦਾ ਆਪਣਾ ਸੱਚ ਮੋਇਆ ਪਿਆ ਹੈ। ਭਾਵ ਇਸ ਪਦਾਰਥਕ ਵਿਕਾਸ ਨੇ ਕਲਾ ਦੀ ਤਸੀਰ ਅਤੇ ਜ਼ਮੀਰ ਦਾ ਅੰਤ ਕਰ ਦਿੱਤਾ ਹੈ। ਅਜੋਕੀ ਵਿਸ਼ਵ ਵਿੱਚ ਪਲੈਟੀਨਮ ਦੇ ਮਗ ਨਗਰ ਹਨ। ਸਿਲੀਕੋਣ ਦੇ ਲੋਕ ਹਨ ਅੱਧ ਨੰਗੀਆਂ ਮੋਮਬੱਤੀਆਂ ਅਤੇ ਬੋੜੇ ਦੀਵੇ ਜਗ ਰਹੇ ਹਨ। ਜਿਨ੍ਹਾਂ ਸਾਹਿਤ ਕਲਾ ਗੀਤ ਸੰਗੀਤ ਨੂੰ ਪਦਾਰਥਕ ਰੂਪ ਦੇ ਦਿੱਤਾ ਹੈ ਅਤੇ ਜਿਨ੍ਹਾਂ ਦੀ ਰੋਸ਼ਨੀ ਮਰਾਂ ਨਗਰ ਦੇ ਮੱਥੇ 'ਚ ਚੜਿਆ ਕੁਦਰਤੀ ਸੂਰਜ ਅੰਨ੍ਹਾ ਕਰ ਰਹੀ ਹੈ। ਮਾਨਵੀ ਵਜੂਦ ਅੰਗਾਂ ਦੀ ਭਾਲ 'ਚ ਅਤੇ ਮਾਨਵੀ ਅੰਗ ਵਜੂਦ ਦੀ ਭਾਲ 'ਚ

ਸਮੇਂ ਦੇ ਬੁੱਤ ਦੀ ਪ੍ਰਕਰਮਾ ਕਰ ਰਹੇ ਹਨ। ਅਜੋਕੀ ਵਿਸ਼ਵ ਦੇ ਲੋਕ ਅੰਬਰ ਦੇ ਚੰਨ ਨੂੰ ਘਰਾਂ ਦੇ Backyard ਦੇ Pool ਵਿੱਚੋਂ ਤਰਦਾ ਫੜ ਰਹੇ ਹਨ। ਸਕੂਨ ਭਾਲਦੇ ਹਨ। ਪਰ ਇੱਕ ਦੂਜੇ ਨੂੰ ਪਿੱਠਾਂ ਦੇ ਕੇ ਖੜੇ ਹਨ। ਆਪਣੇ ਆਪ ਨੂੰ ਹਰ ਕੋਈ ਦੁੱਧ 'ਚ ਨਾਤਾ ਸਮਝਦਾ ਹੈ। ਉਂਗਲ ਆਪਣੇ ਚਿਹਰੇ ਤੇ ਨਹੀਂ ਸ਼ੀਸ਼ੇ 'ਤੇ ਧਰਦਾ ਹੈ।

ਪ੍ਰਕਿਰਤਕ ਸੁੰਦਰਤਾ ਨੂੰ ਮਹਾਂ ਨਗਰਾਂ ਨੇ ਮੋਮਜਾਮਿਆਂ ਵਿਚ ਬਦਲਿਆ ਹੈ। ਅੰਨ੍ਹ ਪੂਰਨਾ ਦੀ ਥਾਂ ਲੋਕ ਜੀਵਨ ਤੱਤ ਖਾਹ ਰਹੇ ਹਨ। ਜਲ ਦੇ ਕੈਪਸੂਲਾਂ ਨਾਲ ਆਪਣੀ ਪਿਆਸ ਬੁਝਾਉਂਦੇ ਹਨ। ਬਿਜਲਈ ਊਰਜ ਦੇ ਪ੍ਰਾਣਾਂ 'ਤੇ ਨਿਰਭਰ ਹਨ। ਇਹ ਲੋਕ ਉਂਝ ਤਾਂ ਆਪਣੀ ਨਜ਼ਰ ਵਿੱਚ ਹੀ ਸਿਰ ਚੁੱਕੇ ਹਨ। ਪਰ ਆਪਣੇ ਆਪ ਨੂੰ ਆਧੁਨਿਕ ਅਤੇ ਸਮੇਂ ਦੇ ਹਾਣੀ ਗਰਦਾਨ ਦੇ ਹਨ। ਵਿਸ਼ਵ ਮੰਡੀ ਵਿੱਚ ਵਸਤੂਆਂ ਦੀ ਥਾਂ ਮਨੁੱਖ ਦਾ ਮੁੱਲ ਲਾਇਆ ਜਾਂਦਾ ਹੈ। ਖਰੀਦਦਾਰ ਤੇ ਵਿਕਰੇਤਾ ਪਦਾਰਥਕ ਵਿਕਾਸ ਚੋਂ ਜਨਮੀ Brand ਦੀ ਨਸਲ ਕਹਾਉਂਦੀ ਹੈ। ਪਿੰਡ ਸ਼ਹਿਰ-ਸ਼ਹਿਰ ਵਿਸ਼ਵ ਹੋਏ ਹਨ। ਪਰ ਜ਼ਿੰਦਗੀ ਬਿੰਦੂਆਂ 'ਚ ਸੁੰਘੜ ਗਈ ਹੈ। ਹਰ ਵਿਗਿਆਨਕ ਪ੍ਰਯੋਗ ਮਹਾਂ ਨਗਰ ਨੇ ਜਲ ਪ੍ਰਯੋਗਸ਼ਾਲਾ ਵਿੱਚ ਕੀਤਾ ਹੈ। ਜਲ ਜਿਸ ਨੇ ਮਹਾਂ ਨਗਰ ਨੂੰ ਗੋਦੀ ਵਿੱਚ ਖਿੜਾਇਆ ਹੈ। ਉਸ ਜਲ ਦਾ ਹੀ ਕੂਲਾ ਪਿੰਡਾਂ ਵਿਗਿਆਨਕ ਪ੍ਰਾਪਤੀਆਂ ਨੇ ਲੁਹਿਆ ਹੈ। ਜਲ ਚੋਂ ਥਲ ਉਗਾ ਦਿੱਤਾ ਹੈ। ਬੇਸ਼ੱਕ ਮਾਨਵ ਬਿਨਾਂ ਪਦਾਰਥ ਦਾ ਕੋਈ ਸੱਚ ਕੋਈ ਹੋਂਦ ਨਹੀਂ ਫਿਰ ਵੀ ਅਜੋਕੀ ਵਿਸ਼ਵ ਲਈ ਸਮੇਂ ਦਾ ਸੱਚ ਪਦਾਰਥ ਹੈ।

ਅਜੋਕੇ ਮਨੁੱਖ ਨੇ ਪਦਾਰਥਕ ਵਿਕਾਸ ਅਧੀਨ ਡੱਚ ਮੁਟਿਆਰਾ ਜਿਹੀਆਂ ਲਮਸਲੰਮੀਆਂ ਅਕਾਸ਼ ਛੋਹ ਦੀਆਂ ਇਮਾਰਤਾ ਗੁੰਬਦਾ ਅਤੇ ਕਲਸਾ ਦਾ ਨਿਰਮਾਨ ਕੀਤਾ ਹੈ। ਸੜਕ 'ਤੇ ਟੁਰਦਾ ਆਦਮੀ ਗਿੱਠ ਮੁੱਠੀਆ ਲੱਗਦਾ ਹੈ। ਲਹੂ ਮਾਸ ਦੀ ਚੇਤਨਾ ਧਾਤੂ ਵਿਕਾਸ ਦੇ ਪੈਰਾਂ ਹੇਠ ਆ ਗਈ ਹੈ। ਸਮਾਂ ਜਦ ਅਜੋਕੇ ਵਿਸ਼ਵ ਦੇ ਸਿਖਰ ਤੋਂ ਆਦਿ ਵੱਲ ਮੁੜਦਾ ਹੈ। ਤਾਂ ਵੇਖਦਾ ਹੈ ਕਿ ਆਦਮੀ ਕਿਨਾਰੇ ਤੇ ਖੜਾ ਹੈ। ਪੱਥਰ ਤੈਰ ਰਿਹਾ ਹੈ, ਪਹਾੜ ਟੁਰ ਰਿਹਾ ਹੈ। ਜ਼ਿੰਦਗੀ ਵਿਸ਼ਵ ਰੰਗ ਮੰਚ ਤੋਂ ਅਲੋਪ ਹੋ ਗਈ ਹੈ। ਪਦਾਰਥਕ ਵਿਕਾਸ ਨੇ Electronic ਸੂਰਜ ਅੰਬਰ 'ਤੇ ਚੜ੍ਹਾ ਦਿੱਤਾ ਹੈ ਅਤੇ ਖੇਤਾਂ ਦੀ ਥਾਂ ਸਬਜ਼ੀਆਂ ਅਤੇ ਫਸਲਾਂ ਗਮਲਿਆਂ 'ਚ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਬਜਰੀ ਦਾ ਸ਼ਹਿਰ ਸੜਕਾਂ ਗਲੀਆਂ ਬਜ਼ਾਰ ਹਨ। ਬਜਰੀ ਦੇ ਫੁੱਲ ਕਲੀਆਂ ਗੁਲਸ਼ਨ ਮੌਸਮ ਰੁੱਤਾਂ ਬਹਾਰਾਂ ਹਨ। ਬਜਰੀ ਦੇ ਲੋਕ ਲੋਹੇ ਤੇ ਪਲਾਸਟਕ ਦੇ ਮੋਢੀ ਚੜੇ ਰਬੜ ਦੇ ਪੈਰਾਂ 'ਤੇ ਟੁਰਦੇ ਨਜ਼ਰ ਆਉਂਦੇ ਹਨ। ਪਦਾਰਥਕ ਵਿਕਾਸ ਨੇ ਅੰਬਰ ਤੇ ਸੜਕਾਂ ਖਲਾਅ ਵਿਚ ਮਨੁੱਖੀ ਵਸੇਰੇ ਦਾ ਨਿਰਮਾਨ ਕਰ ਦਿੱਤਾ ਹੈ। ਸ਼ਿਲਪ ਉਦਯੋਗ ਨੇ ਦੁਨੀਆ ਦੇ ਨਕ਼ਸ਼ ਘੜੇ ਹਨ। ਜੀਵਨ ਦਾ ਰੰਗ ਰੂਪ ਤਾਸੀਰ ਅਤੇ ਜਾਮੀਰ ਬਦਲ ਗਏ ਹਨ। ਵਸੀਹ ਜਾਣਕਾਰੀ ਦੇ ਸਾਧਨ ਮਨੁੱਖ ਦੇ ਪੋਂਦਿਆਂ ਤੇ ਹਨ। ਹਰ ਬਿੰਦੂ ਅਕਾਰ ਰਹਿਤ ਦਾਇਰਾ ਹੈ। ਆਦਿ ਅੰਤ ਦਾ ਵਿਸਥਾਰ ਹੈ। ਅੰਤ ਆਦਿ ਦਾ ਵਿਸਥਾਰ ਹੈ। ਪਹਿਲਾਂ ਬੋਲ ਗਤੀ ਸੀ। ਫਿਰ ਲਾਰੀ ਆਈ ਰੇਲਵੇ ਲਾਇਨਾਂ ਤੇ ਸੜਕਾਂ ਦਾ ਜਾਲ

ਵਿੱਛਿਆ। ਫਿਰ ਸੜਕੀ ਸਫਰ ਨੇ ਅੰਬਰੀ ਸਫਰ ਦਾ ਰੂਪ ਧਾਰਿਆ। ਖ਼ਤ ਦੀ ਥਾਂ ਤਾਰ ਨੇ ਦਸਤਕ ਦਿੱਤੀ ਗ੍ਰਾਮਾਫੋਨ, ਰੇਡੀਓ, ਟੈਲੀਵਿਜ਼ਨ ਆਇਆ। ਸਮਾਂ ਬਦਲਿਆਂ ਜੀਵਨ ਬਦਲਿਆਂ ਗਿਆਨ ਵਿਗਿਆਨ ਦਰਸ਼ਨ ਧੁਰਾ ਆਏ। ਹਰੀ ਕ੍ਰਾਂਤੀ ਉਦਯੋਗਿਕ ਯੁੱਗ ਆਏ, ਮਨੁੱਖ ਬਿਜਲਈ, ਐਟਮ ਪੋਲਾੜ ਯੁੱਗ ਚੋਂ ਗੁਜਰਿਆ। ਕੰਪਿਊਟਰ ਯੁੱਗ ਸਮੇਂ Facebook, Email ਵਿੱਚ ਸਾਰਾ ਵਿਸ਼ਵ ਪਰੋਇਆ ਗਿਆ। ਜੰਗਲ ਚੋਂ ਸ਼ੀਸ਼ੇ ਦੇ ਸ਼ਹਿਰ ਜਨਮੇ ਸਾਗਰ 'ਤੇ ਮਹਾਂ ਨਗਰਾਂ ਦਾ ਨਿਰਮਾਨ ਹੋਇਆ। ਬੂੰਦ-ਬੂੰਦ ਤੇ ਤਾਰਾ ਤਾਰਾ ਵਿਗਿਆਨਕ ਖੋਜ ਦਾ ਵਿਸ਼ਾ ਬਣਿਆ ਜੇ ਕੋਈ ਮਾਨਵ ਯੁੱਗ ਹੁੰਦਾ ਤਾਂ ਮਾਨਵ ਵੀ ਸਮੇਂ ਦੀ ਪ੍ਰਤੀਨਿਧਤਾ ਕਰਦਾ। ਮਾਨਵ ਵਿਗਿਆਨਕ ਪ੍ਰਾਪਤੀਆਂ ਨੂੰ ਵਰਤਦਾ ਨਾ ਕਿ ਵਿਗਿਆਨਕ ਪ੍ਰਾਪਤੀਆਂ ਮਨੁੱਖ ਨੂੰ ਵਰਤਦੀਆਂ।

ਸਿਰਜਣਾ ਬਸ ਸਿਰਜਣਾ ਹੀ ਰਹਿੰਦੀ। ਸਿਰਫ਼ ਮਾਨਵ ਹੀ ਸਿਰਜਕ ਅਖਵਾਉਂਦਾ। ਸ਼ੀਸ਼ੇ ਨੂੰ ਮਨੁੱਖ ਨੇ ਸੁੰਦਰਤਾ ਦੀ ਪਿਉਂਦ ਲਾਈ ਸੀ। ਸ਼ੀਸ਼ੇ ਨੇ ਮਨੁੱਖ ਨੂੰ ਉਹ ਸ਼ੀਸ਼ਾ ਵਿਖਾਇਆ ਹੈ। ਕਿ ਮਨੁੱਖ ਆਪਣੀ ਪਹਿਚਾਣ ਲਈ ਜੀਂਦਾ ਹੀ ਮਰ ਗਿਆ ਹੈ। ਸਮੇਂ ਦੀ ਆਧੁਨਿਕ ਚੇਤਨਾ ਨੇ ਸੀਮਟ ਸ਼ੀਸ਼ੇ ਤੇ ਪੱਥਰ ਨੂੰ ਗੁੰਨ ਕੇ ਪਦਾਰਥਕ ਵਿਕਾਸ ਦਾ ਉਹ ਦੈਂਤ ਸਿਰਜਿਆ। ਜਿਸ ਨੇ ਜ਼ਿੰਦਗੀ ਦਾ ਸਿਰਜਕ ਮਨੁੱਖ ਹੀ ਨਿਗਲ ਲਿਆ। ਇਸ ਤਰ੍ਹਾਂ ਪਦਾਰਥ ਨੇ ਵਿਸ਼ਵ ਦਾ ਉਹ ਰੂਪ ਧਾਰਿਆ ਹੈ ਜਿਸ ਚੋਂ ਮਨੁੱਖ ਸਦਾ ਲਈ ਮੰਨਫ਼ੀ ਹੋ ਗਿਆ ਹੈ।

ਅਜੋਕੀ ਨਸਲ ਦੀ ਮਾਨਸਿਕ ਸਰੀਰਕ ਵਿਕਾਸ ਪ੍ਰਣਾਲੀ ਪਦਾਰਥਕ ਹੈ। ਪਦਾਰਥ ਮਨੁੱਖ ਤੇ ਬਚਪਣ ਤੋਂ ਹੀ ਪ੍ਰਭਾਵਨੁਮਾ ਹੈ। ਬੱਚੇ ਵਿਚਲੇ ਬੀਜ ਜਿਸ ਮਨੁੱਖ ਦਾ ਰੂਪ ਧਾਰਨਾ ਹੈ। ਪਦਾਰਥ ਉਸ ਬੀਜ ਵਿਚਲੀ ਚੇਤਨਾ ਬੁੱਧ ਤੇ ਜਗਿਆਸਾ ਹੈ। ਪਦਾਰਥ ਅਧੂਰੇ ਆਦਮੀ ਨੂੰ ਵਿਸ਼ਵ ਦੇ ਹਰ ਕੌਣੇ ਵਿਚ ਲੈ ਜਾਂਦਾ ਹੈ। ਹਰ ਸਾਲਮ ਚੀਜ਼ ਅਧੂਰੇ ਮਨੁੱਖ ਦੀ ਤਲ਼ੀ 'ਤੇ ਧਰਦਾ ਹੈ। ਜਿੱਥੇ ਮਨੁੱਖ ਲਈ ਇਹ ਲਾਭਦਾਇਕ ਹੈ। ਉੱਥੇ ਇਹ ਅਧੂਰੇ ਮਨੁੱਖ ਨੂੰ ਹੋਰ ਵੀ ਅਧੂਰਾ ਕਰਦਾ ਹੈ। ਉਸ ਵਿਚੋਂ ਪੂਰਨ ਹੋਣ ਦੀ ਊਰਜਾ ਅਤੇ ਸੰਕਲਪ ਮਾਰਦਾ ਹੈ। ਮਨੁੱਖ ਨੂੰ ਪਦਾਰਥਕ ਵਿਕਾਸ ਦਾ ਇਹ ਪ੍ਰਤੀਕਰਮ ਵੀ ਸਮਝਣ ਦੀ ਲੋੜ ਹੈ। ਕਿਉਂਕਿ ਅਧੂਰਾ ਮਨੁੱਖ ਆਪਣੇ ਆਪ 'ਚ ਪੂਰਾ ਹੋਣ ਦੀ ਜ਼ਰੂਰਤ ਨਹੀਂ ਸਮਝਦਾ। ਕਿਉਂਕਿ ਕੰਪਿਊਟਰ ਉਸ ਨੂੰ ਉਹ ਸਭ ਵਸਤੂਆਂ ਮੁਹੱਈਆਂ ਕਰਵਾਉਂਦਾ ਹੈ। ਜੋ ਉਹ ਦਾ ਹੁੰਦਾ ਹੈ। ਉਸ ਵਸਤੂ ਦੀ ਪ੍ਰਾਪਤੀ ਲਈ ਅਧੂਰੇ ਆਦਮੀ ਨੂੰ ਆਪ ਸੰਘਰਸ਼ ਨਹੀਂ ਕਰਨਾ ਪੈਂਦਾ। ਕੰਪਿਊਟਰ ਸਾਲਮ ਮਨੁੱਖ ਵਿੱਚ ਵੀ ਅਧੂਰੇਪਣ ਦੇ ਬੀਜ-ਬੀਜ ਦਾ ਹੈ। ਇਸ ਦੀਆਂ ਹਸੂਲਤਾਂ ਹੀ ਕਾਰਜਸ਼ੀਲ ਮਨੁੱਖ ਵਿੱਚ ਸੁਸਤੀ ਅਤੇ ਅਗਤੀ ਦਾ ਬੀਜ ਬੀਜ ਦੀਆਂ ਹਨ। ਇਹ ਮਨੁੱਖ ਦੇ ਅੰਦਰੋਂ ਸਾਲਮ ਹੋਣ ਦੀ ਊਰਜਾ ਚੇਤਨਾ ਜਗਿਆਸਾ ਅਤੇ ਉਤਸ਼ਾਹ ਨੂੰ ਖ਼ਤਮ ਕਰਦਾ ਹੈ।

ਅਜੋਕਾ ਮਨੁੱਖ ਇੱਕ ਪਾਸੜ ਦੌੜ-ਦੌੜ ਰਿਹਾ ਹੈ। ਆਪਣਾ ਸਰੀਰਕ ਮਾਨਸਿਕ ਸੰਤੁਲਨ ਖੋਹ ਬੈਠਾ ਹੈ। ਜੀਵਨ ਸੱਚ ਤੋਂ ਪਰਾਇਆ ਹੋ ਗਿਆ ਹੈ। ਇਹ

ਦੌੜ ਪੌਲੀਥਿਨ ਦੇ ਪੁਤਲਿਆਂ, ਕਾਠ ਦੇ ਘੋੜਿਆਂ ਅਤੇ ਪਲਾਟੀਨਮ ਦੇ ਜੰਗਲ ਦੀ ਹੈ। ਜਲ ਪੌਣ ਧਰਤੀ ਬਿਨਾਂ ਅੰਨ੍ਹ ਉਗਾਉਣ ਦੀ ਹੈ। ਅਕਾਸ਼ ਛੋਹਦਿਆ ਪਿੰਜਰਿਆ 'ਚ ਕੈਦ ਪਰਹੀਣ ਪੰਛੀਆਂ ਦੀ ਹੈ। ਗਗਨ ਜਿਹਾ ਗਗਨ ਧਰਤੀ ਜਿਹੀ ਧਰਤੀ ਬ੍ਰਹਿਮੰਡ ਜਿਹਾ ਬ੍ਰਹਿਮੰਡ ਨਕਸ਼ਿਆਂ 'ਤੇ ਉਤਾਰਣ ਦੀ ਹੈ। ਆਪਣਿਆਂ ਹੀ ਸਾਇਆ ਪਿੱਛੇ ਦੌੜਣ ਦੀ ਹੈ। ਅਸੀਂ ਜਿੱਥੇ ਅੱਪੜੇ ਹਾਂ ਉਸ ਹਸ਼ਰ ਚੋਂ ਹਸ਼ਰ ਅਲੋਪ ਹੈ। ਸਮੇਂ ਦੀ ਗਰਦਨ ਤੇ ਸਮੇਂ ਦਾ ਚਿਹਰਾ ਨਹੀਂ। ਸ਼ਬਦ ਚੋਂ ਅਰਥ ਬਸ਼ਰ ਚੋਂ ਬਸ਼ਰ ਅਲੋਪ ਹੈ। ਨਜ਼ਰ 'ਚ ਜੋ ਉੱਗਿਆ ਹੈ ਉਸ ਦੀ ਨਾ ਪਿੱਠ ਹੈ ਨਾ ਚਿਹਰਾ ਹੈ। ਇੱਕ ਪਾਸੜ ਦੌੜ ਨੇ ਸਰੀਰਕ ਸੁੱਖਾਂ ਦੀ ਅਜਿਹੀ ਤਸਵੀਰ ਸਿਰਜੀ ਹੈ। ਕਿ ਅਗਤੀ ਲਈ ਹਾੜੇ ਕੱਢਦੀ ਗਤੀ ਦੀ ਤਸਵੀਰ ਸਿਰਜੀ ਹੈ। ਇਸ ਤਸਵੀਰ ਦੀ ਸੋਖੀ ਮਨੁੱਖੀ ਮਸਤਕ ਦਾ ਦੀਵਾ ਬੁਝਾਉਂਦੀ ਹੈ। ਮਨੁੱਖ ਤੋਂ ਮਨੁੱਖ ਨੂੰ ਜਾਨਵਰ ਬਣਾਉਂਦੀ ਹੈ। ਇਹ ਜੀਵਨ ਦੀ ਤਸਵੀਰ ਸੁੱਖਦਾਇਕ ਅਤੇ ਇਤਮਨਾਨੀ ਹੈ। ਪਰ ਆਪਣੀ ਪ੍ਰਾਪਤੀ ਲਈ ਭਰਿਸ਼ਟ ਰਾਹ ਤੋਂ ਸਿਵਾ ਕੋਈ ਨੈਤਿਕ ਰਾਹ ਨਹੀਂ ਦੱਸਦੀ। ਆਦਮੀ ਆਪਣੀ ਸਮੱਰਥਾ ਨੂੰ ਅੱਖੋਂ ਪਰੋਖੇ ਕਰ ਇਸ ਤਸਵੀਰ ਦੀ ਪ੍ਰਾਪਤੀ ਲਈ ਅਨੈਤਿਕ ਰਾਹ ਅਪਣਾਉਣਾ ਹੈ। ਪਦਾਰਥਕ ਵਿਕਾਸ ਦੀ ਇਹ ਦਿੱਖ ਦਾਇਰੇ ਮੇਟ ਦੀ ਹੈ। ਬਿੰਦੂ ਸਿਰਜ ਦੀ ਹੈ। ਕਿਉਂਕਿ ਇਹ ਇੱਕ ਪਾਸੜ ਪਦਾਰਥ ਵਿਕਾਸ ਦਾ ਪੱਖ ਪੇਸ਼ ਕਰਦੀ ਹੈ। ਜੀਵਨ ਸੁੱਖਾਂ ਤੋਂ ਸਿਵਾ ਮਨੁੱਖੀ ਵਿਅਕਤੀਗਤ ਉਨਤੀ ਦਾ ਪੱਖ ਪੇਸ਼ ਨਹੀਂ ਕਰਦੀ।

ਇਸ ਭੌਤਿਕ ਵਿਸ਼ਵ ਦੇ ਵਜੂਦ ਦੀਆਂ Vinal ਦੀਆਂ ਕੰਧਾਂ ਹਨ। ਜਿਨ੍ਹਾਂ ਚੋਂ ਜਿਉਂਦੇ ਮੁਰਦੇ ਝਾਕਦੇ ਹਨ। ਬੂਹੇ ਬਾਰੀਆਂ ਤੇ ਰੌਸ਼ਨਦਾਨ ਕਬਰ ਹੋਈ ਜ਼ਿੰਦਗੀ ਦੇ ਝਰੋਖੇ ਹਨ। ਇਸ ਵਿਸ਼ਵ ਦਾ ਫਰਸ਼ ਜਿਉਦੇ ਸਮੇਂ ਦਾ ਮੁਰਦਾ ਇਤਿਹਾਸ ਹੈ। ਜਿਸ ਚੋਂ ਮੋਈਆਂ ਮੱਛੀਆਂ ਤੇ ਗੰਧਲੇ ਪਾਣੀਆਂ ਦੀ ਬਾਸ ਆਉਂਦੀ ਹੈ। ਪਦਾਰਥਕ ਵਿਸ਼ਵ ਦੀਆਂ ਸੈਰ ਗਾਹਾਂ 'ਚ ਸਟੀਲ ਦੇ ਫੁੱਲ ਬੂਟੇ ਤੇ ਪਰਿੰਦੇ ਹਨ। ਇਸ ਵਿਸ਼ਵ ਦੀਆਂ ਰੌਣਕਾਂ ਰੰਗੀਨੀਆਂ ਸਭ ਵਸਤੂ ਵਿਖਾਵਾ ਹਨ। ਲੋਕਾਂ ਨੂੰ ਹਰੀ ਪੀਲੀ ਤੇ ਲਾਲ ਬੱਤੀ ਸੱਜਾ ਖੱਬਾ ਰੁਕਣਾ ਚੱਲਣਾ ਸਭ ਦਿਸ਼ਾਵਾ ਦੱਸ ਰਹੀ ਹੈ। ਆਦਮੀ ਬੁੱਤ ਬਣਿਆ ਧੁੱਖ ਰਿਹਾ ਹੈ। ਤੱਕ ਰਿਹਾ ਹੈ। ਜ਼ਿੰਦਗੀ ਆਪਣੇ ਅਰਥ ਸੰਚਾਰ ਤੋਂ ਡਰ ਦੀ ਸੁੰਘੜ ਗਈ ਹੈ। ਆਪਣੇ ਆਦਿ 'ਚ ਪਰਤ ਗਈ ਹੈ।

ਅਜੋਕੇ ਮਨੁੱਖ ਦੇ ਸਿਰ ਤੇ ਛੱਤ ਨਹੀਂ ਅੰਬਰ ਨਹੀਂ। ਸਿਰ ਤਾਂ ਹੈ ਛੱਤ ਕਿੱਥੇ ਹੈ? ਛੱਤ ਨਜ਼ਰ ਨਹੀਂ ਆਉਂਦੀ ਸਰੀਆਂ ਸੀਮਿੰਟ ਸ਼ੀਸ਼ਾ ਨਜ਼ਰ ਆਉਂਦਾ ਹੈ। ਲਹੂ ਮਾਸ ਰੱਤ ਨਜ਼ਰ ਨਹੀਂ ਆਉਂਦੀ। ਅੰਬਰ ਆਪਣੀ ਨੀਲਤਾ ਭੁੱਲ ਘਰ ਵਿੱਚ ਹੀ ਗੁਆਚ ਗਿਆ ਹੈ। ਸਿਫ਼ਰਿਆ ਵਿਚ ਗੁਆਚਾ ਅੰਬਰ ਆਪਣਾ ਏਕਾ ਭੁੱਲ ਗਿਆ ਹੈ। ਇਸ ਵਿਸ਼ਵ ਵਿੱਚ ਹਵਾ ਨਹੀਂ ਦਿਸਦੀ ਮਿੱਟੀ ਦਾ ਸਾਹ ਨਹੀਂ ਦਿਸਦਾ। ਮਿੱਟੀ ਤਾਂ ਹੈ ਸਾਹ ਕਿੱਥੇ ਹੈ। ਜੀਵਨ ਦਾ ਅੱਥਰੂ ਤਾਂ ਹੈ ਅੱਥਰੂ ਵਿਚਲਾ ਗਮ ਨਹੀਂ ਦਿਸਦਾ। ਹਵਾ ਆਪਣੀ ਗਤੀ ਭਾਲਦੀ ਸਮੇਂ ਦੇ ਸਿੰਗੀ ਚੜ ਗਈ ਹੈ। ਜੀਵਨ ਤੋਂ ਕਬਰੀ ਹੋ ਗਈ ਹੈ।

ਆਪਣਾ ਮੁਰਦਾ ਢੋਅ ਰਹੀ ਹੈ। ਹਵਾ ਦਾ ਪ੍ਰਾਣ ਨਾ ਵੇਗ ਰਹੀ ਹੈ। ਬਸ ਗਤੀ ਦਾ ਸਿਵਾ ਸੇਕ ਰਹੀ ਹੈ। ਅੱਗਣ ਨਹੀਂ ਦਿੱਸਦੀ ਜੀਵਨ ਨਿੱਘ ਨਹੀਂ ਦਿੱਸਦਾ। ਜੀਵਨ ਤਾਂ ਹੈ ਨਿੱਘ ਕਿੱਥੇ ਹੈ। ਹਰ ਦੇਹ ਦਾ ਚੁੱਲ੍ਹਾ ਬੁਝਿਆ ਹੈ। ਪੱਥਰ ਹੋਇਆ ਹੈ ਜੀਵਨ, ਅੱਗਣ ਬਲਬਲ ਰਾਖ ਹੋਈ ਹੈ। ਆਪਣਾ ਤੇਜ਼ ਲਭ ਰਹੀ ਆਪਣੀ ਰਾਖ ਫਿਰੋਲ ਰਹੀ ਹੈ। ਇਸ ਵਿਸ਼ਵ ਵਿੱਚ ਜਲ ਕਿੱਥੇ ਹੈ। ਜਲ ਚੋਂ ਜਲ ਤਾਂ ਨੁਚੜ ਗਿਆ ਹੈ। ਜਲ ਦਾ ਜਲ ਤਾਂ ਗੁਜ਼ਰ ਗਿਆ ਹੈ। ਨਾ ਜਲ ਧਰਤੀ ਨਾ ਅੰਬਰੀ ਪੌਣੀ ਨਾ ਬਦਲੀ ਜਲ ਦਾ ਕਤਰਾ-ਕਤਰਾ ਸਮੇਂ ਦੇ ਥਲ ਨੇ ਪੀਅ ਲਿਆ ਹੈ। ਹੁਣ ਤਾਂ ਜੀਵਨ ਸਾਗਰ ਵੀ ਥਲ ਹੈ। ਅਜੋਕੀ ਵਿਸ਼ਵ ਵਿਚ ਮਾਂ ਦੀ ਗੋਦੀ ਜਿਹੀ ਧਰਤ ਨਹੀਂ ਹੈ। ਧਰਤ ਕਿੱਥੇ ਹੈ ਮਾਂ ਕਿੱਥੇ ਹੈ? ਧਰਤ ਤਾਂ ਆਪਣੀ ਮਹਿਕ ਭਾਲਦੀ ਖੱਖੜੀ-ਖੱਖੜੀ ਹੋਈ ਹੈ। ਧਰਤੀ ਦਾ ਕੋਈ ਵਜੂਦ ਨਹੀਂ ਨਾ ਹੀ ਸੱਚ ਹੈ ਕੋਈ। ਜੀਵਨ ਦੇ ਸਭ ਤੱਤਾ ਦੀ ਅਲੋਪਤਾ ਹੈ। ਇੱਥੇ ਨਾ ਜੀਵਨ ਦਾ ਚਿਹਰਾ ਨਾ ਦਰਪਣ ਦਿਸਦਾ ਹੈ। ਦਰਪਣ ਹੈ ਪਰ ਚਿਹਰਾ ਕਿੱਥੇ ਹੈ ਮੇਰਾ ਤਾਂ ਹੈ ਤੇਰਾ ਕਿੱਥੇ ਹੈ? ਜੀਵਨ ਤਾਂ ਪਦਾਰਥ ਹੋਇਆ ਜੀਵਨ ਦਾ ਸੱਚ ਸਰੀਏ ਪਥੱਰ ਸੀਮਿੰਟ ਸ਼ੀਸ਼ੇ ਵਿਚ ਬਦਲ ਗਿਆ ਹੈ।

ਅਜੋਕਾ ਮਨੁੱਖ ਬੋਲ ਕਬੋਲ ਦੇ ਰਹੱਸਵਾਦ ਅਨੁਸਾਰ ਆਪਣੇ ਆਪ ਨੂੰ ਸਨਾਤਨੀ ਈਸ਼ਵਰੀ ਸ਼ਕਤੀ ਵਿੱਚ ਢਾਲਣਾ ਨਹੀਂ ਚਾਹੁੰਦਾ। ਸਗੋਂ ਆਪਣੇ ਗੁਆਚੇ ਸਵੈ ਨੂੰ ਭਾਲ ਕੇ ਆਪਣੀ ਮੌਜੂਦਾ ਏਹ ਵਿੱਚ ਸਕੂੰਨਤ ਕਰਨਾ ਚਾਹੁੰਦਾ ਹੈ। ਚਾਹੁੰਦਾ ਹੈ ਆਪਣੇ ਪੈਰਾਂ ਤੇ ਪਰੰਪਰਾਗਤ ਚਿੰਮੜੇ ਪੈਂਡੇ ਉਤਾਰ ਦਏ ਅਤੇ ਸਵੈ ਵਿਅਕਤੀਗਤ ਰੂਪ ਵਿੱਚ ਸੁੰਤਤਰ ਹੋ ਸਕੇ। ਅਜੋਕਾ ਮਨੁੱਖ ਕਿਸੇ ਜਾਨਵਰ ਦੇ ਸਿਰ ਵਾਲੇ ਮਨੁੱਖ ਵਾਂਗ ਬ੍ਰਹਮ ਗਿਆਨ ਦਾ ਪ੍ਰਾਪਤੀ ਲਈ ਕਿਸੇ ਈਸ਼ਵਰੀ ਸ਼ਕਤੀ ਦੀ ਪ੍ਰਕਰਮਾ ਨਹੀਂ ਕਰਨਾ ਚਾਹੁੰਦਾ ਅਜੋਕਾ ਮਨੁੱਖ ਮਨੁੱਖ ਹੈ। ਕਿਸੇ ਅਪ੍ਰਕਿਰਤਕ ਗਰਭ ਚੋਂ ਜਨਮਿਆ ਜੀਵ ਨਹੀਂ। ਅਜੋਕਾ ਮਨੁੱਖ ਸਿਰ ਭਰਨੇ ਵਿਛਿਆ ਰਾਹ ਹੈ। ਆਪਣੀ ਸਵੈ ਸ਼ਨਾਖਤ ਦੇ ਪਰਤਣ ਦੇ ਯਤਨ ਵਿਚ। ਅਜੋਕਾ ਮਨੁੱਖ ਆਪਣੇ ਹੀ ਚਿਹਰੇ ਤੋਂ ਤਿਲਦੀ ਨਜ਼ਰ ਹੈ। ਆਪਣੇ ਹੀ ਪੈਰਾਂ ਹੇਠ ਮਿਥਿਆ ਸਿਰ ਹੈ। ਆਪਣੀ ਨਜ਼ਰ 'ਚ ਕੰੜਿਆਲਾ ਪਹਾੜ, ਸਹਿਰਾ ਅਤੇ ਸ਼ੀਸ਼ੇ ਦੀਆਂ ਸੜਕਾਂ ਤੇ ਦੌੜਦੀ ਅਵਾਰਾ ਤ੍ਰਿਸ਼ਨਾ ਹੈ। ਅਜੋਕਾ ਮਨੁੱਖ ਮਨੁੱਖਤਾ ਦੀ ਵਿਭਿੰਨਤਾ ਦੀ ਇਕਾਈ ਹੈ ਅਤੇ ਇਕਾਈ ਦੀ ਵਿਭਿੰਨਤਾ ਹੈ। ਅਜੋਕਾ ਮਨੁੱਖ ਲੋਕਾਂ ਦੀ ਪਿੱਠ ਤੇ ਚਿਪਕਿਆ ਲੋਕਾਂ ਦਾ ਹੀ ਚਿਹਰਾ ਹੈ। ਸਦੀਆਂ ਤੋਂ ਅੱਥਰੂਆਂ ਦੀ ਜੂੰਨ ਭੋਗ ਰਿਹਾ ਹੈ। ਆਪਣੇ ਆਪ ਦੀ ਗ਼ੁਲਾਮੀ ਅਤੇ ਮੁਥਾਜੀ ਜੀਅ ਰਿਹਾ ਹੈ। ਅਜੋਕਾ ਮਨੁੱਖ ਵਿਚਰ ਰਿਹਾ ਹੈ ਆਪਣੇ ਦੁਆਲੇ 'ਚ ਲੋਕ ਵਿਚਰ ਰਹੇ ਹਨ। ਉਸ ਦੇ ਦੁਆਲੇ 'ਚ ਇਹ ਵਿਚਰਨ ਦੀ ਸਾਂਝ ਕਿਸੇ ਗਰਭ ਦੀ ਬੰਦਸ਼ ਨਹੀਂ ਇਹ ਧੁੰਨੀ ਦੀ ਸਾਂਝ ਤੋਂ ਅੱਗੇ ਦੀ ਹੈ। ਜੋ ਲਹੂ ਦੀ ਨਹੀਂ ਨੂਰ ਦੇ ਰੰਗ ਦੀ ਹੈ। ਪਰ ਇਸ ਸਾਂਝ ਦਾ ਦੁਖਾਂਤ ਇਹ ਹੈ ਕਿ ਇਹ ਵਿੱਥਾ ਵਿਚ ਜੀਅ ਰਹੀ ਹੈ।

ਆਦਮੀ ਆਪਣੇ ਸਵੈ ਤੋਂ ਇਸ ਲਈ ਟੁੱਟਾ ਸੀ ਕਿ ਉਹ ਸਿਤਾਰ ਦੀਆਂ

ਤਾਰਾਂ ਚੋਂ ਰਾਗ ਬਣ ਕੇ ਫੁੱਟ ਸਕੇ ਜੀਉਂਦੇ ਜੀਅ ਆਪਣੀ ਹੋਂਦ ਸੱਚ ਸ਼ਨਾਖਤ ਦੀ ਛਾਂਅ ਹੇਠ ਬੈਠ ਸਕੇ। ਇਸ ਤੋਂ ਪਹਿਲਾਂ ਕਿ ਉਹ ਆਪਣੇ ਸਵੈ ਦੀ ਭਾਲ 'ਚ ਗੁਆਚ ਜਾਏ ਉਹ ਮਾਨਵਤਾ ਲਈ ਕਣਕ, ਚੌਲ, ਮੱਕੀ, ਬਾਜਰਾ ਤੇ ਕਪਾਹ ਬਣ ਕੇ ਉੱਗਣਾ ਚਾਹੁੰਦਾ ਹੈ। ਇਸ ਤੋਂ ਪਹਿਲਾਂ ਕਿ ਉਹ ਖ਼ੁਦ ਉਸਾਰੀ ਵਿਸ਼ਵ ਨਾਲ ਟੱਕਰਾ ਜਾਵੇ ਉਹ ਆਪਣੀ ਚੇਤਨਾ ਆਪਣੇ ਸਵੈ ਦਾ ਹਾਣੀ ਹੋਣਾ ਚਾਹੁੰਦਾ ਹੈ। ਉਸ ਨੇ ਖੇਤਾਂ ਵਿੱਚ ਜੋ ਪਲਾਸਟਕ ਦੀਆਂ ਫਸਲਾਂ ਉਗਾਈਆਂ ਹਨ ਅਤੇ ਮਨੁੱਖ ਨੂੰ ਜੋ ਅਰਧ ਪਲਾਸਟਕ ਦਾ ਰੂਪ ਦਿੱਤਾ ਹੈ। ਧਾਤੂ ਪ੍ਰਕਿਰਤੀ ਅਤੇ ਵਿਸ਼ਵ ਦੀ ਬਣਾਵਟੀ ਸਮੱਗਰੀ ਇਹ ਸਭ ਮਨੁੱਖ ਆਪਣੇ ਜ਼ਿਹਨ ਵਿਚ ਨਿਕਲਦੇ ਜਲੂਸ ਲਈ ਰੰਗ ਮੰਚ 'ਤੇ ਧਰ ਦੇਣਾ ਚਾਹੁੰਦਾ ਹੈ। ਦਸ ਦੇਣਾ ਚਾਹੁੰਦਾ ਹੈ ਕਿ ਉਸ ਦੀ ਜੜ੍ਹ ਸਿਰ 'ਚ ਟੁਰਦੇ ਸਾਏ ਵਿਚ ਭਰੀ ਸਗੋਂ ਧਰਤੀ ਚੋਂ ਸੂਰਜ ਬਣ ਕੇ ਉੱਗਣ 'ਚ ਹੈ। ਕਿਰਨਾਂ ਬਣ ਕੇ ਵੱਗਣ 'ਚ ਹੈ। ਖ਼ੁਦ ਚੋਂ ਅਖ਼ੁਦ 'ਚ ਢੱਲਣ 'ਚ ਹੈ। ਅਜਿਹੀ ਅਜੋਕੀ ਵਿਸ਼ਵ ਚੇਤਨਾ ਵਿਚ ਤਬਦੀਲੀ ਆਈ ਹੈ।

ਅਜੋਕੀ ਵਿਸ਼ਵ ਚੇਤਨਾ ਧਰਤੀ ਤੇ ਤਾਂਰਿਆਂ ਵਾਂਗ ਚਮਕਨਾ ਚਾਹੁੰਦੀ ਹੈ। ਆਪਣੇ ਵਿਸਥਾਰ ਵਿਚ ਆਪਣੇ ਹੀ ਢੰਗ ਨਾਲ ਜਿਉਣਾ ਚਾਹੁੰਦੀ ਹੈ। ਅਜੋਕੀ ਚੇਤਨਾ ਆਪਣਾ ਸ਼ਬਦ, ਗੋਂਦ ਪਾਤਰ ਤੇ ਪੱਟਕਥਾ ਆਪ ਹੈ। ਦਰਸ਼ਕ ਤੇ ਸੂਤਰਧਾਰ ਬਣ ਵਿਚਰਨ ਧਰਾਤਲ ਤੋਂ ਤੱਕ ਰਹੀ ਖ਼ੁਦ ਆਪ ਹੈ। ਅਜੋਕੀ ਵਿਸ਼ਵ ਚੇਤਨਾ ਦੀ ਗਤੀ ਵਿਧੀ ਸਮੇਂ ਸਥਾਨ ਅਤੇ ਕਾਰਜ ਵਿਚਲੀ ਇਕਾਈ ਦੀ ਪਾਬੰਦ ਨਹੀਂ ਅਤੇ ਨਾ ਹੀ ਇਹ ਚੇਤਨਾ ਕਿਸੇ ਰਾਜਨੀਤਕ ਪੰਡਤ ਦੀ ਕੱਠ ਪੁਤਲੀ ਹੈ। ਵਿਸ਼ਵ ਚੇਤਨਾ ਲਈ ਵਿਸ਼ਵ ਰੰਗ ਮੰਚ 'ਤੇ ਜੀਵਨ ਲਈ ਮੌਤ ਕੋਈ ਸ਼ਰਤ ਨਹੀਂ। ਜੀਵਨ ਲਈ ਸਿਰਫ਼ ਜੀਵਨ ਹੀ ਸ਼ਰਤ ਹੈ। ਜੀਵਨ ਨਿਰੰਤਰਤਾ ਹੀ ਸੱਚ ਹੈ। ਇਹ ਚੇਤਨਾ ਪਲ-ਪਲ ਮਰਨ ਅਤੇ ਜੀਨ ਦੀ ਆਦੀ ਹੈ। ਇਸ ਲਈ ਜੀਵਨ ਮੌਤ ਪਲ ਹੈ ਪਲ ਜੋ ਸਦਾ ਹੈ ਅੰਤ ਰਹਿਤ ਹੈ। ਇਹ ਚੇਤਨਾ ਵਿਭਿੰਨ ਦੇਹਾਂ ਅਤੇ ਰੰਗਾਂ ਦੀ ਹੁੰਦੀ ਹੋਈ ਵੀ ਇਕ ਸਕੂਨਤ ਰੂਹ ਜਿਉਂਦੀ ਹੈ। ਇਹ ਚੇਤਨਾ ਕਾਰਜ ਕਰਮ ਅਤੇ ਕਰਤਾ ਆਪ ਹੈ। ਜਿਸ ਦੀ ਲੰਬਾਈ ਚੌੜਾਈ ਨਾਲ ਜਰਬੀ ਨਹੀਂ ਜਾਅ ਸਕਦੀ। ਇਹ ਚੇਤਨਾ ਲੰਬਾਈ ਤੇ ਚੌੜਾਈ ਦੀ ਜ਼ਰਬ ਤੋਂ ਨਿਕਲੇ ਖੇਤਰਫਲ ਦੇ ਸਿੱਟੇ ਤੋਂ ਪਹਿਲਾਂ ਦਾ ਸੱਚ ਹੈ। ਜਿਸ ਦੀ ਸੋਚ ਦਾ ਅੰਬਰ ਅਕਾਰ ਰਹਿਤ ਹੈ ਅਤੇ ਜਿਸ ਦੀ ਅਧੀਨਤਾ ਧਰਤੀ ਦੇ ਜ਼ਰਿਆ ਦੇ ਹੱਥ ਹੈ। ਇਸ ਚੇਤਨਾ ਨੇ ਆਪਣਾ ਜੜ੍ਹ ਦੀ ਭਾਲ 'ਚ ਕਈ ਅਕਾਸ਼, ਪਤਾਲ ਅਤੇ ਧਰਤੀਆਂ ਕੱਛੀਆ ਹਨ। ਜਦ ਇਸ ਚੇਤਨਾ ਨੇ ਆਪਣੀ ਹਮ ਉਮਰ ਚੇਤਨਾ ਦੀ ਅੱਖ 'ਚ ਤੱਕਿਆ ਤਾਂ ਇਸ ਜਾਣਿਆ ਇਹ ਜੜ੍ਹ ਰੁੱਖ ਤੇ ਫਲ ਆਪ ਹੈ। ਇਸ ਚੇਤਨਾ ਦੀ ਦ੍ਰਿਸ਼ਟੀ 'ਚ ਜੋ ਲੋਕ ਸਮਾਜ ਵਿਚ ਸਭਿਅਤਾ ਦੀ ਟੀਸੀ 'ਤੇ ਜੀਅ ਰਹੇ ਹਨ ਅਤੇ ਪੱਥਰ ਯੁੱਗ ਵਿਚ ਵਿਚਰ ਰਹੇ ਹਨ। ਉਹ ਲੋਕ ਵਗਦਾ ਜਲ ਨਹੀਂ ਡੁੱਬੇ ਪੱਥਰ ਹਨ। ਇਹ ਲੋਕ ਸਵੈ ਕੇਂਦਰਿਤ ਹਨ। ਇਨਸਾਨੀ ਸੱਚ ਨਹੀਂ ਹਨ। ਇਹ ਲੋਕ ਆਦਤਨ ਵਾਹੀਆਂ ਲੀਕਾਂ ਤੇ ਟੁਰਨਾ ਆਪਣਾ ਧਰਮ ਸਮਝਦੇ ਹਨ। ਇਹ ਸਭਿਅਤਾ ਦੇ ਸਫੈਦ ਆਂਚਲ ਤੇ ਕਾਲੇ ਧੱਬੇ ਹਨ। ਅਜੋਕੇ

ਮਨੁੱਖ ਦਾ ਸਵੈ ਹੁਣ ਦੇ ਪਲ ਦੀ ਜੀਭਾ ਤੇ ਤਾਲੇ ਵਾਂਗ ਹੈ। ਜਿਸ ਦੀ ਪੀੜ ਅਜੋਕਾ ਮਨੁੱਖ ਹੰਢਾਅ ਰਿਹਾ ਹੈ। ਅਜੋਕੇ ਮਨੁੱਖ ਦੇ ਸਵੈ ਦੀ ਪੀੜ ਦਾ ਅਹਿਸਾਸ ਅਜੋਕਾ ਗਲੋਬਲ ਅਸਤਿਤਵ ਮਹਿਸੂਸ ਕਰਦਾ ਹੈ। ਗਲੋਬਲ ਅਸਤਿਤਵ ਦਾ ਇਹ ਅਨੁਭਵ ਪਿਘਲ ਦੀ ਬਰਫ਼ ਅਤੇ ਸੁਲਗਦੇ ਛਿਨ ਵਰਗਾ ਹੈ। ਇਹ ਸਵੈ ਮਨੁੱਖੀ ਦੇਹ ਦਾ ਪ੍ਰਗਟਾ ਹੈ। ਅੰਬਰ ਤੇ ਧਰਤੀ ਦਾ ਪਹਿਲਾਂ ਤੇ ਆਖਰੀ ਸੁਮੇਲ ਹੈ। ਇਹ ਸਵੈ ਭੂਤ ਰਹਿਤ ਭਵਿੱਖ ਜਨਮਨ ਦੀ ਊਰਜਾ ਹੈ। ਇਹ ਜੋ ਵਿਸ਼ਵ ਦਾ ਸਵੈ ਹੈ ਇਹ ਭਵਿੱਖ ਦੀ ਉਪਜਾਊ ਮਿੱਟੀ ਦਾ ਤੱਤ ਹੈ। ਜੋ ਵਰਤਮਾਨ ਦੇ ਹਰ ਪਲ ਵਿਚ ਮੌਜੂਦ ਹੈ। ਇਹ ਸਵੈ ਅਰਥਾਂ ਦੀ ਰੂਹ ਹੈ ਭਾਸ਼ਾ ਦਾ ਵਿਸ਼ਾ ਹੈ। ਇਹ ਸਮੇਂ ਦਾ ਸਾਹ ਹੈ। ਲਿੰਗ, ਯੋਨੀ ਕੁੱਖ ਵੀਰਯ ਸਭ ਆਪ ਹੈ। ਇਹ ਸਵੈ ਹੀ ਪਹਿਲਾਂ ਮਨੁੱਖ ਹੈ। ਨਿਰੰਤਰ ਹੋਂਦ ਹੈ, ਪਿੱਠ ਤੋਂ ਅੱਗੇ ਤੱਕਦੀ ਦੇਹ ਤੋਂ ਪ੍ਰਛਾਵੇ ਤਕ ਦੀ ਇਹ ਖ਼ੁਦ ਫੈਲੀ ਆਖ਼ੁਦ ਹੈ। ਯਾਦ ਰਹੇ ਮੈਂ ਅਜੋਕੀ ਵਿਸ਼ਵ ਚੇਤਨਾ ਜੇ ਸਵੈ ਦੀ ਗਲ ਕਰ ਰਿਹਾ ਹਾਂ। ਇਹ ਸਵੈ ਹਵਾ ਦੀ ਗਤੀ ਹੈ। ਇਹ ਸਵੈ ਜਨਮਨ ਤੋਂ ਪਿੱਛਲੇਰੀ ਸਮੇਂ ਦੇ ਬੋਧ ਕੇਂਦਰ 'ਚ ਜਿਉਂਦੀ ਸੁੰਗਧ ਹੈ। ਇਹ ਸਵੈ ਕਾਮ ਨਿਰਲੇਪ ਜੀਵਨ ਦਾ ਸੱਤ ਹੈ। ਇਹ ਸਵੈ ਸਮੇਂ ਦੀ ਦੇਹ ਲਈ ਉਹ ਮਿੱਟੀ ਹੈ ਜਿਸ ਦੀ ਇਕਾਈ 'ਚ ਵਿਭਿੰਨਤਾ ਅਤੇ ਵਿਭਿੰਨਤਾ 'ਚ ਇਕਾਈ ਦੀ ਤਾਸੀਰ ਤੇ ਜਮੀਰ ਹੈ।

ਅਜੋਕੇ ਮਨੁੱਖ ਨੇ ਪੁਰਾਣੇ ਆਲ੍ਹਣੇ ਤਿਆਗ ਕੇ ਜ਼ਿੰਦਗੀ 'ਚ ਆਪਣੇ ਵਰਗਾ ਇੱਕ ਬੀਜ ਬੀਜਣਾ ਚਾਹਿਆ, ਜੋ ਉਸ ਬੀਜਿਆ ਉਹ ਬੀਜ ਰੁੱਖ ਤਾਂ ਬਣਿਆ ਪਰ ਉਸ ਦੀ ਜੜ੍ਹ ਪੱਤਿਆ ਫਲਾਂ ਅਤੇ ਟਹਿਣੀਆਂ ਚੋਂ ਅਲੋਪ ਸੀ। ਉਸ ਮਨੁੱਖ ਦੀ ਗਲਤੀ ਇਹ ਸੀ ਕਿ ਉਸ ਸੰਸਕ੍ਰਿਤੀ 'ਚ ਆਧੁਨਿਕਤਾ ਬੀਜੀ। ਆਧੁਨਿਕਤਾ 'ਚ ਹਾਣ ਦੀ ਸੰਸਕ੍ਰਿਤੀ ਨਹੀਂ ਬੀਜੀ। ਉਸ ਨੇ ਬੀਜ ਚੋਂ ਰੁੱਖ ਵੇਖਿਆ ਰੁੱਖ ਚੋਂ ਬੀਜ ਨਹੀਂ ਵੇਖਿਆ। ਉਸ ਨੇ ਫਲ ਚੋਂ ਕਰਮ ਵੇਖਿਆ ਕਰਮ ਚੋਂ ਫਲ ਨਹੀਂ ਵੇਖਿਆ। ਉਸ ਨੇ ਆਪਣੇ ਆਪ ਨੂੰ ਖੋਲ੍ਹਿਆ ਨਹੀਂ ਸ਼ੁਰੂ ਤੋਂ ਅੰਤ ਤਕ ਪੜ੍ਹਿਆ ਨਹੀਂ। ਆਖਰ ਮਨੁੱਖੀ ਸੀ ਉਹ ਅਰਥਮੈਟਿਕ ਵਿਚ ਵੰਡਿਆ ਸਮਾਂ ਨਹੀਂ ਸੀ। ਉਸ ਦੀ ਸਿਰਜੀ ਦੁਨੀਆ ਦਾ ਮਨੁੱਖ ਹਵਾ ਤੇ ਆਕਸੀਜ਼ਨ ਤੋਂ ਬਿਨਾਂ ਵੀ ਜੀਉਂਦਾ ਜਾਗਦਾ ਅਹਿਸਾਸ ਹੈ। ਅੰਬਰ ਤੋਂ ਡਿੱਗੀ ਬੂੰਦ ਹੈ।

ਧਰਤੀ ਚੋਂ ਫੁੱਟੀ ਵੱਲ ਹੈ। ਯਾਦ ਦੀ ਰੂਹ ਭੁਲਣਾ ਹੈ। ਵੇਗਮਈ ਸਦਾ ਸੰਚਾਲਕ ਅਟਕਾ ਹੈ। ਸਮੇਂ ਦੀ ਦੌੜ ਤੋਂ ਅਗਲੇਰਾ ਕਦਮ ਹੈ। ਅਜੋਕਾ ਮਨੁੱਖ ਕ੍ਰਿਸ਼ਨਾ ਦੀ ਅੱਡੀ ਵਿਚਲੇ ਪਦਮ ਤੇ ਉਕਰੀ ਮੌਤ ਨਹੀਂ ਸਗੋਂ ਆਪਣੇ ਮੱਥੇ 'ਚ ਕਬੂਲੀ ਮੌਤ ਪਿੱਛੋਂ ਜ਼ਿੰਦਗੀ ਦੀ ਅੱਡੀ 'ਚ ਅਮੁੱਕ ਹੱਸਦਾ ਸਫ਼ਰ ਹੈ। ਸਫ਼ਰ ਜੋ ਆਪਣੀ ਕੁੰਜ ਉਤਾਰ ਹਰ ਪਲ ਦਿਸਹੱਦੇ ਤੋਂ ਪਾਰ ਉਤਰੀ ਨਜ਼ਰ ਤਕ ਚਾਨਣ ਕਰਦਾ ਹੈ। ਮੱਥੇ ਚੰਨ ਮਨੁੱਖ ਦੀ ਪਿੱਠ ਤੇ ਸੂਰਜ ਧਰਦਾ ਹੈ। ਮਨੁੱਖ ਨੇ ਆਧੁਨਿਕ ਮਨੁੱਖ ਸਿਰਜਣ ਸਮੇਂ ਆਪਣੇ ਅੰਦਰਲੇ ਨੂੰ ਸਮਝਿਆ ਹੀ ਨਹੀਂ, ਵੇਖਿਆ ਹੀ ਨਹੀਂ, ਅਭਿਆਸਿਆ ਹੀ ਨਹੀਂ। ਜੇ ਮਨੁੱਖ ਆਪਣੇ ਅੰਦਰ ਦਾ ਸੱਚ ਜਾਣਦਾ ਰੁੱਖ ਚੋਂ ਬੀਜ ਨਹੀਂ, ਬੀਜ ਚੋਂ ਰੁੱਖ

ਪਹਿਚਾਣਦਾ ਤਾਂ ਕਦੀ ਵੀ ਆਪਣੀ ਸਿਰਜਣਾ ਚੋਂ ਅਲੋਪ ਨਾ ਹੁੰਦਾ। ਇਸ ਵਿਚਾਰ ਨੂੰ "ਸਿਰ ਚੋਂ ਜਨਮਿਆ ਰੁੱਖ" ਨਾਮੀ ਕਵਿਤਾ ਰਾਹੀਂ ਹੋਰ ਵੀ ਸਪੱਸ਼ਟ ਕਰਦੇ ਹਾਂ।

## ਸਿਰ ਚੋਂ ਜਨਮਿਆ ਰੁੱਖ

ਰੁੱਖ ਪੱਤਿਆਂ ਟਹਿਣੀਆਂ ਤੇ ਤਣੇ ਰਾਹੀਂ
ਇੱਕੀਂ ਰਾਤ 'ਚ ਬੋਲਦਾ
ਨਾੜਾਂ 'ਚ ਖੌਲਦੇ ਜ਼ਹਿਰ ਦੀਆਂ
ਕਰੂਲੀਆਂ ਚਿਹਰੇ 'ਤੇ ਕਰਦਾ
ਸਵੈ ਅੰਗਾਂ 'ਤੇ ਡੋਲ੍ਹਦਾ
ਕਿ ਆਪਣੇ ਅੰਦਰ ਝੁਲ ਰਹੀ
ਹਨ੍ਹੇਰੀ 'ਤੇ ਪੈ ਰਹੀ ਅਹਿਣ ਨੂੰ ਬਾਹਰ ਝੁਲਾ ਸਕੇ
ਚੰਦ ਕਣੀਆਂ ਜ਼ੁਬਾਨ ਦਾ ਛਾਲਾ ਫੇਹ
ਆਪਣੇ ਸਾਂਵੇ ਬਾਹਾਂ ਖੋਲਕੇ ਖੜੇ ਰਾਹਾਂ 'ਤੇ ਤਰੌਕ ਸਕੇ
-0-
ਰੁੱਖ ਨੇ ਸ਼ਹਿਰ ਵੱਲ ਪਿੱਠ ਤੇ ਜੰਗਲ ਵਲ ਮੂੰਹ ਕਰ
ਆਪਣੇ ਆਪ ਨੂੰ ਰੁੱਖ ਸਾਬਤ ਕਰਨ ਲਈ
ਕਈ ਵਾਰ ਸਵੈ ਨੂੰ ਬੀਜ ਤੇ ਬੀਜ ਨੂੰ ਸਵੈ 'ਚ ਥੁੱਕਿਆ
ਸਭ ਤੋਂ ਪਹਿਲਾ ਜੜ੍ਹਾਂ ਨੂੰ ਚਿੰਬੜੀ ਮਿੱਟੀ
ਜੋ ਰੋਜ਼ ਸਿਰ 'ਚ ਕਿਰਦੀ ਤੇ ਛਾਂਵੇ ਬੈਠਦੀ
ਰੁੱਖ ਨੂੰ ਰੁੱਖ ਮੰਨਣ ਤੇ ਸੂਲ਼ ਬਣ ਖੜੀ
ਰੁੱਖੀ ਮਸਤਕ ਤੇ ਉੱਡਣਾ ਸੱਪ ਬਣ ਲੜੀ
-0-
ਰੁੱਖ ਰੁੱਖ ਹੁੰਦਾ ਹੋਇਆ
ਪੱਤਿਆਂ ਟਹਿਣੀਆਂ ਤੇ ਛਿੱਲੜ ਦੀ ਬੁੱਕਲ ਚੋਂ
ਜੋ ਕੁੱਝ ਵੀ ਵੇਖਦਾ ਸੁਣਦਾ
ਜੜ੍ਹਾਂ ਦੁਆਲੇ ਚਿੰਬੜੀ ਮਿੱਟੀ ਨੂੰ ਦੱਸਦਾ ਰਿਹਾ
ਤੇ ਦਿਨ-ਬ-ਦਿਨ ਖੋਖਲਾ ਹੁੰਦਾ ਗਿਆ
-0-
ਦੁਬਾਰਾ ਰੁੱਖ ਜਦ ਜਨਮਿਆ
ਤਾਂ ਜੜ੍ਹਾਂ ਧਰਤੀ ਦੇ ਉਲਟ ਸਨ
ਰੁੱਖੀ

ਸੁੰਗਣ ਵੇਖਣ ਸੁਣਨ ਬੋਲਣ
ਤੇ ਸਪਰਸ਼ ਇੰਦਰੀਆਂ ਦਾ ਕਰਮ ਪ੍ਰਤੀਕਰਮ
ਜੜ੍ਹਾਂ ਤਕ ਪੁੱਜਦਾ ਰਿਹਾ
ਰੁੱਖ ਦਾ ਦੁਖਾਂਤ
ਜੋ ਸਦੀਆਂ ਤੋਂ ਧਰਤੀ 'ਤੇ ਸਿਰ ਭਰਨੇ ਪਿਆ ਸੀ
ਜਿਸ ਤੋਂ ਕਈ ਜੰਗਲ
ਆਪਣੇ ਪੈਰ ਧਰ ਸ਼ਹਿਰ ਹੋ ਗੁਜ਼ਰੇ ਸਨ
ਸਿਰ ਚੋਂ ਫੁੱਟੀਆ ਜੜ੍ਹਾਂ ਨੇ
ਅਕਾਸ਼ ਵਿੱਚ ਕਿੱਲ ਵਾਂਗ ਠੋਕ ਦਿੱਤਾ
ਰੁੱਖ ਚੋਂ ਉਸ ਦਾ ਖੋਖਲਾਪਣ ਨਿਚੋੜ
ਖਲਾਅ 'ਚ ਟੰਗ ਦਿੱਤਾ
ਬਾਕੀ ਦਾ ਰੁੱਖ ਰੁੱਖ ਸੀ
ਜੰਗਲ 'ਚ ਰੁੱਖ ਕਰਨੇ ਜਾਣਿਆ ਜਾਂਦਾ
ਪਰ ਹੁਣ
ਉਹ ਬੋਲਣ ਸੁਣਨ ਤੇ ਤੱਕਣ ਦੇ ਨਾਲ-ਨਾਲ
ਤੁਰਨਾ ਵੀ ਜਾਣਦਾ ਸੀ
ਚੰਗੇ ਮਾੜੇ ਰਾਹ ਪਹਿਚਾਣ ਦਾ ਸੀ।
-0-

ਪਦਾਰਥਕ ਸੋਚ ਦੇ ਮਨੁੱਖ ਨੇ ਆਪਣੇ ਆਪ ਨੂੰ ਸਮਾਂ ਸਮਝਿਆ ਤੇ ਹਵਾਈ ਸ਼ੁਰਲੀਆਂ ਦੀ ਪੁਸ਼ਲ ਫੜ ਨਿਕਲ ਪਿਆ। ਝੁਲਸਦਾ ਹੋਇਆ, ਗਲੋਬਲ ਅਸਤਿਤਵ ਬੀਜਦਾ ਹੋਇਆ, ਹਵਾ 'ਚ ਬਾਰੂਦ ਛਿੱਲਦਾ ਹੋਇਆ, ਖਲਾਅ ਦਾ ਪਿੰਡਾਂ ਵਲੂੰਦਰਦਾ ਹੋਇਆ, ਧਰਤੀ ਦਾ ਵਜੂਦ ਸਦੀਆਂ ਤਕ ਭੱਵਿਖ 'ਚ ਕੋਟਨ ਲਈ ਮੌਤ ਦੀ ਸਵੈ ਪੈਦਾਇਸ਼ੀ ਫਸਲ ਮਨੁੱਖ ਨੇ ਵਰਤਮਾਨ ਦੇ ਦੁੱਧੀਆਂ ਅੰਗਾਂ 'ਤੇ ਪਿੱਘਲਦਾ ਲੋਹਾ ਠਾਰਿਆ, ਧਰਤੀ ਦੇ ਅੰਗ-ਅੰਗ 'ਚ ਬਾਰੂਦ ਢਾਲਿਆ। ਮਨੁੱਖ ਆਪਣੀ ਤ੍ਰਿਪਤੀ ਲਈ ਬੱਦਲ ਦੀ ਬੁੱਕਲ ਮਾਰ ਵੀਅਤਨਾਮ, ਲਿਬਨਾਨ, ਅਫਗਾਨਿਸਤਾਨ, ਕਾਬੂਲ, ਬੈਰੂਤ ਅਤੇ ਤਹਿਰਾਨ ਜਿਹੇ ਤੀਰਥਾਂ 'ਤੇ ਅੱਗ ਬਰਸਾਉਂਦਾ ਰਿਹਾ।

ਸਮਾਂ ਮਨੁੱਖ ਹੈ, ਮਨੁੱਖ ਸਮਾਂ ਹੈ। ਅਜੋਕੀ ਵਿਸ਼ਵ ਚੇਤਨਾ ਮਨੁੱਖ ਅਤੇ ਸਮੇਂ ਦਾ ਅੰਤਰ ਹੈ। ਜੋ ਅਸ਼ੋਕ ਦੀ ਕਬਰ ਚੋਂ ਉੱਗੇ ਗੁਲਾਬ ਦਾ ਪ੍ਰਤੀਕ ਹੈ। ਭਾਸ਼ਾ ਦੀ ਪ੍ਰਯੋਗਸ਼ਾਲਾ ਹੈ। ਵਰਤਮਾਨ ਦਾ ਹਿਸਾਬ ਹੈ। ਅਜੋਕੀ ਚੇਤਨਾ ਗੌਤਮ ਦੀ ਚੁੱਪ 'ਚ ਅੱਡੀਆ ਰਗੜ-ਰਗੜ ਭਾਸ਼ਾ ਤੋਂ ਮੁਕਤੀ ਦੀ ਇੱਛੁਕ ਨਹੀਂ। ਸਗੋਂ ਯਸ਼ੋਧਰਾ ਦੀਆਂ ਛਾਤੀਆਂ 'ਚ ਖੌਲਦੇ ਦੁੱਧ ਦਾ ਦਰਿਆ ਹੈ, ਨਵਜੰਮੇਂ ਰਾਹੁਲ ਲਈ। ਜੀਵਨ ਰੁੱਖ ਸਿੰਜਣ ਲਈ ਅਜੋਕੀ ਚੇਤਨਾ ਕਿਸੇ ਰਾਜਨੀਤਕ ਪੰਡਤ ਦੀ ਸੋਝੀ ਜਾਂ ਖੱਬੀ ਗੱਲ਼ ਨਹੀਂ ਜਿਸ 'ਤੇ

ਚਪੇੜ ਅਰਥ ਬਣ ਉੱਗੇ। ਅਜੋਕੀ ਚੇਤਨਾ ਤਾਂ ਮਨੁੱਖੀ ਬੁੱਲ੍ਹਾਂ ਦੇ ਚੁੰਮਣਾਂ ਦੀ ਆਸ਼ਕ ਹੈ। ਆਪਣੀਆਂ ਗੱਲ਼ਾਂ ਦੀ ਧਰਤੀ 'ਤੇ ਭਿੰਨ ਰੰਗੀ ਬੁੱਲ੍ਹਾਂ ਦੀ ਛਾਪ ਦੀ ਕਾਇਲ ਹੈ। ਅਜੋਕੀ ਵਿਸ਼ਵ ਚੇਤਨਾ ਮਨੁੱਖ ਤੇ ਸਮੇਂ ਦਾ ਅੰਤਰ ਹੈ। ਭਾਣੇ ਦੀ ਛਾਂ ਨਹੀਂ ਜਿਸ ਦੀ ਧੁੱਪ 'ਚ ਅੱਖਾਂ ਸਾਂਵੇ ਕਿਸੇ ਮੈਨਾ ਦੇ ਤੋਤਲੇ ਬੋਲ ਝੁਲਸ ਜਾਣ। ਅਜੋਕੀ ਵਿਸ਼ਵ ਚੇਤਨਾ ਤਾਂ ਬਿਨ ਕੰਧਾਂ ਕਮਰਾ ਹੈ, ਉਡੀਕਾਂ 'ਚ ਖੜੀ ਛੰਨ ਹੈ। ਆਪਣੇ ਖਿਲਾਫ਼ ਆਪਣਾ ਵਿਰੋਧ ਹੈ। ਇਹ ਚੇਤਨਾ ਇਕ ਯੰਤਰ ਹੈ। ਜੀਵਨ ਡੋਰੀ 'ਤੇ ਸਿੱਧਾ ਤੁਰਨ ਦਾ। ਇਹ ਚੇਤਨਾ ਜ਼ਿੰਦਗੀ 'ਤੇ ਪਏ ਪ੍ਰਭਾਵ ਚੋਂ ਉਪਜੇ ਅਕਸ ਨੂੰ ਦੁਆਰਾ ਸੰਕਲਪਦੀ ਹੈ ਅਤੇ ਉਸ ਨੂੰ ਭੱਵਿਖ ਵਿੱਚ ਯਥਾਰਥਕ ਰੂਪ ਦੇਣ ਦੀ ਯਤਨਸ਼ੀਲਤਾ ਹੈ।

ਅਜੋਕੀ ਚੇਤਨਾ ਬਿਖਰੀ ਜ਼ਿੰਦਗੀ ਚੋਂ ਸਬੂਤਾ ਆਦਮੀ ਅਤੇ ਤਿੜਕੇ ਮਨੁੱਖ ਚੋਂ ਸਾਲਮ ਜ਼ਿੰਦਗੀ ਸਿਰਜਦੀ ਹੈ। ਵਕਤ ਦੇ ਚਿਹਰੇ 'ਤੇ ਬੇਸ਼ਕ ਸ਼ੀਸ਼ੇ ਦੇ ਸ਼ਹਿਰ ਉੱਗ ਆਏ ਹਨ। ਲੋਕਾਂ ਦੀਆਂ ਸੂਰਤਾਂ, ਨੈਣ-ਨਖਸ਼ਾਂ ਦੀ ਨੁਹਾਰ ਬਦਲ ਗਈ ਹੈ। ਪਰ ਪਿੱਠ 'ਤੇ ਅਜੇ ਵੀ ਦੀਵਿਆਂ ਦੇ ਘਰ ਹਨ। ਕੰਧਾਂ 'ਤੇ ਮਿੱਟੀ ਦੇ ਮੋਰ, ਚਿੜੀਆਂ ਹਨ। ਚੌਂਕੇ 'ਚ ਮਿੱਟੀ ਦੀਆਂ ਘੁੱਗੀਆਂ, ਤੋਤੇ ਹਨ। ਮਿੱਟੀ ਖੁਰਦੀ ਨਹੀਂ ਭੁਰਦੀ ਨਹੀਂ। ਮਿੱਟੀ ਜਨਮਦੀ ਹੈ। ਆਪਣੀ ਕੁੱਖ ਚੋਂ ਅਕਾਸ਼, ਸੂਰਜ, ਚੰਨ, ਸਿਤਾਰੇ, ਕੱਚ ਦੇ ਸ਼ਹਿਰ, ਮੋਮ ਦੇ ਲੋਕ, ਰੋਸ਼ਨੀਆਂ, ਖ਼ੁਸ਼ਬੂਆਂ ਤੇ ਰੌਣਕਾਂ। ਮਿੱਟੀ ਚੋਂ ਸਭਿਆਤਾਵਾਂ ਜਨਮਦੀਆਂ ਹਨ, ਮਿੱਟੀ 'ਚ ਬੰਨਸਦੀਆਂ ਹਨ। ਪਰ ਮਿੱਟੀ ਮਿੱਟੀ ਰਹਿੰਦੀ ਹੈ। ਨਾ ਆਪਣੀ ਉਤਪਤੀ ਨਾਲ ਬਦਲਦੀ ਹੈ ਨਾ ਆਪਣੀ ਉਤਪਤੀ ਨਾਲ ਢਲਦੀ ਹੈ। ਨਾ ਆਪਣੀ ਉਤਪਤੀ ਦੀ ਗਤੀ ਤੋਂ ਪਿੱਛੇ ਰਹਿੰਦੀ ਹੈ ਨਾ ਅੱਗੇ ਨਿਕਲਦੀ ਹੈ। ਲੋਕ ਜੋਤ ਨਾਲ ਦੀਵੇ ਦੀ ਲੋਅ ਹੋ ਬਲਦੀ ਹੈ। ਮਿੱਟੀ ਲਿਉਂਦੀ ਹੈ ਸਬਰ ਵੀ ਸੰਤੋਖ ਵੀ ਮਿੱਟੀ ਹੰਢਾਉਂਦੀ ਹੈ। ਜ਼ਿੰਦਗੀ ਦੀ ਖ਼ੁਸ਼ੀ ਵੀ ਕਬਰਾਂ ਦੀ ਉਦਾਸੀ ਵੀ। ਅਲੋਕੀ ਵਿਸ਼ਵ ਚੇਤਨਾ ਕਿਸੇ ਮਿੱਟੀ ਦੀ ਮਹਿਕ ਹੈ।

ਮਿੱਟੀ ਦੀ ਉਤਪਤੀ ਦੀ ਤਾਸੀਰ ਜਾਂ ਜ਼ਮੀਨ ਮਿੱਟੀ ਤੋਂ ਕਿੰਨ੍ਹੀ ਵੀ ਵਿਪਰੀਤ ਹੋਵੇ। ਮਿੱਟੀ ਦੇ ਅੰਗ ਨਖਸ਼ ਕਿੰਨ੍ਹੇ ਵੀ ਮਿੱਟੀ ਤੋਂ ਅੱਲਗ ਹੋਣ। ਉਨ੍ਹਾਂ ਦੇ ਆਦਿ ਤੋਂ ਪਹਿਲਾਂ ਅੰਤ ਤੋਂ ਪਿੱਛੋਂ ਬਸ ਮਿੱਟੀ ਦਾ ਹੀ ਵਜੂਦ ਹੈ। ਸਿਰਜਣਾ ਤੇ ਵਿਚਰਨ 'ਚ ਮਿੱਟੀ ਦਾ ਸੱਚ ਮੌਜੂਦ ਹੈ। ਤਾਂ ਹੀ ਤਾਂ ਮਿੱਟੀ ਦੀ ਕੰਡ ਤੇ ਦੀਵਿਆ ਦੇ ਘਰ ਹਨ। ਕੰਧਾਂ 'ਤੇ ਮੋਰ ਚਿੜੀਆਂ ਹਨ। ਮਿੱਟੀ ਦਾ ਚਿਹਰਾ ਕੁਦਰਤ ਦਾ ਨਕਸ਼ਾ ਹੈ। ਮਿੱਟੀ ਦੇ ਚੁੱਲ੍ਹੇ 'ਚ ਮਿੱਟੀ ਬਲਦੀ ਹੈ। ਮਿੱਟੀ ਦੀ ਕੁੰਨੀ 'ਚ ਮਿੱਟੀ ਰਿੱਝਦੀ ਹੈ। ਆਪਣੀ ਕੁੱਖ ਦੇ ਵਿਸਥਾਰ ਦਾ ਮਿੱਟੀ, ਮਿੱਟੀ ਸੰਗ ਪੇਟ ਭਰਦੀ ਹੈ। ਮਿੱਟੀ ਦੀ ਉਤਪਤੀ ਭਾਵੇਂ ਮਿੱਟੀ ਨੂੰ ਵਿਸਾਰ ਦਿੰਦੀ ਹੈ ਪਰ ਮਿੱਟੀ ਨੂੰ ਆਪਣੀ ਉਤਪਤੀ ਹਮੇਸ਼ਾ ਯਾਦ ਰਹਿੰਦੀ ਹੈ। ਵਕਤ ਦੇ ਚਿਹਰੇ 'ਤੇ ਬੇਸ਼ਕ ਸ਼ੀਸ਼ੇ ਦੇ ਸ਼ਹਿਰ ਉੱਗ ਆਏ ਹਨ। ਵਕਤ ਬੇਸ਼ਕ ਬਦਲ ਗਿਆ ਹੈ। ਵਕਤ ਦੇ ਜਨਮ ਸਥਾਨ ਤੇ ਅਜੇ ਵੀ ਮਿੱਟੀ ਦਾ ਚਿਰਾਗ ਜਗਦਾ ਹੈ। ਅਜੋਕੀ ਵਿਸ਼ਵ ਚੇਤਨਾ ਮਿੱਟੀ ਹੀ ਹੈ।

ਅਜੋਕੀ ਵਿਸ਼ਵ ਚੇਤਨਾ ਦੀ ਲਹਿਰ ਪਦਾਰਥਕ ਵਿਸ਼ਵ ਸਮੁੰਦਰ ਤਿਆਗ ਕੇ ਕਿਨਾਰੇ 'ਤੇ ਆ ਗਈ ਹੈ। ਸਮੁੰਦਰ ਦਾ ਅੰਤਰੀਵ ਆਪਣੇ ਨਾਲ ਲਿਆਈ ਹੈ। ਸਮੁੰਦਰ ਕਿਨਾਰੇ ਰੇਤ ਨੂੰ ਤੱਕ ਕੇ ਬੋਲੀ ਹੈ। ਸਮੁੰਦਰ ਦੇ ਅੰਦਰ ਵੀ ਸਹਿਰਾ ਹੈ। ਬਾਹਰ ਵੀ ਸਹਿਰਾ ਹੈ। ਸਮੁੰਦਰ ਪ੍ਰਦੂਸ਼ਤ ਹੈ। ਹਰ ਬੂੰਦ ਭਾਫ 'ਚ ਬਦਲਣ ਲਈ ਤਤਪਰ ਹੈ। ਹਰ ਮੱਛੀ ਸ਼ਮਸਾਨ ਜਿਉਂਦੀ ਹੈ। ਸਮੁੰਦਰ ਦੇ ਫੇਫੜਿਆਂ 'ਚ ਬਲਗਮ ਜਮ ਗਈ ਹੈ। ਸਮੁੰਦਰੀ ਜੀਵ ਜੰਤੂ ਆਪਣੀਆਂ ਲਾਸ਼ਾਂ ਉਠਾਈ ਮੁਰਦਾ ਸਮੁੰਦਰ ਤੈਰ ਰਹੇ ਹਨ। ਸਮੁੰਦਰ 'ਚ ਸਮੁੰਦਰ ਨਹੀਂ ਥਲ ਤੁਰ ਰਿਹਾ ਹੈ। ਸਮੁੰਦਰੀ ਨੀਲਤਾ 'ਚ ਮਨੁੱਖੀ ਗੰਦ ਘੁੱਲਦੀ ਜਾਅ ਰਹੀ ਹੈ। ਜਲ ਦਾ ਅਰਘਾ ਸਮੁੰਦਰ ਨੇ ਪਦਾਰਥੀ ਦੈਂਤ ਦੇ ਚਰਨੀ ਚੜਾਅ ਦਿੱਤਾ ਹੈ। ਜਲ ਜੀਵਨ ਕਬਰਾਂ ਹੋ ਗਿਆ ਹੈ। ਅਜੋਕੀ ਵਿਸ਼ਵ ਚੇਤਨਾ ਦੀ ਲਹਿਰ ਨੇ ਕਿਨਾਰਿਆਂ ਨੂੰ ਸਮੁੰਦਰੀ ਅੰਤਰੀਵ ਵਿਖਾਇਆ ਹੈ। ਸਾਗਰ ਦਾ ਸੱਚ ਸਮਝ ਆਇਆ ਹੈ।

ਅਜੋਕੀ ਵਿਸ਼ਵ ਚੇਤਨਾ ਉਦਾਸ ਹੈ। ਧਰਤ ਤੇ ਮਨੁੱਖ ਨਹੀਂ ਮਨੁੱਖਾਂ ਦੀ ਭੀੜ ਹੈ। ਲੋਕ ਜੀਅ ਰਹੇ ਹਨ ਆਪਣੀ ਜ਼ਮੀਰ ਮਾਰਦੇ। ਮਨੁੱਖ 'ਚ ਮਨੁੱਖ ਨਹੀਂ ਸਾਗਰ 'ਚ ਸਾਗਰ ਨਹੀਂ। ਪਦਾਰਥ ਨੇ ਸਾਗਰ ਦਾ ਜਲ ਪੀ ਲਿਆ ਹੈ। ਲਹੂ ਮਾਸ ਦੀ ਦੁਨੀਆ ਨੇ ਸ਼ੀਸ਼ੇ ਦਾ ਰੂਪ ਧਾਰਿਆ ਹੈ। ਉੱਚੀਆਂ-ਉੱਚੀਆਂ ਇਮਾਰਤਾਂ ਹਨ। ਬੰਦ ਕਮਰਿਆਂ ਜਿਹੇ ਲੋਕ ਹਨ। ਪੱਥਰ ਦੇ ਸਿਰ ਪੱਥਰ ਦੇ ਧੜ ਹਨ। ਸ਼ੀਸ਼ੇ ਦੀਆਂ ਸੜਕਾਂ ਦੁਆਲੇ ਤਾਂਬੇ ਦੇ ਰੁੱਖਾਂ ਦੀਆਂ ਬਲਦੀਆਂ ਛਾਵਾਂ ਹਨ। ਚੇਤਨਹੀਣ ਸਮਾਂ ਕਾਠ ਦੇ ਘੋੜੇ 'ਤੇ ਸ਼ਹਿਰ ਦੀ ਗਸ਼ਤ ਕਰ ਰਿਹਾ ਹੈ। ਸੜਕਾਂ ਤੇ ਕੱਚੀਆਂ ਕੰਧਾਂ, ਵਿਹੜੇ ਚੁੱਲ੍ਹੇ ਚੌਂਕੇ ਖੁਦਕੁਸ਼ੀ ਕਰ ਰਹੇ ਹਨ। ਲਹਿਰ ਦਾ ਸਫ਼ਰ ਇਕ ਸਹਿਰਾ ਤੋਂ ਸ਼ੁਰੂ ਹੋ ਕੇ ਦੂਜੇ ਸਹਿਰਾ 'ਤੇ ਮੁੱਕਦਾ ਹੈ। ਜਿਸ ਦਾ ਆਦਿ ਵੀ ਮਨੁੱਖ ਹੈ। ਅੰਤ ਵੀ ਮਨੁੱਖ ਹੈ। ਅਜੋਕਾ ਮਨੁੱਖ ਆਪਣੇ ਆਦਿ ਵਿੱਚ ਜਿਉਂਦਾ ਹੈ। ਆਪਣੇ ਆਦਿ ਵਿੱਚ ਹੀ ਮਰਦਾ ਹੈ। ਸ਼ਾਇਦ ਅਜੇ ਤਕ ਆਪਣੇ ਬੀਜ ਚੋਂ ਬਾਹਰ ਨਹੀਂ ਆਇਆ ਕਿਉਂਕਿ ਬੀਜ ਦੁਆਲੇ ਸ਼ੀਸ਼ੇ ਦੇ ਰੁੱਖਾਂ ਦਾ ਜੰਗਲ ਹੈ। ਬੀਜ ਕਿਵੇਂ ਰੁੱਖ ਹੋਣ ਦਾ ਸਫ਼ਰ ਆਰੰਭ ਕਰੇਗਾ। ਆਪਣੀ ਸ਼ਨਾਖਤ ਹੋਂਦ ਕਿਵੇਂ ਆਪਣੀ ਤਲ਼ੀ 'ਤੇ ਧਰੇਗਾ। ਇਹ ਸਭ ਵਿਸ਼ਵ ਚੇਤਨਾ ਦੀ ਅੱਖ ਵਿੱਚ ਰੜਕ ਰਿਹਾ ਹੈ।

ਪਦਾਰਥਕ ਵਿਕਾਸ ਪ੍ਰਤੀ ਵਿਸ਼ਵ ਚੇਤਨਾ ਦੀ ਦ੍ਰਿਸ਼ਟੀ ਵਿੱਚ ਬਹੁਤ ਮਹੱਤਵਪੂਰਨ ਤਬਦੀਲੀ ਆਈ ਨਜ਼ਰ ਆਉਂਦੀ ਹੈ। ਪਦਾਰਥਕ ਵਿਕਾਸ ਦਾ ਰੁੱਖ ਜੋ ਵਰਤਮਾਨ ਹੈ। ਅਜੋਕੇ ਸਮੇਂ ਦੀ ਵਿਸ਼ਵ ਚੇਤਨਾ ਨੂੰ ਇਸ ਰੁੱਖ ਦੀਆਂ ਜੜ੍ਹਾਂ ਦੀ ਥਾਂ ਜੜ੍ਹਾਂ। ਸਿਰ ਦੀ ਥਾਂ ਸਿਰ ਧਰਨ ਲਈ ਪਤਾ ਨਹੀਂ ਕਿੰਨ੍ਹਾ ਸਮਾਂ ਲੱਗੇਗਾ। ਪਰ ਅਜੋਕੀ ਵਿਸ਼ਵ ਚੇਤਨਾ ਦਾ ਦ੍ਰਿਸ਼ਟੀਕੋਣ ਇਸ ਰੁੱਖ ਪ੍ਰਤੀ ਕਾਫੀ ਬਦਲ ਗਿਆ ਹੈ। ਅਜੋਕੀ ਵਿਸ਼ਵ ਚੇਤਨਾ ਨੇ ਬਹੁਤ ਕੁਝ ਬਦਲਦਾ ਹੈ। ਬਹੁਤ ਕੁਝ ਸਿਰਜਣਾ ਹੈ। ਆਪਣਾ ਸਵੈ ਨਰੀਖਣ ਕਰਨਾ ਹੈ। ਅਜੋਕੀ ਵਿਸ਼ਵ ਚੇਤਨਾ ਵਰਤਮਾਨ ਚੋਂ ਆਪਣਾ ਭਵਿੱਖ ਭਾਲ਼

ਰਹੀ ਹੈ। ਵਰਤਮਾਨ ਚੋਂ ਮਨੁੱਖਤਾ ਅਨੁਕੂਲ ਭਵਿੱਖ ਉਗਾਉਣ ਦਾ ਪ੍ਰਯੋਗ ਵਿਸ਼ਵ ਚੇਤਨਾ ਆਪਣੀ ਪ੍ਰਯੋਗਸ਼ਾਲਾ ਵਿਚ ਕਰ ਰਹੀ ਨਜ਼ਰ ਆਉਂਦੀ ਹੈ।

ਅਜੋਕੀ ਵਿਸ਼ਵ ਚੇਤਨਾ ਮਨੁੱਖ ਨੂੰ ਪਦਾਰਥ ਦੀ ਥਾਂ ਮਨੁੱਖੀ ਦ੍ਰਿਸ਼ਟੀਕੋਣ ਤੋਂ ਵੇਖਦੀ ਹੈ। ਮਨੁੱਖ ਨਾਲ ਵਾਰਤਾਲਾਪ ਰਚਾਉਂਦੀ ਹੈ। ਉਸ ਦੇ ਅੰਦਰ ਉਤਰਦੀ ਹੈ। ਉਸ ਨੂੰ ਆਪਣੇ ਅੰਦਰ ਉਤਾਰਦੀ ਹੈ। ਅਜੋਕੀ ਚੇਤਨਾ ਨੇ ਜਦ ਮਨੁੱਖ ਦਾ ਅੰਦਰ ਵੇਖਿਆ ਉਸ ਦੇ ਅੰਦਰ ਦਾ ਅਧਿਐਨ ਕੀਤਾ ਤਾਂ ਹੈਰਾਨ ਰਹਿ ਗਿਆ। ਇਹ ਜਾਣ ਕੇ ਕਿ ਸਰਿਸ਼ਟੀ ਦੀ ਗਤੀ ਬ੍ਰਹਿਮੰਡ ਦਾ ਕਾਰੋਬਾਰ ਕੁਦਰਤ ਦਾ ਸਿਲਸਿਲਾ ਸਭ ਦਾ ਆਰੰਭ ਮਨੁੱਖੀ ਸਵੈ-ਸੱਚ ਤੋਂ ਹੋਇਆ ਹੈ। ਵਿਸ਼ਵ ਚੇਤਨਾ ਜਦ ਮਨੁੱਖੀ ਅੰਦਰੂਨੀ ਜਗਤ ਤੋਂ ਬਾਹਰ ਆਈ ਤਾਂ ਉਸ ਦਾ ਦ੍ਰਿਸ਼ਟੀਕੋਣ ਨਿਰੋਲ ਮਾਨਵੀ ਹੋ ਗਿਆ ਸੀ। ਬੜੀ ਵਰਣਨ ਯੋਗ ਤਬਦੀਲੀ ਹੈ। ਜੋ ਵਿਸ਼ਵ ਚੇਤਨਾ ਵਿਚ ਵੇਖਣ ਨੂੰ ਮਿਲਦੀ ਹੈ।

ਇਸ ਕਾਵਿ ਰਚਨਾ ਵਿੱਚ ਜੋ ਵੀ ਸ਼ਬਦ ਬ੍ਰਹਮ ਲਈ ਵਰਤਿਆ ਗਿਆ ਹੈ। ਉਸ ਦਾ ਭਾਵ ਹੈ ਮਨੁੱਖੀ ਸਵੈ। ਮਨੁੱਖੀ ਸਵੈ ਤੋਂ ਬਿਨ੍ਹਾਂ ਇਸ ਕਾਵਿ ਵਿਚਲੇ ਵਰਤੇ ਗਏ ਸ਼ਬਦ ਕਿਸੇ ਵੀ ਰੱਬੀ ਸ਼ਕਤੀ ਜਾਂ ਰੱਬ ਨੂੰ ਸੰਬੋਧਨ ਨਹੀਂ ਹਨ। ਸਿਰਫ਼ ਮਨੁੱਖੀ ਸਵੈ ਤਕ ਹੀ ਸੀਮਤ ਹਨ। ਸਵੈ ਦੀ ਤਲਾਸ਼ ਦੀ ਕਾਰਜ ਪ੍ਰਣਾਲੀ ਨੂੰ ਲੋਕ ਗਾਥਾ 'ਹੀਰ ਰਾਂਝੇ' ਦੇ ਪ੍ਰਤੀਕਾਂ ਰਾਹੀਂ ਅਭੀਵਿਅਕਤ ਕੀਤਾ ਗਿਆ ਹੈ ਤਾਂ ਕਿ ਕਾਵਿ ਵਿੱਚੋਂ ਸਵੈ ਸੰਦਰਭ ਦੀ ਸਮਝ ਚੰਗੀ ਤਰ੍ਹਾਂ ਪਾਠਕਾਂ ਨੂੰ ਲੱਗ ਜਾਏ ਕਿਉਂਕਿ ਸਵੈ ਦੀ ਤਲਾਸ਼ ਹੀ ਇਸ ਕਾਵਿ ਦਾ ਪ੍ਰਯੋਜਨ ਹੈ। 'ਬੋਲ ਕਬੋਲ' ਵਿਚਲਾ ਸਵੈ ਹੀ ਲੋਕ ਸਵੈ ਹੈ। ਲੋਕ ਸਵੈ ਹੀ ਬੋਲ ਕਬੋਲ ਵਿਚਲਾ ਸਵੈ ਹੈ। ਇਸ ਲਈ ਇਸ ਸਵੈ ਦੀ ਸਪੱਸ਼ਟਤਾ ਅਤੇ ਪ੍ਰਮਾਣਿਕਤਾ ਲਾਜ਼ਮੀ ਹੈ। ਬੋਲ ਕਬੋਲ ਮਨੋ ਉਪਜ ਹੈ ਅਤੇ ਮਨ ਨੂੰ ਹੀ ਸੰਬੋਧਨ ਹੈ। ਇਸ ਵਿਚਲੀ ਗੋਂਦ ਮਨੋਂ ਦ੍ਰਿਸ਼ਟੀ ਦੇ ਵੇਗ ਦੀ ਧਾਰਨੀ ਹੈ।

**–ਚਰਨ ਸਿੰਘ**

## (ਖ) ਸਵੈ ਦੀ ਤਲਾਸ਼

ਮੈਂ ਹੀਰ
ਰਾਂਝਣ ਦੀ ਭਾਲ 'ਚ
ਮੈਂ ਰਾਂਝਣ ਨਾ ਆਪ ਹੰਢਾਇਆ
ਨਾ ਡਿੱਠਾ ਨਾ ਪਾਇਆ
-0-
ਇਕ ਵਾਰੀ
ਪੱਥਰ ਦਾ ਇੱਕ ਬੁੱਤ ਤੱਕਿਆ
ਉਹ ਬੁੱਤ ਮੈਨੂੰ ਆਪਣਾ ਲੱਗਿਆ
ਸੁਣਿਆ ਸੀ ਮੈਂ
ਹੀਰ ਨੇ ਰਾਂਝਾ ਪਾਇਆ
ਸੁਣੇ ਸੁਣਾਏ ਰਾਂਝਣ ਦਾ
ਮੈਂ ਕਲਪਤ ਬੁੱਤ ਬਣਾਇਆ
ਚੰਦਨ ਦੇਹੀ ਨੂੰ ਰੋਗ ਇਸ਼ਕ ਦਾ ਲਾਇਆ
ਮੈਨੂੰ ਲੱਗਿਆ ਹੈ ਕੋਈ ਰਾਂਝਣ ਮੇਰਾ
ਮੇਰਾ ਚਿਹਰਾ ਜਿਸ ਦਾ
ਜਿਸਦਾ ਚਿਹਰਾ ਮੇਰਾ
ਸੁਣਿਆ ਵੀ ਇੰਜ ਲੱਗਦਾ ਹੈ
ਜਿਉਂ ਹੋਵੇ ਅਨੁਭਵਿਆ
ਕੋਠੀ ਦੇ ਆਲ਼ੇ ਵਿੱਚ ਹੋਵੇ
ਜਿਸਦਾ ਦੀਵਾ ਜਗਿਆ
ਅਨੁਭਵਿਆ ਵੀ ਉਹੀ ਜਾਂਦਾ
ਜੋ ਅਨੁਭਵ ਦੀ ਪਿਆਸ ਜਗਾਂਦਾ ਹੈ
ਪਿਆਸ ਜਗਾਵਣ ਵਾਲਾ ਥਲ ਹੋਵੇ ਚਾਹੇ ਸਾਗਰ
ਪਿਆਸ 'ਚ ਹੀ ਹੈ
ਉਸ ਦਾ ਸੱਚ ਉਜਾਗਰ
-0-
ਸਾਗਰ ਦਾ ਸੱਚ ਥਲ ਹੈ
ਥਲ ਦਾ ਭਰਮ ਹੈ ਸਾਗਰ
ਸੱਚ ਭਰਮ ਦੀ ਸੋਚ 'ਚ ਡੁੱਬੀ
ਤਿੜਕ ਗਈ ਮੇਰੀ ਗਾਗਰ

ਲੱਖਾਂ ਭਾਰ ਦੇਹੀ ਦਾ ਰੂਹ ਤੋਂ
ਹੋਇਆ ਸੱਚ ਉਜਾਗਰ
-0-
ਮੈਂ ਤਾਂ ਉਹਨਾਂ ਜੋ ਮੈਂ ਸਮਝੀ
ਮੈਂ ਕੁੱਝ ਦੀ ਕੁੱਝ ਹੋਰ
ਮੇਰੀ ਦੇਹੀ ਦੀ ਮਿੱਟੀ ਵਿੱਚ ਹੈ
ਕਿਸ ਚੁੱਪ ਦਾ ਬੋਲ
ਉਸ ਚੁੱਪ ਨੂੰ ਲੱਭਦੀ ਹੋਈ
ਛੱਡ ਆਈ ਮੈਂ ਪਿੱਛੇ ਆਪਣਾ ਸ਼ੋਰ
ਮੈਂ ਕੁੱਝ ਦੀ ਕੁੱਝ ਹੋਰ
ਮੇਰੇ ਵਿੱਚ ਤਾਂ ਕੁੱਝ ਨਹੀਂ ਮੇਰਾ
ਕੀ ਰਹੀ ਹਾਂ ਫੋਲ
ਵੇਖਣ ਵਾਲੀ ਨਜ਼ਰ ਨਹੀਂ ਹੈ
ਉਹ ਤਾਂ ਬੈਠਾ ਕੋਲ
ਘਰ ਵੀ ਛੁੱਟਾ ਬਾਹਰ ਵੀ ਛੁੱਟਾ
ਛੁੱਟਾ ਸਭ ਸੰਸਾਰ
ਗਲ ਤਕ ਹੰਝੂਆਂ ਵਿੱਚ ਡੁੱਬੀ
ਕੌਣ ਲੰਗਾਵੇ ਪਾਰ
ਕੌਣ ਠਿਕਾਣਾ ਦੱਸੇ ਰਾਂਝਣ ਦਾ
ਫਿਰਾਂ ਗਲੀਉਂ ਗਲੀ ਖੁਆਰ
ਬੁੱਕਲ ਦੇ ਵਿੱਚ ਯਾਰ ਵਸੇਂਦਾ
ਕਮਲੀ ਭਾਲ਼ਾਂ ਬਾਹਰ
-0-
ਘੁੰਮਦੀ ਫਿਰਦੀ
ਮੈਂ ਕਮਲੀ ਆ ਪਹੁੰਚੀ
ਇੱਕ ਫੱਕਰ ਦੇ ਦੁਆਰ
ਅਰਜੋਈਆਂ ਕਰਾਂ ਹੱਥ ਜੋੜ
ਮਿਹਰ ਕਰ ਤੇ ਰਾਹ ਦੱਸ ਫੱਕਰਾ
ਵੱਲ ਤਖ਼ਤ ਹਜ਼ਾਰੇ ਟੋਰ
-0-
ਆਖਿਆ ਹੀਰੇ
ਅੰਦਰ ਰਾਂਝਾ

ਬਾਹਰ ਕੀ ਫਿਰੇ ਢੂੰਢੇਂਦੀ
ਅੰਦਰੋਂ ਮਿਲਸੀ ਰਾਂਝਣ ਤੈਨੂੰ
ਜਿਸ ਦੀ ਤੂੰ ਚਹੇਤੀ
-0-
ਪਰਤ ਆਈ
ਮੈਂ ਆਪਣੀ ਦੁਨੀਆ ਵਿਚ
ਦੇਹ ਨੂੰ ਝਾੜੂ ਲਾਇਆ
ਕਰ ਪਵਿੱਤਰ ਆਪਣਾ ਆਪਾ
ਰਾਂਝਣ ਯੋਗ ਬਣਾਇਆ,
ਸਵਾਸ ਲਵਾਂ ਤਾਂ ਰਾਂਝਾ ਆਖਾਂ
ਛੱਡਾ ਤਾਂ ਆਖਾਂ ਰਾਂਝਣ
ਰਾਂਝਣ ਸ਼ਬਦ ਸੀ
ਆਦਿ ਜੁਗਾਦਿ ਸਨਾਤਨ
-0-
ਪਹਿਲਾਂ ਰਾਂਝਣ ਦਾ ਸੰਕਲਪ
ਤ੍ਰੈਕੁਟੀ ਵਿੱਚ ਸਿਰਜਾਂ
ਫਿਰ ਅੰਦਰੋਂ ਹੀ ਪ੍ਰਗਟ ਹੋ ਜਾਏ
ਜਦ ਮੈਂ ਰਾਂਝਣ ਸਿਮਰਾਂ
ਇਸ ਰਾਂਝਣ ਅਭਿਆਸ 'ਚ
ਲੱਗ ਗਈ ਮੇਰੀ ਉਮਰ ਕਿਨਾਰੇ
ਅਜੇ ਨਾ ਬਹੁੜਿਆਂ ਰਾਂਝਣ ਮਾਹੀ
ਜਿਉਂਦੀ ਸਾਂ ਮੈਂ ਜਿਸ ਸਹਾਰੇ
-0-
ਇਹ ਤਾਂ ਮਰਜੀ ਉਸ ਰਾਂਝਣ ਦੀ
ਡੋਬ ਦਵੇ ਜਾਂ ਤਾਰੇ
ਮੈਂ ਤਾਂ ਖੜੀ ਉਡੀਕਾਂ ਉਸ ਨੂੰ
ਉਹ ਝਾਤ ਮਾਰੇ ਨਾ ਮਾਰੇ
ਨੈਣ ਵਿਛਾ ਰਾਹ ਰਾਂਝਣ ਦੇ
ਨਿੱਤ ਰੱਖਦੀ ਦੀਵੇ ਬਾਲ਼ ਬਨ੍ਹੇਰੇ
ਉਸ ਦੀ ਨਜ਼ਰ ਜਦ ਹੋਊਂ
ਭਾਗ ਜਾਗਣਗੇ ਮੇਰੇ
ਰਾਂਝਣ ਦਾ ਮੈਂ ਸਿਮਰਨ ਕਰਦੀ

ਜਨਮ ਲਗਾਇਆ ਲੇਖੇ
-0-
ਇੱਕ ਦਿਨ ਜੋਤ ਜਗੀ ਮਸਤਕ ਵਿਚ
ਆਪਣੇ ਰੰਗ ਵਿਖਾਏ
ਉਸ ਜੋਤੀ ਦੀ ਦੇਹੀ ਚੋਂ
ਸਗਲਾ ਬ੍ਰਹਿਮੰਡ ਨਜ਼ਰੀ ਆਏ
ਉਸ ਜੋਤੀ ਦਾ ਚਾਨਣ ਜ਼ਰੇ ਜ਼ਰੇ
ਵਿਚ ਸਮਾਇਆ
ਵਿਸ਼ਵ ਸਵੈ ਦਾ
ਉਸ ਜੋਤੀ ਰੂਪ ਵਟਾਇਆ
ਇੱਕ ਬੂੰਦ ਦੀ ਦੇਹੀ ਵਿਚ
ਸਾਗਰ ਉਤਰ ਆਇਆ
ਚੁੱਪ ਦੀ ਭਾਸ਼ਾ ਵਿਚ ਜੋਤੀ ਨੇ
ਆਪਣਾ ਸੱਚ ਸਮਝਾਇਆ
ਇਹ ਸੱਚ ਹੈ ਉਸ ਰਾਂਝਣ ਦਾ
ਜੋ ਜੋਤੀ ਅੱਜ ਵਿਖਾਇਆ
ਮੈਂ ਹੀਰ ਨਹੀਂ ਰਾਂਝਣ ਹਾਂ
ਮੈਨੂੰ ਸਮਝੀ ਆਇਆ
ਮੇਰੀ ਦੇਹ ਦੀ ਕਾਇਆ ਕਲਪ ਨੇ
ਰਾਂਝਣ ਰੂਪ ਵਟਾਇਆ
ਇਕ ਉਮਰ ਪਿੱਛੋਂ ਇਸ ਮਿੱਟੀ ਨੇ
ਆਪਣਾ ਸੱਚ ਹੈ ਪਾਇਆ
-0-
ਇਹ ਜਲਵਾ ਮੇਰੀ ਚੇਤਨਾ ਨੂੰ
ਹੈ ਆਤਮ ਜੋਤ ਵਿਖਾਇਆ
ਮੇਰੇ ਵਿੱਚ ਹੀ ਮੇਰਾ ਰਾਂਝਣ
ਮੈਨੂੰ ਸਮਝੀ ਆਇਆ
ਹੁਣ ਜਦ ਪਰਤੀ ਮੈਂ ਘਰ ਆਪਣੇ
ਰਾਂਝਣ ਸਾਂ ਹੀਰ ਨਹੀਂ ਸਾਂ
ਹਰ ਇੱਕ ਚੀਜ ਚੋਂ ਮੈਂ ਦਿਸਦੀ ਸਾਂ
ਆਤਮ ਸਾਂ ਸਰੀਰ ਨਹੀਂ ਸਾਂ
ਦੇਹ ਤੋਂ ਆਤਮ ਹੋ ਕੇ

ਜਦ ਮੈਂ ਸਿਮਰਿਆ ਆਪਣਾ ਆਪ
ਮੇਰੀ ਸਰਵ ਵਿਆਪਕਤਾ ਵਿਚ
ਵਸਦਾ ਦਿੱਸਿਆ ਰਾਂਝਣ ਯਾਰ
ਆਇਆ ਸਮਝ ਆਤਮ ਦਾ ਜਲਵਾ
ਜਿਉਂਦੇ ਤੱਕਿਆ
ਮੈਂ ਜੋ ਬਾਰਮ ਬਾਰ
ਮੈਂ ਹੀ ਹੀਰ ਸਾਂ ਰਾਂਝਣ ਹੋਈ
ਰਾਂਝਣ ਹੋਇਆ ਹੀਰ ਸਿਆਲ
-0-

## ਆਧੁਨਿਕ ਰਹੱਸਵਾਦ ਕੀ ਹੈ?

(ਇਹ ਬੋਲ ਕਬੋਲ ਕਾਵਿ ਦਾ ਮੂਲ ਹੈ। ਆਧੁਨਿਕ ਰਹੱਸਵਾਦ ਕੀ ਹੈ? ਕਿਸ ਦੀ ਤਲਾਸ਼ ਹੈ? ਕਿਸ ਦੀ ਪ੍ਰਾਪਤੀ ਹੈ? ਆਧੁਨਿਕ ਰਹੱਸਵਾਦ ਸਨਾਤਨੀ ਰਹੱਸਵਾਦ ਨਾਲੋਂ ਕਿਵੇਂ ਵੱਖਰਾ ਹੈ?)

### (ਗ) ਆਧੁਨਿਕ ਰਹੱਸਵਾਦ
### ਬੋਲ ਕਬੋਲ

ਹੇ! ਮਨਾਂ
ਪਦਾਰਥਵਾਦ ਦਾ
ਤੂੰ ਜੋ ਮਹਿਲ ਉਸਾਰਿਆ ਹੈ
ਉਸ ਦੀਆਂ ਨੀਹਾਂ ਹੇਠਾਂ
ਆਪਣਾ ਸੱਚ ਲਿਤਾੜਿਆ ਹੈ
-0-
ਪਦਾਰਥ ਅਸਲ ਤੇਰੀ ਅਸਵਾਰੀ ਸੀ
ਜਿਸ ਤੇ ਤੂੰ ਕਾਠੀ ਸੀ ਪਾਉਣੀ
ਕੱਸ ਲਗਾਮਾਂ ਜਿਸ ਦੀਆਂ ਤੂੰ
ਦੁਨੀਆ ਦੀ ਸੀ ਰੱਥ ਚਲਾਉਣੀ
ਰਾਹਾਂ ਦਿਸ਼ਾਵਾਂ ਸਿਰਜਣੀਆਂ
ਸਨ ਤੂੰ ਆਪ
ਪਰ ਤੂੰ ਤਾਂ ਬਣ ਕੇ ਰਹਿ ਗਿਉਂ
ਇਸ ਦਾ ਆਪ ਮੁਥਾਜ਼
ਇਸ 'ਤੇ ਨਿਰਭਰ ਹੋ ਗਿਉਂ ਤੂੰ
ਚੇਤਨਾ ਜਗਿਆਸਾ ਆਪਣੀ
ਖੋਹ ਗਿਉਂ ਤੂੰ
-0-
ਤੈਨੂੰ ਆਪਣਾ ਆਪਾ ਵੀ
ਯਾਦ ਨਹੀਂ ਹੈ
ਤੇਰੇ ਜ਼ਿਹਨ 'ਚ
ਤੇਰੀ ਦੇਹ ਅਬਾਦ ਨਹੀਂ ਹੈ
GPS ਦੀ ਉਂਗਲੀ ਫੜ ਕੇ
ਦਫ਼ਤਰ ਜਾਂਦਾ ਹੈ
ਉਸ ਦੀ ਉਂਗਲੀ ਫੜ ਕੇ ਹੀ

ਤੂੰ ਘਰ ਆਉਂਦਾ ਹੈ
ਤੇਰੇ ਦਫ਼ਤਰੀ ਸਾਰੇ ਕੰਮ
ਕੰਪਿਊਟਰ ਕਰਦਾ ਹੈ
ਤੇਰੀਆਂ ਰੋਜ਼-ਮਰ੍ਹਾ ਦੀਆਂ ਲੋੜਾਂ
ਤੇਰੀ ਝੋਲੀ ਧਰਦਾ ਹੈ
ਤੂੰ ਤਾਂ ਪੱਥਰ ਦਾ ਬੁੱਤ ਬਣ ਕੇ
ਰਹਿ ਗਿਆ ਹੈ
ਸਿਰਜਕ ਹੋ ਕੇ
ਸਿਰਜਣਾ ਦੇ ਵੱਸ ਪੈ ਗਿਆ ਹੈ
-0-
ਵਿਸ਼ਵ ਪਦਾਰਥਕ ਜੰਗਲ
ਤੂੰ ਜੋ ਦੁਆਲ਼ੇ ਉਸਾਰ ਲਿਆ ਹੈ
ਸੱਚ ਆਖਾਂ
ਤੂੰ ਆਪਾ ਜੀਉਂਦਾ ਮਾਰ ਲਿਆ ਹੈ
ਤੇਰੇ ਬੋਟਾਂ ਨੂੰ
ਸਕੂਲ ਜਾਣ ਤੋਂ ਪਹਿਲਾਂ
ਕੰਪਿਊਟਰ ਤਿਆਰ ਹੈ ਕਰਦਾ
ਜੁਰਾਬਾਂ ਪਾਉਂਦਾ
ਤੇ ਬੂਟਾਂ ਦੇ ਤਸਮੇਂ ਬੰਨਣੇ ਬੱਚਿਆਂ ਨੂੰ ਦੱਸਦਾ
ਮਦਰਸੇ ਵਿੱਚ ABC
ਕੰਪਿਊਟਰ ਬੱਚਿਆਂ ਨੂੰ ਪੜਾਉਂਦਾ ਹੈ
ਭੁਲਾਵੇ ਅੱਖਰਾਂ ਦੀ ਪਹਿਚਾਣ ਕਰਾਉਂਦਾ ਹੈ,
ਬਚਪਣ ਤੋਂ ਬੁਢਾਪੇ ਤਕ
ਤੇਰੀ ਹੋਂਦ ਨਿਗਲ ਗਿਆ ਇਹ
ਇਸ ਨੂੰ ਸਿਰਜ ਕੇ
ਇਸ ਜੰਡ ਤੂੰ ਨਾ ਹੋਇਉ
ਤੈਨੂੰ ਛੱਡ ਕੇ ਪਿੱਛੇ
ਅੱਗੇ ਨਿਕਲ ਗਿਆ ਇਹ
-0-
ਤੂੰ ਜੋ ਸਿਰਜਿਆ ਨਜ਼ਰੀ ਆਵੇ
ਪਰ ਕਿਤੇ ਨਾ ਦਿਸਦਾ ਤੂੰ
ਤੈਨੂੰ ਹੀ ਉਸ ਨੰਗਿਆਂ ਕੀਤਾ

ਜਿਸ ਦਾ ਤੂੰ ਕੱਤਿਆ ਰੂੰ
ਹੁਣ ਕੀ ਭਾਲ਼ੇ
ਹੱਥੀਂ ਸਿਰਜੀ ਦੁਨੀਆ ਵਿਚ
ਕੋਈ ਨਹੀਂ ਹੈ ਤੇਰਾ
ਇਸ ਨਗਰੀ ਦਾ ਰਾਜਾ ਪਰਜਾ
ਆਪ ਪਦਾਰਥ
ਕੋਈ ਨਾਮ ਨਿਸ਼ਾਨ ਨਹੀਂ ਤੇਰਾ
ਤੂੰ ਆਪਣੀ ਭਾਲ 'ਚ ਨਿਕਲਿਆ
ਮੱਥੇ ਦਾ ਦੀਵਾ ਬਾਲ਼
ਪਦਾਰਥ ਦਾ ਜੋ ਦੈਂਤ ਸਿਰਜਿਆ
ਉਸ ਵਿਚ ਆਪਣਾ ਆਪ ਉਤਾਰ
ਆਪਣੇ ਸਵੈ ਦੀ ਕਰ ਪ੍ਰਕਰਮਾ
ਸਵੈ ਹੀ ਸਵੈ ਉਚਾਰ
ਤੇਰੇ ਸਵੈ ਚੋਂ ਹੀ ਜਨਮੇਗਾ
ਮੁੜ ਕੋਈ ਸਿਰਜਣਹਾਰ
ਪਦਾਰਥ ਤੇ ਮਨੁੱਖ ਦਾ
ਜੋ ਰਖਸੀ ਸੰਤੁਲਨ ਵਿਚ ਸੰਸਾਰ
ਬਰਾਬਰ ਹੋਸੀ ਵਿਸ਼ਵ ਤਰਾਜ਼ੂ
ਦੋ ਪੱਲਿਆ ਵਿਚਕਾਰ
ਤੇਰੀ ਤਲਾਸ਼ ਹੈ ਤੇਰੇ ਆਪੇ ਦੀ
ਤੇਰਾ ਸਫ਼ਰ ਹੈ ਤੇਰੇ ਆਪੇ ਤਕ ਦਾ
ਤੂੰ ਆਪੇ ਹਸ਼ਰ ਅਗਾਜ਼
ਤੇਰੇ ਚੋਂ ਜੋ ਮੰਨਫੀ ਹੋਇਆ
ਤੂੰ ਉਸ ਦੀ ਕਰ ਬਸ ਭਾਲ਼
ਤੂੰ ਉਸ ਨੂੰ ਸਿਮਰ ਧਿਆ
ਉਸ ਵਿੱਚ ਸੁਰਤ ਟਿਕਾਅ
ਆਪਣਾ ਆਪਾ ਪਾਅ
-0-
ਆਪਣਾ ਆਪਾ
ਆਪਣੀ ਦੇਹ ਦੀ ਪ੍ਰਯੋਗਸ਼ਾਲਾ ਵਿਚ
ਵਾਰ-ਵਾਰ ਪ੍ਰਯੋਗ
ਸ਼ੁੱਧ ਕਰ ਆਪਾ

ਤੇ ਹੋ ਆਪਣੇ ਆਪ ਦੇ ਯੋਗ
ਤੇਰਾ ਰਹੱਸ ਹੈ ਆਪਣੇ ਆਪ ਦਾ
ਇਸ ਵਿਚ ਨਹੀਂ ਕੋਈ ਹੋਰ
ਨਾ ਕੋਈ ਕਾਦਰ ਨਾ ਭਰਮ ਖ਼ੁਦਾ ਦਾ
ਨਾ ਕੋਈ ਚੁੱਪ ਨਾ ਸ਼ੋਰ
ਤੂੰ ਹੀ ਬੱਦਲ ਵਰਖਾ ਜੰਗਲ
ਤੂੰ ਆਪੇ ਪੈਲ਼ ਤੂੰ ਆਪੇ ਮੋਰ
ਤੇਰੀ ਭਾਲ਼ ਹੈ
ਪਦਾਰਥ ਜਿਸ ਨੂੰ ਖਾਹ ਗਿਆ ਹੈ
ਆਪਣੀ ਹੋਂਦ ਚੜ੍ਹਾਅ ਅਸਮਾਨੀ
ਤੇਰੀ ਹੋਂਦ ਮੁਕਾ ਗਿਆ ਹੈ
-0-
ਸਨਾਤਨੀ ਰਹੱਸਵਾਦ
ਨਾਸ਼ਵਾਨ ਦੁਨੀਆ ਦੀ ਉਪਜ ਸੀ
ਜਿਸ ਦਾ ਸਿਰਜਣ ਗੁਪਤ ਸੀ
ਤੇਰਾ ਰਹੱਸਵਾਦ
ਤੇਰੀ ਆਪਣੀ ਸਿਰਜੀ ਦੁਨੀਆ ਦੀ ਦੇਣ ਹੈ
ਜਿਸ ਦਾ ਸਿਰਜਨ ਜਗਤ ਜ਼ਾਹਿਰ ਹੈ
ਜਿਸ ਦੀ ਪ੍ਰਾਪਤੀ ਨਜ਼ਰ ਹੈ ਆਉਂਦੀ
ਜਿਸ ਲਈ ਸਿਰਜਣਾ ਬੰਦ ਦੁਆਰ ਹੈ
ਸਨਾਤਨੀ ਰਹੱਸਵਾਦ ਦੇ ਖੋਜੀ
ਵਿਹਲੜ ਜਾਂ ਜ਼ਿੰਦਗੀ ਤੋਂ ਹਾਰੇ ਲੋਕ ਸਨ
ਅਜੋਕੇ ਰਹੱਸਵਾਦ ਦੇ ਖੋਜੀ
ਜ਼ਿੰਦਗੀ ਦੇ ਆਸ਼ਕ ਪਿਆਰੇ ਲੋਕ ਹਨ
ਜੇ ਆਪਣਾ ਆਪਾ ਲੱਭ ਲਿਆ ਤੂੰ
ਸਮਝੀਂ ਆਪਾ ਵਰਲਿਆ ਤੂੰ
ਤੇਰੇ ਦਰਪਣ ਵਿਚੋਂ
ਤੇਰਾ ਚਿਹਰਾ ਨਜ਼ਰ ਆਵੇਗਾ
ਤੱਕ ਕੇ ਆਪਣਾ ਚਿਹਰਾ
ਅੰਗ ਨਖਸ਼ ਸੰਵਾਰ ਲਵੀਂ ਤੂੰ
ਆਪਣਾ ਆਪਾ
ਮੁੜ ਸਿਰਜਣ ਲਈ
ਅਤੀਤ 'ਤੇ ਝਾਤੀ ਮਾਰ ਲਵੀਂ ਤੂੰ

## (ਘ) ਤਿੰਨ ਬੋਲ ਕਬੋਲ ਕਾਵਿ ਟੁਕੜੀਆਂ

## ਬੋਲ ਕਬੋਲ (ਕਾਵਿ ਟੁਕੜੀ -1)

ਹੇ! ਮਨਾਂ
ਮੈਂ ਪੂੰਜੀਵਾਦੀ ਸੋਚ ਦਾ ਦੈਂਤ ਹਾਂ
19ਵੀਂ ਸਦੀ ਦੀ ਚੇਤਨਤਾ
ਮੈਨੂੰ ਬੋਤਲ ਚੋਂ ਕੱਢਿਆ ਸੀ
ਮੇਰਾ ਬੁੱਤ ਵਿਸ਼ਵ ਦੇ ਵਿਹੜੇ
ਵਿਚ ਗਡਿਆ ਸੀ
ਅੱਜ ਮੈਂ ਵਿਸ਼ਵ ਦਾ
ਸੱਚ ਕਹਾਂਦਾ ਹਾਂ
ਤਾਲੀਆਂ ਦੀ ਅਵਾਜ਼ 'ਚ
ਹਰ ਥਾਂ
ਆਪਣਾ ਚਿਹਰਾ ਹੀ ਪਾਉਂਦਾ ਹਾਂ
ਆਦਿ ਤੋਂ ਮੈਂ
ਬੰਦੇ ਦਾ ਸੱਚ ਦਫ਼ਨਾਂਦਾ ਆ ਰਿਹਾ ਹਾਂ
ਆਪਣੀ ਜੋਤ ਜਗਾ ਰਿਹਾ ਹਾਂ
ਹਰ ਘਰ ਦੀ ਜੋਤ ਬੁਝਾ ਰਿਹਾ ਹਾਂ
-0-
ਮੇਰੀ ਛੱਤੋਂ
ਮੇਰੇ ਖ਼ਿਆਲਾਂ ਦੇ ਕਬੂਤਰ ਉਡਦੇ ਹਨ
ਅੰਬਰ 'ਤੇ ਸ਼ਬਦਾਂ ਵਾਂਗ ਫੈਲ ਜਾਂਦੇ ਹਨ
ਹਰ ਛੱਤ ਦੀ ਛੱਤਰੀ 'ਤੇ ਬਹਿ ਜਾਂਦੇ ਹਨ
ਫਿਰ ਨਹੀਂ ਉਡਦੇ
ਘਰ ਦੀ ਛੱਤ ਤੋਂ ਨੀਹਾਂ ਤਕ ਵਿਚ
ਲਹਿ ਜਾਂਦੇ ਹਨ
ਵਿਹੜਾ ਬਿੱਠਾਂ ਨਾਲ ਭਰ ਦਿੰਦੇ ਹਨ
ਘਰ ਦੀ ਹਰ ਇੱਟ ਕਰਜਾਈ ਕਰ ਦਿੰਦੇ ਹਨ
ਘਰ ਦਾ ਹਰ ਜੀਅ
ਕਰਜ ਉਤਾਰਦਾ ਮਰ ਜਾਂਦਾ ਹੈ
ਪਰ ਬਿੱਠਾਂ ਦਾ ਕਰਜ ਨਹੀਂ ਲਹਿੰਦਾ
ਘਰ ਦਾ ਸਿਵਾ ਬਲ ਜਾਂਦਾ ਹੈ

19ਵੀਂ ਸਦੀ ਦੀ ਬੌਧਿਕਤਾ ਨੇ
ਆਧੁਨਿਕਤਾ ਦੀ ਰੂਪ-ਰੇਖਾ
ਤੇ ਪਰਿਭਾਸ਼ਾ ਨਿਸ਼ਚਿਤ ਕੀਤੀ
ਮਨੁੱਖ ਦੀ ਥਾਂ ਪਹਿਲ ਪਦਾਰਥ ਨੂੰ ਦਿੱਤੀ
ਉਸ ਵਕਤ ਮੈਂ ਬੋਤਲ ਚੋਂ ਬਾਹਰ ਆਇਆ ਸਾਂ
ਅੱਜ ਮੈਂ ਵਿਕਸਤ ਵਿਸ਼ਵ ਦਾ ਸਰਮਾਇਆ ਹਾਂ
ਜੀਵਨ ਦੀ ਊਰਜਾ
ਤੇ ਜ਼ਿੰਦਗੀ ਦੀ ਛੱਤਰ ਛਾਇਆ ਹਾਂ
-0-

## ਬੋਲ ਕਬੋਲ ਕਾਵਿ ਟੁਕੜੀ - 2

ਹੇ! ਮਨਾਂ
ਮੇਰਾ ਤਿੜਕਿਆ ਚਿਹਰਾ
ਅੰਗ ਨਖਸ਼
ਅਜੋਕੀ ਵਿਸ਼ਵ ਨੂੰ ਨਜ਼ਰ ਨਹੀਂ ਆਉਂਦੇ
ਅੰਬਰ ਦੀ ਨਾ ਅੱਖ ਦਾ ਅੱਥਰੂ
ਧਰਤੀ ਦਾ ਨਾ ਦਰਦ ਕਹਾਉਂਦੇ
-0-
ਪੌਣਾਂ ਦੀ ਜੀਭਾ 'ਤੇ ਜਿਨ੍ਹਾਂ ਦੇ ਵਰਲਾਪ ਨੇ
ਸਮੇਂ ਦੀ ਚਿਹਰੇ 'ਤੇ ਜਿਨ੍ਹਾਂ ਦੇ ਦਾਗ਼ ਨੇ
ਸਾਗਰ ਵਿਚ ਹੈ ਜਿਨ੍ਹਾਂ ਦੀ ਨੀਲਤਾ
ਨਦੀਆਂ ਦਰਿਆਵਾਂ ਵਿਚ ਹੈ
ਜਿਨ੍ਹਾਂ ਦੀ ਸ਼ੀਤਲਤਾ
ਜੰਗਲਾਂ ਪਹਾੜਾਂ ਵਿਚ ਹੈ
ਜਿਨ੍ਹਾਂ ਦਾ ਵਸੇਰਾ
ਫਿਰ ਵੀ ਕਿੱਧਰੇ ਨਜ਼ਰ ਨਹੀਂ ਆਉਂਦੇ
ਨਜ਼ਰ ਹੈ ਆਉਂਦਾ ਪਦਾਰਥ ਦਾ ਚਿਹਰਾ

ਭੂਤ ਭੱਵਿਖ ਵਰਤਮਾਨ ਦੇ
ਪ੍ਰਤੀਕਰਮ ਦੇ ਜੋ ਅੰਗ ਹਨ
ਸਿਰਜਕ ਸਿਰਜਣਾ ਦੀ
ਪਹਿਚਾਣ ਦਾ ਜੋ ਰੰਗ ਹਨ
ਇੱਕ ਪਾਸੇ ਮਨੁੱਖ ਖੜਾ ਹੈ
ਇਕ ਪਾਸੇ ਵਿਕਸਤ ਪਦਾਰਥ
ਇਕ ਪਾਸੇ ਪਦਾਰਥ ਦੀ ਪੂਜਾ
ਇੱਕ ਪਾਸੇ ਲੋਕਾਂ ਦੀ ਤਜਾਰਤ
ਤਖ਼ਤ 'ਤੇ ਬੈਠਾ
ਜੋ ਮੇਰੇ ਹੀ
ਅੰਗਾਂ ਨਖਸ਼ਾਂ ਦਾ ਮੁੱਲ ਵੱਟਦਾ ਹੈ
ਮੇਰੀ ਸਿਰਜਣਾ ਹੋ ਕੇ,
ਮੇਰਾ ਲਹੂ ਚੱਟਦਾ ਹੈ

## ਬੋਲ ਕਬੋਲ ਕਾਵਿ ਟੁਕੜੀ – 3

ਹੇ! ਮਨਾਂ
ਲੂਲ੍ਹਾ ਆਸਮਾਂ ਲੰਙੜੀ ਧਰਤੀ
ਮੇਰੇ ਮਸਤਕ 'ਚ ਟੁਰਦੇ ਹਨ
ਮੇਰੇ ਲਹੂ 'ਚ ਗਿੜਦੇ ਹਨ
ਮੇਰੇ ਚਿਹਰੇ 'ਚ ਵਸਦੇ ਹਨ
ਮੇਰੀ ਪਿੱਠ ਚੋਂ ਦਿਸਦੇ ਹਨ
-0-
ਮੇਰੀ ਅਹੋਂਦ ਦੇ ਕਾਰਨ
ਰੁੱਖ ਤੇ ਜੰਗਲ ਧੁੱਖਦੇ ਹਨ
ਮੇਰੇ ਸਾਏ
ਮੇਰੇ ਨੈਣਾਂ ਵਿਚ ਰੜਕਦੇ ਹਨ
ਮੇਰੀ ਸੋਚ ਦੇ ਦਿਸਹੱਦਿਆਂ 'ਚ
ਮੇਰੇ ਤਿੜਕੇ ਅੰਗਾਂ ਨਖਸ਼ਾਂ ਦੀ ਝਲਕ ਹੈ
ਮੇਰੇ ਲਹੂ 'ਚ ਜਮਿਆ
ਜ਼ਿੰਦਗੀ ਦਾ ਹਰ ਨਖਸ਼ ਹੈ
-0-
ਮੈਂ ਆਲੋਪ ਹਾਂ ਬੇਸ਼ਕ ਇਨ੍ਹਾਂ ਚੋਂ
ਫਿਰ ਵੀ ਇਹ ਮੇਰੇ 'ਚ ਮੌਜੂਦ ਨੇ
ਮੈਂ ਇਨ੍ਹਾਂ ਦਾ ਕੁੱਝ ਨਹੀਂ ਲੱਗਦਾ
ਫਿਰ ਵੀ ਇਹ ਮੇਰਾ ਵਜੂਦ ਨੇ
ਇਹ ਭਾਵੇਂ ਅਰਥਹੀਣ ਸ਼ਬਦ ਹਨ
ਪਰ ਇਹ ਉਹ ਹਨ
ਜਿਨ੍ਹਾਂ 'ਚ ਮੈਂ ਆਪਣਾ ਆਪ ਗੁਆਇਆ ਹੈ
ਮੇਰੀ ਦੇਹ ਦੀ ਥਾਂ ਬੇਸ਼ਕ
ਸ਼ੀਸ਼ੇ ਦਾ ਜੰਗਲ ਉੱਗ ਆਇਆ ਹੈ
ਬੇਸ਼ਕ ਮੈਂ ਇਨ੍ਹਾਂ ਤੋਂ
ਇਹ ਮੇਰੇ ਤੋਂ ਅਲੱਗ ਹਨ
ਸਿਰ ਵੱਖਰੇ ਹਨ
ਪਰ ਇੱਕ ਧੜ ਹਨ
ਇਹ ਮੇਰੇ ਲਹੂ 'ਚ ਟੁਰਦੇ

ਮੱਥੇ ਵਿਚ ਜਗਦੇ
ਕਿੰਜ ਆਖਾਂ
ਮੈਂ ਇਨ੍ਹਾਂ ਦਾ ਇਹ ਮੇਰੇ ਕੁੱਝ ਨਹੀਂ ਲੱਗਦੇ
-0-

# ਬੋਲ ਕਬੋਲ (ਭਾਗ ਦੂਜਾ)

## ਦੂਜੀ ਪੁਸਤਕ (ਬੋਲ ਕਬੋਲ ਉਪਭਾਗ)

ਸਵੈ ਤਲਾਸ਼ ਦੇ ਕਾਰਨ ਅਤੇ ਪਿੱਠ ਭੂਮੀ ਵਿਭਿੰਨ-ਵਿਭਿੰਨ
ਮਾਨਵੀ ਪ੍ਰਵਿਰਤੀਆਂ ਅਤੇ ਮਨੋਵਾਚ ਦੇ ਸੰਬੋਧਨੀ
ਅਤੇ ਸਵੀਕਾਰਤ ਅਧਾਰ 'ਤੇ।

**ਚਰਨ ਸਿੰਘ**

**ਕਾਵਿ-ਸ਼ਾਸਤਰ**

## ਬੋਲ ਕਬੋਲ – ਭਾਗ ਦੂਜਾ

ਪਦਾਰਥੀ ਮਨੁੱਖ ਦਾ
ਮੂੰਹ ਨਹੀਂ ਚਿਹਰਾ ਨਹੀਂ
ਬਸ ਪੇਟ ਹੈ
ਵਿਸ਼ਵ ਦਾ ਸਭ ਤੋਂ ਵੱਡਾ ਗੇਟ ਹੈ
-0-
ਜਿਸ ਰਾਹੀਂ ਸਭ ਕੁੱਝ
ਅੰਦਰ ਜਾਅ ਰਿਹਾ ਹੈ
ਇਹ ਪੇਟ ਵਿਰਾਟ ਰੂਪ ਧਾਰੀ
ਖੇਤਾਂ ਫਸਲਾਂ ਨੂੰ ਖਾਹ ਰਿਹਾ ਹੈ
ਤੇ ਹਰ ਪਲ ਅਕਾਰ ਰਹਿਤ
ਹੁੰਦਾ ਜਾਅ ਰਿਹਾ ਹੈ
ਅਜੋਕਾ ਮਨੁੱਖ ਅਤੇ
ਉਸ ਦਾ ਵਿਸਥਾਰ
ਪੇਟ ਨਾਲ ਬੱਝਾ ਹੈ
ਸਭ ਕੁੱਝ ਖਾਹ ਕੇ ਵੀ
ਭੁੱਖੇ ਦਾ ਭੁੱਖਾ ਹੈ
-0-
ਪਦਾਰਥੀ ਕੀੜਾ
ਪੇਟ ਦੇ ਇੰਨ੍ਹਾ ਨੇੜੇ ਹੈ
ਕਿ ਸਭ ਕੁੱਝ ਭੁੱਲ ਬੈਠਾ ਹੈ
ਬਿਨ ਪੇਟ ਭਰਨ ਦੇ
ਕੁੱਝ ਵੀ ਯਾਦ ਨਹੀਂ
ਨੀਪਤ ਦੀ ਭੁੱਖ 'ਚ ਮਰਨ ਦਾ
ਮੁੱਲ ਵੱਟ ਰਿਹਾ ਹੈ
ਬੰਦਾ ਹੋ ਕੇ
ਬੰਦੇ ਦਾ ਲਹੂ ਚੱਟ ਰਿਹਾ ਹੈ
ਇਸ ਮਾਨਵਤਾ ਦੇ ਲਹੂ ਦੀ
ਅੰਤਿਮ ਬੂੰਦ ਨਿਚੋੜੀ ਹੈ
ਜਿਸ ਨੇ ਇਸ ਨੂੰ ਰੌਣਕ ਬਖ਼ਸ਼ੀ
ਉਸ ਨੂੰ ਪਤਝੜ ਮੋੜੀ ਹੈ

-0-
ਇਸ ਦੇ ਪੇਟ 'ਚ
ਖਾਲੀ ਖੂਹ ਖੂਹੀਆਂ ਹਨ
ਪਿਆਸੇ ਦਰਿਆ ਨਦੀਆਂ ਹਨ
ਇਸ ਦੇ ਆਪਣੇ ਆਦਿ ਅੰਤ ਹਨ
ਗਤੀਆਂ ਹਨ
ਸਹਿਰਾ ਹਨ ਸਾਗਰਾਂ ਦੀ ਭੁੱਖ ਹੈ
ਜਨਮਾਂ ਦੀ ਭੁੱਖੀ
ਇਸ ਦੀ ਕੁੱਖ ਹੈ
ਇਹ ਭੁੱਖ ਦੀ ਪ੍ਰਕਰਮਾ ਕਰਦਾ ਹੈ
ਭੁੱਖ ਬੀਜਦਾ ਤੇ ਵੰਡਦਾ ਹੈ
ਲੋਕ ਲਹੂ ਸੰਗ
ਆਪਣਾ ਪੇਟ ਭਰਦਾ ਹੈ
ਰੱਜਿਆ ਵੀ ਭੁੱਖਾ ਲੱਗਦਾ ਹੈ
-0-
ਪੂੰਜੀਵਾਦੀ ਸੋਚ ਦੀ ਭੁੱਖ
ਧਰਤੀ ਦੀ ਉਤਪਤੀ ਤੋਂ ਵੱਡੇਰੀ ਹੈ
ਵਿਸ਼ਵ ਅੰਕੜਿਆਂ ਦੀ ਢੇਰੀ ਹੈ
ਵਿਸ਼ਵ ਦਾ ਪੇਟ
ਕਲਪਣਾ ਤੋਂ ਵੱਡੇਰਾ ਹੈ
ਉਸ ਵਿਚ ਕੁੱਝ ਨਹੀਂ ਉਸਦਾ
ਜੋ ਵੀ ਹੈ ਤੇਰਾ ਤੇ ਮੇਰਾ ਹੈ
-0-
ਸਮੁੰਦਰ ਤੋਂ ਗਹਿਰੀ
ਅਕਾਸ਼ ਤੋਂ ਉੱਚੀ
ਇਸ ਸੋਚ ਦੀ ਲਾਲਸਾ ਹੈ
ਜ਼ਮੀਂ ਆਸਮਾਨ ਤਕ ਦਾ
ਮਨੁੱਖ ਤੇ ਇਸ ਵਿਚਲਾ ਫ਼ਾਸਲਾ ਹੈ
ਫਿਰ ਵੀ ਲੋਕਤਾ
ਇਸ ਆਪਣੀ ਸੋਚ 'ਚ ਜਕੜੀ ਹੈ
ਜੋ ਊਰਜਾ
ਇਸ ਦੀ ਤ੍ਰਿਸ਼ਨਾ ਪੂਰਤੀ ਕਰਦੀ ਹੈ

ਇਹ ਉਸ ਨੂੰ ਹੀ ਖਾਂਦੀ ਮੱਕੜੀ ਹੈ
-0-
ਇਸ ਦੇ ਪੇਟ 'ਚ
ਕੋਈ ਖਾਲੀ ਥਾਂ ਨਹੀਂ
ਫਿਰ ਵੀ ਹਾਬੜਿਆ ਹੈ
ਇਸ ਡੀਕਿਆ
ਆਖਰੀ ਬੂੰਦ ਤਕ ਸਮੁੰਦਰ
ਫਿਰ ਵੀ
ਔੜਾਂ ਦਾ ਥਾਪੜਿਆ ਹੈ
ਇਸ ਦੀ ਨੀਅਤ
ਭੁੱਖਾਂ ਦੀ ਤਾਸੀਰ ਹੈ
ਇਸ ਦੀ ਦੇਹ
ਭੁੱਖਾਂ ਦੀ ਜ਼ਮੀਰ ਹੈ
ਇਸ ਸੋਚ ਨੇ ਆਪਣਾ ਰੂਪਾਂਤਰ
ਅਜੋਕਾ ਪਦਾਰਥਕ ਮਨੁੱਖ ਸਿਰਜਿਆ
ਜਿਸ ਦਾ ਨਾਮ ਹੈ ਪੇਟ
ਜੋ ਇਸ ਸੋਚ ਦੇ ਨਾਂਅ 'ਤੇ
ਨੱਚਦਾ ਨਚਾਉਂਦਾ ਹੈ
ਅੱਜ ਦਾ ਮਾਨਵ ਕਹਾਉਂਦਾ ਹੈ
-0-
ਮਨੁੱਖੀ ਦੇਹ ਦੇ ਸੁੱਖਾਂ ਦਾ
ਜੋ ਵਿਸ਼ਵ 'ਚ ਹੜ੍ਹ ਆਇਆ ਹੈ
ਇਨ੍ਹਾਂ ਸੁੱਖਾਂ ਦੀ ਬਲੀ
ਮਨੁੱਖੀ ਮਾਨਸਿਕਤਾ ਨੂੰ
ਚੜ੍ਹਾਇਆ ਹੈ
ਦੇਹ ਦੇ ਪਦਾਰਥੀ ਸੁੱਖਾਂ 'ਚ
ਸਭ ਨੂੰ ਉਲਝਾਇਆ ਹੈ
ਇਸ ਸੋਚ ਨੇ ਲੋਕਾਂ ਦੀ ਹਮਦਰਦੀ ਦਾ
ਸਾਂਗ ਰਚਾਇਆ ਹੈ
ਤਾਂ ਕਿ ਇਸ ਮਖੌਟੇ ਕਾਰਨ
ਲੋਕ ਜਾਣ ਨਾ ਸਕਣ
ਆਪਣੇ ਤੋਂ ਵੱਖਰਾ ਕਰਕੇ

ਇਸ ਸੋਚ ਨੂੰ ਪਹਿਚਾਣ ਨਾ ਸਕਣ
ਫਿਰ ਵੀ ਇਸਦੇ ਪੱਥ 'ਚ
ਲੋਕਾਂ ਦੇ ਚਿਹਰੇ ਤਰਦੇ ਹਨ
ਆਪਣਾ ਸੱਚ ਭੁੱਲਾ ਕੇ ਲੋਕੀ
ਇਸ ਸੋਚ ਦੀ ਪ੍ਰਕਰਮਾ ਕਰਦੇ ਹਨ
-0-
ਪਦਾਰਥ ਸ਼ਬਦ
ਅਰਥ ਦਾ ਰੂਪ ਧਾਰਦਾ ਹੈ
ਆਪਣਾ ਮਖੌਟੀ ਫ਼ਲਸਫ਼ਾ
ਲੋਕ ਲਹੂ 'ਚ ਉਤਾਰਦਾ ਹੈ
ਲੋਕ ਇਸ ਰੁੱਖ ਦੇ ਦਰਸ਼ਨ
ਦੀ ਛਾਂਵੇ ਆ ਬਹਿੰਦੇ ਹਨ
ਰੁੱਖ ਸਿਮਰਦੇ ਰੁੱਖ ਧਿਆਉਂਦੇ
ਰੁੱਖ ਨੂੰ ਆਪਣਾ ਰਹਿਨੁਮਾ ਕਹਿੰਦੇ ਹਨ
-0-
ਅੰਗਹੀਣ ਇਹ ਦੁਨੀਆ
ਜੋ ਉੱਚੇ ਰੁੱਖ ਦਾ ਸਾਇਆ ਹੈ
ਉੱਚੇ ਰੁੱਖ ਲਈ ਲਾਭਦਾਇਕ ਹੈ
ਲੋਕਾਂ ਲਈ
ਸਾਗਰ ਵਿੱਚ ਥਲ ਉੱਗਾਇਆ ਹੈ
ਇਸ ਦੇ ਪੈਦਾਵਾਰੀ ਦਾ ਮੁੱਢਲਾ ਨਿਯਮ
ਨਵ ਯੁਗ ਦੀ ਉਨਤੀ ਤੇ ਖ਼ਪਤ 'ਤੇ ਅਧਾਰਤ ਹੈ
ਇਹ ਉਨ੍ਹਾਂ ਸ਼ਬਦ ਦੀ ਉਨਤੀ ਦਾ ਦੁਸ਼ਮਣ ਹੈ
ਇਹ ਜਿਨ੍ਹਾਂ ਸ਼ਬਦਾਂ ਦੀ ਇਬਾਰਤ ਹੈ
ਪਦਾਰਥ
ਇੱਕ ਪੱਲੜੇ ਵਿੱਚ ਆਪ ਬਹਿੰਦਾ ਹੈ
ਦੂਜੇ 'ਚ ਅਪੂਰਨ ਦੁਨੀਆ
'ਤੇ ਅਪਾਹਜ ਅੰਬਰ ਧਰਦਾ ਹੈ
ਆਪਣੇ ਆਪ ਨੂੰ ਜਿਉਂਦਾ
ਲੋਕਾਂ ਨੂੰ ਮੁਰਦਾ ਦੱਸਦਾ ਹੈ
-0-
ਅਯੋਗ ਅੰਬਰ

ਤੇ ਅੰਗਹੀਣ ਧਰਤ ਦਾ ਪ੍ਰਤੀਕਰਮ
ਜਦ ਨਕਾਰੀ ਦੁਨੀਆ 'ਚ ਪ੍ਰਗਟਦਾ ਹੈ
ਝੂਠ ਦਾ ਸੁਰਮਾ ਮਟਕਦਾ ਹੈ
ਤਖ਼ਤ ਹੱਸਦਾ ਹੈ
ਸੱਚ ਸੂਲ਼ੀ 'ਤੇ ਲਟਕਦਾ ਹੈ
ਲੋਕ ਠਰਦੇ ਹਨ
ਜਲ ਵਿਚ ਪੱਥਰ ਤਰਦੇ ਹਨ
ਕਤਲ ਲੋਕਾਂ ਦਾ ਕਰਦੇ ਹਨ
ਪੂੰਜੀਵਾਦ ਦੀ ਝੋਲੀ ਭਰਦੇ ਹਨ
ਇਹ ਗੱਲ
ਅਜੋਕੀ ਵਿਸ਼ਵ ਚੇਤਨਾ ਨੂੰ
ਸਮਝੀ ਆਈ ਹੈ
ਇਹ ਸਿਰਜੀ ਪਦਾਰਥ ਦੀ ਦੁਨੀਆ
ਲੋਕਾਂ ਲਈ ਪਰਾਈ ਹੈ
ਅਜੋਕੀ ਵਿਸ਼ਵ ਚੇਤਨਾ ਲਈ
ਇਹ ਵਿਸ਼ਵ
ਮਨੁੱਖਤਾ ਅਨੁਕੂਲ ਨਹੀਂ
ਮਨੁੱਖਤਾ ਲਈ
ਇਸਦਾ ਕੋਈ ਨੈਤਿਕ
ਕਿਰਦਾਰ ਅਸੂਲ ਨਹੀਂ
-0-
ਅਜੋਕੀ ਵਿਸ਼ਵ ਚੇਤਨਾ
ਆਪਣੀ ਪ੍ਰਯੋਗਸ਼ਾਲਾ ਵਿਚ
ਅਜੋਕੇ ਵਿਸ਼ਵ ਨੂੰ ਪ੍ਰਯੋਗ ਰਹੀ ਹੈ
ਇਸ ਦਾ ਬਦਲ ਟੋਲ਼ ਰਹੀ ਹੈ
ਅਜੋਕੀ ਚੇਤਨਾ
ਮਨੁੱਖੀ ਹੋਂਦ ਨੂੰ ਪਦਾਰਥਕ ਸੰਦਰਭ 'ਚ
ਰੱਖ ਕੇ ਨਹੀਂ ਵਿਚਾਰਦੀ
ਮਾਨਵ ਨੂੰ
ਮਾਨਵ ਸਮਝ ਵਿਚਾਰਦੀ ਹੈ
ਮਨੁੱਖਤਾ ਅਨੁਕੂਲ ਵਿਸ਼ਵ ਭਾਲ਼ਦੀ ਹੈ
ਪਦਾਰਥ ਸੋਚ ਦੀ ਸਿਰਜੀ ਅਧੂਰੀ ਦੁਨੀਆ

ਧਰਤੀ ਸੀਨੇ
ਮੁਰਦਾ ਜੀਵਨ ਧਰ ਰਹੀ ਹੈ
ਇਸ ਦੀ ਛਤਰ ਛਾਇਆ ਹੇਠਾਂ
ਧਰਤੀ ਤਿਲ-ਤਿਲ ਹੋਈ ਮਰ ਰਹੀ ਹੈ
ਜਲ ਵਹਿਣ ਲਈ
-0-
ਅੱਗਣ ਤੇਜ਼ ਲਈ
ਹਵਾ ਵੇਗ ਲਈ
ਧਰਤ ਚਾਹੁੰਦੇ ਹਨ
ਇਹ ਜੀਵਨ ਦੇ ਮੂਲ ਤੱਤ ਹਨ
ਜੀਵਨ ਸੱਚ ਦੀ ਬਸਰ ਚਾਹੁੰਦੇ ਹਨ
ਪਰ ਇਹ ਉਦਾਸ ਬੜੇ ਹਨ
ਕਿਉਂਕਿ ਧਰਤੀ ਪੈਰ-ਪੈਰ 'ਤੇ
ਆਪਣਾ ਆਪ ਤਿਆਗ ਰਹੀ ਹੈ
ਦਿਸਹੱਦਿਆਂ ਤੋਂ ਟੁਰ ਪਾਰ ਗਈ ਹੈ
-0-
ਮੌਸਮ ਰੁੱਤ ਬਹਾਰਾਂ
ਆਪਣੇ ਲਈ ਨਿੱਘ ਚਾਹੁੰਦੇ ਹਨ
ਪੱਤੇ ਫੁੱਲ ਕਲੀਆਂ ਰੁੱਖ ਜੰਗਲ
ਉੱਗਣ ਲਈ
ਧਰਤੀ ਦੀ ਕੁੱਖ ਚਾਹੁੰਦੇ ਹਨ
ਰਾਤ ਦਿਨ ਡੁੱਬਣ ਚੜ੍ਹਣ ਲਈ
ਵਿਹੜਾ ਚਾਹੁੰਦੇ ਹਨ
ਤੇਰਾ ਚਾਹੁੰਦੇ ਹਨ ਮੇਰਾ ਚਾਹੁੰਦੇ ਹਨ
ਨਿੱਘ ਕਿੱਥੇ ਹੈ? ਕੁੱਖ ਕਿੱਥੇ ਹੈ?
ਤੇਰਾ ਕਿੱਥੇ ਹੈ? ਮੇਰਾ ਕਿੱਥੇ ਹੈ?
ਘਰ ਕਿੱਥੇ ਹੈ? ਵਿਹੜਾ ਕਿੱਥੇ ਹੈ?
ਪੂੰਜੀਵਾਦ ਸਭ ਨਿਗਲ ਗਿਆ ਹੈ
ਪਿੰਜਰ ਹੈ ਜੋ ਦਿਸ ਰਿਹਾ ਹੈ।
-0-
ਇਹ ਜੋ ਦੁਨੀਆ ਦੇ ਤਖ਼ਤ 'ਤੇ
ਬੈਠਾ ਹੈ

ਇਸ ਨੇ ਦੁਨੀਆ ਨੂੰ
ਬੋਦੀ ਕੀਤਾ ਹੈ
ਦੁਨੀਆ ਚੋਂ ਜੀਵਨ ਚੂਸ ਲਿਆ ਹੈ
ਜੀਂਦੀ ਨੂੰ ਮੁਰਦਾ ਕੀਤਾ ਹੈ
-0-
ਤਖ਼ਤ ਵੱਲੋਂ ਦਿੱਤੀਆਂ
ਸਹੂਲਤਾਂ ਦੇ ਇਵਜ਼ 'ਚ
ਵਸੂਲਿਆਂ ਜਾਂਦਾ ਕਰ
ਲੋਕਾਂ ਦੀ ਹੈਸੀਅਤ ਤੋਂ ਬਾਹਰ ਹੈ
ਲੋਕਾਂ ਦੀ ਮਰਜ਼ੀ ਬਿਨ
ਲੋਕਾਂ 'ਤੇ ਪਾਇਆ ਭਾਰ ਹੈ
ਤਖ਼ਤ ਨੂੰ ਲੋਕਾਂ ਦੀ
ਲੋੜ ਮੁਤਾਬਿਕ ਦੇਣਾ ਚਾਹੀਦੈ
ਹੈਸੀਅਤ ਮੁਤਾਬਕ ਲੈਣਾ ਚਾਹੀਦੈ
ਜੋ ਲੋਕਾਂ ਨੂੰ ਦਿੱਤਾ ਜਾਂਦਾ
ਉਹ ਲੋਕਾਂ ਦੀ ਲੋੜ ਅਨੁਸਾਰ ਨਹੀਂ
ਜੋ ਲੋਕਾਂ ਤੋਂ ਵਸੂਲਿਆਂ ਜਾਂਦਾ
ਉਹ ਲੋਕਾਂ ਨੂੰ ਸਵੀਕਾਰ ਨਹੀਂ
ਪਦਾਰਥਕ ਕਾਰਜ ਪ੍ਰਣਾਲੀ ਵਿੱਚ
ਅੰਤਾਂ ਦਾ ਅਸੰਤੁਲਨ ਹੈ
ਲੋਕਾਂ ਲਈ ਅੰਤਾਂ ਦੀ ਘੁੱਟਣ ਹੈ
ਸਾਹ ਲੈਣਾ ਵੀ ਔਖਾ ਹੈ ਜਿੱਥੇ
ਮਰਨਾ ਵੀ ਸੌਖਾ ਨਹੀਂ ਜਿੱਥੇ
ਇਹ ਪੂੰਜੀਵਾਦੀ ਸੋਚ ਦੀ
ਕਾਰਜ ਪ੍ਰਣਾਲੀ ਹੈ
ਪੂੰਜੀਵਾਦੀ ਵਰਗ ਦੀ ਹੀ
ਪਾਲਣਹਾਰੀ ਹੈ
ਇਸ ਪਦਾਰਥਕ ਸੋਚ ਦਾ
ਨਾ ਕਿਰਦਾਰ ਜ਼ਮੀਰ ਹੈ ਕੋਈ
ਨਾ ਰੂਹ ਸੱਚ ਸਰੀਰ ਹੈ ਕੋਈ
-0-
ਸਿਰਫ਼ ਮੰਡੀ ਹੈ

ਜਿਸ ਵਿੱਚ ਜਿਸਮਾਂ ਦਾ
ਵਿਉਪਾਰ ਹੈ
ਵੇਚਣ ਤੇ ਖਰੀਦਣ ਵਾਲਾ
ਤਜ਼ਰਬੇਕਾਰ ਹੈ
ਹਰ ਚੀਜ਼ ਹੀ ਵਸਤੂ ਹੈ
ਪੱਥਰ ਹੈ ਚਾਹੇ ਜਾਨਦਾਰ ਹੈ
-0-
ਗ਼ੈਰਾਂ ਦੀ ਇਹ ਬਸਤੀ ਹੈ
ਨਾ ਕੋਈ ਮਾਂ-ਬਾਪ ਹੈ ਇੱਥੇ
ਨਾ ਹੀ ਆਪਣਾ ਆਪ ਹੈ ਇੱਥੇ
ਨਾ ਹੀ ਸਾਏ ਦੀ ਦੇਹ ਹੈ
ਨਾ ਹੀ ਦੇਹ ਦਾ ਸਾਇਆ ਹੈ
ਭੀੜ ਹੈ ਲੋਕਾਂ ਦੀ ਵੇਖਣ ਨੂੰ
ਬੰਦਾ
ਬੰਦੇ ਨੂੰ ਨਜ਼ਰ ਨਾ ਆਇਆ ਹੈ
ਝੂਠ ਤੋਂ ਝੂਠ ਤਕ ਦਾ ਸਫ਼ਰ ਹੈ
ਇਸ ਵਿਸ਼ਵ ਦੀ ਪੈਂਤੀ ਅੱਖਰੀ ਦਾ
ਹਰ ਅੱਖਰ ਹੀ ਕੂੜਾ ਹਰਫ਼ ਹੈ
ਬਿੰਦੂ ਤੋਂ ਬਿੰਦੂ ਤਕ ਦਾ ਵਿਸਥਾਰ ਹੈ
ਬਿੰਦੂ ਦਾ ਬਿੰਦੂ ਅਕਾਰ ਹੈ
ਕੂੜ ਕਾਨੂੰਨ ਕੂੜ ਇਨਸਾਫ਼ ਹੈ
ਜ਼ਰੇ ਤੋਂ ਤਾਰੇ ਤੀਕਣ
ਇਸ ਵਿਸ਼ਵ ਦਾ
ਹਰ ਸ਼ਖ਼ਸ ਹੀ ਬੀਮਾਰ ਹੈ
-0-
ਪਦਾਰਥ ਪੁੜਾਂ ਵਿਚਾਲੇ
ਪਿਸ ਰਹੀ ਹੈ ਮਾਨਵਤਾ
ਸੂਲ਼ੀ 'ਤੇ ਹੈ ਦਿਆਨਤਾ
ਇਨਸਾਨੀਅਤ ਦੀ ਚੀਕ
ਪਰਬਤ ਚੀਰ ਜਾਂਦੀ ਹੈ
ਅੰਨ੍ਹਦਾਤਾ ਨੂੰ ਮੋਇਆ ਤੱਕ ਕੇ
ਖੇੜਿਆ ਦੇ ਤੁਰ

ਜ਼ਿੰਦਗੀ ਹੀਰ ਜਾਂਦੀ ਹੈ
-0-
ਨਦੀਆਂ ਦੇ ਚਿਹਰੇ
ਤਿੜਕ ਗਏ ਹਨ
ਸਾਗਰ ਦਾ ਪਿੰਡਾ ਰਿੜਕ ਗਏ ਹਨ
ਜਦ ਕੁੱਖ 'ਚ ਪ੍ਰਵੇਸ਼ੇ ਜਲਦੀ
ਸ਼ਨਾਖਤ ਨਹੀਂ ਹੁੰਦੀ
ਫਿਰ ਨਦੀਆਂ ਦਾ ਡੁੱਬ ਮਰਨਾ ਹੀ
ਸੱਚ ਹੁੰਦਾ ਹੈ
ਹਿਮਾਕਤ ਨਹੀਂ ਹੁੰਦੀ
ਨਾ ਲੋਕ ਦੁਨੀਆ ਅੰਦਰ
ਨਾ ਹੀ ਦੁਨੀਆ ਲੋਕਾਂ ਅੰਦਰ
ਇਹ ਵਿਸ਼ਵ ਸੀਮਿੰਟ ਸਰੀਏ ਦਾ
ਮਾਨਵ ਮੂਰਤੀ ਬਿਨ ਮੰਦਿਰ
ਪਦਾਰਥਕ ਦੁਨੀਆ
ਜੀਵਨ ਰਹਿਤ ਕਬਰਾਂ ਦਾ ਖੋਲ ਹੈ
ਕਬਰ ਦਾ ਸੱਚ
ਕਬਰਾਂ ਕੋਲ ਨਹੀਂ ਜ਼ਿੰਦਗੀ ਕੋਲ ਹੈ
-0-
ਵਿਸ਼ ਤੇ ਅਮ੍ਰਿਤ ਸਦਕਾ
ਸਮੁੰਦਰੀ ਜੀਵਨ ਸਹਿਜ ਸੰਤੁਲਤ ਹੈ
ਜੇ ਵਿਸ਼ ਅੰਮ੍ਰਿਤ ਚੋਂ
ਇੱਕ ਵੀ ਵਸਤੂ
ਸਾਗਰ ਖੋਹ ਦਿੰਦਾ ਹੈ
ਤਾਂ ਆਪਣੀ ਹੋਂਦ ਤੋਂ
ਸੱਖਣਾ ਹੋ ਬਹਿੰਦਾ ਹੈ
ਪਦਾਰਥਕ ਵਿਸ਼ਵ 'ਚ
ਵਿਸ਼ ਹੀ ਵਿਸ਼ ਹੈ
ਅੰਮ੍ਰਿਤ ਦਾ ਨਾਮ
ਨਿਸ਼ਾਨ ਨਹੀਂ ਹੈ
ਪਦਾਰਥ ਦੀ ਤਿਜਾਰਤਗਾਹ ਹੈ
ਲੋਕਾਂ ਵਾਸਤੇ

ਲੋਕਾਂ ਲਈ ਲੋਕਾਂ ਦਾ ਜਹਾਨ ਨਹੀਂ ਹੈ
-0-
ਨਾ ਕੁਦਰਤ ਨਾ ਕਾਦਰ ਹੈ
ਨਾ ਅਦਬ ਨਾ ਇਬਾਦਤ ਹੈ
ਆਪਣਾ ਹੀ ਲਾਭ
ਲੋਕ ਸ਼ਨਾਖਤ ਹੈ
ਕੋਈ ਅਨੁਸ਼ਾਸਨ
ਕਾਇਦਾ ਸਿਧਾਂਤ ਨਹੀਂ ਹੈ
ਸੱਚ ਸੁੰਦਰਤਾ ਕਲਿਆਣ
ਕੋਈ ਦੀਨ ਈਮਾਨ ਨਹੀਂ ਹੈ
ਵਹਿਸ਼ਤ ਦਰਿੰਦਗੀ
ਵਿਸ਼ਵ ਸਰਮਾਇਆ ਹੈ
ਦੇਹ ਦਾ ਦੁਸ਼ਮਨ ਸਾਇਆ ਹੈ
ਸਭਿਅਕ ਮਖੌਟਾ
ਵਿਸ਼ਵਾਸ ਹੈ ਇਸਦਾ
ਨਫ਼ਰਤ ਈਰਖਾ ਕਿਰਦਾਰ ਹੈ ਇਸਦਾ
ਕੋਈ ਖਸਲਤ ਆਚਾਰ ਨਹੀਂ ਹੈ
ਚੋਰ ਨੇ ਸਭ ਕੋਈ ਵੀ ਪਹਿਰੇਦਾਰ ਨਹੀਂ ਹੈ
-0-
ਝੂਠ ਦੇ ਵਿਉਪਾਰ ਦਾ ਜੰਗਲ
ਵਿਸ਼ਵ ਦੇ ਚਿਹਰੇ 'ਤੇ
ਉੱਗ ਆਇਆ ਹੈ
ਮੰਦਿਰ ਤੋਂ ਇਸ ਨੂੰ
ਜਿਸ ਵੈਸ਼ੀਆਂ ਦਾ ਕੋਠਾ ਬਣਾਇਆ ਹੈ
ਵਿਸ਼ਵ ਦੀ ਅੱਖ 'ਚ
ਜੀਵਨ ਦੀ ਕੋਈ ਕਦਰ ਨਾ ਮੁੱਲ ਹੈ
ਮਾਨਵਤਾ ਦਾ ਦੀਵਾ
ਵਿਸ਼ਵ ਮੰਡੀ ਵਿੱਚ ਗੁਲ ਹੈ
ਇਸ ਨੂੰ ਵੇਖ ਕੇ ਦੱਸ ਨਹੀਂ ਸਕਦਾ
ਇਸ ਦੀ ਕੋਈ ਜ਼ਮੀਰ
ਅੰਦਰੋਂ ਇਹ ਖੰਡਰ ਵੀਰਾਨ ਹੈ
ਬਾਹਰੋਂ ਹੈ ਰੰਗਲੀ ਤਸਵੀਰ

ਇਸ ਨੇ ਐਸਾ ਬੁਰਕਾ ਪਾਇਆ ਹੈ
ਇਸ ਤੋਂ ਬਿਨਾਂ ਨਾ
ਇਸ ਦਾ ਚਿਹਰਾ
ਕਿਸੇ ਨੂੰ ਵੀ ਨਜ਼ਰੀ ਆਇਆ ਹੈ
ਬਾਹਰੋਂ ਹੈ ਇਹ ਐਸਾ ਰੂਪ
ਜਿਉਂ ਲੋਕਾਂ ਦਾ ਹੋਏ ਸਰੂਪ
ਇਸ ਵਿਸ਼ਵ ਦਾ
ਨਾ ਜਲ ਨਿਰਮਲ
ਨਾ ਹਵਾ ਸਾਫ਼ ਹੈ
ਇਸ ਦੀ ਦੇਹ ਦਾ ਮੈਲ਼ਾ
ਇਸ ਦਾ ਆਪਣਾ ਸੋਚ ਵਿਚਾਰ ਹੈ
ਅੱਗਣ ਪਵਿੱਤਰ
ਅਕਾਸ਼ ਨਹੀਂ ਉਜਲਾ
ਅੰਤਾਕਰਨ ਨਾ ਜਿਸਮ ਹੈ ਸੁਥਰਾ
ਨਾ ਮਹਿਕ ਹੈ ਇਸ ਦੀ ਮਿੱਟੀ ਵਿੱਚ
ਨਾ ਚਾਨਣ ਹੈ
ਇਸਦੇ ਵਿਚਰਨ ਵਿੱਚ
ਨਾ ਇਸ ਦਾ ਜੀਵਨ ਸੁਰ ਸਾਜ ਹੈ
ਨਾ ਇਸ ਦਾ ਸ਼ੋਰ ਹੈ ਆਪਣਾ
ਨਾ ਚੁੱਪ ਨਾ ਆਪਣੀ ਅਵਾਜ਼ ਹੈ
-0-
ਇਹ ਵਿਸ਼ਵ ਹੈ ਕੰਜਰ ਖਾਨਾ
ਸਿੱਕਿਆ ਦੇ ਢੇਰ ਦਾ ਹੈ ਖਜ਼ਾਨਾ
ਕਾਮ ਦੀ ਹਵਸ 'ਚ ਸੜ ਰਿਹਾ ਹੈ
ਇਸ ਸ਼ਹਿਰ ਦਾ ਹਰ ਪ੍ਰਵਾਨਾ
ਜ਼ਿੰਦਗੀ ਦੀ ਕੋਈ ਕੀਮਤ ਨਹੀਂ
ਇਸ ਮੰਡੀ ਦੀ ਤਿਜਾਰਤ
ਬੁੱਢਿਆਂ ਬੱਚਿਆਂ
ਔਰਤਾਂ ਮਰਦਾਂ ਤਕ ਹੀ ਸੀਮਤ ਨਹੀਂ
ਇੱਕ ਖਰੀਦੋ ਦੂਜਾ ਮੁਖ਼ਤ ਹੈ
ਵਿਸ਼ਵ ਮੰਡੀ ਦਾ ਵਿਉਪਾਰੀ ਬੜਾ ਚੁਸਤ ਹੈ
ਕੋਹਜ ਹੈ ਵਿਸ਼ਵ ਨਾ ਇਹ ਜ਼ੀਨਤ ਹੈ

ਮੂਲੀ ਗਾਜਰ ਤੋਂ ਵੱਧ ਨਾ
ਬੰਦੇ ਦੀ ਕੀਮਤ ਹੈ
-0-
ਵਿਸ਼ਵ ਦੀ ਨਜ਼ਰ 'ਚ
ਜੀਵ-ਜੀਵ ਨਹੀਂ ਸਭ ਵਸਤੂ ਹਨ
ਸਭ ਦੇ ਭਾਅ ਹਨ
ਕੋਈ ਬੰਦਾ ਨਹੀਂ ਸਭ ਜ਼ਰ੍ਹਾ ਹਨ
ਹਰ ਸ਼ਖ਼ਸ ਹੀ ਦੱਲੇਪਣ ਦਾ ਧੰਦਾ ਕਰਦਾ ਹੈ
ਆਪਣੇ ਘਰ ਦੀ ਇੱਜ਼ਤ ਮਰਿਆਦਾ
ਆਪਣੇ ਲਾਭ ਲਈ ਦਾਅ 'ਤੇ ਧਰਦਾ ਹੈ
ਜ਼ਿੰਦਗੀ ਪੈਰੀਂ ਘੂੰਗਰੂ ਬੰਨ ਕੇ
ਚੱਕਲੇ 'ਤੇ ਬਿਠਾਉਂਦਾ ਹੈ
ਕਾਮੀ ਕੀੜਾ ਬਣ ਕੇ
ਉਸ ਦੇ ਜਿਸਮ 'ਚ ਤਾਰੀਆਂ ਲਾਉਂਦਾ ਹੈ
ਗੋਸ਼ ਦੇ ਭਾਅ ਵਿਕ ਰਿਹਾ ਹੈ
ਮਾਸ ਔਰਤ ਦਾ
ਹੁਕਰ ਬਣ ਕੇ ਰਹਿ ਗਿਆ ਹੈ
ਅਹਿਸਾਸ ਔਰਤ ਦਾ
ਨੰਗਿਆਂ ਜਿਸਮਾਂ ਦੀ ਪ੍ਰਦਰਸ਼ਨੀ
ਲੱਗੀ ਹੈ ਬਜ਼ਾਰੀਂ
ਇਸ ਵਿਸ਼ਵ ਨੇ ਨੈਤਿਕਤਾ ਦੀ
ਖਿੱਚ ਹੈ ਖਲ ਉਤਾਰੀ
ਜ਼ਿੰਦਗੀ ਆਪਣਾ ਆਪਾ
ਪੇਟ ਦੀ ਖ਼ਾਤਿਰ ਵੇਚ ਰਹੀ ਹੈ
ਕਾਮੀ ਕੀੜਿਆਂ ਵਿਚ ਵੰਡੀ ਗਈ ਹੈ
ਮਿਸ਼ਰੀ ਤੋਂ ਹੋ ਰੇਤ ਗਈ ਹੈ
ਪੂੰਜੀਵਾਦੀ ਸੋਚ ਨੇ
ਮਨੁੱਖੀ ਰਿਸ਼ਤੇ ਛਿੱਕੂ ਟੰਗ ਕੇ
ਮਾਂ ਭੈਣ ਔਰਤ ਆਪਣੀ ਹਵਸ 'ਚ ਰੰਗ ਕੇ
ਪੇਟ ਦੇ ਵਿਚ ਉਤਾਰ ਲਏ ਹਨ
ਯੋਨੀ ਲਿੰਗ ਤੇ ਵਾਸਨਾ ਦੇ
ਮੰਦਿਰ ਮਸਜਿਦ ਤੀਰਥ ਉਸਾਰ ਲਏ ਹਨ

-0-
ਨਗਰੀ ਦੇ ਹਰ ਅੰਗ ਵਿੱਚ
ਕਾਮ ਮਨੋਰੰਜਨ ਦੀ ਇੱਕ ਥਾਂ ਹੈ
ਜਿਸ ਦੇ ਮੰਚ 'ਤੇ ਮਰਦ-ਮਰਦ ਹੈ
ਔਰਤ
ਔਰਤ ਧੀ ਨਾ ਮਾਂ ਹੈ
ਮਰਦ ਇਸਤਰੀ ਕਾਮ ਪ੍ਰਦਰਸ਼ਨੀ
ਕਰ ਰਹੇ ਹਨ
ਹਰ ਹਰਕਤ ਕਾਮੀ ਕ੍ਰਿਆ ਦੀ
ਲੋਕੀਂ ਤੱਕ ਰਹੇ ਹਨ
ਕਾਮ ਦੀ ਵਿਦਿਅਕ ਸਿੱਖਿਆ
ਪਸਾਰੀ ਜਾਅ ਰਹੀ ਹੈ
ਮਾਨਵੀ ਨੈਤਿਕਤਾ ਵਿਸਥਾਰੀ ਜਾ ਰਹੀ ਹੈ
-0-
ਜਾਨਵਰਾਂ ਸੰਗ
ਇਸਤਰੀਆਂ ਦੇ ਭੋਗ ਕਰਾਏ ਜਾਂਦੇ ਹਨ
ਇਸ ਮਾਇਆ ਦੀ ਭੁੱਖ ਦੀ ਖ਼ਾਤਿਰ
ਜਾਨਵਰਾਂ ਅੱਗੇ
ਕੰਜਕਾਂ ਦੇ ਅਰਘ ਚੜ੍ਹਾਏ ਜਾਂਦੇ ਹਨ
ਕੁੱਤਾ ਬਿੱਲਾ ਗਧਾ ਤੇ ਘੋੜਾ
ਇਸ ਨਾਟਕ ਦੇ ਪਾਤਰ ਹਨ
ਔਰਤ ਦੀ ਯੋਨੀ ਪ੍ਰਕਰਮਾ ਖ਼ਾਤਿਰ
ਜਾਨਵਰਾਂ ਦੇ ਲਿੰਗ ਹਾਜ਼ਰ ਹਨ
-0-
ਕਿਸੇ ਤਰ੍ਹਾਂ ਵੀ
ਅਜੋਕੇ ਵਿਸ਼ਵ 'ਚ ਸਾਵਾਪਣ ਨਹੀਂ ਹੈ
ਦੂਲ੍ਹਾ ਦੁਲਹਨ ਔਰਤ ਮਰਦ ਨਹੀਂ ਹਨ
ਰਿਸ਼ਤਿਆਂ ਦੇ ਕੋਈ ਅਰਥ ਨਹੀਂ ਹਨ
ਮਰਦ ਹੀ ਪਤੀ ਮਰਦ ਹੀ ਪਤਨੀ
ਔਰਤ ਔਰਤ ਦੀ ਅੱਧਰੰਗਨੀ
ਵਿਸ਼ੇ ਤੇ ਅੰਮ੍ਰਿਤ
ਇਕੋ ਭਾਅ ਹੀ ਵਿਕ ਰਹੇ ਹਨ

ਆਪਣੀ ਆਪਣੀ ਸੂਰਤ ਤੇ ਸੀਰਤ
ਕੁਦਰਤ ਦੇ ਵਿਚ ਗੁੰਨ ਰਹੇ ਹਨ
ਆਪਣੇ ਸੰਗ ਬ੍ਰਹਿਮੰਡ ਮੈਲ਼ਾ ਕਰ ਰਹੇ ਹਨ
ਆਪਣਾ ਕੋਹਜਾਪਣ
ਕੁਦਰਤ ਦੇ ਵਿਚ ਧਰ ਰਹੇ ਹਨ
ਝਰਨਿਆਂ ਚਸ਼ਮਿਆਂ
ਨਦੀਆਂ ਦਰਿਆਵਾਂ ਵਿਚ
ਜਿਸਮ ਦਾ ਮੈਲ਼ਾ ਉਤਾਰ ਰਹੇ ਹਨ
ਕੁਦਰਤ ਦੇ ਪਾਕ ਦਾਮਨ ਨੂੰ
ਲਹੂ ਦੇ ਛਿੱਟੇ ਮਾਰ ਰਹੇ ਹਨ
-0-
ਪਦਾਰਥਕ ਵਿਕਾਸ ਦੇ
ਅਕਾਸ਼ ਧਰਤੀ ਦੁਨੀਆ ਨਕਲੀ ਹਨ
ਮੰਦਿਰ ਮਸਜ਼ਿਦ ਰੱਬ ਨਕਲੀ ਹਨ
ਪੂਜਾ ਪੁਜਾਰੀ ਸਭ ਨਕਲੀ ਹਨ
ਵੇਦਾਂ ਸ਼ਾਸਤਰਾਂ ਦੇ ਮੰਤਰ
ਚਿਹਰੇ ਦੇਹ ਘਰ ਕੋਠੇ ਭਿੱਤ ਨਕਲੀ ਹਨ
ਮਨੁੱਖ ਦਾ ਅੰਦਰ ਬਾਹਰ ਨਕਲੀ ਹੈ
ਦੇਹ ਨਕਲੀ ਹੈ ਚਿੱਤ ਨਕਲੀ ਹਨ
ਇਸ ਵਿਸ਼ਵ ਦਾ
ਰਾਜਾ ਪਰਜਾ ਦਰਬਾਰ ਨਕਲੀ ਹੈ
ਲੋਕ ਨਕਲੀ ਹਨ
ਰਖਿਅਕ ਪਹਿਰੇਦਾਰ ਨਕਲੀ ਹਨ
ਵਿਸ਼ਵ ਵਿਦਿਆਲਾ ਪਾਠਸ਼ਾਲਾ
ਇਸ ਦੁਨੀਆ ਦੀ ਹਰ ਗਲੀ
ਬਜ਼ਾਰ ਨਕਲੀ ਹਨ
ਬਨਾਵਟ ਤੋਂ ਬਿਨਾਂ ਕੁੱਝ ਨਹੀਂ ਇੱਥੇ
ਬੰਦਾ ਬੰਦਿਆਂ ਦੇ ਆਚਾਰ ਨਕਲੀ ਹਨ
ਸਭ ਆਪਣੇ ਆਪਣੇ ਪੇਟ ਨਾਲ ਬੱਝੇ
ਭੁੱਖੇ ਵੀ ਭੁੱਖੇ ਰੱਜੇ ਵੀ ਭੁੱਖੇ
ਪਤਝੜ ਸਣੇ ਗੁਲਜ਼ਾਰ ਨਕਲੀ ਹਨ
ਨਕਲੀ ਫੁੱਲ ਤੇ ਨਕਲੀ ਕਲੀਆਂ

ਨਕਲੀ ਧੁੱਪਾਂ ਛਾਵਾਂ
-0-
ਨਕਲੀ ਦਿਨ ਰਾਤ ਨੇ ਇੱਥੇ
ਨਕਲੀ ਪੁੱਤਰ ਮਾਵਾਂ
ਨਕਲੀ ਇਸ ਵਿਸ਼ਵ ਦੀ ਦੇਹੀ
ਤੇ ਨਕਲੀ ਪਰਛਾਵਾਂ
ਆਪਣਾ ਸੱਚ ਕਿੰਜ ਕੋਈ
ਇਸ ਵਿਸ਼ਵ ਦੀ ਤਲ਼ੀਏ ਰੱਖੇ
ਝੂਠਾ ਚਿਹਰਾ ਝੂਠੀ ਦੇਹ ਦਾ
ਝੂਠਾ ਹੈ ਸਿਰਨਾਵਾਂ
ਝੂਠੇ ਘਰ ਗਲੀਆਂ ਤੇ ਕੂਚੇ
ਝੂਠੇ ਲੋਕ ਝੂਠੇ ਰੁੱਖ ਤੇ ਛਾਵਾਂ
ਇਸ ਵਿਸ਼ਵ ਨਗਰੀ ਵਿਚ
ਧਰਮ ਕਲਾ ਦਰਸ਼ਨ ਵਿਗਿਆਨ
ਹੈ ਝੂਠਾ
ਝੂਠਾ ਜੀਵਨ ਦਾ ਕਾਰੋਬਾਰ
ਬੰਦੇ ਤੇ ਬੰਦਿਆਂ ਦੀ ਝੂਠੀ ਨੈਤਿਕਤਾ
ਝੂਠਾ ਕਾਰ ਵਿਹਾਰ
-0-
ਕੁੱਝ ਵੀ ਵਿਕਸਤ
ਉਹ ਨਹੀਂ ਹੋਇਆ
ਜੋ ਹੋਣਾ ਸੀ ਚਾਹੀਦਾ
ਉਹ ਮੈਲ਼ੇ ਦਾ ਮੈਲ਼ਾ ਹੈ
ਜਿਸ ਨੂੰ ਆਪਾ ਧੋਣਾ ਸੀ ਚਾਹੀਦਾ
ਹਰ ਇਕ ਵਿਗਿਆਨਕ ਪ੍ਰਾਪਤੀ ਦਾ
ਪ੍ਰਯੋਜਨ ਤੇ ਮਿਆਰ ਝੂਠਾ ਹੈ
ਜਿਸ ਜ਼ਿੰਦਗੀ ਚੋਂ ਮਨੁੱਖ ਅਲੋਪ ਹੈ
ਉਸ ਦਾ ਵਿਕਸਤ ਆਧਾਰ ਝੂਠਾ ਹੈ
ਇਸ ਦੁਨੀਆ ਵਿਚ
ਜੋ ਵੀ ਨਜ਼ਰ ਹੈ ਆਉਂਦਾ
ਉਸਦਾ ਹਸ਼ਰ ਅਗਾਜ਼ ਝੂਠਾ ਹੈ
-0-

ਹਰ ਇਕ ਘਰ
ਕੰਧਾਂ ਵਿਚ ਵੰਡਿਆ
ਘਰ ਵਸਣ ਦਾ ਪਿਆਰ ਝੂਠਾ ਹੈ
ਕੀ ਕੋਈ ਕਰੇ ਇਤਬਾਰ ਕਿਸੇ ਦਾ
ਮਾਇਆ ਦੀ ਇਸ ਨਗਰੀ ਦਾ
ਇਕਰਾਰ ਝੂਠਾ
ਇਨਕਾਰ ਝੂਠਾ ਹੈ
ਇਸ ਦੁਨੀਆ ਦਾ ਅੰਬਰ ਝੂਠਾ
ਧਰਤੀ ਝੂਠੀ
ਗੁਲਸ਼ਨ ਦਾ ਇਜ਼ਹਾਰ ਝੂਠਾ ਹੈ
ਇਸ ਵਿਸ਼ਵ ਦਾ
ਮਨੁੱਖ ਝੂਠਾ ਮਾਨਵਤਾ ਝੂਠੀ
ਵਿਸ਼ਵ ਦੀ ਜੀਭਾ ਆਚਾਰ ਝੂਠਾ ਹੈ
ਇਸ ਝੂਠੇ ਜਗਤ 'ਚ
ਕੋਈ ਕਿੰਜ ਰਹੇਗਾ
ਮਰਨ ਬਿਨਾਂ ਕੋਈ ਕੀ ਕਰੇਗਾ
-0-
ਕਿਉਂਕਿ
ਸੱਚ ਨਜ਼ਰ ਨਹੀਂ ਆਉਂਦਾ
ਪਾਗਲ ਹੋਇਆ ਸੱਚ ਭਾਲ਼ਦਾ
ਇਸ ਨਗਰੀ ਵਿਚ
ਬੰਦਾ ਭੌਂਦਾ ਭੌਂਦਾ
ਸਜੀ-ਧਜੀ ਦੁਲਹਨ ਲਗਦੀ ਹੈ ਇਹ ਨਗਰੀ
ਪਤਝੜ ਵਿਚ ਵੀ
ਗੁਲਸ਼ਨ ਲਗਦੀ ਹੈ ਇਹ ਨਗਰੀ
ਹਰ ਕੋਈ
ਇਸ ਸ਼ਮ੍ਹਾ 'ਤੇ ਸੜਦੈ
ਸਾਗਰ ਹੋ ਕੇ ਸਹਿਰਾ ਤਰਦੈ
ਇਸ ਦੀ ਚਮਕ ਦਮਕ ਨੇ
ਪਾਗਲ ਕੀਤਾ ਹੈ ਹਰ ਕੋਈ
ਇਹ ਨਗਰੀ ਹੈ
ਆਪ ਜਿਉਂਦੀ ਮੋਈ

-0-
ਪਦਾਰਥਕ ਦੁਨੀਆ 'ਚ
ਹਰ ਸ਼ਖ਼ਸ ਨੇ
ਚਿਹਰੇ 'ਤੇ ਚਿਹਰਾ ਲਾਇਆ ਹੈ
ਆਪਣੀ ਦੇਹ ਤੋਂ
ਆਪਣਾ ਸੱਚ ਛੁਪਾਇਆ ਹੈ
-0-
ਇਸ ਦੁਨੀਆ ਨੇ ਧਾਰਿਆ ਹੈ
ਜਿਨਸ ਦਾ ਰੂਪ
ਢਿੱਡ ਹੀ
ਇਸ ਦੀ ਸ਼ਕਲੋਂ ਸੂਰਤ
ਨਾਮ ਸਰੂਪ
ਇਸ ਦੁਨੀਆ ਵਿਚ ਦਿਸਦੀ ਹੈ
ਢਿੱਡਾਂ ਦੀ ਭੀੜ
ਵਿਸ਼ਵ ਦੀ ਮਾਨਸਿਕਤਾ ਦਾ ਹੈ
ਢਿੱਡ ਜਿਹਾ ਹੀ ਰੰਗ ਰੂਪ
ਸੋਚ ਸਰੀਰ
ਉਦਰ ਹੀ ਹੈ
ਵਿਸ਼ਵ ਦੇ ਲਾਲਚ ਦਾ ਆਰੰਭ ਅਖੀਰ
ਪੇਟ ਹੀ ਹੈ ਵਿਸ਼ਵ ਦਾ ਨਕਸ਼ਾ
ਅੰਗ ਨਖਸ਼ ਤਸਵੀਰ
-0-
ਧਰਤ ਅਕਾਸ਼
ਕੁਦਰਤ ਮਾਨਵਤਾ ਵਿਸ਼ਵ ਸਮੱਗਰੀ
ਮਹਾਂ ਨਗਰ ਪਿੰਡ ਸ਼ਹਿਰ ਹਰ ਬਸਤੀ
ਪਦਾਰਥ
ਆਪਣੇ ਪੇਟ ਉਤਾਰੀ ਬੈਠਾ
ਦੇਹ ਦੇ ਬੂਹੇ ਬਾਰੀਆਂ ਢੋਅ ਕੇ
ਚੁੱਪ ਦੀ ਬੁੱਕਲ ਮਾਰੀ ਬੈਠਾ
ਪੂੰਜੀਵਾਦ ਦੇ ਸੱਚ ਦਾ
ਅੰਬਰੀ ਸਿਖ਼ਰ ਦੁਪਹਿਰਾ
ਧਰਤੀ ਵਿਹੜਾ ਘਰ ਕਬਰਾਂ ਦਾ

-0-
ਸਾਗਰ ਹੋਇਆ ਸਹਿਰਾ
ਕਿੰਜ ਕੋਈ ਪੰਛੀ ਪਦਾਰਥ ਰੁੱਖ 'ਤੇ
ਆਪਣਾ ਆਲ੍ਹਣਾ ਪਾਏ
ਇਸ ਦੀ ਟਹਿਣੀ 'ਤੇ ਬਹਿਣ ਤੋਂ
ਪਹਿਲਾਂ ਹੀ ਮਰ ਜਾਏ
-0-
ਮਨੁੱਖ ਨੇ ਆਪਣੇ
ਸ਼ਬਦਾਂ ਅਰਥਾਂ ਦਾ ਸੰਕਲਪ
ਜੋ ਪਦਾਰਥਕ ਅੰਬਰ 'ਚ ਬੀਜਿਆ
ਧਰਤੀ ਚੋਂ ਉੱਗਾਇਆ
ਉਸ ਸੰਕਲਪ ਨੇ
ਸ਼ੀਸ਼ੇ ਦੇ ਜੰਗਲ ਦਾ ਰੂਪ ਵਟਾਇਆ
-0-
ਜੋ ਬੀਜਿਆ ਸੀ
ਉਹ ਹੋਰ ਸੀ
ਜੋ ਉੱਗਿਆ ਉਹ ਹੋਰ ਹੈ
ਸ਼ਬਦਾਂ ਦੇ ਉਹ ਅਰਥ ਨਹੀਂ ਹਨ
ਅਰਥਾਂ ਦੇ ਉਹ ਸੰਕਲਪ ਨਹੀਂ ਹਨ
ਜਖ਼ਮ ਹਨ ਇਹ ਮਲਮ ਨਹੀਂ ਹਨ
ਬੀਜਣ ਦਾ ਵੀ ਸੀ ਦੌਰ
ਉੱਗਣ ਦਾ ਵੀ ਹੈ ਦੌਰ
ਬੀਜਣ ਵਾਲੇ ਨਹੀਂ ਸੀ ਚਾਹਿਆ
ਜੋ ਉੱਗਾ ਹੈ ਉਸ ਉੱਗਾਇਆ
ਉੱਗ ਪਿਆ ਬੇ-ਮਰਜੀ ਦਾ ਬੀਜ
-0-
ਨਾ ਬੀਜਣ ਵਾਲੇ ਜਿਹਾ ਰੰਗ ਰੂਪ ਹੈ
ਨਾ ਉਸ ਜਿਹੀ ਤਾਮੀਜ਼
ਬੇਸ਼ਕ ਇਹ ਮਾਨਵ ਨੇ ਬੀਜਿਆ
ਪਰ ਜੋ ਉੱਗਿਆ
ਉਹ ਮਾਨਵ ਦੀ ਨਹੀਂ ਤਹਿਜੀਬ
-0-

ਇਹ ਸਭ
ਕੋਹਜੀ ਦੁਨੀਆ ਤੇ ਅੰਗਹੀਣ
ਅੰਬਰ ਦੀ ਸੋਚ ਦਾ ਦਿੱਤਾ ਬੀਜੇ ਬੀਜ ਨੂੰ ਰੂਪ
ਉੱਗਿਆ ਤਾਂ ਉਹ ਪੌਦਾ ਸੀ
ਜੜ੍ਹਾਂ ਦੀ ਮਿੱਟੀ ਬਦਲ ਦਿੱਤਾ
ਉਸ ਦਾ ਰੂਪ ਸਰੂਪ
ਉਸ ਦਾ ਲਹੂ
ਫਿਰ ਪਾਣੀ ਹੋਇਆ
ਆਪਣੀ ਹੋਂਦ ਸ਼ਨਾਖਤ ਖੋਇਆ
ਉੱਗਿਆ ਪਰ ਉਹ ਮੋਇਆ ਹੋਇਆ
-0-
ਇਸ ਜਗਤ ਵਿਚ
ਕੋਈ ਕਿੰਜ ਰਹੇਗਾ
ਮਰਨ ਬਿਨਾਂ ਕੋਈ ਕੀ ਕਰੇਗਾ
ਕਿਉਂਕਿ
ਸੱਚ ਨਜ਼ਰ ਨਹੀਂ ਆਉਂਦਾ
ਸੱਚ ਭਾਲ਼ਦਾ ਕਮਲਾ ਹੋਇਆ
ਇਸ ਧਰਤੀ ਵਿਚ ਬੰਦਾ ਸੱਚ ਦਾ ਬੋਲ ਪੁਗਾਉਂਦਾ
ਇਸ ਵਿਸ਼ਵ ਵਿਚ
ਕੋਈ ਨਹੀਂ ਮਾਨਵ
ਬਸ ਭੀੜ ਹੈ
ਇਸ ਭੀੜ ਦਾ ਸਿਰ ਨਾ ਕੋਈ
ਆਪਣੇ ਬਿਨ ਇਹਦੀ ਧਿਰ ਨਾ ਕੋਈ
ਆਪਣਾ ਮੂੰਹ ਹੀ ਸਿਰ ਸਰੀਰ
ਧੱਬੇ ਹਨ ਜ਼ਿੰਦਗੀ ਦੀ ਕੈਨਵਸ 'ਤੇ
ਰੰਗਾਂ ਦੀ ਨਹੀਂ ਇਹ ਤਸਵੀਰ
-0-
ਲਾਲਸਾ ਹੀ ਪੂਜਾ ਸਿਮਰਨ ਧਿਆਨ
ਸੱਚ ਸੁੰਦਰਤਾ ਕਲਿਆਣ ਲਈ ਨਹੀਂ
ਭੁੱਖ ਲਈ ਇਸ ਦੇ ਪ੍ਰਾਣ
ਫਾਕਾ ਹੀ ਜੀਵਨ ਦਾ ਪ੍ਰਯੋਜਨ
ਹਾਬੜਤਾ ਹੀ ਧਰਮ ਈਮਾਨ

ਢਿੱਡਾਂ ਦੀ ਇਸ ਭੀੜ ਵਿਚ
ਚੇਤਨਤਾ ਜਗਿਆਸਾ ਨਾ ਕੋਈ ਇਨਸਾਨ
-0-
ਇਸ ਭੀੜ ਵਿਚ
ਇਕ ਪੁੰਗਰਦਾ ਸਿਰ ਹੈ
ਭੀੜ ਤੋਂ ਵੱਖਰੀ ਜਿਸਦੀ ਪਹਿਚਾਣ
ਇਸ ਸਿਰ ਕਰਕੇ ਢਿੱਡਾਂ ਤੋਂ ਵੱਖਰਾ
ਲੱਗਦਾ ਹੈ ਇਨਸਾਨ
ਆਪਣੇ ਆਪ 'ਚ ਇਹ ਇਕ ਕਤਰਾ
ਪਰ ਪੂਰਾ ਸਾਗਰ ਸਿਰਜਣਹਾਰ
-0-
ਇਸ ਭੀੜ ਵਿਚ ਰਹਿੰਦਾ ਵੀ
ਉਹ ਇਸ ਭੀੜ ਜਿਹਾ
ਨਹੀਂ ਹੋਇਆ
ਆਪਣਾ ਮੈਲ਼ਾ ਭੀੜ ਕੰਢੇ ਨਹੀਂ
ਬਹਿ ਕੇ ਧੋਇਆ
ਨਾ ਉਹ ਭੀੜ ਚੋਂ ਉੱਗਾ
ਨਾ ਉਸ ਭੀੜ ਨੂੰ
ਆਪਣੇ ਵਿਚ ਬੋਇਆ
ਜਾਣਦਾ ਸੀ
ਭੀੜ 'ਚ ਸਿਆਣੇ ਮਨੁੱਖ ਨਹੀਂ ਹੁੰਦੇ
ਸਿਆਣਿਆਂ ਦੀ ਭੀੜ ਨਹੀਂ ਹੁੰਦੀ
ਭੀੜ ਦਾ ਕੋਈ ਸੱਚ ਨਹੀਂ ਹੁੰਦਾ
ਭੀੜ ਦੀ ਕੋਈ ਜ਼ਮੀਰ ਨਹੀਂ ਹੁੰਦੀ
-0-
ਆਪਣੇ
ਵੱਖਰੇਪਣ ਲਈ ਜੀਵਿਆ
ਆਪਣੇ ਵੱਖਰੇਪਣ ਲਈ ਮੋਇਆ
ਸੱਚ ਦੇ ਨਾਲ ਸਦਾ ਖਲੋਤਾ
ਰੁੱਖ ਰੁੱਖਾਂ ਦਾ ਜੰਗਲ ਨਾ ਹੋਇਆ
ਉਸਦੀ ਹੈ
ਇਹ ਪਹਿਚਾਣ

ਅਜੋਕੀ ਵਿਸ਼ਵ ਚੇਤਨਾ
ਜਿਸਦੀ ਹੈ ਸਿਆਣ
ਮੇਰੇ ਦੁਆਲ਼ੇ ਕੋਈ ਸਾਲਮ ਚਿਹਰਾ ਨਹੀਂ ਹੈ
ਮੈਂ ਕਿਸੇ ਦਾ ਕੋਈ ਮੇਰਾ ਨਹੀਂ ਹੈ
-0-
ਮੇਰਾ ਅੰਤਰੀਵ ਇਹ ਕਹਿ
ਮੇਰੀ ਦੇਹ ਤਿਆਗ ਗਿਆ
ਵੈਰਾਗ ਦਾ ਦੀਵਾ
ਮੇਰੀ ਤਲ਼ੀ 'ਤੇ ਬਾਲ਼ ਗਿਆ
ਮੇਰਾ ਸਾਗਰ ਉਬਾਲ ਗਿਆ
ਮੈਨੂੰ ਮੇਰਾ ਸੱਚ ਵਿਖਾਲ ਗਿਆ
ਮੈਨੂੰ ਸ਼ਮਸ਼ਾਨ ਕਰ ਗਿਆ
ਲਹੂ ਮਾਸ ਦਾ ਪੁਤਲਾ ਮੇਰੇ ਚੋਂ ਮਰ ਗਿਆ
ਮੇਰੀ ਕਬਰ 'ਤੇ ਕਾਲਾ ਸੂਰਜ ਧਰ ਗਿਆ
ਮੇਰੇ ਘਰ ਵਿਚ ਹਨ੍ਹੇਰਾ ਕਰ ਗਿਆ
-0-
ਕਹਿ ਗਿਆ
ਮੇਰੇ ਅੰਦਰ ਲੱਕੜ ਦੇ ਘੋੜਿਆਂ
ਪੱਥਰ ਦੇ ਲੋਕਾਂ ਦਾ ਹਜ਼ੂਮ ਹੈ
ਮੇਰੀ ਜ਼ਿੰਦਗੀ ਯਥਾਰਥ ਨਹੀਂ ਨਜ਼ੂਮ ਹੈ
ਮੈਂ ਗਤੀਹੀਣ ਹਾਂ
ਮਨੁੱਖ ਨਹੀਂ ਮਸ਼ੀਨ ਹਾਂ
ਮੇਰੇ 'ਚ ਜਗਿਆਸਾ ਨਾ ਚੇਤਨਾ
ਨਾ ਬੌਧਿਕਤਾ ਨਾ ਸੰਵੇਦਨਾ
ਬੇ-ਅਰਥ ਸਫ਼ਰ ਗਾਹ ਰਿਹਾ ਹਾਂ
ਸ਼ੀਸ਼ੇ ਦੇ ਜੰਗਲ 'ਚ
ਰੁੱਖਾਂ ਦੀਆਂ ਕਬਰਾਂ ਉੱਗਾ ਰਿਹਾ ਹਾਂ
-0-
ਮੈਂ ਮੰਡੀ ਹਾਂ ਬਜ਼ਾਰ ਹਾਂ
ਬਿਜਲਈ ਖਿਡੌਣਿਆਂ
ਤੇ ਸਿਲੀਕੋਣਾਂ ਦੇ ਬੁੱਤਾਂ ਦਾ ਵਿਉਪਾਰ ਹਾਂ
ਮਲਮ ਨਹੀਂ ਮੈਂ ਉਜਾਰ ਹਾਂ

ਕੁਦਰਤ ਦੀ ਬੁੱਕਲ ਵਿਚ
ਪਲਾਸਟਕ ਦਾ ਮੌਸਮ ਹਾਂ ਮੋਮਜਾਮੇ ਦੀ ਬਹਾਰ ਹਾਂ
ਝਿਲਮਿਲ ਕਰਦੀ ਨਗਰੀ ਦਾ ਹਨ੍ਹੇਰਾ ਹਾਂ
ਕਾਲਿਆਂ ਸੂਰਜਾਂ ਦਾ ਕਾਲਾ ਸਵੇਰਾ ਹਾਂ
-0-
ਮੇਰੀਆਂ ਸੜਕਾਂ 'ਤੇ
ਮਨੁੱਖ ਨਹੀਂ ਗੋਡੇ ਗਿੱਟੇ ਪੈਰ ਟੁਰਦੇ ਹਨ
ਮੁਰਦਿਆਂ ਦੀ ਭੀੜ ਟੁਰਦੀ ਹੈ
ਜੰਗਲ ਦੇ ਲਹੂ ਸੰਗ ਲਿਬੜੇ
ਸ਼ੀਸ਼ੇ ਦੇ ਸ਼ਹਿਰ ਟੁਰਦੇ ਹਨ
ਮੇਰਿਆਂ ਦਰਾਂ 'ਤੇ ਪਏ ਨੇ
ਕੱਚਿਆਂ ਘਰਾਂ ਦੇ ਖੰਡਰ
ਧੁਖਦੇ ਹਨ ਜਿਸਮ ਜਿਨ੍ਹਾਂ ਦੇ
ਚੁੱਪ ਚੱਪੀਤੇ ਮੇਰੇ ਅੰਦਰ
ਮੇਰਿਆਂ ਨੈਣਾਂ ਵਿਚ ਮੁਰਦਾ ਗਲੀਆਂ
ਲਹੂ 'ਚ ਭਿੱਜੇ ਵਿਹੜੇ
ਮੇਰਿਆਂ ਦੰਦਾਂ ਹੇਠਾਂ ਆ ਕੇ
ਪੀਸੇ ਗਏ ਨੇ ਜਿਹੜੇ
-0-
ਕੁਦਰਤ ਦਾ ਨਾਦ ਮੇਰੇ ਚੋਂ ਗੂੰਜਦਾ ਨਹੀਂ
ਪਦਾਰਥ ਬੋਲਦਾ ਹੈ ਆਦਮੀ ਬੋਲਦਾ ਨਹੀਂ
ਮੇਰੀ ਦੇਹ 'ਚ
ਜੀਵਨ ਨਦੀਆਂ ਛੂਕਦੀ ਨਹੀਂ
ਮਨ ਦਾ ਮੋਰ ਪੈਲ਼ ਨਹੀਂ ਪਾਉਂਦਾ
ਜ਼ਿੰਦਗੀ ਦੀ ਘੁੱਗੀ ਕੂਕਦੀ ਨਹੀਂ
ਹੇ ! ਮਨਾਂ ਮੇਰੇ ਵਿਚ ਰਹਿ
ਉਸ ਕੀ ਕਰਨਾ ਸੀ
ਮਰ-ਮਰ ਕੇ ਜੀਣਾ ਜੀਅ-ਜੀਅ ਮਰਨਾ ਸੀ
-0-
ਉਹ ਟੁਰ ਗਿਆ ਹੈ
ਜਿੱਥੇ ਰੁੱਖ ਪੁੰਗਰਦੇ ਹਨ
ਪੰਛੀ ਚਹਿ-ਚਹਾਉਂਦੇ ਹਨ

ਕੋਇਲ ਅਲਾਪ ਕਰਦੀ ਹੈ
ਮੋਰ ਪੈਲ਼ ਪਾਉਂਦੇ ਹਨ
ਹਰਿਆਲੇ ਘੁੰਡ ਚੋਂ
ਪਹਾੜੀ ਟੀਸੀਆਂ ਦੇ ਨੈਣ ਹੱਸਦੇ ਹਨ
ਝਰਨੇ ਡਿੱਗਦੇ ਹਨ ਚਸ਼ਮੇ ਫੁੱਟਦੇ ਹਨ
ਜਿੱਥੇ ਨਦੀਆਂ
ਆਪਣੀ ਮਰਜੀ ਦੀ ਚਾਲ ਚਲਦੀਆਂ ਹਨ
ਜਿੱਥੇ ਪੌਣਾਂ
ਮਹਿਕਾਂ ਸੰਗ ਵਗਦੀਆਂ ਹਨ
ਜਿੱਥੇ ਮਚਲਦੇ ਹਨ ਮੌਸਮ
ਬਹਾਰਾਂ ਦੇ ਅੰਗ ਮੁਸਕਰਾਉਂਦੇ ਹਨ
-0-
ਜਿੱਥੇ ਚੁੱਪ ਦੀ ਭਾਸ਼ਾ 'ਚ
ਫੁੱਲ ਕਲੀਆਂ ਦੇ ਦਿਲ ਬਹਿਲਾਉਂਦੇ ਹਨ
ਜਿੱਥੇ ਭੰਵਰਾ ਗਾਉਂਦਾ ਹੈ
ਜਿੱਥੇ ਜ਼ਿੰਦਗੀ ਪਰ ਤੋਲਦੀ ਹੈ
ਕੁਦਰਤ ਚੋਂ ਕਾਦਰ
ਕਾਦਰ ਚੋਂ ਕੁਦਰਤ ਬੋਲਦੀ ਹੈ
-0-
ਮੇਰਾ ਵਸੇਰਾ ਘਰ ਨਹੀਂ
ਸ਼ੀਸ਼ੇ ਦੀਆਂ ਕਤਲਾਂ ਦੀ ਉਜਾੜ ਹੈ
ਚੇਤਨਾ ਜਗਿਆਸਾ ਅਨੁਭਵ ਜਿੱਥੇ ਦੁਰਕਾਰ ਹੈ
ਵਸਤੂਆਂ ਦੀ ਖਰੀਦੋ-ਫਿਰੋਖ਼ਤ ਦਾ
ਜਿੱਥੇ ਵਿਉਪਾਰ ਹੈ
ਆਦਮੀ ਦੀ ਕਦਰ ਨਹੀਂ
ਪੈਸਾ ਹੀ ਜਿੱਥੇ ਪੂਜਨਹਾਰ ਹੈ
ਰਿਸ਼ਤਿਆਂ ਦੇ ਫੁੱਲ ਜਿੱਥੇ ਨਹੀਂ ਖਿੜਦੇ
ਰੰਗ ਗੁਲਸ਼ਨ ਦਾ ਜਿੱਥੇ ਵਸਾਰ ਹੈ
ਅੱਗ 'ਤੇ ਟੁਰਦੀ ਜਿੱਥੇ ਬਹਾਰ ਹੈ
ਰਹਿ ਸਕੇਗਾ ਉੱਥੇ ਕੋਈ ਕਿੱਥੇ
ਰੁੱਖਾਂ ਦੇ ਸਿਵੇ ਨਿੱਤ ਬਲ਼ਦੇ ਨੇ ਜਿੱਥੇ
ਕਬਰਾਂ ਜਿਹੀ ਉਦਾਸੀ ਹੈ ਜਿੱਥੇ

-0-

ਉਹ ਆਪਣੇ ਸੱਚ ਦਾ ਦੀਵਾ
ਉਸ ਘਰ 'ਚ ਬਾਲੇਗਾ
ਜਿਸ ਦੀ ਸਰਦਲ ਤੋਂ ਸੂਰਜ ਉਦੈ ਹੁੰਦਾ ਹੈ
ਜਿੱਥੇ ਬੰਦੇ ਦਾ ਬੰਦਾ ਖ਼ੁਦਾ ਹੁੰਦਾ ਹੈ
ਜਿੱਥੇ ਕੰਧਾਂ ਮਿੱਟੀ ਦਾ ਜਾਪ ਕਰ ਦੀਆਂ ਹਨ
ਘਰ ਦੀ ਪੂਜਾ ਸਿਮਰਨ ਧਿਆਨ ਧਰ ਦੀਆਂ ਹਨ
ਜਿੱਥੇ ਚਾਂਦਨੀ ਸੰਗ ਚੰਨ
ਛੱਤ ਤੇ ਆਣ ਬਹਿੰਦਾ ਹੈ
ਮਿਲਣ ਦੇ ਨਿੱਘ ਦਾ
ਜਿਸ ਘਰ ਦਾ ਦਰ ਵਾਕ ਲੈਂਦਾ ਹੈ
ਜਿੱਥੇ ਰਿਸ਼ਤਿਆਂ ਦੀ ਠੰਡਕ ਦੀ
ਨਦੀ ਵਗਦੀ ਹੈ
ਅਪਣੱਤ ਦੀ ਜਿੱਥੇ ਹਵਾ ਚਲਦੀ ਹੈ
ਜਿਸ ਵਿਹੜੇ ਦੇ ਰੁੱਖ ਹੇਠਾਂ
ਅੰਬਰ ਦਾ ਸੂਰਜ ਬਹਿੰਦਾ ਹੈ
ਸਰਘੀ ਲਈ ਰਾਤ ਦੇ ਬਸਤਰ
ਲਾਹੁੰਦਾ ਹੈ
ਜਿਸ ਦੇ ਕੋਲੇ 'ਤੇ ਟੰਗਿਆ ਸ਼ੀਸ਼ਾ
ਘਰ ਦੀ ਪਹਿਚਾਣ ਹੈ
ਜਿਸ ਦੇ ਆਲ਼ੇ ਦਾ ਦੀਵਾ ਸੂਰਜ ਸਮਾਨ ਹੈ

-0-

ਉਹ ਜਾਅ ਰਿਹਾ ਹੈ
ਜਿੱਥੇ ਬੱਦਲ ਅੱਥਰੂ ਕੇਰਦਾ ਹੈ
ਧਰਤ ਦੀ ਸੁਗੰਧ ਅੰਬਰੀ ਫੈਲ ਜਾਂਦੀ ਹੈ
ਨਵੇਂ ਪੁੰਗਰਾਂ ਦਾ
ਮੁਖ ਵੇਖਣ ਲਈ
ਹਵਾ ਵੀ ਠਹਿਰ ਜਾਂਦੀ ਹੈ
ਸਰਘੀ ਜਪੁਜੀ
ਤ੍ਰਿਕਾਲਾਂ ਰਹਿਰਾਸ ਦੀ
ਖੁਸ਼ਬੂ ਖਿਲਾਰਦੀਆਂ ਹਨ
ਰਾਤਾਂ ਆਪਣੀ ਬੁੱਕਲੇ

ਸਮੇਂ ਦਾ ਥਕੇਵਾਂ ਉਤਾਰਦੀਆਂ ਹਨ
-0-
ਜਿੱਥੇ ਮਿੱਟੀ
ਮਿੱਟੀ ਦਾ ਸੱਚ ਜਿਉਂਦੀ ਹੈ
ਧਰਤੀ
ਚੰਨ ਸੂਰਜਾਂ ਤਾਰਿਆਂ ਦੀਆਂ
ਬਾਤਾ ਪਾਉਂਦੀ ਹੈ
ਜਿੱਥੇ
ਆਦਮੀ ਦੀ
ਆਦਮੀ ਵਿਚ ਜੋਤ ਜਗਦੀ ਹੈ
ਜਿੱਥੇ ਲੋਕਤਾ ਦੇ ਨੂਰ ਦੀ
ਨਦੀ ਵਗਦੀ ਹੈ
ਜਿੱਥੇ ਸਿਰਜਨ ਤੇ
ਸਿਰਜਣਾ ਦਾ ਬੋਲਬਾਲਾ ਹੈ
ਮਾਨਵੀ ਸੂਰਜ ਦਾ
ਜਿੱਥੇ ਉਜਾਲਾ ਹੈ
-0-
ਮੈਂ ਆਪਣੇ ਪਰਛਾਵੇਂ ਚੋਂ
ਇਕ ਰੁੱਖ ਉਗਾਇਆ ਸੀ
ਆਪਣੀ ਛਾਂ ਲਈ
ਦੇਹ ਦੇ ਸੁੱਖਾਂ ਲਈ
ਜੜ੍ਹਾਂ ਲਈ ਫਲਾਂ ਲਈ
ਦੁਨੀਆ ਦੇ ਰੁੱਖਾਂ ਲਈ
-0-
ਉਸ ਰੁੱਖ ਦੀ ਛਾਂ ਹੇਠਾਂ
ਮੇਰਾ ਆਪਾ ਮਰ ਗਿਆ
ਮੇਰੀ ਤਲ਼ੀ 'ਤੇ ਸ਼ੀਸ਼ੇ ਦਾ ਜੰਗਲ ਧਰ ਗਿਆ
ਇਕ ਤਿੜਕਿਆ ਸ਼ੀਸ਼ਾ
ਮੇਰੇ ਚਿਹਰੇ ਨੂੰ ਸਮਰਪਤ ਕਰ ਗਿਆ
ਮੇਰਾ ਚਿਹਰਾ ਤਕਸੀਮਿਆ ਗਿਆ
ਮੇਰਾ ਸੂਰਜ ਠਰ ਗਿਆ
ਕੁਦਰਤ ਤੋਂ ਮੈਨੂੰ

ਮਾਂ ਮੇਟਰ ਕਰ ਗਿਆ
ਮੇਰੇ 'ਚ ਇਕੱਲਤਾ ਤੇ ਉਦਾਸੀ ਦਾ
ਸਹਿਰਾ ਤਰ ਗਿਆ
-0-
ਸ਼ੀਸ਼ੇ ਦੇ ਰੁੱਖ ਸ਼ੀਸ਼ੇ ਦੇ ਲੋਕ
ਸ਼ੀਸ਼ੇ ਦੀਆਂ ਸੜਕਾਂ ਬਜ਼ਾਰ
ਸ਼ੀਸ਼ੇ ਦਾ ਜੀਵਨ ਸ਼ੀਸ਼ੇ ਦੇ ਕਾਰੋਬਾਰ
ਸ਼ੀਸ਼ੇ ਦੀ ਧਰਤ ਸ਼ੀਸ਼ੇ ਦਾ ਅੰਬਰ
ਸ਼ੀਸ਼ੇ ਦੇ ਘਰਾਂ 'ਚ ਸ਼ੀਸ਼ੇ ਦੀ ਦੀਵਾਲੀ
ਸ਼ੀਸ਼ੇ ਦੇ ਸੰਵਬਰ
-0-
ਚੰਨ ਤਾਰੇ ਸੂਰਜ ਗ੍ਰਹਿ
ਸਭ ਸ਼ੀਸ਼ੇ ਦਾ ਪਸਾਰਾ ਹੈ
ਸ਼ੀਸ਼ੇ ਦੀ ਕੁਦਰਤ ਦਾ
ਸ਼ੀਸ਼ੇ ਦੀ ਨਗਰੀ 'ਚ ਉਤਾਰਾ ਹੈ
ਸ਼ੀਸ਼ੇ ਦੇ ਜੀਵ ਜੰਤੂ ਪਸ਼ੂ ਪਖਸ਼ੀ
ਸ਼ੀਸ਼ੇ ਦਾ ਬ੍ਰਹਮੰਡ ਸਾਰਾ ਹੈ
ਸ਼ੀਸ਼ੇ ਦੇ ਮੰਦਿਰ ਮਸੀਤਾਂ ਹਨ
ਸ਼ੀਸ਼ੇ ਦਾ ਰੱਬ ਤੇ ਰੱਬੀ ਨਜ਼ਾਰਾ ਹੈ
ਸ਼ੀਸ਼ੇ ਦਾ ਬਸ ਸ਼ੀਸ਼ਾ ਨਜ਼ਰ ਆਉਂਦਾ ਹੈ
ਚਿਹਰਾ ਆਲੋਪ ਹੈ
ਮਨੁੱਖ ਦੀ ਇਹ ਦੁਨੀਆ ਨਹੀਂ
ਇਹ ਦੁਨੀਆ ਕੋਈ ਹੋਰ ਹੈ
-0-
ਮੈਂ ਸ਼ੀਸ਼ੇ ਦੇ ਵਿਸ਼ਵ ਨੂੰ ਪੁੱਛਿਆ
ਮੇਰਾ ਸਿਰ ਕਿੱਥੇ ਹੈ
ਮੇਰੀ ਮਾਨਸਿਕ ਧਿਰ ਕਿੱਥੇ ਹੈ
ਮੇਰੀ ਆਤਮਾ ਦਾ ਵਾਸਾ ਕਿੱਥੇ ਹੈ
ਜਿਸਮ ਤਾਂ ਨਜ਼ਰ ਆਉਂਦਾ ਹੈ
ਮੇਰੀ ਚੇਤਨਾ
ਮੇਰੀ ਜਗਿਆਸਾ ਕਿੱਥੇ ਹੈ
ਵਿਸ਼ਵ ਪ੍ਰਵਚਨਿਆ

ਜੋ ਆਪਣੇ ਸਾਏ ਦੇ ਖ਼ੂਹ ਚੋਂ
ਦੇਹ ਦੀ ਪਿਆਸ ਬੁਝਾਉਂਦੇ ਹਨ
ਉਹ ਸਿਰ ਨਹੀਂ ਚਿਹਰਾ ਨਹੀਂ
ਸ਼ੀਸ਼ੇ ਦੀ ਦੇਹ ਕਹਾਉਂਦੇ ਹਨ
-0-
ਤੂੰ ਅਕਾਸ਼ ਛੂੰਹਦੀਆਂ
ਇਮਾਰਤਾਂ ਸਿਰਜੀਆਂ ਹਨ
ਸਮੁੰਦਰੀ ਜਲ 'ਤੇ
ਸ਼ੀਸ਼ੇ ਦੇ ਮਹਾਂ ਨਗਰਾਂ ਦਾ
ਨਿਰਮਾਨ ਕੀਤਾ ਹੈ
ਧਰਤ ਤੋਂ ਪੁਲਾੜ 'ਚ ਪਰ ਸਥਾਨ ਕੀਤਾ ਹੈ
-0-
ਮੋਮ ਦੇ ਲੋਕ ਤਾਂਬੇ ਦੇ ਰੁੱਖ
ਪਲਾਸਟਕ ਦੇ ਅੰਗ ਸੰਤੋਖੇ ਹਨ
ਮਨੁੱਖ ਦਾ ਰੁਪਾਂਤਰ
ਰੋਬਾਟ ਜਨਮਿਆ ਹੈ
ਜ਼ਿੰਦਗੀ ਦਾ ਮਾਹਿਰ ਗੂਗਲ
ਜੀਵਨ ਦਾ ਭਰਪੂਰ ਖ਼ਜ਼ਾਨਾ
ਕੰਪਿਊਟਰ ਖੋਜਿਆ ਹੈ
ਸੰਚਾਲਨ ਸਾਧਨਾ ਲਈ
ਦੁਨੀਆ ਦੀ ਕਾਰਜ ਪ੍ਰਣਾਲੀ ਦਾ
ਸੂਚਕ ਈਜਾਦ ਕੀਤਾ ਹੈ
ਆਵਾਜਾਈ ਦੇ ਸਾਧਨਾ ਰਾਹੀਂ
ਵਿਸ਼ਵ ਨੂੰ ਸਾਂਝੇ ਪਿੰਡ 'ਚ ਅਬਾਦ ਕੀਤਾ ਹੈ
ਨਵ ਵਿਗਿਆਨਕ ਖੋਜਾ ਰਾਹੀਂ
ਮਨੁੱਖੀ ਜੀਵਨ ਦੀ ਨੁਹਾਰ ਬਦਲੀ ਹੈ
-0-
ਦੁਨੀਆ ਦਾ
ਸੰਕਲਪ ਬਦਲਿਆ ਹੈ
ਧਰਤੀ ਦਾ ਹਰ ਮੌਸਮ
ਬਹਾਰ ਬਦਲੀ ਹੈ
ਮਨੁੱਖੀ ਸੰਘਰਸ਼ ਨੇ

ਵਿਸ਼ਵ ਦੀ ਨੁਹਾਰ ਬਦਲੀ ਹੈ
ਪਰ ਇਸ ਸੰਘਰਸ਼ ਦਾ ਕਰਤਾ ਨਜ਼ਰ ਨਾ ਆਵੇ
ਬੰਦਾ ਬੰਦੇ ਨੂੰ ਭਾਲ਼ਣ ਲਈ
ਕਿਸ ਦੁਨੀਆ ਵਿਚ ਜਾਵੇ।
-0-
ਇਹ ਮਾਨਵਹੀਣ ਵਸਤੂ ਸੰਸਾਰ ਹੈ
ਜਿਸ ਨੇ ਮਨੁੱਖੀ ਦੇਹ ਵਿਚ
ਭੌਤਿਕ ਰੂਹ ਉਤਾਰੀ ਹੈ
ਜੀਵਨ 'ਚ ਕਬਰਾਂ ਦੀ ਚੁੱਪ ਪਸਾਰੀ ਹੈ
ਬੰਦੇ ਦੀ ਗ਼ੁਲਾਮੀ ਤੋਂ ਬਿਨ੍ਹਾਂ ਕੁੱਝ ਨਹੀਂ
ਸਥੂਲਤਾ ਦੀ
ਇਹ ਦੁਨੀਆ ਜੋ ਉਸਾਰੀ ਹੈ
-0-
ਕਿੰਜ ਅਜਿਹੀ ਦੁਨੀਆ ਵਿਚ
ਰਹੇਗਾ ਕੋਈ
ਕਿੱਥੇ ਆਪਣਾ ਆਪ ਧਰੇਗਾ ਕੋਈ
ਖੁਦਕੁਸ਼ੀ ਤੋਂ ਬਿਨਾਂ ਕੀ ਕਰੇਗਾ ਕੋਈ
ਜਿੱਥੇ ਆਪਣੇ ਹੀ ਦਰਪਣ ਚੋਂ
ਆਪਣਾ ਚਿਹਰਾ ਓਪਰਾ ਲੱਗਦਾ ਹੈ
ਜਿੱਥੇ ਜਿਉਂਦਾ ਮੋਇਆ
ਡੁੱਬਾ ਤਰਦਾ ਹੈ
ਜਿੱਥੇ ਲਹੂ ਨਾਲੋਂ ਪਾਣੀ ਗਾੜ੍ਹਾ ਹੈ
ਜਿੱਥੇ ਤੱਤ
ਮਨੁੱਖ ਦਾ ਸਿਰਜਣਹਾਰਾ ਹੈ
ਜਿੱਥੇ ਜੀਵਨ
ਜੀਵਨ ਸਮੱਗਰੀ ਦਾ ਗ਼ੁਲਾਮ ਹੈ
ਜਿੱਥੇ ਪਦਾਰਥਕ ਖੁਸ਼ਹਾਲੀ 'ਚ
ਮਾਨਵ ਰੂਹ ਉਦਾਸ ਹੈ
ਕੀ ਲੈਣਾ ਕਿਸੇ
ਉਸ ਰੁੱਖ ਦੀ ਛਾਂ ਹੇਠ ਬਹਿ ਕੇ
ਜਿਸ ਦੇ ਪੱਤਿਆਂ ਚੋਂ ਜ਼ਹਿਰ ਟੱਪਕਦਾ ਹੈ
ਜਿਸ ਦੀ ਛਾਂ 'ਚ

ਜਲ ਦਾ ਪਿੰਡਾ ਝੁਲਸਦਾ ਹੈ
-0-
ਉੱਠ ਮਨਾਂ ਚਲ ਦੂਰ ਦੁਰੇਡੇ
ਜਿੱਥੇ ਤੇਰੇ ਬਿਨ੍ਹਾਂ ਕੋਈ ਹੋਰ ਨਾ ਹੋਵੇ
ਤੂੰ ਤੇ ਤੇਰੀ ਚੁੱਪ ਹੋਵੇ
ਭੀੜ ਨਾ ਹੋਵੇ ਸ਼ੋਰ ਨਾ ਹੋਵੇ
ਜਿੱਥੇ ਜੀਵਨ
ਜੀਵਨ ਸਮੱਗਰੀ ਦਾ ਮੁਥਾਜ ਨਾ ਹੋਵੇ
ਜਿੱਥੇ
ਜ਼ਿੰਦਗੀ ਦੀ ਅੱਖ ਦਾ ਅਥਰੂ ਉਦਾਸ ਨਾ ਹੋਵੇ
-0-
ਅਜੋਕੇ ਵਿਸ਼ਵ ਦੀ
ਦਿਸ਼ਾ ਨਿਰਧਾਰਤ ਕਰੇ ਪਦਾਰਥ
ਮਾਨਵਤਾ ਦੇ ਪੈਰੀਂ
ਰਾਹ ਧਰੇ ਪਦਾਰਥ
ਬੰਦਾ ਹੁਕਮ ਵਜਾਵਣਹਾਰ
ਬੰਦੇ ਵਿਚਲੀ ਹੀਣ ਭਾਵਨਾ ਦਾ
ਘੁਣ ਬੰਦੇ ਨੂੰ ਲੱਗਾ
ਸਹਿ ਨਾ ਸਕਿਆ
ਨੁਚੜ ਗਿਆ ਬੰਦੇ ਚੋਂ ਬੰਦਾ
-0-
ਆਪਣੀ ਲਾਸ਼ ਮੋਢੀਂ ਚੁੱਕੀ
ਦਰ-ਦਰ ਫਿਰਦਾ ਭੌਂਦਾ
ਸੱਚ ਹੋਂਦ ਸ਼ਨਾਖਤ ਦੀ
ਕੋਈ ਖੈਰ ਨਾ ਝੋਲੀ ਪਾਉਂਦਾ
ਹਰ ਇਕ ਘਰ ਦਾ ਸੱਚ ਪਦਾਰਥ
ਪਦਾਰਥ ਹੀ ਰਹਿਣ ਵਸੇਰਾ
ਇਸ ਨਗਰੀ ਵਿਚ
ਬੰਦੇ ਦਾ ਰੱਬ ਪਦਾਰਥ
ਆਤਮ ਨਗ ਛੁਟੇਰਾ
-0-
ਉਠ ਮਨਾਂ

ਇਸ ਹੀਣ ਭਾਵਨਾ ਦੀ ਰੂਹ ਤੋਂ ਲੋਈ ਉਤਾਰ
ਇਕ ਵਾਰੀ
ਸ਼ੀਸ਼ੇ ਸਾਵੇਂ ਆਪਾ ਪੁਣ ਤੇ ਛਾਣ
ਜੋ ਕੁੱਝ ਵੀ ਤੂੰ ਸਿਰਜਿਆ
ਉਸ ਤੇ ਕਰ ਵਿਚਾਰ
ਇਸ ਕਿਨਾਰੇ ਤੋਂ ਜਾਣਾ
ਤੂੰ ਉਸ ਕਿਨਾਰੇ ਪਾਰ
ਵਿਚ ਜੋ ਨਦੀ ਜੀਵਨ ਦੀ ਵਗਦੀ
ਤੂੰ ਖ਼ੁਦ ਹੈ ਉਸਦਾ ਸਿਰਜਣਹਾਰ
-0-
ਉਸ ਨਦੀ ਨੂੰ
ਆਪਣੀ ਪ੍ਰਯੋਗਸ਼ਾਲਾ ਵਿਚ ਉਤਾਰ
ਭਾਫ ਬਣਾ ਕੇ ਉਸ ਦੇ ਜਲ ਦੀ
ਬੱਦਲ ਰੂਪ 'ਚ ਢਾਲ
ਨਦੀ ਦੀ ਦੇਹ ਦਾ ਮੈਲ਼ਾ ਧੋਅ ਕੇ
ਨਿਚੋੜ ਤੇ ਸੁੱਕਣੇ ਪਾਅ
ਫਿਰ ਧਰਤੀ 'ਤੇ ਨਿਰਮਲ ਜਲ ਬਰਸਾ
ਧਰਤੀ ਚੋਂ ਫਿਰ ਜੋ ਵੀ ਉੱਗੇ
ਉਸ ਉੱਗੇ ਸੰਗ ਆਪਣਾ ਆਪ ਉੱਗਾ
ਤੂੰ 'ਤੇ ਉੱਗੀ ਜੀਵਨ ਸਮੱਗਰੀ ਦਾ
ਜਦ ਧਰਤ 'ਤੇ ਹੋਵੇ ਵਿਸਥਾਰ
ਪਦਾਰਥ ਤੇ ਮਾਨਵ
ਵਿਕਸਤ ਹੋਵੇਗਾ ਫਿਰ ਨਾਲੋਂ ਨਾਲ
ਸਮਾਨ ਅੰਤਰ ਚਲਦਿਆਂ ਦਾ ਹੋਵੇਗਾ
ਇਕੋ ਸਿਖ਼ਰ ਅਧਾਰ
ਫਿਰ ਸੰਤੁਲਨ ਰਹੇਗੀ ਜ਼ਿੰਦਗੀ
ਬੰਦੇ ਤੇ ਪਦਾਰਥ ਵਿਚਕਾਰ
ਨਾ ਇਕ ਦੂਜੇ ਤੇ ਬੋਝ ਬਣਨਗੇ
ਨਾ ਹੋਵਣਗੇ ਇਕ ਦੂਜੇ ਦੇ ਮੁਥਾਜ
ਵਿਅਕਤੀਗਤ ਹੋਵੇਗੀ ਹੋਂਦ ਦੋਹਾਂ ਦੀ
ਸੱਚ ਸੁੰਦਰਤਾ ਕਲਿਆਣ ਦਾ ਹੋਵੇ ਜਦ ਅਧਾਰ
ਲੋੜ ਤੇ ਸਮੱਰਥਾ ਅਨੁਸਾਰ ਹੋਵੇਗਾ

ਇਕ ਦੂਜੇ ਦਾ ਅਧਾਨ ਪ੍ਰਦਾਨ
ਲੋੜ ਤੇ ਸਮੱਰਥਾ ਹੀ ਹੈ
ਵਿਸ਼ਵ ਸੰਤੁਲਨ ਦਾ ਮੂਲ ਅਧਾਰ
ਇਹ ਅਧਾਰ ਹੀ ਚਿੰਰਜੀਵ ਹੈ
ਮਨੁੱਖ ਤੇ ਪਦਾਰਥ ਵਿਚਕਾਰ
-0-
ਪਦਾਰਥ ਦੇ ਇਸ ਘਣੇ ਜੰਗਲ ਵਿਚ
ਬੰਦੇ ਦਾ ਸੱਚ ਗੁਆਚਾ
ਪਦਾਰਥ ਦਾ ਪਾਸਾ ਹੈ ਅੰਬਰ
ਬੰਦੇ ਦਾ ਹੈ ਧਰਤੀ ਪਾਸਾ
ਬੰਦਾ ਸੁੰਗੜ ਸਿਫਰਾ ਹੋਇਆ
ਪਦਾਰਥ ਦਾ ਹਰ ਥਾਂ ਵਾਸਾ
ਜ਼ਿੰਦਗੀ ਦੇ ਬੁਲ੍ਹੀਂ ਉਦਾਸੀ
ਪਦਾਰਥ ਬੁਲ੍ਹੀਂ ਹਾਸਾ
ਹੰਝੂਆਂ ਦੇ ਵਿਚ ਡੁੱਬੀ ਜ਼ਿੰਦਗੀ
ਰਿਹਾ ਪਦਾਰਥ ਵੇਖ ਤਮਾਸ਼ਾ
-0-
ਆਦਿ ਮਨੁੱਖ ਤੋਂ
ਅਜੋਕੇ ਮਨੁੱਖ ਦਾ ਇਤਿਹਾਸ ਵਿਚਾਰੋ
ਇਤਿਹਾਸ ਦੇ ਬਾਬ ਦੀ
ਇਕ ਇਕ ਪਰਤ ਉਤਾਰੋਂ
ਆਧੁਨਿਕ ਵਿਸ਼ਵ ਤਾਂ ਨਜ਼ਰ ਆਉਂਦਾ ਹੈ
ਵਿਸ਼ਵ ਦੇ ਸਿਰਜਕ ਪ੍ਰਤੀ ਵਿਚਾਰੋ
ਚੜ੍ਹਦੇ ਨੂੰ ਜੱਗ ਕਰੇ ਸਲਾਮਾਂ
ਡੁੱਬ ਗਏ 'ਤੇ ਵੀ ਝਾਤੀ ਮਾਰੋ
21ਵੀਂ ਸਦੀ ਦਾ ਘੁੰਡ ਉਠਾਉ
ਤੱਕੋਂ ਕਿਸ ਦੀ ਸਰਦਾਰੀ
ਕਿੰਜ ਮਨੁੱਖੀ ਹੋਂਦ
ਪਦਾਰਥ ਪੈਰਾਂ ਹੇਠ ਲਿਤਾੜੀ
-0-
ਹੇ! ਮਨਾਂ
ਕਾਰ 'ਚ ਲੱਗਾ GPS ਸਿਸਟਮ

ਜੀਂਦੇ ਬੰਦੇ ਨੂੰ ਢੋਂਦਾ ਹੈ
ਅਜੋਕਾ ਮਨੁੱਖ ਗਤੀ ਰਹਿਤ ਹੈ
ਪਦਾਰਥ ਗਤੀ ਕਹਾਉਂਦਾ ਹੈ
-0-
ਜਨਮ ਤੋਂ ਲੈ ਕੇ ਮਰਨ ਤੀਕ ਮਨੁੱਖ ਦਾ
ਕਾਰੋਬਾਰ ਕੰਪਿਊਟਰ ਹੈ ਨਿਪਟਾਉਂਦਾ
ਪਦਾਰਥ
ਮਨੁੱਖੀ ਕਾਰਜ ਪ੍ਰਣਾਲੀ ਦੀ ਊਰਜਾ ਹੈ
ਅਖਵਾਉਂਦਾ
ਚੜਦੇ ਤੋਂ ਡੁੱਬਦੇ ਸੂਰਜ ਤਕ
ਬੰਦੇ ਦਾ ਕੰਪਿਊਟਰ ਹੀ
ਭਾਰ ਉਠਾਉਂਦਾ ਹੈ
-0-
ਹੇ! ਮਨਾਂ
ਸੋਚਣ ਵਾਲੀ ਗੱਲ ਹੈ
ਇਹ ਜੋ ਅੱਜ ਦਾ ਪਲ ਹੈ
ਬੰਦੇ ਦਾ ਨਹੀਂ ਪਦਾਰਥ ਦਾ ਹੈ
ਪਦਾਰਥ ਦਾ ਭਰਦਾ ਦਮ ਹੈ
ਪਦਾਰਥ ਦੀ ਹੀ ਪੂਜਾ ਕਰਦਾ
ਪਦਾਰਥ ਹੀ ਈਮਾਨ ਹੈ ਇਸਦਾ
ਪਦਾਰਥ ਬਿਨ ਬੰਦਾ ਜੀਅ ਨਹੀਂ ਸਕਦਾ
ਜੀਵਨ ਦੀ ਚੱਕੀ ਪੀਹ ਨਹੀਂ ਸਕਦਾ
-0-
ਲੋਹੇ ਤੇ ਪਲਾਸਟਕ ਦਾ
ਵਿਕਸਤ ਰੂਪ ਹੈ ਕਾਰ
ਕਰ ਰਹੀ ਹੈ ਚੇਤਨ ਤੇ ਜਗਿਆਸੂ
ਬੰਦੇ ਦੀ ਸੰਭਾਲ
ਚੇਤਨ ਤੇ ਜਗਿਆਸੂ ਮਾਨਵ
ਕਾਰ 'ਚ ਬੈਠਾ ਪੱਥਰ ਹੋਇਆ
ਪਦਾਰਥ ਜੀਅ ਰਿਹਾ ਹੈ
ਬੰਦਾ ਜੀਂਦਾ ਹੀ ਹੈ ਮੋਇਆ
ਸਾਰੀ ਕਾਰਜ ਪ੍ਰਣਾਲੀ 'ਚ

ਪਦਾਰਥ ਗਤੀਸ਼ੀਲ ਹੈ ਮਨੁੱਖ ਮੰਨਫ਼ੀ ਹੈ
-0-
ਪਦਾਰਥ ਯੁੱਗ ਵਿਚ
ਹਸਤੀ ਰਹਿਤ ਮਾਨਵ ਦੀ ਹਸਤੀ ਹੈ
ਇਸ ਨੂੰ ਸਮਝੋ ਪੜੋ ਵਿਚਾਰੋ
ਕਿੱਥੇ ਖੜਾ ਹੈ ਮਾਨਵ
ਆਪਣੇ ਅੰਦਰ ਝਾਤੀ ਮਾਰੋ
ਇੱਥੇ ਹੀ ਬਸ ਨਹੀਂ
ਪਦਾਰਥ ਨੇ ਜਨਮ ਤੋਂ ਲੈ ਕੇ ਮਰਨ ਤੀਕ
ਬੰਦੇ ਦੇ ਜੀਵਨ ਦੀ ਵਾਂਗ ਸੰਭਾਲੀ
ਮਾਨਵ ਜੋਤ ਬੁਝਾ ਕੇ
ਆਪਣੀ ਸ਼ਮਾ ਹੈ ਬਾਲ਼ੀ
ਮਨੁੱਖੀ ਰਿਸ਼ਤੇ ਲਹੂ ਚੋਂ ਨਹੀਂ
facebook ਚੋਂ ਜੰਮਦੇ ਹਨ
ਕਾਗਜ਼ ਦੇ ਫੁੱਲ ਖਿੜਦੇ ਹਨ
ਮਿਲਣ ਦੀ ਹੁਣ ਕੋਈ ਲੋੜ ਨਹੀਂ
cellphone 'ਤੇ
ਗੱਲਬਾਤ ਸੰਗ ਲੋਕ ਲੋਕਾਂ ਨੂੰ ਮਿਲਦੇ ਹਨ
-0-
ਪਦਾਰਥ ਨੇ
ਮਨੁੱਖੀ ਚੇਤਨਾ ਤੇ ਜਗਿਆਸਾ 'ਤੇ
ਕਾਬੂ ਪਾਇਆ ਹੈ
ਮਨੁੱਖੀ ਮਾਨਸਿਕਤਾ ਵਿਕਸਤ ਹੋਣ ਦਾ
ਜੜ੍ਹ ਤੋਂ ਮੂਲ ਮੁਕਾਇਆ ਹੈ
-0-
ਇਸ ਵਿਸ਼ਵ ਵਿਚ
ਕੋਈ ਕਿੰਜ ਰਹੇਗਾ
ਜੀਂਦੇ ਜੀਅ ਹੀ ਮਰਨਾ ਪਏਗਾ
ਇਹ ਵਿਸ਼ਵ ਮਾਨਵ ਦਾ ਘਰ ਨਹੀਂ
ਮਾਨਵਤਾ ਵੱਲ ਖੁਲਦਾ ਇਸ ਦਾ ਦਰ ਨਹੀਂ
ਕੰਪਿਊਟਰ ਸਭਿਆਚਾਰ
ਜਿੱਥੇ ਮਨੁੱਖ ਨੂੰ

ਅਥਾਹ ਗਿਆਨ ਪ੍ਰਦਾਨ ਹੈ ਕਰਦਾ
ਉੱਥੇ ਮਨੁੱਖ ਨੂੰ
ਬਾਹਰਲੀ ਦੁਨੀਆ ਨਾਲੋਂ ਤੋੜ ਕੇ
ਮਨੁੱਖ ਦਾ ਮਸ਼ੀਨੀਕਰਨ ਹੈ ਕਰਦਾ
ਕੰਪਿਊਟਰ
ਮਨੁੱਖੀ ਸੋਚ ਦਾ ਪਦਾਰਥੀਕਰਨ ਹੈ
ਮਨੁੱਖੀ ਸ਼ਬਦ 'ਚ ਧਰਿਆ
ਪਦਾਰਥੀ ਅਰਥ ਹੈ
-0-
ਮਨੁੱਥ ਸਾਰੀ ਦੁਨੀਆ
ਕਮਰੇ 'ਚ ਬੈਠਾ ਵੇਖ ਹੈ ਸਕਦਾ
ਜਿਸ ਥਾਂ ਅਪੜਣ ਦੀ ਸਮੱਰਥਾ ਨਹੀਂ ਹੈ
ਉਸ ਥਾਂ ਵੀ ਪਹੁੰਚ ਹੈ ਸਕਦਾ
ਦੁਨੀਆ ਵਿਚ ਉਤਰ ਹੈ ਸਕਦਾ
ਦੁਨੀਆ ਆਪਣੇ ਵਿਚ ਉਤਾਰ ਹੈ ਸਕਦਾ
ਘਰ ਵਿਚ ਹੀ ਬੈਠਾ
ਸਾਰੇ ਕਾਰਜ ਕਰ ਸਕਦਾ ਹੈ
ਕਿਤੇ ਜਾਣ ਦੀ ਲੋੜ ਨਹੀਂ ਹੈ
ਹਰ ਜ਼ਰੂਰਤ ਦੀ ਝੋਲੀ
ਘਰ ਵਿਚ ਬੈਠਾ ਭਰ ਸਕਦਾ ਹੈ
ਅਸਲ 'ਚ ਕੰਪਿਊਟਰ
ਮਨੁੱਖ ਦੀ ਦ੍ਰਿਸ਼ਟਾਂਤਮਕ ਪ੍ਰਾਪਤੀ ਹੈ
ਬਿਨ੍ਹਾਂ ਯਥਾਰਥ ਵੇਖੇ ਸਮਝੇ
ਯਥਾਰਥ ਭਰਮ ਦੀ ਆਰਤੀ ਹੈ
ਜੋ ਅਸਲ ਗਿਆਨ ਦੇ
ਯਥਾਰਥ ਅਨੁਭਵ ਤੋਂ ਸੱਖਣੀ ਹੈ
ਦੁੱਧ ਦੀ ਥਾਂ ਪਾਣੀ ਰਿੜਕ ਕੇ
ਮੱਖਣੀ ਕੱਢਣ ਦੀ ਤੱਕਣੀ ਹੈ
ਗਿਆਨ ਦੀ ਯਥਾਰਥਕ ਪ੍ਰਾਪਤੀ
ਮਨੁੱਖੀ ਵਿਚਾਰ ਵਿਟਾਂਦਰੇ
ਤੇ ਆਲੋਚਨਾਤਮਕ ਦ੍ਰਿਸ਼ਟੀ 'ਤੇ ਅਧਾਰਤ ਹੈ
ਇਸ ਅਭਿਆਸ ਬਿਨ੍ਹਾਂ

ਗਿਆਨ ਅਰਥ ਰਹਿਤ ਹੈ
ਸ਼ਬਦੀ ਇਬਾਰਤ ਹੈ
ਕੰਪਿਊਟਰ ਸਭਨਾਂ ਮਾਧਿਅਮਾਂ ਦਾ ਕੇਂਦਰ ਹੈ
ਰੋਜ਼ਾਨਾ ਜੀਵਨ ਦੀ
ਖਰੀਦੋ-ਫਿਰੋਖਤ ਤੇ ਵਿਕੇਂਦਰ ਹੈ
ਜਦ ਗੂਗਲ ਘਰ ਵਿਚ ਆਇਆ
ਬੰਦੇ ਦਾ ਸਿਰ ਧੜ ਤੋਂ ਲਾਹਿਆ
ਬੰਦਾ ਆਪਣੇ ਘਰ ਦਾ ਫੋਨ
ਤੇ ਪਤਾ ਵੀ
ਗੂਗਲ ਕੋਲੋਂ ਹੀ ਪੁੱਛਦਾ ਹੈ
ਗੂਗਲ ਬਿਨ੍ਹਾਂ ਅਜੋਕਾ ਬੰਦਾ
ਕਿਸ ਕੰਮ ਦਾ ਹੈ?
ਗੂਗਲ ਬੰਦੇ ਦਾ ਸਿਰ ਹੈ
ਬੰਦਾ ਕੀ ਜਾਣੇ ਬੰਦੇ ਦਾ ਧੜ ਕਿਸ ਦਾ ਹੈ
-0-
ਇਹ ਸਭ
ਮਨੁੱਖ ਦਾ ਆਪਣਾ ਕੀਤਾ
ਮਨੁੱਖ ਦਾ ਅੱਗੇ ਆਇਆ ਹੈ
ਇਹ ਵਿਸ਼ਵ ਮਨੁੱਖੀ ਦੇਹ ਦਾ
ਆਪਣਾ ਹੀ ਸਾਇਆ ਹੈ
ਜਿਸ ਦੀ ਸਿਰਜਣਾ ਖਾਤਰ ਬੰਦੇ
ਆਪਣਾ ਸੱਚ ਗੁਆਇਆ ਹੈ
ਐਸੀ ਦੁਨੀਆ ਤੋਂ ਕੀ ਲੈਣਾ
ਐਸੀ ਦੁਨੀਆ ਵਿਚ ਕਿਸ ਰਹਿਣਾ
ਜਿਸ ਵਿਚ ਬੰਦੇ ਦਾ ਕੋਈ ਔਕਾਤ ਨਹੀਂ ਹੈ
ਪਦਾਰਥ ਦੇ ਥਾਂ-ਥਾਂ ਕਿੱਸੇ
ਮਾਨਵ ਦੀ ਕੋਈ ਬਾਤ ਨਹੀਂ ਹੈ
ਉਸ ਰੁੱਖ ਹੇਠਾਂ ਕਿਸ ਬਹਿਣਾ
ਜਿਸ ਦੀ ਛਾਵੇਂ ਉਬਲ ਦੇ ਰਹਿਣਾ
ਆਪਣੇ ਸੱਚ ਦੀ ਭਾਲ਼ 'ਚ ਬੰਦਾ
ਆਪਣੇ ਸਵੈ ਦਰ ਆਇਆ ਹੈ
ਆਪਣੀ ਰੂਹ ਤੋਂ ਦੇਹ ਨੂੰ ਲਾ ਕੇ

ਤਲ਼ੀਏ ਸ਼ੀਸ਼ ਟਿਕਾਇਆ ਹੈ
ਆਪਣੇ ਸਵੈ ਦਾ ਸੱਚ ਪਾਵਣ ਲਈ
ਠਰਦੀ ਜ਼ਿੰਦਗੀ ਦੀ ਬੁੱਕਲੇ
ਇਕ ਸੂਰਜ ਧਰ ਜਾਵਣ ਲਈ
ਮਨ ਵਿਚ ਬੰਦੇ ਧਾਰ ਲਿਆ ਹੈ
ਆਪਣਾ ਆਪਾ
ਆਪਣੇ ਵਿਚ ਉਤਾਰ ਲਿਆ ਹੈ
-0-
ਆਪਣੀ ਮਰਜ਼ੀ ਦੀ ਤਹਿਜ਼ੀਬ
ਰਹਿਣ ਸਹਿਣ ਉੱਠਣ ਬੈਠਣ
ਸਿਰਜ ਲਿਆ ਹੈ ਤੂੰ
ਪਰ ਆਪਣਾ ਆਪਾ
ਵਿਸਥਾਰ ਨਾ ਸਕਿਆ
ਮਿੱਟੀ ਦਾ ਮਿੱਟੀ ਰਿਹਾ ਹੈ ਤੂੰ
ਸ਼ੀਸ਼ਾ ਸਿਰਜਿਆ ਚਿਹਰਾ ਤੱਕਣ ਲਈ
ਦੀਵਾਰਾਂ ਸਿਰਜੀਆਂ
ਆਪਣਾ ਆਪਾ ਸੁਰਖਸ਼ਤ ਰੱਖਣ ਲਈ
ਖਿੜਕੀਆਂ ਰੋਸ਼ਨਦਾਨ ਬੂਹੇ ਬਾਰੀਆਂ ਰੱਖੀਆਂ
ਬਾਹਰੋਂ ਅੰਦਰ ਅੰਦਰੋਂ ਬਾਹਰ ਤੱਕਣ ਲਈ
ਆਪਣੀ ਰਾਖੀ ਤੂੰ ਆਪਣਾ ਆਪ ਬਿਠਾਇਆ
ਆਪਣੀ ਕੁੱਖੋਂ ਆਪ ਜਨਮਿਆ
ਜੀਵਨ ਦਾ ਹਮਸਾਇਆ
ਕੀ ਪਤਾ ਸੀ ਆਪਣਾ ਹੀ ਸਾਇਆ
ਦੇਹ ਦਾ ਦੁਸ਼ਮਣ ਹੋ ਜਾਏਗਾ
ਆਪਣੀ ਦੇਹ ਦਾ ਸੱਚ ਸਾਏ ਵਿਚ ਖੋਹ ਜਾਏਗਾ
ਪਦਾਰਥ ਦੇਉ
ਮਨੁੱਖ ਨੇ ਬੁੱਧ ਬੋਤਲ ਚੋਂ ਜੋ ਕੱਢਿਆ ਸੀ
-0-
"ਦਾਰਸ਼ਨਿਕ ਸਮੇਂ ਦੀ ਇਤਿਹਾਸਕ ਚੇਤਨਾ"*
ਉਸ ਦੇਉ ਦਾ ਨਾਂਅ ਰੱਖਿਆ ਸੀ
ਆਧੁਨਿਕਤਾ ਦੀ
ਪਰਿਭਾਸ਼ਾ ਦੀ ਆੜ 'ਚ

* ਆਧੁਨਿਕਤਾ ਦੀ ਪਰਿਭਾਸ਼ਾ

ਪਦਾਰਥ ਵਿਕਸਤ ਹੋਇਆ
ਪਦਾਰਥ ਦਾ ਸੂਰਜ
ਅੰਬਰੀ ਚੜ੍ਹਿਆ
ਬੰਦਾ ਜਿਉਂਦਾ ਮੋਇਆ
-0-
ਹੁਣ ਉਹ ਦੇਉ
ਮਾਨਵਤਾ ਦੀ ਗਰਦਨ 'ਤੇ
ਤਲਵਾਰ ਬਣ ਹੈ ਲਟਕਿਆਂ ਰਹਿੰਦਾ
ਲੱਖ ਯਤਨ ਕੀਤਿਆਂ ਵੀ
ਮੁੜ ਬੋਤਲ ਵਿਚ ਨਹੀਂ ਪੈਂਦਾ
ਮਾਨਵ ਤੋਂ ਇਸ ਦੇਉ ਦਾ
ਅਕਾਰ ਵਡੇਰਾ ਹੋਇਆ
ਮਾਨਵ ਦੁਨੀਆ ਵਿਚ ਨਹੀਂ ਦਿਸਦਾ
ਪਦਾਰਥਕ ਦੇਉ ਵਿਸ਼ਵ ਦਾ ਚਿਹਰਾ ਹੋਇਆ
-0-
ਆਧੁਨਿਕਤਾ ਦੀ ਪਰਿਭਾਸ਼ਾ
ਮਨੁੱਖ
ਇਸਦੇ ਅਕਾਰ 'ਚ ਸਿਫਰਾ ਬਣ ਕੇ ਰਹਿ ਗਿਆ ਹੈ
ਪਦਾਰਥ ਸਾਗਰ ਹੋ ਗਿਆ ਹੈ
ਮਨੁੱਖ ਕਤਰੇ ਵਿਚ ਵੀ ਖੋਹ ਗਿਆ ਹੈ
-0-
ਪਦਾਰਥ ਦੀ ਮਾਰ ਬੰਦਾ ਕਿੰਜ ਸਹੇਗਾ
ਇਸਦੀ ਛਤਰ-ਛਾਇਆ ਵਿਚ
ਜਿਉਂਦਾ ਕਿੰਜ ਰਹੇਗਾ
ਸਭੇ ਰਾਹ ਸਭ ਦਿਸ਼ਾਵਾਂ ਇਸ ਨੇ ਮਲ਼ੇ
ਬੰਦਾ ਕੱਖੋਂ ਹੌਲ਼ਾ ਹੋਇਆ
ਪਦਾਰਥ ਦਾ ਜੱਗ ਵਿਚ ਸਿੱਕਾ ਚਲੇ
ਬੰਦਾ ਆਪਣੇ ਆਪ 'ਚ ਵੀ ਕਿੰਜ ਪਰਤੇ
ਬੰਦੇ ਦੇ ਸਭ ਬੰਦ ਕੀਤੇ ਇਸ ਨੇ ਰਾਸਤੇ
-0-
ਹੁਣ ਜਿਸ ਥਾਂ 'ਤੇ
ਬੰਦੇ ਨੇ ਉਠਣਾ ਬੈਠਣਾ ਤੇ ਰਹਿਣਾ ਹੈ

ਉਸ ਦੇ ਇਵਜ਼ 'ਚ ਬੰਦੇ ਨੂੰ
ਕੁੱਝ ਨਾ ਕੁੱਝ ਦੇਣਾ ਪੈਣਾ ਹੈ
ਆਪਣੇ ਹੀ ਘਰ
ਕਿਰਾਏ 'ਤੇ ਕੌਣ ਰਹੇਗਾ
ਇਹ ਮਾਨਸਿਕ ਦੁਖਾਂਤ
ਮਾਨਵ ਕਿੰਜ ਸਹੇਗਾ
ਘਰ ਦਾ ਮਾਲਿਕ
ਆਪਣੇ ਆਪ ਨੂੰ ਕਿੰਜ
ਕਿਰਾਏਦਾਰ ਕਹੇਗਾ
ਇਸ ਦੁਨੀਆ ਵਿਚ ਬੰਦਾ ਕੀ ਕਰੇਗਾ
ਕਿੰਜ ਜੀਏਗਾ ਕਿੰਜ ਮਰੇਗਾ
ਇਹ ਸਵਾਲ
ਅਜੋਕੀ ਚੇਤਨਾ ਲਈ ਇਕ ਵਿਸ਼ਾ ਹੈ
ਮਨੁੱਖੀ ਭਵਿੱਖ ਸੰਵੇਦਨਾ ਲਈ ਦਿਸ਼ਾ ਹੈ
-0-
ਮਨ ਦੀ ਦੁਨੀਆ ਸਿਰਜ ਲਈ ਤੂੰ
ਜੋ ਚਾਹੁੰਦਾ ਮੈਂ ਪਾਇਆ ਹੈ
ਇਸ ਵਿਸ਼ਵ ਦੀ ਰੂਹ ਹੋ ਕੇ
ਤੂੰ ਆਪਣੇ ਲਈ ਪਰਾਇਆ ਹੈ
ਨਾ ਤੂੰ ਵਿਸ਼ਵ ਦਾ ਰੰਗ ਰੂਪ
ਨਾ ਚਿਹਰਾ ਨਾ ਮੋਹਰਾ
ਇਹ ਆਪਣੇ ਰੰਗ 'ਚ ਰੰਗੀ ਤੂੰ ਕੋਰੇ ਦਾ ਕੋਰਾ
-0-
ਸਭ ਤੋਂ ਪਹਿਲਾ ਤੂੰ ਕੁਦਰਤ ਨਾਲੋਂ ਟੁੱਟਾ
ਜੋ ਤੇਰਾ ਮੂਲ ਸੀ ਜੜ੍ਹ ਸੀ
ਤੇਰੇ ਜੀਵਨ ਦਾ ਪਲ-ਪਲ ਸੀ
ਜਿਸ ਨੇ ਤੇਰਾ ਮੈਲ਼ਾ ਧੋਇਆ
-0-
ਜਿਸ ਦੀ ਉਂਗਲੀ ਫੜ ਕੇ
ਤੂੰ ਬਾਲਕ ਤੋਂ ਮਾਨਵ ਹੋਇਆ
ਜਿਸ ਤੋਂ ਤੂੰ ਬੋਲਣਾ ਤੁਰਨਾ ਸਿੱਖਿਆ
ਜਿਸ ਤੋਂ ਤੈਨੂੰ ਨਿੱਘ ਮਮਤਾ ਦਾ ਮਿਲਿਆ

-0-
ਕੁਦਰਤ ਤੇਰਾ ਮਦਰਸਾ ਸੀ
ਜਿਸ ਤੋਂ ਜੀਵਨ ਜਾਚ ਤੂੰ ਸਿੱਖੀ
ਕੁਦਰਤ ਦੇ ਲੂਹ 'ਚ ਭਿੱਜੀ
ਅਜੇ ਵੀ ਤੇਰੀ ਬੋਲੀ ਮਿੱਠੀ
ਕੁਦਰਤ ਤੈਨੂੰ ਆਸਰਾ
ਤੇ ਸੁਰਖਸਾ ਦਿੱਤੀ
ਕੁਦਰਤ ਨੇ ਹੀ ਆਪਣੀ ਮਿੱਟੀ
ਤੇਰੇ ਵਿਚ ਗੁੰਨੀ
ਅੱਜ ਜੀਵਨ ਦੇ
ਜੋ ਸੁਖ ਤੂੰ ਭੋਗ ਰਿਹਾ ਹੈ
ਉਨ੍ਹਾਂ ਸੁੱਖਾਂ ਦਾ ਬੀਜ
ਕੁਦਰਤ ਵਿਚ ਪਿਆ ਹੈ
ਕੁਦਰਤ ਦਾ ਦਿੱਤਾ ਹੀ
ਤੂੰ ਪੀਅ ਖਾਹ ਹੰਢਾਅ ਰਿਹਾ ਹੈ
ਕੁਦਰਤ ਸਦਕਾ ਹੀ
ਤੂੰ ਜੀਂਦਾ ਆ ਰਿਹਾ ਹੈ
-0-
ਸੰਚਾਲਨ ਆਵਾਜਾਈ ਸਾਧਨ
ਕੁਦਰਤ ਦਾ
ਤੈਨੂੰ ਗੋਦ ਖਿਡਾਵਣ ਦਾ ਸਿੱਟਾ ਹੈ
ਕੁਦਰਤ ਹੀ ਹੈ ਪਸਾਰਾ
ਜੋ ਭੂਤ ਭਵਿੱਖ ਵਿਚ ਤੂੰ ਡਿੱਠਾ ਹੈ
ਕੁਦਰਤ ਤੈਨੂੰ
ਤੇਰਾ ਮਨ ਭਾਉਂਦਾ ਸੰਸਾਰ ਵਿਖਾਇਆ
ਕੁਦਰਤ ਦੇ ਹਰਿਆਉਲੇ ਪਿੰਡੇ
ਤੂੰ ਅੱਗ ਦਾ ਜੰਗਲ ਉੱਗਾਇਆ
ਤੈਨੂੰ ਕੀ ਕੁਦਰਤ ਨੇ ਦਿੱਤਾ
ਤੂੰ ਕੁਦਰਤ ਨੂੰ ਕੀ ਪਰਤਾਇਆ
-0-
ਤੇਰੇ ਵਿਸਥਾਰ ਦੀਆਂ ਦਿਸ਼ਾਵਾਂ
ਦਿਸਹੱਦੇ ਮੰਜ਼ਿਲਾਂ ਤੇ ਰਾਹਾਂ

ਸਭ ਕੁਦਰਤ ਦੀ ਕੁੱਖ ਚੋਂ ਜਨਮੇ
ਤੇਰੇ ਗ੍ਰੰਥ ਕਤੇਬਾਂ ਸ਼ਾਸਤਰ
ਸਭ ਕੁਦਰਤ ਦੀ ਗੋਦ 'ਚ ਪਲਰੇ
ਤੇਰੇ ਸੂਰਜ ਚੰਨਾਂ ਤਾਰਿਆਂ ਤਕ
ਅੱਪੜਨ ਦੇ ਸੁਫ਼ਨੇ
ਸਭ ਕੁਦਰਤ ਦੀ ਅੱਖ ਨੇ ਸਿਰਜੇ
-0-
ਸਾਗਰ ਦੇ ਜਲ 'ਤੇ
ਜੋ ਤੂੰ ਵਿਸ਼ਵ ਆਲ੍ਹਣੇ ਪਾਏ
ਸੰਕਲਪ ਉਨ੍ਹਾਂ ਦੇ
ਸਮੁੰਦਰੀ ਟਾਪੂ ਪ੍ਰਕਿਰਤੀ ਦੀ
ਕੁੱਖ ਦੇ ਜਾਏ
ਅਕਾਸ਼ ਛੂੰਹਦੀਆਂ ਇਮਾਰਤਾਂ ਦੇ ਕੱਦ
ਉੱਚਿਆਂ ਰੁੱਖਾਂ ਦੇ ਹਨ ਸਾਏ
ਸਭ ਕੁੱਝ ਤੂੰ ਕੁਦਰਤ ਤੋਂ ਲੀਤਾ
ਆਪਣੀ ਮਰਜੀ ਦਾ ਵਿਸ਼ਵ ਸਿਰਜ ਕੇ
ਕੁਦਰਤ ਨੂੰ ਤੂੰ ਗੰਧਲਾ ਕੀਤਾ
ਆਪਣਾ ਸੱਚ
ਜਦ ਮਾਨਵ ਅੱਖੀਆਂ ਸਾਵੇਂ ਪਾਇਆ
ਆਪਣੀ ਮਾਂ ਦਾ ਬਦਨ ਕੁਆਰਾ
ਦਾਗ਼ੀ ਨਜ਼ਰੀ ਆਇਆ
ਪਦਾਰਥਕ
ਦੁਨੀਆ ਦੇ ਰੰਗਾਂ ਵਿਚ
ਤੂੰ ਆਪਾ ਇੰਜ ਗੁਆਇਆ
ਆਪਣਾ ਸੱਚ ਤੇ ਆਪਣਾ ਆਪਾ
ਤੈਨੂੰ ਕਦੀ ਨਜ਼ਰ ਨਾ ਆਇਆ
ਦੁਨੀਆ ਦੀ ਚਮਕ ਦੇ ਪਿੱਛੇ
ਤੂੰ ਆਪਾ ਇੰਜ ਦੁੜਾਇਆ
ਸਭ ਕੁੱਝ ਤੇਰਾ ਰਹਿ ਗਿਆ ਪਿੱਛੇ
ਅੱਗਾ ਵੀ ਨਜ਼ਰ ਨਾ ਆਇਆ
-0-
ਭੁਲਿਓ ਕੱਖ ਆਲ੍ਹਣੇ ਦੇ

ਤੇ ਚੁੰਝਾਂ ਵਿਚ ਚੁੰਝਾਂ
ਲਹੂ ਦੇ ਰਿਸ਼ਤੇ ਪਾਣੀ ਹੋ ਗਏ
ਮਸਤਕ ਦਾ ਦੀਵਾ ਬੁਝਾ
ਕਦੀ ਜੜ੍ਹਾਂ ਨਾ ਚੇਤੇ ਆਈਆਂ
ਰਿਹਾ ਆਪਣੀ ਜਮਾਂ 'ਚ ਰੁੱਝਾ
ਛਾਲਾ-ਛਾਲਾ ਤੇਰੀ ਦੇਹ ਹੋਈ
ਪਾਟਾ ਵਾਂਗ ਦਿਸ਼ਾਵਾਂ
ਨਾ ਹੀ ਤੇਰੀਆਂ ਧੁੱਪਾਂ ਨਿੱਘੀਆਂ
ਨਾ ਹੀ ਠੰਡੀਆਂ ਛਾਂਵਾਂ
ਕੁਦਰਤ ਤੋਂ ਟੁੱਟ ਕੇ ਤੂੰ ਭੁੱਲਿਆ
ਆਪਣੇ ਘਰ ਦਾ ਸਿਰਨਾਵਾਂ
ਐਸਾ ਚੜ੍ਹਿਆ ਪਦਾਰਥ ਸਿੰਗੀ
ਉਡੀਕਾਂ ਵਿਚ ਮੋਈਆਂ ਮਾਵਾਂ
ਕੁਦਰਤ ਨਾਲੋਂ ਟੁੱਟ ਕੇ
ਤੂੰ ਧਾਤੂ ਪ੍ਰਕਿਰਤੀ ਸਿਰਜੀ
ਪਹਿਲਾਂ ਆਪ ਗਿਆ ਤਕਸੀਮਿਆ
ਫਿਰ ਤੂੰ ਪ੍ਰਕਿਰਤੀ ਤਕਸੀਮੀ
-0-
ਅਸਲ ਕੁਦਰਤ ਦੇ ਅਰਥਾਂ ਦੀ
ਮਨੁੱਖ ਬਦਲੀ ਤਸਵੀਰ
ਜੋ ਕੁਦਰਤ ਸੀ ਆਕਸੀਜਨ ਜਨਮਦੀ
ਕਾਰਬਨ ਦਾ ਉਹ ਧਾਰ ਗਈ ਰੂਪ ਅਖੀਰ
ਧਾਤੂ ਪ੍ਰਕਿਰਤੀ ਸਿਰਜ ਕੇ ਮਾਨਵ
ਬਦਲੀ ਪ੍ਰਕਿਰਤੀ ਦੀ ਤਾਸੀਰ
ਧਾਤੂ ਪ੍ਰਕਿਰਤੀ ਨੇ ਮਾਨਵ ਜੀਵਨ ਤੇ
ਗਹਿਰਾ ਅਸਰ ਸੀ ਪਾਇਆ
ਸ਼ੀਸ਼ਾ ਨਕਲੀ ਚਿਹਰਾ ਨਕਲੀ
ਨਕਲੀ ਰੂਪ ਬ੍ਰਹਿਮੰਡ ਵਟਾਇਆ
ਬਣਾਵਟੀਪਣ ਦੀ ਸਰਵ ਵਿਆਪਕਤਾ
ਆਦਮ ਦਾ ਸੱਚ ਜੀਉਂਦਾ ਸੂਲ਼ ਚੜ੍ਹਾਇਆ
-0-
ਮਰਦਾਂ ਔਰਤਾਂ ਆਪਣੀ ਸੁੰਦਰਤਾ ਲਈ

ਜੱਗ ਹੀ ਢੰਗ ਅਪਣਾਇਆ
ਨਕਲੀ ਚਿਹਰਿਆਂ ਦਾ ਇਕ ਜੰਗਲ
ਵਿਸ਼ਵ ਦੇ ਧੜ 'ਤੇ ਉੱਗ ਆਇਆ
-0-
ਨਕਲੀ ਲੋਕ ਤੇ ਨਕਲੀ ਦੁਨੀਆ
ਨਕਲੀ ਦੇਹ ਤੇ ਸਾਇਆ
ਨਕਲੀ ਰਹਿਣੀ ਬਹਿਣੀ ਉੱਠਣੀ
ਨਕਲੀ ਰੂਹ ਤੇ ਕਾਇਆ
ਬੰਦੇ ਦੀ ਕੋਈ ਬਾਤ ਨਾ ਪੁੱਛਦਾ
ਪਦਾਰਥ ਰੂਪ ਕਰਤਾਰੀ
ਅਸਲ ਨਾ ਕੋਈ ਖਾਲਿਸ ਨਾ ਕੋਈ
ਦੁਨੀਆ ਬਸ ਦੁਨੀਆਦਾਰੀ
ਆਪਣਾ ਆਪਣਾ ਸੌਦਾ
ਹਰ ਕੋਈ ਵੇਚ ਰਿਹਾ ਹੈ
ਦੂਜੇ ਦੇ ਹੱਡ ਬਾਲ਼ ਕੇ ਆਪਾ ਸੇਕ ਰਿਹਾ ਹੈ
-0-
ਇਸ ਦੁਨੀਆ ਵਿਚ ਮਰ-ਮਰ ਜੀਣਾ
ਜੀਅ ਜੀਅ ਮਰਨਾ
ਆਪਣਾ ਸਿਵਾ ਹੀ ਸੇਕਣ ਤੋਂ ਬਿਨ੍ਹਾਂ
ਕੀ ਹੈ ਕਰਨਾ
ਉਸ ਨੂੰ ਦੁਨੀਆ ਸੂਲ਼ੀ ਟੰਗਦੀ
ਜਿਸ ਦੁਨੀਆ ਦੀ ਰਜ਼ਾ ਵਿਚ ਨਹੀਂ ਰਹਿਣਾ
ਆਪਣੇ ਰੁੱਖ ਦੀ ਛਾਂ ਲਈ
ਸੂਰਜ ਦੀ ਗੋਦੀ ਬਹਿਣਾ
ਜੇ ਕਿਸੇ ਦੇ ਚਾਨਣ ਹੇਠਾਂ ਬਹਿ ਕੇ
ਆਪਾ ਤੱਕਣਾ ਪੈਣਾ
ਫਿਰ ਕਿਸੇ ਨੇ
ਇਸ ਦੁਨੀਆ ਵਿਚ ਰਹਿ ਕੇ ਕੀ ਹੈ ਲੈਣਾ
-0-
ਇੱਥੇ ਹੀ ਬਸ ਨਹੀਂ
ਪਦਾਰਥਕ ਵਿਕਾਸ ਅਧੀਨ ਮਨੁੱਖ ਨੇ
ਸਰੀਰਕ ਕੁਦਰਤੀ ਅੰਗਾਂ ਦਾ ਕੀਤਾ ਨਿਰਮਾਣ

ਰੋਬਾਟ ਸਿਰਜਿਆ ਮਾਨਵ
ਆਪਣੇ ਰੂਪ ਸਮਾਨ
ਮਨੁੱਖ ਦੀ ਇਸ ਪ੍ਰਾਪਤੀ ਨੇ
ਮਾਨਵਤਾ ਦਾ ਬਦਲਿਆ ਰੂਪ ਅਕਾਰ
ਮਨੁੱਖ ਨੇ ਨਕਲੀ ਅੰਗਾਂ ਦਾ
ਅਸਲੀ ਅੰਗਾਂ ਦੀ ਥਾਂ
ਕੀਤਾ ਕਰਨਾ ਕਾਰੋਬਾਰ
ਪਦਾਰਥਕ ਵਿਕਾਸ ਸੀ ਪਹਿਲਾਂ ਜਿੱਥੇ
ਮਨੁੱਖੀ ਵਿਚਰਨ ਧਰਾਤਲ ਦਾ ਬਾਰੂਨੀ ਸਰੋਕਾਰ
ਇਨ੍ਹਾਂ ਨਕਲੀ ਅੰਗਾਂ ਦੀ ਵਰਤੋਂ ਕਰਕੇ
ਮਨੁੱਖੀ ਅੰਦਰੂਨੀ ਕਾਰਜ ਪ੍ਰਣਾਲੀ ਦਾ
ਪਦਾਰਥ ਬਣਿਆ ਅੰਗੀਕਾਰ
ਮਨੁੱਖ ਤੇ ਮਨੁੱਖਤਾ ਜੀਵਨ ਵਿਚ
ਬਣਾਵਟੀਪਣ ਦੀ ਹੋਈ ਭਰਮਾਰ
ਪਦਾਰਥ ਅੰਦਰ ਪਦਾਰਥ ਬਾਹਰ
ਪਦਾਰਥ ਮਨੁੱਖ ਪਦਾਰਥ ਸੰਸਾਰ
-0-
ਮਨੁੱਖ ਪਿਆਰ ਮੁਹੱਬਤ
ਸਾਂਝੀਵਾਲਤਾ ਰਿਸ਼ਤੇਨਾਤੇ
ਸਰਬਤ ਭਲੇ ਤੋਂ ਹੋਇਆ ਸੱਖਣਾ
ਪ੍ਰਾਈਵੇਸੀ ਦੀ ਪਦਾਰਥ ਦਿੱਤੀ
ਮਨੁੱਖ ਨੂੰ ਦਖਸ਼ਣਾ
ਇੱਕ ਛੱਤ ਹੇਠਾਂ
ਇਕ ਕਮਰੇ ਵਿਚ ਰਹਿੰਦਾ
ਮਨੁੱਖ ਤੋਂ ਹੋਇਆ
ਮਨੁੱਖ ਪਰਾਇਆ
ਹਰ ਇਕ ਘਰ ਨੇ
ਦੀਵਾਰਾਂ ਦਾ ਰੂਪ ਵਟਾਇਆ
ਕਮਰੇ ਵਿਚ ਰਹਿੰਦਾ ਬੰਦਾ
ਬਸ ਕਮਰਾ ਹੀ ਹੋਇਆ
ਘਰ ਤੇ ਵਿਹੜੇ ਤੋਂ ਟੁੱਟਾ ਮਾਨਵ
ਇਕੱਲਤਾ ਵਿਚ ਮੋਇਆ

-0-
ਮਨੁੱਖ ਰਸੋਈ ਘਰਾਂ ਨੇ
Restaurant ਦਾ ਰੂਪ ਵਟਾਇਆ
ਘਰਾਂ ਦੇ ਬੈਡਰੂਮਾਂ ਨੇ
ਹੋਟਲਾਂ ਦੇ ਵਿਚ ਡੇਰਾ ਲਾਇਆ
ਮਾਂ ਦੀ ਮਮਤਾ
ਬੇਬੀਸਿਟਰ 'ਚ ਬਦਲੀ
ਜ਼ਿੰਦਗੀ ਜ਼ਿੰਦਗੀ ਚੋਂ
ਬਿਨ੍ਹਾਂ ਪਰਾਂ ਦੇ ਉੱਡ ਗਈ
ਲਹੂ ਮਾਸ ਦੇ ਮਨੁੱਖ ਦੀ ਗਾਥਾ
ਪਦਾਰਥ ਤੇ ਆ ਕੇ ਮੁਕ ਗਈ
ਐਸੀ ਜ਼ਿੰਦਗੀ ਜੀਅ ਕੇ
ਕਿਸੇ ਨੇ ਕੀ ਲੈਣਾ ਹੈ
ਇਸ ਦੁਨੀਆ ਵਿਚ ਕਿਸੇ ਨੇ ਕੀ ਰਹਿਣਾ ਹੈ
ਜਿਸ ਦੀ ਛਾਂ ਨੇ ਪਿੰਡਾ ਲੂਹਣਾ
ਉਸ ਰੁੱਖ ਹੇਠਾਂ ਕਿਸੇ ਨੇ ਕੀ ਬਹਿਣਾ ਹੈ
-0-
ਮਨੁੱਖ ਨੇ
ਆਪਣੇ ਕਦ ਤੋਂ ਉੱਚਿਆਂ ਆਲ੍ਹਣਿਆਂ ਦਾ
ਕਰ ਨਿਰਮਾਣ ਲਿਆ
ਆਪਣੇ ਦੁਆਲੇ ਸੀਮਿੰਟ ਸਰੀਏ ਪੱਥਰ ਦਾ
ਕਿਲ੍ਹਾ ਉਸਾਰ ਲਿਆ
ਲਹੂ ਮਾਸ ਦੀ ਕਿਸ਼ਤੀ ਨੂੰ
ਪਦਾਰਥਕ ਸਾਗਰ ਵਿਚ ਉਤਾਰ ਲਿਆ
ਸਾਗਰ ਦੇ ਪਿੰਡੇ ਕੱਚ ਦੀ ਝਾਲ਼ ਹੈ ਮਾਰੀ
ਆਪਣੀ ਪਾਲਕੀ
ਮੰਗਲ ਗ੍ਰਹਿ ਤੇ ਪੁਲਾੜਾਂ 'ਤੇ ਉਤਾਰੀ
ਹਵਾ ਦੇ ਟੁੱਕੜੇ-ਟੁੱਕੜੇ ਕਰਕੇ
ਸਾਗਰ ਖਿੱਤਿਆਂ ਵਿਚ ਧਰਕੇ
ਮੁਲਕਾਂ ਦੇ ਹੱਦਾਂ ਬੰਨਿਆਂ ਵਿਚ ਵੰਡ ਦਿੱਤਾ ਹੈ
ਕੁਦਰਤ ਦਾ ਤਕਸੀਸਿਆ ਪਿੰਡਾਂ
ਵਿਸ਼ਵ ਦੀ ਤਲ਼ੀਏ ਧਰ ਦਿੱਤਾ ਹੈ

-0-

ਮਨੁੱਖੀ ਘਰਾਂ ਦੇ ਲਿਵਿੰਗ ਰੂਮਾਂ ਵਿਚ
Aquarium ਵਿਚ ਸਮੁੰਦਰੀ ਜੀਵ
ਜੰਤੂਆਂ ਦਾ ਵਿਖਾਵਾ ਹੈ
ਘਰਾਂ ਦੀਆਂ ਕੰਧਾਂ 'ਤੇ ਲੱਗੇ
Wall Paper ਤੇ
ਜੰਗਲੀ ਜਾਨਵਰਾਂ ਦੇ ਝੁੰਡਾਂ ਦਾ ਪ੍ਰਗਟਾਵਾ ਹੈ
ਨਦੀਆਂ ਦਰਿਆਵਾਂ
ਪਹਾੜਾਂ ਝਰਨਿਆਂ ਚਸ਼ਮਿਆਂ ਦਾ
ਨਕਲੀ ਦਿਖਾਵਾਂ ਹੈ
ਘਰਾਂ ਦਿਆਂ Yack Yards ਨੂੰ
ਪਲਾਸਟਕ ਪ੍ਰਕਿਰਤੀ
ਨਕਲੀ ਖੂਹੀਆਂ ਤੇ Pools ਨੇ ਮਲ਼ਿਆ ਹੈ
ਕੁਦਰਤ ਦਾ ਰੂਪ ਰੰਗ
ਸਭ ਬਨਾਵਟੀਪਣ 'ਚ ਢਲਿਆ ਹੈ
ਮਨੁੱਖ ਪਦਾਰਥ ਦਾ ਬਾਵਾ ਹੈ
ਵਿਸ਼ਵ ਪਦਾਰਥ ਦਾ ਦਾਅਵਾ ਹੈ
ਪੂੰਜੀਵਾਦੀ ਮੁਨਾਫ਼ਾਖੋਰੀ ਦਾ ਵਿਸ਼ਵ ਖੇਲ ਹੈ
ਬੰਦੇ ਦਾ ਲਹੂ ਪੀਣੀ ਸੋਚ ਦੀ ਜੋ ਦੇਣ ਹੈ

-0-

ਇਸ ਨਕਲੀ ਦੁਨੀਆ ਵਿਚ
ਲਹੂ ਮਾਸ ਦਾ ਪੁਤਲਾ ਕਿੰਜ ਰਹੇਗਾ
ਆਪਣੇ ਆਪ ਨੂੰ ਮਾਰਨ ਬਿਨ ਕੀ ਕਰੇਗਾ
ਕਿਸ ਆਲ਼ੇ ਦਾ ਦੀਵਾ ਬਣ ਕੇ ਜਗੇਗਾ
ਕਿਸ ਘਰ ਦੀਆਂ ਕੰਧਾਂ ਵਿਹੜਾ
ਚੁੱਲ੍ਹਾਂ ਚੌਂਕਾ ਰੌਸ਼ਨ ਕਰੇਗਾ

-0-

ਹੇ! ਮਨਾਂ ਪਦਾਰਥਕ ਵਿਕਾਸ ਨੇ
ਸ਼ਹਿਰੀਕਰਨ ਨੂੰ ਜਨਮ ਦਿੱਤਾ ਹੈ
ਪੇਂਡੂ ਸਭਿਆਚਾਰ ਨੂੰ
ਸ਼ਹਿਰੀ ਸਭਿਆਚਾਰ 'ਚ ਬਦਲ ਦਿੱਤਾ ਹੈ

-0-

ਸ਼ਹਿਰੀ ਸਭਿਆਚਾਰ ਨੂੰ
ਬੇਸ਼ਕ ਬੰਦੇ ਨੇ ਸਵੀਕਾਰ ਕਰ ਲਿਆ
ਪਰ ਮਰਨ ਤੀਕਰਾਂ
ਪੇਂਡੂ ਸਭਿਆਚਾਰ ਨੂੰ
ਦਿਲ ਵਿਚ ਸਦਾ ਲਈ ਅਬਾਦ ਕਰ ਲਿਆ
ਅੱਥਰੂ ਵਾਂਗ ਆਪਣੀ ਅੱਖ ਵਿਚ ਪਾ ਲਿਆ
ਮੱਥੇ ਵਿਚ ਇਸਦਾ
ਦੀਵਾ ਜਗਾ ਲਿਆ
ਮਾਨਵ ਪੇਂਡੂ ਸਭਿਆਚਾਰ ਨੂੰ
ਅੱਜ ਤਕ ਭੁਲਾ ਨਹੀਂ ਸਕਿਆ
ਮਨ ਵਿਚ ਇਸ ਦੀ ਜਗਦੀ ਜੋਤ
ਬੁਝਾ ਨਹੀਂ ਸਕਿਆ
-0-
ਮਹਾਂ ਨਗਰਾਂ ਵਿਚ ਵਸਦਾ ਮਾਨਵ
ਜੀਵਨ ਸੁੱਖਾਂ ਦੀ
ਹਰ ਸਹੂਲਤ ਚੱਖਦਾ ਮਾਨਵ
ਸਮਾਜਕ ਆਰਥਕ
ਨਿੱਜੀ ਤੇ ਪ੍ਰਵਾਰਕ ਸੁਰਖਸ਼ਾ ਰੱਖਦਾ ਮਾਨਵ
ਸੁੱਖ ਦੀ ਨੀਂਦਰ
ਮਨ ਦਾ ਚੈਨ ਗੁਵਾ ਬੈਠਾ ਹੈ
ਝਿਲਮਿਲ ਕਰਦੀ ਨਗਰੀ ਵਿਚ
ਅਲੋਪ ਹੋਈ ਸਭਿਅਤਾ ਦਾ ਝੋਰਾ
ਦਿਲ ਆਪਣੇ ਨੂੰ ਲਾਅ ਬੈਠਾ ਹੈ
ਆਪਣਾ ਵਿਸਥਾਰ ਸਿਰਜਦੇ ਸਿਰਜਦੇ
ਆਪਣਾ ਆਪ ਗੁਆ ਬੈਠਾ ਹੈ
-0-
ਅਜੋਕਾ ਮਾਨਵ
ਮਨ ਦਾ ਚੈਨ
ਸੁਖ ਦੀ ਨੀਂਦਰ ਪਾਵਣ ਲਈ
ਆਪਣੇ ਆਪ ਦਾ ਹੋ ਜਾਵਣ ਲਈ
ਆਪਣਾ ਵਕਤ
ਦਿਹਾਤੀ ਫਾਰਮ ਘਰਾਂ ਦੇ ਵਿਚ

ਗੁਜ਼ਾਰਦਾ ਹੈ
ਆਪਣਾ ਆਪਾ
ਸ਼ੀਸ਼ੇ ਦੀ ਨਗਰੀ ਚੋਂ ਮੰਨਫੀ ਕਰਕੇ
ਤੂਤਾਂ ਵਾਲੇ ਖੂਹ ਦੀ ਨੀਂਦਰ ਭਾਲ਼ਦਾ ਹੈ
ਸ਼ੀਸ਼ੇ ਦੀ ਆਪਣੀ ਦੇਹ ਨੂੰ
ਮਿੱਟੀ ਵਿਚ ਉਤਾਰਦਾ ਹੈ
ਕੱਚੇ ਘਰਾਂ ਦਾ ਨਿੱਘ ਮਾਣਨ ਲਈ
ਆਪਣੇ ਵਰਤਮਾਨ ਦੇ ਮੱਥੇ
ਭੂਤ ਦਾ ਦੀਵਾ ਬਾਲ਼ਦਾ ਹੈ
ਆਪਣੇ ਆਪ 'ਚ ਉਤਰਦਾ ਹੈ
ਆਪਣਾ ਆਪ ਪਹਿਚਾਣਦਾ ਹੈ
ਕੁੱਝ ਪਲ ਸ਼ੀਸ਼ੇ ਦੀ ਦੁਨੀਆ ਨੂੰ ਛੱਡ ਕੇ
ਜੀਵਨ ਦੇ ਰੁਝੇਵੇਂ ਤਜਕੇ
ਆਪਣੇ ਆਪ ਕੋਲ ਬਹਿੰਦਾ ਹੈ
ਆਪਣੇ ਆਪ ਨੂੰ ਸੁਣਦਾ
ਆਪਣੇ ਆਪ ਨੂੰ ਕਹਿੰਦਾ ਹੈ
ਸ਼ੋਰ 'ਚ ਬੀਤੀ ਉਮਰ ਦਾ
ਜਦ ਲੁਤਫ ਚੁੱਪ ਚੋਂ ਆਉਂਦਾ ਹੈ
ਫਿਰ ਬੰਦਾ ਚੁੱਪ ਕਰਕੇ ਚੁੱਪ 'ਚ ਬਹਿੰਦਾ ਹੈ
-0-
ਜਦ ਮਾਨਵ ਆਪਣੀ ਮਿੱਟੀ ਸੰਗ
ਕੁੱਝ ਪਲ ਰਹਿੰਦਾ ਹੈ
ਬੰਦੇ ਦਾ ਸੱਚ ਬੰਦੇ ਦੀ ਝੋਲੀ ਪੈਂਦਾ ਹੈ
ਬੰਦਾ ਬੰਦੇ ਨੂੰ ਬੰਦਾ ਨਹੀਂ ਆਤਮ ਕਹਿੰਦਾ ਹੈ
ਦੇਹ ਦੇ ਭਰਮ ਤੋਂ ਮੁਕਤ ਮਾਨਵ ਨੂੰ
ਆਪਣੇ ਚੋਂ ਮਾਨਵਤਾ
ਮਾਨਵਤਾ ਚੋਂ ਆਪਾ ਨਜ਼ਰੀ ਆਉਂਦਾ ਹੈ
ਕੁੱਝ ਪਲ ਸ਼ੀਸ਼ੇ ਦੀ ਦੁਨੀਆ ਭੁੱਲ ਕੇ
ਮਨ ਦਾ ਚੈਨ ਸੁੱਖ ਦੀ ਨੀਂਦਰ ਪਾਉਂਦਾ ਹੈ
ਇਸ ਅਵਸਥਾ ਵਿਚ ਮਾਨਵ
ਆਪਣਾ ਆਪ ਧਿਆਉਂਦਾ ਹੈ
ਆਪਣਾ ਸਿਮਰਨ ਕਰਦਾ ਹੈ

ਆਪਣਾ ਹੀ ਸੱਚ ਪਾਉਂਦਾ ਹੈ
-0-
ਪਦਾਰਥਕ ਵਿਕਾਸ ਨੇ
ਘਰੇਲੂ ਪ੍ਰਵਾਰਾਂ ਵਿਚ ਤ੍ਰੇੜਾਂ ਪਾਈਆਂ ਹਨ
ਇਹ ਤ੍ਰੇੜਾਂ
ਜ਼ਿੰਦਗੀ ਦੀ ਤੇਜ਼ ਰਫ਼ਤਾਰ ਦੀਆਂ
ਜਾਈਆਂ ਹਨ
-0-
ਪੰਛੀਆਂ ਪਾਸ
ਆਪਣੇ ਬੋਟਾਂ ਕੋਲ ਬਹਿਣ ਦਾ ਸਮਾਂ ਨਹੀਂ ਹੈ
ਬੋਟਾਂ ਦੀ ਗੱਲ ਛੱਡੋ
ਆਪਣੇ ਆਪ ਨਾਲ ਰਹਿਣ ਦਾ ਸਮਾਂ ਨਹੀਂ ਹੈ
-0-
ਵੱਡੇ ਵੱਡੇ ਘਰਾਂ ਦੀਆਂ
ਆਪ ਸਹੇੜੀਆਂ ਵੱਡੀਆਂ ਵੱਡੀਆਂ ਕਿਸ਼ਤਾਂ
ਬਦਲ ਦਿੱਤਾ ਲੋਕਾਂ ਦਾ ਜੀਵਨ
ਲਗਾ ਦਿੱਤਾ ਹੈ ਲੋਕਾਂ ਨੂੰ
ਪਦਾਰਥ ਦੀ ਚੱਕੀ ਪੀਹਵਣ
ਦਿਨ ਰਾਤ ਕੰਮ ਦੀਆਂ ਸ਼ਿਫਟਾਂ
ਘਰੇਲੂ ਔਕੜਾਂ ਸਮਾਜਕ ਕਠਿਨਾਈਆਂ
ਜੀਵਨ ਦਾ ਵਿਖਾਵਾ ਤੇ ਸਿਫ਼ਤਾਂ
ਪਦਾਰਥਕ ਪ੍ਰਾਪਤੀ ਦੀਆਂ ਬਹਿਸ਼ਤਾਂ
ਬੰਦੇ ਨੂੰ ਯੰਤਰ ਬਣਾਇਆ
ਜੀਵਨ ਮਿਆਰ ਦੇ ਸਮਾਧਾਨ ਲਈ
ਤ੍ਰਿਸ਼ਨਾ ਮੋਢੀਂ ਬੰਦਾ ਬਿਠਾਇਆ
ਮਨੁੱਖ ਪੈਸੇ ਪਿੱਛੇ ਨਸ ਰਿਹਾ ਹੈ
ਜੀਵਨ ਗਤੀ ਬਰਾਬਰੀ ਲਈ
ਧਰਤੀ ਦੀ ਥਾਂ ਅੰਬਰ ਵਿਚ ਵਸ ਰਿਹਾ ਹੈ
ਸੱਚ ਸ਼ਨਾਖਤ ਪਾਣੀ ਹੋ ਗਏ
ਪਦਾਰਥ ਦੀ ਧੂੜ 'ਚ ਖੋਹ ਗਏ
ਮਿੱਟੀ ਦੇ ਖਿਡਾਉਣੇ
ਮਾਇਆ ਤੋਂ ਉਚੇਰੇ ਹੋ ਗਏ

ਕੱਲ੍ਹ ਦੇ ਜੰਮੇ
ਅੱਜ ਦੇ ਵੱਡ ਵਡੇਰੇ ਹੋ ਗਏ
ਤੇਰੇ ਹੋਏ ਨਾ ਆਪਣੇ ਰਹੇ
ਮੈਂ ਦੇ ਚਾਰ ਚੁਫੇਰੇ ਹੋ ਗਏ
-0-
ਘਰ ਪਰਿਵਾਰ ਦੇ ਹੁੰਦਿਆਂ ਸੁੰਦਿਆਂ
ਬੰਦੇ ਅਜਨਬੀ ਬਣ ਕੇ ਰਹਿ ਗਏ
ਆਪਣੀ ਆਪਣੀ ਪ੍ਰਾਈਵੇਸੀ 'ਚ
ਜਿਉਂਦੇ ਮੁਰਦੇ ਹੋ ਕੇ ਰਹਿ ਗਏ
ਅਜ਼ਬ ਸੰਤਾਪ
ਹੰਢਾਅ ਰਿਹਾ ਹੈ ਮਨੁੱਖ
ਰੁੱਖਾਂ ਤੋਂ ਛਾਂ ਵੱਖਰੀ ਹੈ
ਛਾਂ ਤੋਂ ਵੱਖਰੇ ਨੇ ਜਿਉਂ ਰੁੱਖ
ਘਰੇਲੂ ਚਿਹਰਾ ਤਿੜਕ ਗਿਆ ਹੈ
ਬੱਕਰੀ ਤੋਂ ਲੇਲਾ ਵਿਛੜ ਗਿਆ ਹੈ
ਲੋਕੀਂ ਆਪਣੇ ਮਾਂ ਬਾਪ ਦਾ
ਰੱਤੀ ਖ਼ਿਆਲ ਨਹੀਂ ਰੱਖਦੇ
ਆਪਣੇ ਸੁੱਖ ਲਈ
ਅੱਬੂ ਅੰਮੀ ਨੂੰ
ਤੱਤੀਆਂ ਤਵੀਆਂ 'ਤੇ ਹਨ ਧਰਦੇ
-0-
ਕੱਚ ਦੀ ਇਸ ਪੁਰੀ ਵਿਚ
ਸੋਨੇ ਦੀਆਂ ਇੱਟਾਂ ਹੇਠਾਂ ਆਏ ਲੋਕ
ਇਕ ਦੂਜੇ ਦੀ ਕੁੱਖ ਚੋਂ ਜਨਮੇ
ਇਕ ਦੂਜੇ ਲਈ ਪਰਾਏ ਲੋਕ
ਘਰ ਦੀ Basement ਵਿਚ ਰਹਿੰਦੇ
ਮਾਂ ਬਾਪ ਤੋਂ
ਕਿਰਾਇਆ ਰਹੇ ਵਸੂਲ
ਕਰੋੜਪਤੀ ਲੋਕਾਂ ਦਾ ਮਾਇਆ ਧਰਮ ਦਸਤੂਰ
ਆਪਣੇ ਆਪ ਨੂੰ ਰਾਜੇ ਕਹਿੰਦੇ
ਮਾਂ ਬਾਪ ਦੀ ਪੈਨਸ਼ਨ ਦਾ
ਪਾਈ ਪਾਈ ਹਿਸਾਬ ਨੇ ਲੈਂਦੇ

ਪਦਾਰਥ ਨੇ ਮਨੁੱਖੀ ਸੋਚ
ਮਾਇਆ ਧਾਰੀ ਕਰ ਦਿੱਤੀ ਹੈ
ਮਾਇਆ ਦੀ ਮਾਲਾ ਹੱਥ ਫੜਾ ਕੇ
ਸਿਮਰਨ ਲਈ
ਜੀਭਾ 'ਤੇ ਮਾਇਆ ਧਰ ਦਿੱਤੀ ਹੈ
ਇਸ ਮੋਮਜਾਮੇ ਦੀ ਨਗਰੀ ਵਿਚ
ਬਿਰਧ ਘਰਾਂ ਦੀ ਮੰਗ ਦਾ ਹੜ੍ਹ ਆਇਆ ਹੈ
ਮਾਂ ਬਾਪ ਸੰਗ ਬੱਚਿਆ ਨੇ
ਆਪਣਾ ਸਾਕ ਮੁਕਾਇਆ ਹੈ
ਬਿਰਧ ਘਰਾਂ ਵਿਚ ਅੱਬੂ ਅੰਮੀਂ
ਵਕਤੋਂ ਪਹਿਲਾ ਤੁਰ ਜਾਂਦੇ ਹਨ
ਪੋਤੀ ਪੋਤਿਆਂ ਲਈ ਤਰਸਦੇ
ਘਰ ਦਾ ਨਿੱਘ ਲੱਭਦੇ ਲੱਭਦੇ
ਖੰਡ ਦੇ ਖਿਡਾਉਣੇ ਭੁਰ ਜਾਂਦੇ ਹਨ
-0-
ਭੂਤ 'ਚ ਬੰਦਾ ਵਰਤਮਾਨ ਜਿਉਂਦਾ ਸੀ
ਅਜੋਕਾ ਬੰਦਾ ਵਰਤਮਾਨ 'ਚ ਮਰਦਾ ਹੈ
ਕੁਦਰਤੀ ਮੌਤ ਨਹੀਂ ਕਿਸੇ ਨੂੰ ਆਉਂਦੀ
ਇਤਫ਼ਾਕੀਆ ਹੀ
ਜੀਵਨ ਦਾ ਦੀਵਾ ਬੁਝਦਾ ਹੈ
-0-
ਇਸ ਨਗਰੀ ਵਿਚ ਕੌਣ ਰਹੇਗਾ
ਬੰਦਾ ਆਪਾ ਕਿਸ ਥਾਂ ਧਰੇਗਾ
ਜਿਉਣ ਲਈ ਕੋਈ ਥਾਂ ਨਹੀਂ ਇੱਥੇ
ਮਰਨ ਲਈ ਕੋਈ ਹਾਂ ਨਹੀਂ ਇੱਥੇ
ਨਾ ਇਹ ਦੁਨੀਆ ਜਿਉਣ ਹੀ ਦਿੰਦੀ
ਨਾ ਇਹ ਦੁਨੀਆ ਮਰਨ ਹੀ ਦਿੰਦੀ
ਆਪਣੀ ਮਰਜ਼ੀ ਦਾ ਚਾਹੁੰਦੀ ਹੈ
ਮਰਜੀ ਨੂੰ ਮਰਜੀ ਕਰਨ ਨਹੀਂ ਦਿੰਦੀ
ਬਿਰਧਾਂ ਦੀ ਸਮੱਸਿਆ
ਹੁਣ ਇੰਨ੍ਹੀ ਵਧ ਗਈ ਹੈ
ਇਹ ਅੱਗ ਹੁਣ

ਘਰ ਘਰ ਦੇ ਵਿਚ ਮੱਚ ਗਈ ਹੈ
ਸਰਕਾਰ
ਲੋਕ ਅਪੀਲਾਂ ਵਿਚ ਲੱਗ ਗਈ ਹੈ
ਜੋ ਲੋਕ ਮਾਂ-ਬਾਪ ਰਹਿਤ ਹਨ
ਉਹ ਬਿਰਧਾਂ ਨੂੰ ਗੋਦ ਲੈਣ ਦੇ ਕਰਨ ਉਪਰਾਲੇ
ਇਹੀ ਇਸ ਸਮੱਸਿਆ ਦਾ ਹੱਲ ਹੈ
ਸਰਕਾਰ ਇਹੀ ਲੋਕਾਂ ਨੂੰ ਆਖੇ
ਪਦਾਰਥਕ ਵਿਕਾਸ ਨੇ
ਮਨੁੱਖ ਨੂੰ ਹੰਕਾਰੀ ਬਣਾਇਆ
ਧਰਤੀ 'ਤੇ ਜਿਸ ਜੀਣਾ ਨਹੀਂ ਸਿੱਖਿਆ
ਅੰਬਰ 'ਤੇ ਬਿਠਾਇਆ
ਵਸਤੂ ਉਪਲਭਦੀਆਂ
ਬੜੀਆਂ ਸ਼ਕਤੀਸ਼ਾਲੀ ਹਨ
ਜਿਨ੍ਹਾਂ ਮਨੁੱਖਾਂ ਨੂੰ ਹੋਣ ਪ੍ਰਾਪਤ
ਉਹੀ ਦੁਨੀਆ ਦੇ ਵਾਲ਼ੀ ਹਨ
ਇਨ੍ਹਾਂ ਪ੍ਰਾਪਤੀਆਂ ਕਾਰਨ
ਤਾਕਤ ਦੇ ਨਸ਼ੇ 'ਚ ਮਾਨਵ
ਆਪਣਾ ਸੰਤੁਲਨ ਹੈ ਖੋਇਆ
ਜ਼ੁਬਾਨ ਦੀ ਭਾਸ਼ਾ ਭੁੱਲ ਗਿਆ
ਬਣ ਹਥਿਆਰ ਖਲੋਇਆ
ਸੋਚਦਾ ਹੈ
ਉਹ ਹੈ ਤਾਂ ਦੁਨੀਆ ਦੀ ਹੋਂਦ ਹੈ
ਉਹ ਨਹੀਂ ਤਾਂ ਕੁੱਝ ਵੀ ਨਹੀਂ ਹੈ
ਉਹ ਦੁਨੀਆ ਦਾ ਮਾਲਿਕ ਹੈ
ਦੁਨੀਆ ਉਸ ਬਿਨ ਤੁਛ ਵੀ ਨਹੀਂ ਹੈ
-0-
ਮਨੁੱਖੀ ਜ਼ਿੰਦਗੀ
ਜੀਵਨ ਦੀ ਤੇਜ਼ ਗਤੀ ਦੇ ਕਾਰਨ
Stress ਦੀ ਸ਼ਿਕਾਰ ਹੈ
ਮਾਨਵ ਆਪਣੀ ਤ੍ਰਿਸ਼ਨਾ ਪਿੱਛੇ
ਭੱਜਣ ਦਾ ਬੀਮਾਰ ਹੈ
ਜਿਸ ਕਾਰਨ

ਜੀਵਨ ਦੀ ਦੌੜ ਦੇ ਹਾਣ ਦਾ ਰਹਿਣ ਲਈ
Drug ਦਾ ਇਸਤੇਮਾਲ ਹੈ ਕਰਦਾ
ਜੀਵਨ Stress ਤੋਂ ਮੁਕਤ ਹੋਣ ਲਈ
ਨਸ਼ਿਆਂ ਦਾ ਪਾਣੀ ਹੈ ਭਰਦਾ
ਨਸ਼ੇ ਦਾ ਆਦੀ ਹੋਇਆ ਮਾਨਵ
ਕਈ ਜਾਨਲੇਵਾ ਬੀਮਾਰੀਆਂ ਦਾ
ਬਣਦਾ ਹੈ ਭਾਗੀਦਾਰ
ਤੰਮਾਕੂ ਦੀ ਵਰਤੋਂ
ਜੀਵਨ Stress ਦਾ ਹੈ ਮੂਲ ਅਧਾਰ
Heart Attacks
ਅਤੇ ਹੋਰ ਕਈ ਜਿਸਮਾਨੀ ਤਕਲੀਫਾਂ ਦਾ
ਮਨੁੱਖ ਸਹਿੰਦਾ ਹੈ ਵਾਰ
-0-
ਇਸ ਸਭ
ਪਦਾਰਥਕ ਪ੍ਰਾਪਤੀਆਂ ਦੀ
ਤ੍ਰਿਸ਼ਨਾ ਕਾਰਨ ਘੱਟਦਾ ਹੈ
ਇਨ੍ਹਾਂ ਪ੍ਰਾਪਤੀਆਂ ਨੂੰ ਹਾਸਲ ਕਰਨਾ
ਮਨੁੱਖ ਨੂੰ ਜੀਵਨ ਪ੍ਰਯੋਜਨ ਲੱਗਦਾ ਹੈ
ਪਦਾਰਥਕ ਵਿਸ਼ਵ ਦੀ ਇਹ ਸੋਚ ਹੈ
ਜਿਸਨੇ
ਮਨੁੱਖ ਵਿਚਲਾ ਮਨੁੱਖ ਮੁਕਾਇਆ ਹੈ
ਲਹੂ ਮਾਸ ਦਾ ਪੁਤਲਾ ਮਾਰ ਕੇ
ਮਨੁੱਖ ਨੂੰ ਔਜਾਰ ਬਣਾਇਆ ਹੈ
ਇਸ ਵਿਸ਼ਵ ਵਿਚ ਇਸ ਮਾਹੌਲ 'ਚ
ਕਿੰਜ ਕੋਈ ਜਿਉਂਦਾ ਰਹਿ ਸਕਦਾ ਹੈ
ਪਦਾਰਥ ਦੇ ਰੁੱਖ ਹੇਠਾਂ
ਕੋਈ ਕਿੰਨ੍ਹਾ ਚਿਰ ਬਹਿ ਸਕਦਾ ਹੈ
-0-
ਪਦਾਰਥਕ ਵਿਕਾਸ ਨੇ
ਭਰਿਸ਼ਟਾਚਾਰ ਤੇ ਰਿਸ਼ਵਤਖੋਰੀ ਨੂੰ ਵਧਾਇਆ ਹੈ
ਮਨੁੱਖੀ ਕਿਰਦਾਰ ਤੇ ਨੈਤਿਕਤਾ ਨੂੰ
ਜੜ੍ਹ ਤੋਂ ਪੁੱਟ ਮੁਕਾਇਆ ਹੈ

ਪਦਾਰਥ ਵਿਕਾਸ ਦੀਆਂ ਸਿੱਧੀਆਂ
ਇੰਨ੍ਹੀਆਂ ਸੁੰਦਰ ਤੇ ਸੁਖਦਾਇਕ ਹਨ
ਹਰ ਸ਼ਖ਼ਸ ਹੀ
ਇਨ੍ਹਾਂ ਦਾ ਤ੍ਰਿਹਾਇਆ ਹੈ
ਹਰ ਕਿਸੇ ਨੇ ਆਪਣਾ ਜੀਵਨ
ਇਨ੍ਹਾਂ ਦੇ ਲੇਖੇ ਲਾਇਆ ਹੈ
ਆਪਣੀ ਚਾਦਰ ਤੋਂ ਬਾਹਰ ਵੀ ਬੰਦਾ
ਇਨ੍ਹਾਂ ਦੇ ਲਾਲਚ 'ਚ ਪੈਰ ਪਸਾਰਦਾ ਹੈ
ਆਪਣੀ ਇੱਛਾ ਪ੍ਰਾਪਤੀ ਖ਼ਾਤਿਰ
ਹਰ ਇਕ ਰਾਹ ਸਵੀਕਾਰਦਾ ਹੈ
ਉਹ ਰਾਹ ਚਾਹੇ
ਭਰਿਸ਼ਟਾਚਾਰ ਰਿਸ਼ਵਤਖੋਰੀ ਦਾ ਹੀ ਹੋਵੇ
ਉਸ ਰਾਹ ਨੂੰ ਆਪਣੀ ਮੰਜ਼ਿਲ ਧਾਰਦਾ ਹੈ
-0-
ਮਿਸਾਲ ਦੇ ਤੌਰ 'ਤੇ ਸਾਇਕਲ ਵਾਲਾ
ਕਾਰ ਦੇ ਪਿੱਛੇ ਨੱਸ ਰਿਹਾ ਹੈ
ਕਾਰ ਵਾਲਾ
ਜ਼ਹਾਜ ਪ੍ਰਾਪਤੀ ਦਾ ਪੈਂਡਾ ਕੱਛ ਰਿਹਾ ਹੈ
ਆਪਣੀ ਪ੍ਰਾਪਤੀ ਦੇ ਚੱਕਰ ਵਿਚ
ਹਰ ਕੋਈ ਹੀ ਧਸ ਰਿਹਾ ਹੈ
ਦੁਨੀਆ ਦਾ ਮੂੰਹ ਰੱਖਣ ਲਈ
ਆਪਣੇ ਆਪ ਨੂੰ ਤਿਆਗੀ ਦੱਸ ਰਿਹਾ ਹੈ
ਮਨੁੱਖ ਆਪਣੀ
ਇੱਛਾ ਸਿੱਧੀ ਵਿਚ ਇੰਨ੍ਹਾ ਮਗਨ ਹੈ
ਉਸ ਨੂੰ ਭਰਿਸ਼ਟਾਚਾਰੀ ਨਾ
ਰਿਸ਼ਵਤਾਖੋਰੀ ਦੀ ਚਿੰਤਾ ਨਾ ਕੋਈ ਡਰ ਹੈ
ਬਸ ਇੱਛਾ ਸਿੱਧੀ ਉਸ ਦਾ ਧਰਮ ਹੈ
-0-
ਪਦਾਰਥਕ ਵਿਕਾਸ ਨੇ
ਮਨੁੱਖ ਵਿਚ ਇਕੱਲਤਾ ਜਨਮੀ
ਪੂੰਜੀਵਾਦ ਨੂੰ ਸ਼ਕਤੀ ਬਖ਼ਸ਼ੀ
ਮਾਨਵ ਵਿਚ ਨਿਰਬਲਤਾ ਭਰਤੀ

ਆਪਣੇ ਆਪ ਤੋਂ ਟੁੱਟ ਕੇ ਮਾਨਵ
ਨਿਆਸਰਤਾ ਦਾ ਸ਼ਿਕਾਰ ਹੋ ਗਿਆ
ਚੁੱਪ ਇਕੱਲਤਾ ਦਾ ਬੀਮਾਰ ਹੋ ਗਿਆ
ਨਿਆਸਰਤਾ
ਮਨੁੱਖੀ ਦੇਹ ਤੇ ਮਾਨਸਿਕਤਾ
ਵਿਚ ਘਰ ਕਰ ਗਈ ਹੈ
ਚੁੱਪ ਉਦਾਸੀ ਤੇ ਭਟਕਣ
ਮਨੁੱਖੀ ਸੋਚ ਵਿਚ ਧਰ ਗਈ ਹੈ
-0-
ਮਨੁੱਖ ਪ੍ਰਵਾਰ ਭੈਣ ਭਰਾਵਾਂ
ਘਰ ਵਿਚ ਰਹਿੰਦਾ
ਯਾਰਾਂ ਮਿੱਤਰਾਂ ਦੀਆਂ ਮਹਿਫਲਾਂ
ਵਿਚ ਉੱਠਦਾ ਬਹਿੰਦਾ
ਆਪਣੇ ਆਪ ਨੂੰ ਇਕੱਲਾ
ਮਹਿਸੂਸ ਹੈ ਕਰਦਾ
ਇਕੱਲਤਾ ਦਾ ਪਿੰਡਾ ਹੈ ਤਰਦਾ
-0-
ਮਨੁੱਖ ਚੋਂ ਮਨੁੱਖ ਨੁਚੜ ਗਿਆ ਹੈ
ਦਾਇਰਿਆਂ ਤੋਂ
ਬਿੰਦੂਆਂ ਵਿਚ ਸੁੰਗੜ ਗਿਆ ਹੈ
ਇਕੱਲਤਾ Western ਸਮਾਜ ਦੀ
ਆਧੁਨਿਕ ਬੀਮਾਰੀ ਹੈ
Depression
ਰੋਜ਼ਾਨਾ ਜੀਵਨ ਦੀ ਕਾਰਗੁਜ਼ਾਰੀ ਹੈ
ਪਦਾਰਥਕ ਵਿਕਾਸ ਇਸ ਦੀ ਕੁੱਖ ਹੈ
ਸਰੀਰਕ ਸੁੱਖਾਂ ਦਾ ਇਹ ਦੁੱਖ ਹੈ
ਮੈਂ ਅਜੋਕੇ Western ਵਿਸ਼ਵ 'ਚ ਰਹਿੰਦੀ ਹਾਂ
ਆਪਣੇ ਆਪ ਨੂੰ ਅੱਜ ਦੀ ਔਰਤ ਕਹਿੰਦੀ ਹਾਂ
ਚੌਂਹ ਬੱਚਿਆਂ ਦੀ ਮਾਂ ਹਾਂ
ਜਗ ਜਣਨੀ ਦੀ ਥਾਂ ਹਾਂ
ਪਰ ਮੇਰੀ ਕੋਈ ਥਾਂ ਨਹੀਂ ਹੈ
ਕੋਈ ਮੇਰਾ ਘਰ ਗਿਰਾਂ ਨਹੀਂ ਹੈ

ਆਪਣੇ ਆਪ ਤੋਂ ਅਣਜਾਣ ਹਾਂ
ਆਧੁਨਿਕ ਯੁਗ ਦੀ ਮੈਂ ਪਹਿਚਾਣ ਹਾਂ
-0-
ਕੀ ਹਾਂ ਕੌਣ ਹਾਂ ਕੁੱਝ ਨਾ ਜਾਣਾ
ਨਾ ਚਿਹਰਾ ਨਾ ਅੰਗ ਪਹਿਚਾਣਾ
ਮੈਂ ਇਕ ਔਰਤ
ਕਾਮ ਪੂਰਤੀ ਨਾਮ ਹੈ ਮੇਰਾ
ਸੁਰਖਸ਼ਤ ਨਹੀਂ ਹਾਂ
ਦੁਆਲ਼ੇ ਗਿਰਝਾਂ ਦਾ ਹੈ ਘੇਰਾ
ਮਰਦ ਨੂੰ ਮੈਂ ਆਕਰਸ਼ਤ ਲੱਗਾਂ
ਪੂਰੀ ਹੋਈ ਉਹਦੀ ਹਸਰਤ ਲੱਗਾਂ
ਬਸ ਇੰਨ੍ਹੀ ਹੀ ਅਜ਼ਾਦ ਹਾਂ ਮੈਂ
ਥਾਲ ਵਿਚ ਭਰੋਸਿਆ ਭੋਜਨ
ਮਰਦ ਲਈ ਸਵਾਦ ਹਾਂ ਮੈਂ
ਮੈਂ ਉਨ੍ਹੀ ਹੀ ਅੱਜ ਗ਼ੁਲਾਮ ਹਾਂ
ਜਿੰਨ੍ਹੀ ਸਦੀਆਂ ਪਹਿਲਾਂ ਸਾਂ
ਵੇਖਣ ਸੁਣਨ ਲਈ ਸੁਤੰਤਰ ਬੇਮੁਥਾਜ਼ ਹਾਂ ਮੈਂ
-0-
ਆਪਣੀ ਊਰਜਾ ਦੀ ਖੱਟੀ ਲਈ
ਪਹਿਲਾਂ ਆਪਣਾ ਆਪ ਪਰੋਸਦੀ ਹਾਂ
ਫਿਰ ਤਲ਼ੀ 'ਤੇ ਕੁੱਝ ਦਿੱਸੇਗਾ ਸੋਚਦੀ ਹਾਂ
ਮੈਂ ਨਾ ਆਪਣੇ ਆਪ ਦੀ ਹਾਂ
ਨਾ ਮੈਂ ਕਿਸੇ ਹੋਰ ਦੀ ਹਾਂ
ਉਹ ਹੀ ਮੈਨੂੰ ਨਿਗਲ ਗਿਆ
ਜਿਸ ਚੋਂ ਆਪਾ ਖੋਜਦੀ ਹਾਂ
ਖੋਜ ਨਾ ਮੁਕੀ ਮੁਕ ਗਈ ਮੈਂ
ਹਰੀ ਵੇਲ ਤੋਂ ਹੋ ਰੁੰਡ ਮਰੁੰਡ ਗਈ ਮੈਂ
ਮਿਲਿਆ ਨਾ ਜੋ ਮੈਂ ਸੀ ਚਾਹਿਆ
ਜੋ ਮਿਲਿਆ ਮੈਂ ਉਸ ਨੂੰ
ਉਹ ਮੈਨੂੰ ਰਾਸ ਨਾ ਆਇਆ
-0-
ਮੈਂ ਅਜੋਕੇ Western

ਵਿਸ਼ਵ 'ਚ ਰਹਿੰਦੀ ਹਾਂ
ਆਪਣੇ ਆਪ ਨੂੰ
ਅੱਜ ਦੀ ਔਰਤ ਕਹਿੰਦੀ ਹਾਂ
ਆਪਣੇ ਆਪ ਨੂੰ ਜਦ ਤੱਕਦੀ ਹਾਂ
ਮੈਨੂੰ ਮੇਰਾ ਕੁੱਝ ਨਹੀਂ ਲੱਗਦਾ
ਆਪਣੇ ਆਪ ਨੂੰ
ਅਜਨਬੀ ਜਿਹੀ ਲੱਗਦੀ ਹਾਂ
-0-
ਮਹਾਂ ਨਗਰਾਂ 'ਚ
ਮਰਦਾਨਾ ਹੁਕਰਾਂ ਦੀ ਭੀੜ ਹੈ
ਵਿਪਰੀਤ ਲਿੰਗ ਨਹੀਂ ਇਕ ਦੂਜੇ ਦੇ
ਕਾਮ ਪ੍ਰਣਾਲੀ ਵਿਚ
ਸਮਲਿੰਗ ਹੀ ਸ਼ਰੀਕ ਹੈ
ਸਮਲਿੰਗ ਦਾ ਸਮਲਿੰਗ ਸੰਗ ਸੰਭੋਗ ਹੈ
ਪਦਾਰਥਕ ਜੀਵਨ ਜਿਉਂਦੇ ਲੋਕਾਂ ਨੂੰ
ਇਹ ਮਾਨਸਿਕ ਰੋਗ ਹੈ
-0-
ਪਦਾਰਥਕ ਸੋਚ ਦੀ ਇਹ ਪ੍ਰਵਿਰਤੀ
ਮਨੁੱਖ ਨੂੰ ਮਨੁੱਖ ਚੋਂ ਜੋ ਦਿਸਦੀ ਹੈ
ਜੰਗਲ ਕਿੰਜ ਸ਼ੀਸ਼ੇ ਵਿਚ ਢਲਿਆ
ਸ਼ੀਸ਼ੇ ਦਾ ਸੱਚ ਦੱਸਦੀ ਹੈ
ਮਰਦ ਮਰਦ ਵਿਚ
ਮਰਦ ਦੀ ਸ਼ਮ੍ਹਾ ਬਾਲ਼ ਰਿਹਾ ਹੈ
ਮਰਦ ਮਰਦ ਹੰਢਾਅ ਰਿਹਾ ਹੈ
ਮਰਦ ਔਰਤ ਦਾ ਮੇਲ ਨਹੀਂ ਇਹ
ਮਰਦ
ਮਰਦ ਦੀ ਪਿਆਸ ਬੁਝਾ ਰਿਹਾ ਹੈ
ਥਲ ਨੂੰ ਥਲ ਸਿੰਜ ਰਿਹਾ ਹੈ
ਸੋਕੇ ਨੂੰ ਹਰਿਆ ਦਿਸ ਰਿਹਾ ਹੈ
ਪਦਾਰਥ
ਕੁਦਰਤੀ ਸਿਰਜਣਾ ਦੇ ਮੂੰਹ 'ਤੇ
ਕਾਲਖ ਮਲ ਰਿਹਾ ਹੈ

ਪੱਥਰ
ਪੱਥਰ ਦੇ ਪਿੰਡੇ ਚੋਂ
ਪੱਥਰ ਜਨਮ ਰਿਹਾ ਹੈ
ਪਦਾਰਥਕ ਰੋਮਾਂਸ ਦੀ ਪਰਿਭਾਸ਼ਾ
ਵਿਕਸਤ ਹੋ ਰਹੀ ਹੈ
ਆਪਣਾ ਦਾਇਰਾ ਸਿਰਜਦੀ ਸਿਰਜਦੀ
ਆਪੇ ਸਿਫਰਾਂ ਹੋ ਗਈ ਹੈ
-0-
ਇਸ ਸਿਫਰੇ ਵਿਚ ਬਿੰਦੂ ਹੋਇਆ
ਅਜੋਕਾ ਮਾਨਵ ਜੀਅ ਰਿਹਾ ਹੈ
ਮਰਦ
ਮਰਦ ਨਾਲ ਰਹਿ ਰਿਹਾ ਹੈ
ਮਰਦ
ਮਰਦ ਨੂੰ ਔਰਤ ਕਹਿ ਰਿਹਾ ਹੈ
ਕਿੰਨ੍ਹਾ ਭਰਮ ਹੈ
ਪਦਾਰਥਕ ਸੋਚ ਦ੍ਰਿਸ਼ਟੀ ਦਾ
ਕਿ ਮਾਨਵ
ਆਪਣਾ ਰੂਪ ਪਹਿਚਾਣ ਨਹੀਂ ਸਕਦਾ
ਸ਼ੀਸ਼ੇ ਚੋਂ ਚਿਹਰਾ ਤੱਕ ਰਿਹਾ ਹੈ
ਸ਼ੀਸ਼ੇ ਦਾ ਸੱਚ ਜਾਣ ਨਹੀਂ ਸਕਦਾ
ਪਦਾਰਥ ਸੋਚ ਦਾ ਮਾਰਿਆ ਬੰਦਾ
ਔਰਤ ਚੋਂ ਔਰਤ
ਬੰਦੇ ਚੋਂ ਬੰਦਾ ਪਹਿਚਾਣ ਨਹੀਂ ਸਕਦਾ
ਅਜੋਕੀ ਵਿਸ਼ਵ ਪੀੜੀ ਦੀ
ਆਪਣੀ ਸੋਚ ਹੈ
ਵਿਆਹ ਬੰਧਨ ਬਿਨ੍ਹਾਂ
ਬੱਚੇ ਜਨਮਨ ਦਾ ਪਿੱਟ ਰਹੀ ਜੋ ਢੋਲ ਹੈ
-0-
ਵਿਆਹ ਬੰਧਨ
ਵਿਸ਼ਵ ਪੀੜ੍ਹੀ ਨੂੰ ਸਵੀਕਾਰ ਨਹੀਂ ਹੈ
ਪਤਝੜ ਹੈ ਇਹ ਸੋਚਣੀ
ਗੁਲਸ਼ਨ ਰੁੱਤ ਬਹਾਰ ਨਹੀਂ ਹੈ

ਤਕਸੀਮ ਦੀ ਹੈ ਪ੍ਰਤੀਕ ਸੋਚ ਇਹ
ਇਕਾਈ ਦੀ ਤਲਬਗਾਰ ਨਹੀਂ ਹੈ
ਨੈਤਿਕਤਾ ਤੇ ਅਨੁਸ਼ਾਸ਼ਨ
ਇਸ ਸੋਚ ਦਾ ਕਿਰਦਾਰ ਨਹੀਂ ਹੈ
ਲਗਨ ਸੰਘਰਸ਼ ਤੇ ਮਿਹਨਤ ਲਈ
ਇਸ ਸੋਚ ਦਾ ਸਤਿਕਾਰ ਨਹੀਂ ਹੈ
-0-
ਲਗਨ ਸੰਘਰਸ਼ ਤੇ ਮਿਹਨਤ ਬਿਨ੍ਹਾਂ
ਸੰਭਵ ਕੋਈ ਵਿਕਾਸ ਨਹੀਂ ਹੈ
ਕਿਵੇਂ ਕੋਈ ਗਤੀ ਕਰੇਗਾ
ਗਤੀ ਲਗਨ ਦਾ
ਜਿਸ ਵਿਚ ਕੋਈ ਪ੍ਰਯਾਸ ਨਹੀਂ ਹੈ
ਲਗਨ ਸੰਘਰਸ਼ ਦੀ ਭੁੱਖ ਹੈ
ਲਗਨ ਬਿਨ੍ਹਾਂ ਕੋਈ ਆਸ ਨਹੀਂ ਹੈ
ਕੁੱਝ ਵੀ ਸੰਭਵ ਨਹੀਂ
ਜੇ ਲਗਨ ਸੰਘਰਸ਼ ਮਾਨਵ ਦੇ ਪਾਸ ਨਹੀਂ ਹੈ
ਸੰਘਰਸ਼ ਬਿਨ੍ਹਾਂ
ਜੀਵਨ ਦੀ ਕੋਈ ਰਾਸ ਨਹੀਂ ਹੈ
ਰਾਸ ਬਿਨ੍ਹਾਂ ਜੀਵਨ ਵਿਚ ਜੀਵਨ ਦਾ ਵਾਸ ਨਹੀਂ ਹੈ
ਇਹ ਰਾਸ ਹੀ ਜੀਵਨ ਦੀ ਨਿਰੰਤਰਤਾ ਹੈ
ਇਸ ਬਿਨ ਤਾਂ ਕੁੱਝ ਵੀ ਨਹੀਂ
ਨਾ ਸੁਰਖਸ਼ਾ ਨਾ ਸੁਤੰਤਰਤਾ ਹੈ
ਮਨੁੱਖਤਾ ਲਈ ਵਿਸ਼ਵ ਸਿਰਜਣ ਦੀ
ਇਹੀ ਵਿਧੀ ਹੈ ਮੂਲ ਅਧਾਰ
ਇਸ ਬਿਨ ਕੁਝ ਵੀ ਨਹੀਂ
ਨਾ ਬੰਦਾ ਨਾ ਸੰਸਾਰ
-0-
ਸੁਤੰਤਰਤਾ ਦੇ ਅਰਥ ਦਾ
ਨਵੀਂ ਪੀੜ੍ਹੀ ਨੂੰ ਅਹਿਸਾਸ ਨਹੀਂ ਹੈ
ਆਪਣੇ ਪੈਰਾਂ 'ਤੇ ਖੜਣ ਦੀ ਜਾਚ
ਨਹੀਂ ਵਿਸ਼ਵਾਸ ਨਹੀਂ ਹੈ
ਪਲਾਇਨਵਾਦ

ਇਸ ਪੀੜ੍ਹੀ ਲਈ ਸੁਤੰਤਰਤਾ ਦਾ ਹੈ ਪ੍ਰਤੀਕ
ਬਿਨ ਕੁੱਝ ਕੀਤੇ ਰਾਤੋਂ ਰਾਤ ਹੀ ਅਮੀਰ ਹੋਣ ਦੀ
ਇਸ ਪੀੜ੍ਹੀ ਦੀ ਹੈ ਆਸ ਉਮੀਦ
ਬਿਨਾਂ ਦਰਪਣ ਤੋਂ ਇਹ ਪੀੜ੍ਹੀ
ਆਪਣੇ ਚਿਹਰੇ ਦੀ ਚਾਹੁੰਦੀ ਹੈ ਦੀਦ
ਜਿਸਦੀ ਖ਼ਾਤਿਰ ਇਹ ਪੀੜੀ
ਕੁੱਝ ਵੀ ਕਰ ਹੈ ਸਕਦੀ
ਸੱਤਾ ਪ੍ਰਾਪਤੀ ਦੇ ਲਾਲਚ 'ਚ
ਅਪਰਾਧੀ ਰਾਹ 'ਤੇ ਚੱਲ ਹੈ ਸਕਦੀ
-0-
ਕਿਉਂਕਿ
ਇਸਦੀ ਸੋਚ ਦੀ ਪਿੱਠ ਭੂਮੀ ਵਿਚ
ਮਾਨਵਤਾ ਨਹੀਂ ਪਦਾਰਥ ਹੈ
ਲਹੂ ਮਾਸ ਦੇ ਰਿਸ਼ਤੇ ਨਹੀਂ ਹਨ
ਪਦਾਰਥ ਦੀ ਤਜਾਰਤ ਹੈ
ਪਦਾਰਥ ਗੋਦ 'ਚ ਜੰਮੀ ਪਲ਼ੀ
ਤੇ ਹੋਈ ਹੈ ਵਿਕਸਤ
ਮਾਨਵੀ ਨਹੀਂ ਪਦਾਰਥਕ ਸੋਚ ਹੈ
ਇਸਦੀ ਫ਼ਿਤਰਤ
ਪਦਾਰਥਕ ਸੋਚ
ਨਵੀ ਪੀੜ੍ਹੀ ਦੇ ਲਹੂ 'ਚ
ਇੱਥੋਂ ਤੀਕਣ ਘੁਲ ਗਈ ਹੈ
ਇਹ ਪੀੜ੍ਹੀ
ਮਨੁੱਖ ਮਨੁੱਖਤਾ ਭੁੱਲ ਗਈ ਹੈ
ਆਪਣੇ ਤੋਂ ਬਿਨ੍ਹਾਂ
ਇਸ ਨੂੰ ਕਿਸੇ ਦੀ ਲੋੜ ਨਹੀਂ ਹੈ
ਆਪਣੇ ਤੋਂ ਬਿਨ
ਇਸਦਾ ਕੋਈ ਹੋਰ ਨਹੀਂ ਹੈ
-0-
ਭਰਿਆ ਮਾਨਵਤਾ ਦਾ ਕਟੋਰਾ
ਪਦਾਰਥ ਹੱਥੋਂ ਡੁੱਲ੍ਹ ਗਿਆ ਹੈ
ਲਹੂ 'ਚ ਪਾਣੀ ਘੁਲ ਗਿਆ ਹੈ

ਧੜ ਹੀ ਧੜ ਹਨ ਵਿਸ਼ਵ 'ਚ ਦਿੱਸਦੇ
ਧੜਾਂ ਬਿਨ੍ਹਾਂ ਕੁੱਝ ਨਜ਼ਰ ਨਾ ਆਵੇ
ਚੇਤਨਤਾ ਤੇ ਜਗਿਆਸਾ
ਕੋਈ ਕਿੱਥੋਂ ਲੱਭ ਲਿਆਵੇ
ਕਿਸ ਦਰਪਣ ਦੀ ਸਾਵੇਂ ਬੈਠੇ
ਚਿਹਰਾ ਨਜ਼ਰ ਨਾ ਆਵੇ
-0-
ਜਿੰਨ੍ਹਾ ਪ੍ਰਦੂਸ਼ਣ ਤੂੰ ਫੈਲਾਇਆ
ਨਾ ਕਿਸੇ ਫੈਲਾਇਆ ਹੋਰ
ਜ਼ਿੰਦਗੀ ਛੱਡ ਕੇ ਆਪਣਾ ਆਪਾ
ਵਸ ਗਈ ਕਬਰਾਂ ਕੋਲ
ਪਹਿਲਾਂ ਤੂੰ
ਅਕਾਸ਼ ਹਵਾ ਜਲ ਅੱਗਣ
ਧਰਤ ਗੰਧਲਾਏ
ਫਿਰ ਕੁਦਰਤ ਤੇ ਕੁਦਰਤ ਦੀ ਹਰਿਆਵਲ
ਰਾਖ ਬਣਾਏ
ਫਿਰ ਬੰਦੇ ਦੇ ਲਹੂ 'ਚ ਘੁਲਿਆ
ਪ੍ਰਦੂਸ਼ਿਤ ਕੀਤਾ ਜੀਵਨ ਦਾ ਅਹਿਸਾਸ
ਘਰ ਘਰ ਬਲ਼ਿਆ ਸਿਵਾ ਮੌਤ ਦਾ
ਜਗਤ ਹੋਇਆ ਕਬਰਾਂ ਦਾ ਵਾਸ
ਇਕ ਛੱਤ ਹੇਠਾਂ ਖੜੀਆਂ ਕੰਧਾਂ
ਹੋਈਆ ਵੱਖੋਂ ਵੱਖ
ਵੰਡੀਆਂ ਪਈਆਂ ਹਰ ਘਰ ਦੇ ਵਿਚ
ਹੋਇਆ ਮਾਸ ਨੌਹਾਂ ਤੋਂ ਅਲੱਗ
ਨੁਚੜਿਆ ਬੰਦੇ ਚੋਂ ਬੰਦਾ
ਵਿਸ਼ਵ 'ਚ ਭੁੱਜੀ ਭੰਗ
ਅੱਗ ਦਾ ਰੂਪ ਵਿਸ਼ਵ ਵਟਾਇਆ
ਅੰਬਰ ਧਾਰੀ ਚੁੱਪ
ਸਾਗਰ ਦਾ ਜਲ ਮੈਲ਼ਾ ਹੋਇਆ
ਥਲ ਹੋਇਆ ਜੰਗਲ ਦਾ ਹਰ ਰੁੱਖ
-0-
ਮਿਟਾ ਕੇ ਸੱਚ ਸੁੰਦਰਤਾ ਕਲਿਆਣ ਵਿਸ਼ਵ ਦਾ

ਮਿਟਾਈ ਪਦਾਰਥ ਆਪਣੀ ਭੁੱਖ
ਚਸ਼ਮੇ ਝਰਨੇ ਕੋਲੇ ਹੋਏ
ਅੱਗਾਂ ਜਨਮਦੀ ਧਰਤੀ ਦੀ ਕੁੱਖ
ਗਲੀ ਗਲੀ ਵਿਚ ਸ਼ੋਰ ਸਮੇਂ ਦਾ
ਪਰ ਲਾ ਉੱਡ ਗਏ ਜੀਵਨ ਦੇ ਸੁੱਖ
ਨਾ ਲੋਕਾਂ ਲਈ ਸੱਜਰੀ ਬੁਰਕੀ
ਨਾ ਪੀਵਣ ਲਈ ਨਿਰਮਲ ਜਲ
ਨਾ ਅੰਬਰ ਦਾ ਰੰਗ ਕਾਸ਼ਨੀ
ਨਾ ਧਰਤੀ ਪਿੰਡੇ ਧਰਤ ਸੁਗੰਧ
ਨਾ ਕਿਰਨਾਂ ਦਾ ਝੁਰਮਟ ਵਿਹੜੇ ਵਿਚ
ਨਾ ਹੀ ਛੱਤ ਤੇ ਸੂਰਜ ਚੰਨ
-0-
ਸਭ ਕੁੱਝ ਗਿਆ
ਇੰਜ ਪ੍ਰਦੂਸ਼ਿਆ
ਜਿਉਂ ਸਾਗਰ ਕੰਢੇ
ਮੋਈਆਂ ਮੱਛੀਆਂ ਦੀ ਗੰਧ
ਨਾ ਸਰਿਸ਼ਟੀ 'ਤੇ ਜੀਵਨ
ਨਾ ਅੰਬਰੀ ਪ੍ਰਕਾਸ਼
ਨਾ ਥਲ ਵਿਚ ਤਪਸ
ਨਾ ਸਾਗਰ ਵਿਚ ਜਲ ਦਾ ਵਾਸ
ਸਭ ਪਾਸੇ ਪ੍ਰਦੂਸ਼ਤ ਧੂੰਆ
ਮੈਲ਼ਾ ਮੈਲ਼ਾ ਬ੍ਰਹਿਮੰਡ ਦਾ ਚਿਹਰਾ
ਬਦਬੂਆਂ ਦੇ ਮਾਰੇ ਅੰਗ
ਪ੍ਰਕਿਰਤੀ ਵਿਚ ਪੌਣਾਂ ਦੀ ਬਾਸ
ਜਿੱਥੇ ਕਦੀ ਸੀ ਜੀਵਨ ਗਿੱਧਾ
ਅੱਜ ਉਸ ਘਰ ਦੀ ਅੱਖ 'ਚ ਅੱਥਰੂ
ਤੇ ਬੂਹਾ ਉਦਾਸ
ਬੱਦਲ ਵਿਚ ਬੂੰਦਾ ਦੀਆਂ ਲਾਸ਼ਾਂ
ਸਹਿਰਾ ਧੁਖੇ ਮਹਿਤਾਬ
ਮਹਿਕ ਵਿਹੂਣਾ ਗ਼ੁਲਾਬ ਦਾ ਪਿੰਡਾ
ਕਲੀਆਂ ਦਾ ਜਰਦ ਸ਼ਬਾਬ
ਰੰਗ ਰਾਗ ਨਾ ਸੁਰ ਨਾ ਸਾਜ

ਚੁੱਪ ਵਿਚ ਚੁੱਪ ਪਸਰੀ
ਜ਼ਿੰਦਗੀ ਕਬਰਾਂ ਦੇ ਵਿਚ ਸੁੱਤੀ
ਮੁੱਧੀ ਮਾਰ ਰਬਾਬ
-0-
ਹੁਣ ਰੁੱਖ ਨਹੀਂ ਹੈ
ਵਾਧੂ ਪਰੀਵਰਤਰ ਯੰਤਰ ਹੈ
ਸਮੇਂ ਸਮੇਂ ਦਾ ਅੰਤਰ ਹੈ
ਜਿਸ ਨੇ ਯੁਗ ਪਲਟ ਦਿੱਤੇ ਹਨ
ਅਜੋਕੇ ਯੁਗ ਦਾ ਵਿਗਿਆਨਕ ਮੰਤਰ ਹੈ
-0-
ਹੁਣ ਦਫ਼ਤਰੀ ਬੋਝ ਮਨੁੱਖ ਨਹੀਂ
ਕੰਪਿਊਟਰ ਉਠਾਂਦਾ ਹੈ
ਮਨੁੱਖ ਦਾ ਪੇਟ ਭਰਨ ਲਈ
ਕੰਪਿਊਟਰ ਕਮਾਂਦਾ ਹੈ
ਕੰਪਿਊਟਰ ਅਜੋਕੇ ਮਨੁੱਖ ਦਾ ਸਿਰ ਹੈ
ਜੋ ਧੜ ਦਾ ਪਾਲ਼ਣਹਾਰਾ ਹੈ
ਕੰਪਿਊਟਰ ਬਿਨ ਇਸ ਸਮੇਂ
ਸਭ ਗਤੀਹੀਣ ਹੈ ਨਕਾਰਾ ਹੈ
ਹੁਣ ਰੇਲ ਜਹਾਜ਼ ਦਾ ਸਫ਼ਰ
ਪੈਰਾਂ ਤੋਂ ਲਹਿ ਗਿਆ ਹੈ
ਹੁਣ Skype ਰਾਹੀਂ
ਤੈਨੂੰ ਮੇਰਾ ਮੈਨੂੰ ਤੇਰਾ
ਸਭ ਕੁੱਝ ਨਜ਼ਰੀ ਆ ਰਿਹਾ ਹੈ
-0-
ਹੁਣ ਮੈਂ ਆਪਣੀ ਔਲਾਦ
ਆਪਣੇ ਤੋਂ ਤੇ ਆਪਣੀ ਪਤਨੀ ਤੋਂ
ਵਧੇਰੇ ਸੁੰਦਰ ਜਨਮ ਹਾਂ ਸਕਦਾ
ਆਪਣੀ ਮਰਜ਼ੀ ਦੇ ਫ਼ਲ ਦਾ ਕਰ ਕਰਮ ਹਾਂ ਸਕਦਾ
ਕਰਮ ਵੀ ਮੇਰਾ ਫ਼ਲ ਵੀ ਮੇਰਾ
ਕਰਮ ਫ਼ਲ ਪ੍ਰਾਪਤੀ ਵਿਚ
ਨਾ ਕੋਈ ਰੱਬੀ ਭਰਮ ਵਸੇਰਾ
ਮਾਨਵ

ਇੰਨ੍ਹਾ ਖ਼ੁਦ ਮੁਖਤਿਆਰ ਹੋ ਗਿਆ ਹੈ
ਜਿੱਤ ਹਾਰ ਗਮੀ ਖੁਸ਼ੀ ਦਾ
ਆਪ ਹੀ ਸਿਰਜਣਹਾਰ ਹੋ ਗਿਆ ਹੈ
-0-
ਹੁਣ ਤਾਂ ਵਿਗਿਆਨਕ ਪ੍ਰਾਪਤੀਆਂ ਰਾਹੀਂ
ਮਨੁੱਖ ਜੀਵਨ ਦੇ ਸਾਰੇ ਸੁੱਖ ਪਾਅ ਸਕਦਾ ਹੈ
ਵਰਤਮਾਨ ਨੂੰ ਮਰਜ਼ੀ ਦੇ ਭਵਿੱਖ ਵਿਚ ਬਦਲਾਅ ਸਕਦਾ ਹੈ
-0-
ਰੋਬਾਟ ਘਰ ਦਾ ਸਾਰਾ ਕਾਰੋਬਾਰ ਹੈ ਕਰਦਾ
ਕੰਪਿਊਟਰ ਤੇਰਾ ਤੇਰੇ ਪ੍ਰਵਾਰ ਦਾ
ਰੋਜ਼ਾਨਾ ਦਾ ਹਿਸਾਬ ਹੈ ਰੱਖਦਾ
ਤੇਰੇ ਲਈ ਹੁਣ ਕੋਈ ਤਣਾਅ ਨਹੀਂ
ਇਕੱਲਾ ਜ਼ਿੰਦਗੀ ਕੱਟ ਸਕਦਾ ਹੈ
ਪਤਨੀ ਬੱਚਿਆਂ ਤੋਂ ਬਿਨ੍ਹਾਂ ਲੰਘਾ ਝੱਟ ਸਕਦਾ ਹੈ
ਪਦਾਰਥਵਾਦ
ਮਨੁੱਖ ਨੂੰ ਇਕੱਲਾ ਹੀ ਕਰਨਾ ਚਾਹੁੰਦਾ ਸੀ
ਇਕੱਲਾ ਹੀ ਕਰ ਦਿੱਤਾ ਹੈ
ਪਦਾਰਥ ਨੇ ਮਨੁੱਖ ਤੋਂ ਕੀ ਲਿਆ
ਕੀ ਦਿੱਤਾ ਹੈ
-0-
ਸਾਰੀ ਉਮਰ
ਪਦਾਰਥਕ ਪ੍ਰਾਪਤੀਆਂ ਨੂੰ
ਗਤੀਸ਼ੀਲ ਰੱਖਣ ਲਈ ਮਰਦਾ ਹੈ ਬੰਦਾ
ਇਸ ਦੇ ਇਵਜ਼ 'ਚ
ਆਪਣੀ ਊਰਜਾ ਦੀ ਸੂਲ਼ੀ ਚੜਦਾ ਹੈ ਬੰਦਾ
ਮਾਨਸਿਕ ਤੇ ਸਰੀਰਕ ਤਣਾਅ ਜਰਦਾ ਹੈ ਬੰਦਾ
ਵਿਹਲੇ ਰਹਿਣਾ ਬੰਦੇ ਦੀ ਆਦਤ ਨਹੀਂ ਹੁੰਦੀ
ਉਮਰ ਭਰ ਕਿਰਤਮਾਈ ਕਰਦਾ ਮਰਦਾ ਹੈ ਬੰਦਾ
-0-
ਸੇਵਾ ਮੁਕਤ ਹੋਣ ਤੋਂ ਪਿੱਛੋਂ
ਤਣਾਅ ਵਿਚ ਆ ਜਾਂਦਾ ਹੈ ਮਾਨਵ
ਆਪਣੇ ਆਪ ਨੂੰ ਵਿਹਲਾ ਪਾ ਕੇ

ਘਬਰਾ ਜਾਂਦਾ ਹੈ ਮਾਨਵ
ਪਹਿਲਾਂ ਬੰਦੇ ਤੇ ਕੰਮ ਦਾ ਬੋਝ ਸੀ
ਹੁਣ ਵਿਹਲੇਪਣ ਦਾ ਬੋਝ ਹੈ
ਨਾ ਬੰਦੇ ਨੂੰ ਪਹਿਲਾਂ ਹੋਸ਼ ਸੀ
ਨਾ ਬੰਦੇ ਨੂੰ ਹੁਣ ਹੀ ਹੋਸ਼ ਹੈ
ਪਦਾਰਥ ਦੀ ਚੱਕੀ 'ਚ ਪਿੱਸ ਰਿਹਾ ਹੈ
ਮੁਰਦਾ ਹੈ
ਪਰ ਜੀਉਂਦਾ ਦਿਸ ਰਿਹਾ ਹੈ
-0-
ਪਦਾਰਥਕ ਵਿਕਾਸ ਦੀਆਂ
ਪ੍ਰਾਪਤੀਆਂ ਦੀ ਗਤੀਸ਼ੀਲਤਾ ਦਾ ਭਾਰ
ਜਵਾਨੀ ਤੋਂ ਬੁਢਾਪੇ ਤੀਕਣ ਉਠਾਂਦਾ ਹੈ
ਪਦਾਰਥ ਦੀ ਚੱਕੀ ਵਿਚ
ਆਪਣੀ ਊਰਜਾ ਦਾ ਗਾਲਾ
ਪੂਰੀ ਉਮਰ ਭਰ ਪਾਉਂਦਾ ਹੈ
ਉਮਰ ਤੋਂ ਪਹਿਲਾਂ
ਸਾਗਰ ਤੋਂ ਥਲ ਹੋ ਜਾਂਦਾ ਹੈ
-0-
ਇਸਦਾ ਕਾਰਜ ਪ੍ਰਣਾਲੀ ਵਿਚ
ਜਿਉਂਦਾ ਹੀ ਮੋਇਆ ਹੈ ਬੰਦਾ
ਪੂੰਜੀਵਾਦ ਨੇ ਆਪਣੇ ਲਾਭ ਲਈ
ਥਾਪੀਆਂ ਨਾਲ ਧੋਇਆ ਹੈ ਬੰਦਾ
ਪੂੰਜੀਵਾਦ ਸੋਚ ਵਿਚ
ਬੰਦੇ ਤੇ ਧੰਦੇ ਵਿਚ ਫ਼ਰਕ ਨਾ ਕੋਈ
ਬੰਦਾ ਹੀ ਧੰਦਾ ਹੈ ਧੰਦਾ ਹੀ ਬੰਦਾ ਹੈ
ਸੇਵਾ ਮੁਕਤ ਹੋਣ ਤੋਂ ਪਿੱਛੋਂ
ਮਨੁੱਖ ਲਈ ਇਹੀ ਮਾਨਸਿਕ ਤਣਾਅ ਹੈ
ਪੂੰਜੀਵਾਦੀ ਸੋਚ ਨੇ ਜਿਸਦਾ
ਮਨੁੱਖ ਦੀ ਜਵਾਨੀ ਵਿਚ ਹੀ ਬੀਜਣ ਦਾ
ਲੱਭਿਆ ਰਾਹ ਹੈ
-0-
ਸੇਵਾ ਮੁਕਤ ਜਦ ਮਾਨਵ ਹੋਇਆ

ਗਤੀ ਰਹਿਤ ਅਨੁਭਵ ਦਾ ਦੀਵਾ
ਮਾਨਵ ਮੱਥੇ ਬਲ ਖਲੋਇਆ
ਇਹ ਉਹੀ ਜੰਗਲ ਸੀ ਪੂੰਜੀਵਾਦੀ ਸੋਚ ਨੇ
ਮਾਨਵ ਦੀ ਜਵਾਨੀ ਸਮੇਂ ਜੋ ਬੋਇਆ ਸੀ
ਮਨੁੱਖ ਜਵਾਨੀ ਵਿਚ
ਪਦਾਰਥਕ ਪ੍ਰਾਪਤੀਆਂ ਦੀ ਗਤੀਸ਼ੀਲਤਾ ਲਈ
ਅਧਮੋਇਆ ਸੀ
ਸੇਵਾ ਮੁਕਤ ਹੋਣ ਤੋਂ ਪਿੱਛੋਂ
ਗਤੀਹੀਣਤਾ ਕਾਰਨ ਪੂਰਾ ਹੀ ਮੋਇਆ ਹੈ
ਇਹੀ ਚਾਹੁੰਦਾ ਸੀ ਪੂੰਜੀਵਾਦ
ਤੇ ਇਹ ਇੰਜ ਹੀ ਹੋਇਆ ਹੈ
-0-
ਪੂੰਜੀਵਾਦ ਨੇ ਆਰੰਭ ਵਿਚ ਹੀ
ਮਾਨਵ ਦੀ ਗੱਡੀ ਉਸ ਪਟੜੀ 'ਤੇ ਲਾਈ
ਜਿਸ ਨੇ ਮਨੁੱਖੀ ਜਵਾਨੀ ਵਿਚ ਪਹਿਲਾਂ ਹੀ
ਸੇਵਾ ਮੁਕਤ ਹੋਣ ਤੋਂ ਪਿਛਲੇਰੀ
ਮਾਨਸਿਕ ਮੌਤ ਬਿਠਾਈ
ਪੂੰਜੀਵਾਦ ਦੀ ਸੋਚ ਚਾਹੁੰਦੀ ਹੈ
ਮਨੁੱਖ ਜੀਵੇ ਤਾਂ ਜੀਵੇ ਉਸਦੇ ਲਾਭ ਦੀ ਖ਼ਾਤਿਰ
ਊਰਜਾ ਦੇ ਇਵਜ਼ 'ਚ ਮਿਲੀ ਖ਼ੈਰਾਤ ਦੀ ਖ਼ਾਤਿਰ
ਨਹੀਂ ਤਾਂ ਜੀਉਂਦਾ ਹੀ ਮਰ ਜਾਏ
ਪੂੰਜੀਵਾਦੀ ਸੋਚ ਸਦਾ ਇਹ ਚਾਹੇ
-0-
ਪੂੰਜੀਵਾਦੀ ਸੋਚ ਨੇ
ਮਨੁੱਖ ਨੂੰ ਪਹਿਲਾਂ
ਪਦਾਰਥਕ ਪ੍ਰਾਪਤੀਆਂ ਦੇ
ਸੁੱਖ ਦਾ ਨਸ਼ਾ ਲਗਾਇਆ
ਇਨ੍ਹਾਂ ਪ੍ਰਾਪਤੀਆਂ ਨੂੰ ਜ਼ੀਰੋ Dawn 'ਤੇ
ਬਿਨ੍ਹਾਂ ਵਿਆਜ ਦੇ
ਮਨੁੱਖ ਦੇ ਪੱਲੇ ਪਾਇਆ
ਫਿਰ ਇਨ੍ਹਾਂ ਦੀ ਗਤੀਸ਼ੀਲਤਾ ਦੀ
ਸੂਲ਼ੀ ਮਨੁੱਖ ਚੜ੍ਹਾਇਆ

ਐਸਾ ਨਸ਼ਾ ਚੜ੍ਹਾਇਆ ਸੇਵਾ ਮੁਕਤ ਹੋਣ ਪਿੱਛੋਂ ਵੀ
ਇਕ ਪਲ ਵੀ ਵਿਹਲਾ ਮਨੁੱਖ ਨੂੰ ਰਾਸ ਨਾ ਆਇਆ
ਉੱਡਿਆ ਪੰਛੀ
ਪੂੰਜੀਵਾਦੀ ਸੋਚ ਦਾ ਸੱਚ ਮਾਨਵ
ਫਿਰ ਵੀ ਸਮਝ ਨਾ ਪਾਇਆ
ਸ਼ੀਸ਼ਾ ਤੱਕਾਂ
ਚਿਹਰਾ ਨਹੀਂ ਦਿਸਦਾ
ਸ਼ੀਸ਼ਾ ਕਿਸਦਾ ਚਿਹਰਾ ਕਿਸਦਾ
ਨਾ ਸ਼ੀਸ਼ੇ ਦਾ ਚਿਹਰਾ
ਨਾ ਚਿਹਰੇ ਦਾ ਸ਼ੀਸ਼ਾ ਲੱਗਦਾ
-0-
ਮੈਂ ਸ਼ੀਸ਼ੇ ਦਾ ਨਾ ਸਿਰਜਕ ਲੱਗਾਂ
ਨਾ ਸ਼ੀਸ਼ਾ ਮੇਰੀ ਸਿਰਜਣਾ ਜਾਪੇ
ਆਪੋ ਆਪਣੇ ਰੰਗ 'ਚ ਰੰਗੇ
ਰੌਣਕਾਂ ਤੇ ਇੱਕਲਾਪੇ
ਜਿਹੋ ਜਿਹੀ ਹੈ ਕਿਸੇ ਦੀ ਦ੍ਰਿਸ਼ਟੀ
ਉਹ ਉਸ ਨੂੰ ਉਸ ਜਿਹਾ ਹੀ ਜਾਪੇ
ਇੱਕਲਾਪੇ ਚੋਂ ਰੌਣਕ ਦਿਸਦੀ
ਰੌਣਕ ਚੋਂ ਇੱਕਲਾਪੇ
-0-
ਮੇਰੀ ਕੰਡ ਤੇ ਰੇਸ਼ਮ ਦੀ ਨਗਰੀ
ਜਗ ਮਗ ਜਗਮਗ ਕਰਦੀ
ਆਪਣੀ ਸੁੰਦਰਤਾ ਦੀਆਂ ਕਿਰਨਾਂ
ਹਰ ਬੰਨ੍ਹੇਰੇ ਧਰਦੀ
ਲੰਮ ਸਲੰਮੀਆਂ
ਸ਼ੀਸ਼ੇ ਸਰੀਏ ਸੀਮਿੰਟ ਪੱਥਰ ਦੀਆਂ ਨਾਰਾਂ
ਸਿਰ ਜਿਨ੍ਹਾਂ ਦੇ ਛੱਤ ਸੋਨੇ ਦੀ
ਪੈਰੀਂ ਚਾਂਦੀ ਧਰਤ ਖੜਾਵਾ
ਇਕੱਲ ਮੁਕੱਲੀਆਂ
ਅੰਬਰ ਦੇ ਵਿਚ ਦਿੱਸ ਰਹੀਆਂ ਹਨ
ਆਪਣੀ ਦੇਹ ਵਿਚ ਰੌਣਕ ਜੀਉਂਦੀਆਂ
ਸਿਰ ਵਿਚ ਇਕੱਲਤਾ ਮਿੱਧ ਰਹੀਆਂ ਹਨ

-0-
ਘਰ ਘਰ ਦੇ ਵਿਚ
ਗੂਗਲ ਦਾ ਚਾਨਣ
ਪੌਣਾਂ ਵਾਹਨ ਕਹਾਵਣ
ਅੱਖ ਝੱਪਕਣ ਵਿਚ ਮੀਲਾਂ ਦੀਆਂ ਵਿੱਥਾਂ
ਇਕ ਪਲ ਵਿਚ ਸੁੰਗੜ ਜਾਵਣ
ਇਸ ਨਗਰੀ ਦੀਆਂ ਗਲੀਆਂ ਕੂੱਚੇ
Facebook ਦਾ ਚਰਖਾ ਕੱਤਣ
ਇਕ ਦੂਜੇ ਨੂੰ ਆਪਣੇ ਲੱਗਣ
ਅਜਨਬੀਆਂ ਚੋਂ ਸੱਜਣ ਜਨਮਣ
-0-
ਇਸ ਨਗਰੀ ਦੇ ਬਸ਼ਿੰਦੇ
ਘਰ ਬੈਠੇ ਹੀ ਸਭ ਕੁੱਝ ਪਾਵਣ
ਬਟਨ ਨੱਪਣ 'ਤੇ ਮੌਸਮ ਬਦਲਣ
ਧੁੱਪਾਂ ਛਾਂਵਾਂ
ਛਾਂਵਾਂ ਧੁੱਪਾਂ ਹੋ ਜਾਵਣ
ਜ਼ਿੰਦਗੀ ਦਾ ਕਿਹੜਾ ਸੁੱਖ ਹੈ
ਜੋ ਨਾ ਲੋਕ ਹੰਢਾਵਣ
ਸਰੀਰਕ ਸੁੱਖਾਂ ਦੀ ਖ਼ਾਨ ਸਿਰਜ ਲਈ
ਜੋ ਕਲਪਣ ਸੋ ਪਾਵਣ
-0-
ਧੜਾਂ ਦੀ ਭੀੜ ਹੈ
ਇਸ ਨਗਰੀ ਵਿਚ
ਧੜ ਹੀ ਸਿਰ ਕਹਾਵਣ
ਇਸ ਨਗਰੀ ਦੀ ਕਾਰਜ ਪ੍ਰਣਾਲੀ
ਧੜ ਬੀਜੇ ਧੜ ਉਗਾਵੇ
ਇਸ ਨਗਰੀ ਦੇ ਲੋਕੀਂ ਧੜਾਂ 'ਚ ਜਨਮਣ
ਧੜਾ 'ਚ ਹੀ ਮਰ ਜਾਵਣ
ਖਰੀਦੋ ਫਿਰੋਖ਼ਤ ਲਈ
Shopping Center
ਬਜ਼ਾਰ ਤੇ ਮੰਡੀਆਂ
ਖ਼ੁਦ ਲੋਕਾਂ ਦੇ ਘਰ ਚਲ ਆਵਣ

ਇਹ ਪ੍ਰਾਪਤੀਆਂ ਅਜੋਕੇ ਯੁਗ ਦਾ
ਸੱਚ ਤੇ ਹੋਂਦ ਕਹਾਵਣ
ਜਿਨ੍ਹਾਂ ਰੁੱਖਾਂ ਦਾ ਇਹ ਫ਼ਲ ਹੈ
ਉਹ ਰੁੱਖ ਨਜ਼ਰ ਨਾ ਆਵਣ
ਘੁੱਗ ਵਸਦੀ ਆਯੁਧਿਆ ਦੇ
ਬਨਵਾਸੀ ਰਾਮ ਕਹਾਵਣ
-0-
ਆਦਿ ਤੋਂ ਹੁਣ ਤਕ
ਮਨੁੱਖ ਦਾ ਸਫ਼ਰ
ਸ਼ਬਦਾਂ ਅਰਥਾਂ ਦੀ ਇਕਾਈ ਦਾ ਅਹਿਸਾਸ ਹੈ
ਅਰਥਾਂ ਦਾ ਸ਼ਬਦਾਂ ਵਿਚ
ਸ਼ਬਦਾਂ ਵਿਚ ਅਰਥਾਂ ਦਾ ਵਾਸ ਹੈ
ਇਹ ਜੋ ਵਿਸ਼ਵ ਸਿਰਜਿਆ
ਮਨੁੱਖੀ ਸ਼ਬਦਾਂ ਅਰਥਾਂ ਦਾ ਨਹੀਂ
ਮਾਨਵ ਅੰਬਰ ਧਰਤੀ ਦਾ ਨਹੀਂ
ਮਾਨਵ ਸੋਚ
ਸਿਰਜੀ ਵਿਸ਼ਵ ਜਿਹੀ ਸਰਦ ਨਹੀਂ ਹੈ
ਮਨੁੱਖ ਦੀ ਸੋਚ 'ਚ ਮਨੁੱਖ ਪਹਿਲਾਂ ਹੈ
ਮਨੁੱਖ ਤੋਂ ਪਹਿਲਾਂ ਪਦਾਰਥ ਦਾ ਹਰਫ਼ ਨਹੀਂ ਹੈ
ਵਿਸ਼ਵ 'ਚ ਮਨੁੱਖ
ਮਨੁੱਖ 'ਚ ਵਿਸ਼ਵ ਸਮਾਇਆ ਨਹੀਂ ਹੈ
ਜਿਸ ਸ਼ਬਦ ਇਹ ਅਰਥ ਸਿਰਜਿਆ
ਅਰਥ ਚੋਂ ਨਜ਼ਰੀ ਆਇਆ ਨਹੀਂ ਹੈ
-0-
ਹੇ! ਮਨਾਂ ਇਹ ਕੀ ਰੱਹਸ ਹੈ
ਮਾਨਵ ਜਿਸ ਨੂੰ ਪਾਅ ਨਹੀਂ ਸਕਿਆ
ਤੇਰੇ ਜੋਤ ਸਰੂਪ ਵਾਂਗਰਾ
ਸਭ ਚੋਂ ਨਜ਼ਰੀ ਆ ਨਹੀਂ ਸਕਿਆ
ਹੁਣ ਉਸ ਨੂੰ ਭਾਲ਼ਣ ਟੁਰਿਆ ਹੈ
ਆਪਣੇ ਆਪੇ ਵੱਲ ਮੁੜਿਆ ਹੈ
ਆਪੇ ਦਾ ਅਰਥ ਤਕਸੀਮਿਆ ਵੀ
ਸ਼ਬਦਾਂ ਚੋਂ ਝਾਕਦਾ ਹੈ

ਸ਼ਬਦ ਅਰਥ ਦੀ
ਅਰਥ ਸ਼ਬਦ ਦੀ ਇਕਾਈ ਜਾਪਦਾ ਹੈ
-0-
ਇਸ ਵਿਸ਼ਵ ਵਿਚ
ਕਈ ਆਲ੍ਹਣੇ ਬੋਟ ਤੇ ਮਾਂਵਾਂ ਹਨ
ਮਾਂਵਾਂ ਨੂੰ ਪਿਤਾ ਦੇ ਨਾਮ ਦਾ ਪਤਾ ਨਹੀਂ ਹੈ
ਬੋਟਾਂ ਨੈਣੀਂ
Baby Sitter ਦੀਆਂ ਛਾਂਵਾਂ ਹਨ
ਇਸ ਵਿਸ਼ਵ ਰੁੱਖ ਨੂੰ
ਹਵਸ ਦੇ ਫ਼ਲ ਹਨ
ਜੋ ਪਦਾਰਥਕ ਵਿਕਾਸ ਦੀ ਕੁੱਖ ਦੇ
ਜਮ ਪਲ ਹਨ
ਸਿਰਜਕ ਸਿਰਜਣਾ ਦਾ
ਜਿਨ੍ਹਾਂ ਨੂੰ ਅਹਿਸਾਸ ਰਤਾ ਨਹੀਂ
ਪਦਾਰਥਕ ਸੋਚ ਦਾ ਸਿੱਟਾ ਹਨ
ਆਦਮ ਈਵ ਦੀ ਕੋਈ ਰਜ਼ਾ ਨਹੀਂ
-0-
ਪਦਾਰਥਕ ਪ੍ਰਾਪਤੀਆਂ ਦੀ
ਚਮਕ ਦਮਕ ਹੀ ਇੰਨ੍ਹੀ ਭਾਰੂ ਹੈ
ਤ੍ਰਿਸ਼ਨਾ ਦੀ ਕਸ਼ਿਸ਼ ਨੇ
ਮਤਿ ਜੀਵ ਦੀ ਮਾਰੀ ਹੈ
ਹਵਸ ਪ੍ਰਾਪਤੀ ਖ਼ਾਤਿਰ
ਚਿਹਰਾ ਸ਼ੀਸ਼ਾ
ਸ਼ੀਸ਼ਾ ਚਿਹਰਾ ਪਹਿਚਾਣ ਨਹੀਂ ਸਕਦਾ
ਇਕ ਹੋਣ ਤੋਂ ਪਹਿਲਾਂ
ਇਕ ਦੂਜੇ ਦਾ ਸੱਚ ਜਾਣ ਨਹੀਂ ਸਕਦਾ
ਇਸ ਲਈ
ਇਕ ਹੋਏ ਵੀ ਅੱਡਰੇ ਹਨ
ਰੁੱਖ ਹੋ ਕੇ ਵੀ ਬੇਛਤਰੇ ਹਨ
ਸ਼ਬਦ ਤਾਂ ਹਨ ਪਰ ਬੇਅਰਥੇ ਹਨ
-0-

# ਤੀਜੀ ਪੁਸਤਕ (ਬੋਲ ਕਬੋਲ ਉਪਭਾਗ)

ਸਵੈ ਤਲਾਸ਼ ਦੇ ਕਾਰਨਾਂ ਦੀ ਪਿੱਠ ਭੂਮੀ ਵਿਭਿੰਨ
ਮਾਨਵੀ ਪ੍ਰਵਿਰਤੀਆਂ 'ਤੇ ਅਧਾਰਿਤ
ਜਿਨ੍ਹਾਂ ਦਾ ਸੰਬੋਧਨੀ ਅਤੇ ਸਰੋਤਾ
ਮਨੋਵਾਚ ਹੈ।

**ਚਰਨ ਸਿੰਘ**

**ਕਾਵਿ-ਸ਼ਾਸਤਰ**

ਮੈਂ ਸ਼ਬੀਹ ਹਾਂ
ਉਸ ਰੁੱਖ ਦੀ
ਮੇਰੇ ਲਈ ਪ੍ਰਧੀਨਤਾ ਜਿਸ ਨੇ ਸਿਰਜੀ
ਮੇਰਾ ਦਰਪਣ ਟੁਕੜੇ ਕੀਤਾ
ਮਿੱਟੀ ਵਿਚ ਮਿਲਾਈ ਮੇਰੀ ਕੀਰਤੀ
-0-
ਮੇਰਾ ਨਾ ਇਹ ਵਜੂਦ ਸ਼ਨਾਖਤ
ਇਹ ਪੱਥਰ ਦੀ ਨਗਰੀ ਦਾ ਬੁੱਤ ਪੱਥਰ
ਪੱਥਰ ਦੀ ਇਬਾਦਤ
ਰੁੱਖਾਂ ਦੀ ਭੀੜ ਚੋਂ ਕੱਚ ਜਨਮਿਆ
ਕੱਚ ਦੇ ਪਿੰਡਿਓ
ਤ੍ਰਿਸ਼ਨਾ ਦਾ ਜੰਗਲ ਉੱਗ ਆਇਆ
ਉਹ ਜੰਗਲ ਸੀ ਹਰਿਆ ਭਰਿਆ
ਇਹ ਕੱਚ ਦੀ ਦੇਹ ਦਾ ਥਲ ਤ੍ਰਿਹਾਇਆ
ਭਵਿੱਖ ਨੇ ਮੁੜਕੇ ਭੂਤ ਦਾ ਰੂਪ ਵਟਾਇਆ
ਇਸ ਵਿਚ ਕਿੰਜ ਰਹੇਗਾ ਕੋਈ
ਕਿੰਜ ਜੀਏਗਾ
ਆਪਣਾ ਹੀ ਲਹੂ ਮੂੰਹ 'ਤੇ ਮਲ਼ਕੇ
ਆਪਣੇ ਹੀ ਅੱਥਰੂ ਪੀਏਗਾ ਕੋਈ
ਮੈਂ ਵੀਰਯ ਹਾਂ
ਉਸ ਕੁਦਰਤੀ ਕੁੱਖ ਦਾ
ਇਹ ਸ਼ੀਸ਼ੇ ਦਾ ਜੰਗਲ ਮੈਂ ਹੈ ਆਪ ਉਗਾਇਆ
ਮੇਰੇ ਸੁਫ਼ਨੇ ਸੁਫ਼ਨੇ ਹੋ ਗਏ
ਜਦ ਇਹ ਹੋਂਦ 'ਚ ਆਇਆ
ਮੈਂ ਜੋ ਆਪਣੇ ਫ਼ਲਾਂ ਚੋਂ ਉੱਗਿਆ ਹਾਂ
ਜੰਗਲ ਵਿਚ ਇਕੱਲਾ
ਮੇਰਾ ਚਿਹਰਾ ਹਰ ਦਾ ਚਿਹਰਾ
ਪਰ ਇਕੱਲਾ
-0-
ਮੈਂ ਛੱਜਰ ਹਾਂ ਆਪਣੀ ਜੜ੍ਹ ਵਿਚ ਰਹਿੰਦਾ
ਘਰ ਦੀ ਸਰਦਲ ਕਦੀ ਨਹੀਂ ਟੱਪਿਆ

ਆਪਣੇ ਨਾਲ ਹੀ ਉੱਠਦਾ ਬਹਿੰਦਾ
ਆਪਣਿਆਂ ਅੰਗਾਂ ਨਕ਼ਸ਼ਾਂ ਦੇ ਮੱਥੇ
ਕਈ ਨਹੀਂ ਲੱਗਿਆ
ਜਦ ਦਾ ਜਨਮਿਆਂ
ਆਪਣੀਆਂ ਬੁੱਕਲ ਵਿਚ ਹੀ ਰਹਿੰਦਾ ਹਾਂ
ਸੁਰਖਸ਼ਤ ਨਹੀਂ ਹਾਂ ਜ਼ਿੰਦਗੀ ਨਹੀਂ ਹੈ
ਕਬਰ ਹੋਇਆ ਹਾਂ
ਜਿਉਣ ਦੀ ਕੋਈ ਹਸਰਤ ਨਹੀਂ ਹੈ
ਇਹ ਪਦਾਰਥਕ ਦੁਨੀਆ
ਜੋ ਉੱਗੀ ਹੈ ਮੇਰੇ ਵਿਚੋਂ
ਪਤਾ ਨਹੀਂ ਮੈਂ ਕਿਉਂ ਨਹੀਂ ਦਿਸਦਾ
ਇਸ ਦੇ ਚਿਹਰੇ ਵਿਚੋਂ
ਇਸ ਨੂੰ ਮੈਂ ਇਹ ਮੈਨੂੰ ਓਪਰੀ-ਓਪਰੀ ਲੱਗਦੀ ਹੈ
ਉੱਠਦੀ ਹੈ ਇਕ ਚੀਕ ਕਲੇਜੇ
ਜਦ ਕਦੀ ਇਹ ਮੇਰੇ ਫੇਫੜਿਆਂ ਚੋਂ ਲੰਘਦੀ ਹੈ
ਇਸ ਵਿਚ ਰਹਿ ਕੇ ਮੈਂ ਕੀ ਕਰਨਾ ਹੈ
ਨਾ ਇਹ ਮੇਰੇ ਘਰ ਦਾ ਦੀਵਾ
ਨਾ ਇਸ ਮੇਰੀ ਢੇਰੀ 'ਤੇ ਬਲ਼ਣਾ ਹੈ
ਵਿਸ਼ਵ ਚੋਂ ਅਲੋਪ ਹੋਏ
ਮਨੁੱਖ ਨੂੰ ਮਿਲਣਾ
ਹੈ ਆਪਣੇ ਆਪ ਨੂੰ ਮਿਲਣਾ
ਝੁਰੜੀਆਂ ਦੇ ਜੰਗਲ ਚੋਂ
ਫੁੱਲ ਚਿਹਰੇ ਦਾ ਖਿੜਣਾ
-0-
ਤੇਰੀ ਕੁਰਬਾਨੀ ਦਾ ਮੁੱਲ
ਪਦਾਰਥਕ ਵਿਸ਼ਵ ਨਾ ਪਾਇਆ
ਨਾ ਹੀ ਤੇਰੇ ਸੁਫ਼ਨੇ ਦਾ ਸੱਚ
ਰਾਸ ਵਿਸ਼ਵ ਨੂੰ ਆਇਆ
ਤੇਰਾ ਸੁਫ਼ਨਾ ਸੀ
ਪਦਾਰਥ ਤੇ ਮਾਨਵ ਮਿਲ ਕੇ
ਆਪਾ ਵਿਕਸਤ ਕਰਦੇ
ਅਜੋਕੇ ਵਿਸ਼ਵ ਦੀ ਤਲ਼ੀ 'ਤੇ

ਸੰਤੁਲਨ ਯਥਾਰਥ ਧਰਦੇ
-0-
ਪਰ ਉਸ ਸਮੇਂ ਦੀ ਚੇਤਨਤਾ ਨੇ
ਆਧੁਨਿਕਤਾ ਦਾ ਵਿਸ਼ਾ ਪਦਾਰਥ ਚੁਣਿਆ
ਪਦਾਰਥ ਦੇ ਸਿਰ ਤਾਜ ਸਜਾਇਆ
ਬੰਦੇ ਦਾ ਸਿਰ ਮੁੰਨਿਆ
ਇਸ ਲਈ ਪਦਾਰਥ ਵਿਸ਼ਵ ਸਫੇ 'ਤੇ
ਬੰਦੇ ਦਾ ਨਾਮ ਨਿਸ਼ਾਨ ਨਾ ਕੋਈ
ਚਿਹਰਾ ਮੋਹਰਾ ਸਭ ਬੰਦੇ ਦਾ
ਪਰ ਪਹਿਚਾਣ ਨਾ ਕੋਈ
-0-
ਤੂੰ ਹੱਥਾਂ ਵਿਚ ਕਿੱਲ ਠੁਕਵਾ ਕੇ
ਆਪਣਾ ਆਪ ਸੂਲ਼ੀ ਚੜਵਾ ਕੇ
ਵਿਸ਼ ਜਗਤ ਦਾ ਪੀਤਾ
ਜਗਿਆਸਾ ਚੇਤਨਾ ਰਹਿਤ ਪਦਾਰਥ
ਤੂੰ ਆਪ ਬਰੋਬਰ ਕੀਤਾ
ਧੰਨ ਮਾਨਵ
ਧੰਨ ਮਾਨਵ ਦੀ ਵਡਿਆਈ
ਸੀ ਨਾ ਕੀਤੀ ਆਪਣੀ ਖੱਲ੍ਹ ਲੁਹਾਈ
ਤੂੰ ਜੋ ਵਿਸ਼ਵ ਸਿਰਜਿਆ ਆਪਣੇ ਲਹੂ ਚੋਂ
ਉਸ ਤੇਰਾ ਲਹੂ ਪੀਤਾ
ਤੈਨੂੰ ਤੇਰੀ ਰੂਹ ਤੋਂ ਵੱਖਰਾ ਕੀਤਾ
-0-
ਹਾਰ ਗਿਆ ਮਾਨਵ
ਆਪਣੇ ਸੰਗ ਲੜ-ਲੜ
ਆਖਿਰ ਜਿਉਂਦਾ ਮਰਿਆ
ਅੱਥਰੂ ਡੇਗਣ ਦੀ ਥਾਂ ਪਦਾਰਥ
ਬੰਦੇ ਦਾ ਨਾਮ ਗ਼ੁਲਾਮੀ ਧਰਿਆ
ਜਿਸ ਘਰ ਵਿਚ ਮਾਨਵ ਦਾ ਚਾਨਣ ਸੀ
ਅੱਜ ਪਦਾਰਥ ਜਗਦੈ
ਜਿਸ ਨੂੰ ਮਾਨਵ ਹਾਣ ਦਾ ਕੀਤਾ
ਅੱਜ ਮਾਨਵ ਨੂੰ ਨੀਵਾਂ ਦਸਦੈ

-0-
ਤੂੰ ਉਹ ਮਾਨਵ ਸੈਂ
ਜਿਸ ਆਪਣਾ ਆਪ ਹੰਢਾਇਆ
ਜੋ ਕੁੱਝ ਵੀ ਤੈਨੂੰ ਚੰਗਾ ਲੱਗਾ
ਤੂੰ ਉਸ ਦਾ ਦੀਵਾ
ਘਰ ਘਰ ਵਿਚ ਜਗਾਇਆ
-0-
ਹਰ ਘਰ ਵਿਚ ਤੂੰ ਚਾਨਣ ਕੀਤਾ
ਆਪਣੇ ਘਰ ਹਨ੍ਹੇਰਾ
ਤੇਰੇ ਵਿਹੜੇ ਚੜ੍ਹ ਨਾ ਸਕਿਆ ਸੂਰਜ ਤੇਰਾ
ਤੈਨੂੰ ਉਸ ਨੇ ਕੰਡ ਦੇ ਦਿੱਤੀ
ਤੂੰ ਜੋ ਨਗਰ ਵਸਾਇਆ
ਤੇਰਾ ਉਸ ਸੰਗ ਰੰਗ ਨਹੀਂ ਮਿਲਦਾ
ਜੋ ਤੇਰੇ ਲਹੂ ਸਮਾਇਆ
ਕੀ ਖੱਟਿਆ ਤੂੰ ਚਾਨਣ ਕਰਕੇ ਉਸ ਨਗਰੀ ਵਿਚ
ਜਿਸ ਦੀਆਂ ਕੰਧਾਂ ਨੀਹਾਂ
ਤੈਨੂੰ ਨਾ ਪਹਿਚਾਣਨ
ਕੀ ਕਰਨਾ ਉਨ੍ਹਾਂ ਅੱਖਾਂ ਨੂੰ
ਜੋ ਅੱਖਾਂ ਨਾ ਆਪਣਾ ਆਪ ਸਿਆਣਨ
-0-
ਤੂੰ ਮਾਨਵ ਉਹ ਪਦਾਰਥ
ਤੂੰ ਜਜ਼ਬਾਤੀ ਉਹ ਤਜਾਰਤ
ਉਹ ਪੱਥਰ ਤੂੰ ਇਬਾਦਤ
ਤੂੰ ਨੈਤਿਕਤਾ ਉਹ ਸਿਆਸਤ
ਫਿਰ ਕਿੰਜ ਤੂੰ ਉਸਦਾ ਹੋਇਓ
ਉਸ ਦਾ ਹੋ ਕੇ
ਤੂੰ ਆਪ ਜਿਉਂਦਾ ਮੋਇਆ
ਕਿਸੇ ਨਾ ਤੇਰੇ ਅੱਥਰੂ ਪੂੰਝੇ
ਨਾ ਕੋਈ ਤੇਰਾ ਦਰਦ ਹੀ ਰੋਇਆ
ਧਰਤੀ ਦੇ ਵਿਚ ਉੱਗਾ ਸੈਂ ਤੂੰ
ਗਮਲੇ ਦੇ ਵਿਚ ਮੋਇਆ
ਤੂੰ ਕੀ ਜਾਣੇ ਕੀ ਸੀ ਕੌਣ ਸੀ ਉਹ

ਉਸ ਦੀ ਤੂੰ ਵਿਚ ਤੇਰੀ ਮੈਂ ਸੀ
ਜਾਂ ਤੇਰੀ ਮੈਂ ਵਿਚ ਉਸਦੀ ਤੂੰ ਸੀ
ਉਹ ਪਦਾਰਥ ਤੂੰ ਬਸ਼ਰ ਸੀ
ਤੂੰ ਅਗਾਜ਼ ਉਹ ਹਸ਼ਰ ਸੀ
ਤੂੰ ਬੀਜ ਉਹ ਛੱਜਰ ਸੀ
ਨਾ ਉਸਦੇ ਫ਼ਲ ਮਿੱਠੜੇ
ਨਾ ਹੀ ਉਸ ਦੀ ਛਾਂ
ਨਾ ਮਿੱਟੀ ਦੇ ਲੋਕਾਂ ਦੇ ਘਰ ਮਿੱਟੀ ਦੇ
ਨਾ ਮਿੱਟੀ ਦੀਆਂ ਗਲੀਆਂ ਕੂਚੇ
ਨਾ ਮਿੱਟੀ ਦਾ ਗਿਰਾਂ
-0-
ਉਸ ਦੀ ਨਜ਼ਰ 'ਚ ਬੰਦਾ ਬੰਦਾ ਨਹੀਂ
ਸੱਚ ਧੰਦਾ ਨਹੀਂ ਜ਼ਿੰਦਗੀ ਹੈ ਵਿਉਪਾਰ
ਜਿਸਮਾਂ ਦੀ ਖਰੀਦੋ ਫਿਰੋਖ਼ਤ ਦਾ
ਇਹ ਵਿਸ਼ਵ ਹੈ ਬਜ਼ਾਰ
ਮਾਇਆ ਵਿਚ ਹੀ ਜੀਣਾ ਮਰਨਾ
ਜੀਵਨ ਦਾ ਹੈ ਮਕਸਦ
ਇਸ ਮਕਸਦ ਦੀ ਪੂਜਾ ਜੀਵਨ ਦੀ ਹੈ ਹਸਰਤ
ਮਾਇਆ ਹੈ ਤਾਂ ਸਭ ਕੁੱਝ ਹੈ
ਮਾਇਆ ਨਹੀਂ ਤਾਂ ਸਭ ਤੁੱਛ ਹੈ
ਪਦਾਰਥਕ ਯੁੱਗ ਵਿਚ
ਪਦਾਰਥ ਹੀ ਰੱਬ
ਆਦਮੀ ਦਾ ਮੁੱਲ ਨਾ ਕੋਈ
ਪਦਾਰਥ ਹੀ ਸਭ ਕੁੱਝ
-0-
ਪਦਾਰਥਕ ਜੀਵਨ ਦਾ ਦਰਿਆ
ਪੂੰਜੀਵਾਦੀ ਅਨੁਸਾਸ਼ਨ
ਤੇ ਨੈਤਿਕਤਾ ਵਿਚ ਵਗੇ
ਆਪਣਾ ਜਲ ਹੀ ਪੂਜਦਾ ਸਿਮਰਦਾ
ਆਪਣਾ ਭਲਾ ਹੀ ਮੰਗੇ
ਵਹਿਣ ਵੀ ਇਸਦਾ ਵੇਗ ਵੀ ਇਸਦਾ
ਇਸ ਦੇ ਆਪਣੇ ਕੰਢੇ

ਕੁੱਝ ਨਾ ਕਿਸੇ ਦਾ
ਹਰ ਸ਼ਖ਼ਸ ਨੂੰ ਆਪਣੇ ਰੰਗ ਵਿਚ ਰੰਗੇ
ਆਪਣਾ ਰੰਗ ਹੀ
ਇਸ ਨੂੰ ਚੰਗਾ ਲੱਗੇ
ਇਸ ਦਰਿਆ ਵਿਚ
ਜੋ ਵੀ ਲਹਿਰਾਂ ਤਰਦੀਆਂ ਹਨ
ਪਦਾਰਥ ਹੀ ਧਿਆਉਂਦੀਆਂ ਹਨ
ਪਦਾਰਥ ਹੀ ਸਿਮਰਦੀਆਂ ਹਨ
-0-
ਜਲ ਕਿ ਜਿਸਦਾ ਕੋਈ ਰੰਗ ਨਹੀਂ
ਹੋਂਦ ਸ਼ਨਾਖਤ ਕੋਈ ਸੱਚ ਨਹੀਂ
ਜਿਸ ਵੀ ਭਾਂਡੇ ਵਿਚ ਪੈਂਦਾ ਹੈ
ਉਸ ਦਾ ਰੂਪ ਹੀ ਧਾਰ ਲੈਂਦਾ ਹੈ
ਮਾਇਆ ਦਾ ਸਿਮਰਨ ਕਰਦਾ ਹੈ
ਲਾਭ ਦੀ ਬੁੱਕਲ ਮਾਰ ਲੈਂਦਾ ਹੈ
-0-
ਇਹ ਉਸ ਰੁੱਖ ਵਾਂਗ ਹੈ
ਜੋ ਆਪਣੀ ਛਾਂਵੇ ਬਹਿਣ ਲਈ
ਕਿਸੇ ਮੁਸਾਫਰ ਤੋਂ ਵੀ
ਉਸ ਦਾ ਨਾਂਅ ਨਹੀਂ ਪੁੱਛਦਾ
ਕਿੱਥੋਂ ਆਇਆ ਕਿੱਥੇ ਜਾਣਾ
ਪਤਾ ਠਿਕਾਣਾ ਥਾਂ ਨਹੀਂ ਪੁੱਛਦਾ
ਆਏ ਨੂੰ ਜੀ ਆਇਆ ਕਹਿੰਦਾ ਹੈ
ਗਏ ਨੂੰ ਖ਼ੁਸ਼ ਰਉ ਕਹਿੰਦਾ ਹੈ
ਇਸ ਦੇ ਪਿੱਛੋਂ ਚੁੱਪ ਰਹਿੰਦਾ ਹੈ
ਆਪਣੀ ਚੁੱਪ ਵਿਚ ਕਹਿੰਦਾ ਹੈ
ਤੇਰੀ ਊਰਜਾ ਦਾ ਭਾਅ ਮੈਂ ਲਾ ਦਿੱਤਾ ਹੈ
ਆਪਣੇ ਲਾਭ ਲਈ ਤੈਨੂੰ ਸੁੱਕਣੇ ਪਾਅ ਦਿੱਤਾ ਹੈ
-0-
ਇਹ ਫ਼ਲਸਫ਼ਾ ਉਸ ਥਲ ਵਾਂਗ ਹੈ
ਜਲ ਦੀ ਨਹੀਂ ਜਿਨੂੰ ਲਹੂ ਦੀ ਪਿਆਸ ਹੈ
ਜਿਸ ਦਾ ਜੀ ਆਇਆ

ਜੀ ਆਇਆ ਜਾਪ ਹੈ
ਹਰ ਇਕ ਦਾ ਸੱਚ ਉਹ ਆਪ ਹੈ
ਜੋ ਉਹ ਹੈ
ਉਹ ਨਜ਼ਰ ਨਹੀਂ ਆਉਂਦਾ
ਅੰਦਰੋਂ ਕਾਲਾ ਬਾਹਰੋਂ ਚਿੱਟਾ
ਬਗਲੇ ਛੁਰੀ ਤੇ ਮੂੰਹ ਦਾ ਮਿੱਠਾ
-0-
ਸ਼ਹਿਦ ਵਿਚ ਲਪੇਟਿਆ ਜ਼ਹਿਰ ਹੈ
ਬੰਦੇ ਦਾ ਆਪਣਾ ਸਿਰਜਿਆ ਕਹਿਰ ਹੈ
ਜਿਸ ਦਾ ਬੰਦਾ ਮੀਂਹ ਬਰਸਾ ਰਿਹਾ ਹੈ
ਮੰਦਿਰ ਮਸੀਤੀ ਗਾਅ ਰਿਹਾ ਹੈ
ਆਪੇ ਪੂਜਾ ਆਪੇ ਰੱਬ ਕਹਾ ਰਿਹਾ ਹੈ
ਜੰਗਲ ਦੇ ਰੁੱਖਾਂ ਨੂੰ ਪਦਾਰਥਕ ਦਰਸ਼ਨ
ਦੇ ਸ਼ਲੋਕ ਸੁਣਾ ਰਿਹਾ ਹੈ
ਜੀਵਨ ਨਦੀ ਦੇ ਦੋ ਕਿਨਾਰੇ
ਆਪਣੀ ਆਪਣੀ ਪਿਆਸ ਦੇ ਮਾਰੇ
ਆਸਤਕ ਨਾਸਤਕ ਪਦਾਰਥਕ ਯੁੱਗ ਦੇ
ਆਪਣੀ ਆਪਣੀ ਕੱਟੜਤਾ ਦੇ ਵਿਸਥਾਰੇ
-0-
ਪਿਆਸ ਜਿਉਂਦੇ
ਜਲ ਨੂੰ ਜਲ ਨਾ ਜਾਣਨ
ਪਿਆਸ 'ਚ ਮੋਏ
ਥਲ ਦਾ ਥਲ ਨਾ ਜਾਣਨ
ਕੰਧਾਂ ਵਿਚ ਕੰਧਾਂ ਖੜੀਆਂ ਕਰਦੇ
ਅੰਦਰ ਨਾ ਝਾਤੀ ਮਾਰਨ
ਨਾ ਸਹਿਰਾ ਚੋਂ ਸਹਿਰਾ ਦਾ
ਨਾ ਸਾਗਰ ਚੋਂ ਸਾਗਰ ਦਾ ਸੱਚ ਝਾਕਣ
-0-
ਅਕਲੋਂ ਬਾਹਰ ਇਨ੍ਹਾਂ ਦਾ ਫ਼ਲਸਫ਼ਾ
ਇਨ੍ਹਾਂ ਤੋਂ ਵੀ ਗਹਿਰਾ
ਇਕ ਸਾਗਰ ਨੂੰ ਸਾਗਰ ਕਹਿੰਦਾ
ਦੂਜਾ ਦੱਸਦਾ ਸਹਿਰਾ

ਭਰ-ਭਰ ਘੜੇ ਆਪਣੀ ਪਿਆਸ ਦੇ
ਇਕ ਦੂਜੇ 'ਤੇ ਡੋਲ੍ਹ ਕੇ ਖਾਲੀ ਕਰਦੇ
ਸਾਗਰ ਵਿਚ ਸਹਿਰਾ ਧਰਦੇ
ਸਹਿਰਾ ਵਿਚ ਸਾਗਰ ਧਰਦੇ
ਇਕ ਦੂਜੇ ਦੀ ਗੱਲ ਨਾ ਸੁਣਦੇ
ਆਪਣੀ ਆਪਣੀ ਪ੍ਰਕਰਮਾ ਕਰਦੇ
-0-
ਅੱਗਣ 'ਚ ਅੱਗਣ ਬੋਈ ਜਾਂਦੇ
ਸਿਰ ਤਲਵਾਰਾਂ ਹੋਈ ਜਾਂਦੇ
ਇਕ ਦੂਜੇ ਨੇ
ਇਕ ਦੂਜੇ ਦਾ ਸਿਰ ਕੱਟਿਆ
ਤੇ ਪਿਆਸ ਬੁਝਾ ਲਈ
ਥਲ ਦੀ ਜੋਤੀ ਥਲ
ਜਲ ਦੀ ਜੋਤੀ ਜਲ ਜਗਾ ਲਈ
-0-
ਕਿਨਾਰੇ ਸਨ ਕਿਨਾਰੇ ਹੋਏ
ਕਿਨਾਰੇ ਜਨਮੇ ਕਿਨਾਰੇ ਮੋਏ
ਆਪਣੀ ਹੱਦ ਟੱਪ ਸਕੇ ਨਾ
ਨਾ ਸਹਿਰਾ ਨਾ ਸਾਗਰ ਹੋਏ
ਸਾਗਰ ਸਹਿਰਾ ਦਾ ਸੱਚ ਨਾ ਜਾਤਾ
ਸਾਗਰ ਚੋਂ ਸਹਿਰਾ
ਸਹਿਰਾ ਚੋਂ ਸਾਗਰ ਨਾ ਪਛਾਤਾ
ਸਾਗਰ ਸਹਿਰਾ ਦਾ ਸੱਚ ਏਕ
ਇਕ ਜੋਤੀ ਰੂਪ ਅਨੇਕ
-0-
ਮੈਂ
ਤੈਨੂੰ ਵੇਖਿਆ ਨਹੀਂ
ਤੂੰ ਹੋ ਵੀ
ਕਿ ਨਹੀਂ ਪੇਖਿਆ ਨਹੀਂ
ਮੈਂ ਤਾਂ ਆਪੇ ਤੋਂ ਬਿਨ
ਕਿਸੇ ਨੂੰ ਜਾਣਦਾ ਨਹੀਂ
ਆਪਣਾ

ਆਪ ਪਹਿਚਾਣ ਦਾ ਨਹੀਂ
ਮੈਂ ਤਾਂ
ਆਪਣੀ ਮੈਂ ਨਾਲ ਬੱਝਾ
ਆਪਾ ਵਿਸਥਾਰ ਰਿਹਾ ਹਾਂ
ਵਿਚਰ ਕੇ ਵਿਸ਼ਵ ਮੰਚ 'ਤੇ
ਦਰਸ਼ਕ
ਆਪਣੇ ਵਿਚ ਉਤਾਰ ਰਿਹਾ ਹਾਂ
ਆਪਣੇ ਲਈ ਹੀ ਜੀਅ ਰਿਹਾ ਹਾਂ
ਆਪਣੇ ਲਈ ਹੀ ਗਿੜ ਰਿਹਾ ਹਾਂ
ਆਪਣੀ ਜਮ੍ਹਾਂ ਲਈ ਮਰ ਰਿਹਾ ਹਾਂ
ਆਪਣੇ ਲਈ ਹੀ ਖਿੜ ਰਿਹਾ ਹਾਂ
-0-
ਮੈਂ ਅਜੋਕਾ ਮਨੁੱਖ ਹਾਂ
ਆਪਣੇ ਬਿੰਦੂ ਸੰਗ ਬੱਝਾ ਰੁੱਖ ਹਾਂ
ਆਪਣੀ ਜੜ੍ਹ ਵਿਸਰ ਗਿਆ ਹਾਂ
ਆਪਣੇ ਫ਼ਲਾਂ ਤੋਂ ਟੁੱਟ ਗਿਆ ਹਾਂ
ਮਾਇਆ ਦੀ
ਪ੍ਰਕਰਮਾ ਕਰ ਰਿਹਾ ਹਾਂ
ਮਾਇਆ ਬਿਨ ਕੁੱਝ ਨਹੀਂ ਹੈ
ਨਾ ਮਾਪੇ ਨਾ ਧੀਆਂ ਪੁੱਤਰ
ਨਾ ਕੋਈ ਭੈਣ ਨਾ ਭਾਈ
ਮਾਇਆ ਹੀ ਹੈ ਰੱਬ ਦੁਨੀਆ ਦਾ
ਮਾਇਆ ਖ਼ੁਦ ਖ਼ੁਦਾਈ
ਅਸੀਂ ਪਿੰਜਰੇ ਹਾਂ
ਤੇਰੇ ਸਦਕਾ ਤੁਰਦੇ ਫਿਰਦੇ ਤੇ ਦਿਸਦੇ ਹਾਂ
ਸਾਡੀ ਜਾਨ ਦਾ ਪੰਛੀ ਤੂੰ ਹੈ
ਅਸੀਂ ਬਾਂਸ ਹਾਂ ਬੰਸੀ ਤੂੰ ਹੈ
ਸਾਡੇ ਵਿਚ ਤੇਰੀ ਸੁਰ ਹੈ
ਤੈਨੂੰ ਜਾਣਨ ਦਾ ਜੋ ਗੁਰ ਹੈ
ਜਿਸ ਗੁਰ ਦਾ ਗੁਰੂ ਆਤਮ ਹੈ
ਪਿੰਜਰੇ ਰਹਿਤ ਜੋ ਪਰਮਾਤਮਾ ਹੈ
ਸਾਡਾ ਸੱਚ ਹੋਂਦ ਸ਼ਨਾਖਤ ਹੈ

ਸਾਡੇ 'ਚ ਖ਼ੁਦ ਹਾਜ਼ਰ ਹੈ
ਜਿਸ ਕਾਰਨ ਅਸੀਂ ਤੁਰਦੇ ਫਿਰਦੇ
ਤੇ ਦਿੱਸਦੇ ਹਾਂ
-0-
ਪਿੰਜਰਿਆਂ ਨੂੰ
ਆਪਣੇ ਵਿਚਲੇ ਪੰਛੀ ਦਾ ਅਹਿਸਾਸ ਤਾਂ ਹੈ
ਪੰਛੀ ਹੈ ਤਾਂ ਪਿੰਜਰਾ ਹੈ
ਇਸ ਗੱਲ ਦਾ ਵਿਸ਼ਵਾਸ ਤਾਂ ਹੈ
ਪਰ ਪੰਛੀ ਦੀ ਪਹਿਚਾਣ ਨਹੀਂ ਹੈ
ਪਹਿਚਾਣ ਲਈ ਪ੍ਰਮਾਣ ਨਹੀਂ ਹੈ
ਕਿੰਜ ਕੋਈ ਜਾਣੇ ਕਿੰਜ ਕੋਈ ਪਾਵੇ
ਪਹਿਚਾਣ ਬਿਨ੍ਹਾਂ
ਕਿਸ ਨੂੰ ਸਿਮਰੇ ਕਿਸ ਨੂੰ ਧਿਆਵੇ
-0-
ਅਹਿਸਾਸ ਤਾਂ ਦੇਹ ਦੀ ਮੁਥਾਜੀ ਹੈ
ਇਹ ਜਿੱਤੀ ਨਾ ਹਾਰੀ ਬਾਜੀ ਹੈ
ਇਸ ਵਿਚ
ਦ੍ਰਿੜਤਾ ਸਥਿਰ ਨਹੀਂ ਹੈ
ਦੋ ਮੂੰਹੀਂ ਸੋਚ ਹੈ ਇਹ
ਇਕ ਪਾਸੜ ਧਿਰ ਨਹੀਂ ਹੈ
ਤੇਰੇ ਹੋਣ ਜਾ ਨਾ ਹੋਣ ਦਾ ਅਹਿਸਾਸ
ਪੱਥਰ 'ਤੇ ਲੀਕ ਨਹੀਂ ਹੈ
ਤੇਰੇ ਅਹਿਸਾਸ ਦਾ
ਕੋਈ ਸ਼ਰੀਕ ਨਹੀਂ ਹੈ
ਜਿਸ ਦੀ ਨੁਹਾਰ ਤੋਂ
ਤੈਨੂੰ ਜਾਣ ਸਕੇਗਾ ਕੋਈ
ਤੇਰੀ ਹੋਂਦ ਨਿਰ ਹੋਂਦ
ਸਵੀਕਾਰ ਸਕੇਗਾ ਕੋਈ
-0-
ਇਹ ਪਿੰਜਰਿਆਂ ਦਾ ਦੁਖਾਂਤ ਹੈ
ਦੇਹ ਦੀ ਕਾਰਜ ਪ੍ਰਣਾਲੀ ਚੋਂ ਹੋਈ
ਤੇਰੇ ਅਹਿਸਾਸ ਦੀ ਜੋ ਬਰਸਾਤ ਹੈ

ਉਸ ਵਿਚ ਮਨੁੱਖ ਦੀ
ਬੁੱਧੀ ਨਹੀਂ ਭਿੱਜਦੀ
ਇਸ ਲਈ ਮਨੁੱਖ ਦੀ
ਪਿਆਸ ਨਹੀਂ ਬੁੱਝਦੀ
ਅਸੀਂ ਪਿੰਜਰੇ ਹਾਂ
ਤੇਰੇ ਸਦਕਾ ਤੁਰਦੇ ਫਿਰਦੇ ਤੇ ਦਿੱਸਦੇ ਹਾਂ
ਸਾਡੀ ਜਾਨ ਦਾ ਪੰਛੀ ਤੂੰ ਹੈ
ਅਸੀਂ ਬਾਂਸ ਹਾਂ ਬੰਸੀ ਤੂੰ ਹੈ
-0-
ਮੈਂ ਜੇ ਤੈਨੂੰ ਪੂਜਣਾ ਸਿਮਰਨਾ
ਧਿਆਉਣਾ ਹੀ ਨਹੀਂ
ਹਿਰਦੇ ਵਿਚ ਵਸਾਉਣਾ ਹੀ ਨਹੀਂ
ਤੇਰਾ ਕਦੀ ਵੀ ਹੋਣਾ ਹੀ ਨਹੀਂ
ਕਿਉਂਕਿ ਮੇਰੀ ਮੈਂ
ਮੇਰੇ ਚੋਂ ਮਰਦੀ ਹੀ ਨਹੀਂ
ਸਿਰ ਆਪਣਾ
ਤੇਰੀ ਸਰਦਲ 'ਤੇ ਧਰਦੀ ਹੀ ਨਹੀਂ
ਮੈਂ ਤੇਰੇ ਦੀਦਾਰ ਦਾ ਕੀ ਕਰਨਾ ਹੈ
ਜੇ ਆਪਣੀ ਮੈਂ ਦਾ ਹੀ ਪਾਣੀ ਭਰਨਾ ਹੈ
-0-
ਦੀਦਾਰ ਤੇਰੇ ਤੋਂ ਪਹਿਲਾਂ
ਤੇਰਾ ਹੋਣਾ ਲਾਜ਼ਮੀ ਹੈ
ਤੇਰੇ ਚੋਂ ਉੱਗਣਾ
ਤੈਨੂੰ ਆਪਣੇ ਚੋਂ ਉੱਗਾਉਣਾ ਲਾਜ਼ਮੀ ਹੈ
ਤੇਰੇ ਦੀਦਾਰ ਤੋਂ ਪਹਿਲਾਂ
ਤੇਰੀ ਗਲੀ 'ਚ ਆਵਣ ਲਈ
ਤਲ਼ੀ 'ਤੇ ਸਿਰ ਟਿਕਾਉਣਾ ਲਾਜ਼ਮੀ ਹੈ
ਇਹ ਤਾਂ ਉਹੀ ਕਰ ਸਕਦਾ ਹੈ
ਜੋ ਮਹਾਨ ਹੈ ਮੁਕੰਮਲ ਇਨਸਾਨ ਹੈ
ਮੈਂ ਤਾਂ ਇਕ ਅਧੂਰਾ ਇਨਸਾਨ ਹਾਂ
ਬੰਦਾ ਬਣਨ ਦੀ ਕੋਸ਼ਿਸ਼ ਦਾ ਇਮਤਿਹਾਨ ਹਾਂ
-0-

ਜੇ ਦੀਦਾਰ ਦੇ ਵੀ ਦੇਵੇ
ਤਾਂ ਇਹ ਦ੍ਰਿਸ਼ਟਾਂਤ ਤੋਂ ਵੱਧ ਕੁੱਝ ਨਹੀਂ ਹੈ
ਇਕ ਓਪਰੀ
ਸਿਆਣ ਤੇ ਪਹਿਚਾਣ ਤੋਂ ਵੱਧ ਕੁੱਝ ਨਹੀਂ ਹੈ
ਜ਼ਿੰਦਗੀ 'ਚ
ਇਕ ਦੂਜੇ ਤੋਂ ਜਾਣੂ ਹੋ ਜਾਵਾਂਗੇ
ਮਿੱਤਰ ਨਹੀਂ ਰੰਗਾਂ ਦੀ ਸ਼ੋਖੀ ਹੋ ਜਾਵਾਂਗੇ
ਜੇ ਰੰਗ ਦਾ ਰੰਗ ਨਹੀਂ ਹੋਣਾ
ਤਾਂ ਸੋਖੀ ਹੋ ਕੇ ਕੀ ਕਰਨਾ ਹੈ
ਜੇ ਇਕ ਦੂਜੇ ਲਈ ਮਰ ਨਹੀਂ ਸਕਦੇ
ਫਿਰ ਜੀਊਕੇ ਕੀ ਕਰਨਾ ਹੈ
-0-
ਅਜਨਬੀ ਨੂੰ ਜੇ ਅਜਨਬੀ ਤੱਕੇ
ਤਾਂ ਅਜਨਬੀ
ਅਜਨਬੀ ਹੀ ਰਹਿੰਦਾ ਹੈ
ਅਜਨਬੀ ਨੂੰ ਅਜਨਬੀ
ਕਦ ਕੋਈ ਆਪਣਾ ਕਹਿੰਦਾ ਹੈ
ਤੇਰੀ ਅਜਨਬੀ ਸਿਆਣ ਨੂੰ ਕੀ ਕਰਨਾ ਹੈ
ਜੇ ਆਪਣੀ ਮੈਂ ਦਾ ਹੀ ਪਾਣੀ ਭਰਨਾ ਹੈ
-0-
ਦੀਦਾਰ ਵਿਚ ਤਾਂ ਕੁੱਝ ਨਹੀਂ ਹੈ
ਕੁੱਝ ਹੈ ਤਾਂ
ਤੇਰੇ ਮੇਰੇ
ਮੇਰੇ ਤੇਰੇ ਉਤਰਨ ਵਿਚ ਹੈ
ਇਕ ਦੂਜੇ ਦੇ ਵਿਚਰਨ ਵਿਚ ਹੈ
ਤੂੰ ਨੂੰ ਮੈਂ
ਮੈਂ ਨੂੰ ਤੂੰ ਦੇ ਸਿਰਜਣ ਵਿਚ ਹੈ
ਅਸੀਂ ਮਨੁੱਖ
ਆਪਣੇ ਆਪੇ ਤੋਂ ਅਣਜਾਣ
ਪਹਿਚਾਣ ਤੋਂ ਬੇ-ਪਹਿਚਾਣ
ਆਪਾ ਜਾਣਦੇ
ਤਾਂ ਤੈਨੂੰ ਪਹਿਚਾਣਦੇ

ਜੀਵਨ ਦਾ ਸੱਚ ਜਿਉਂਦੇ ਮਾਣਦੇ
-0-
ਅਸੀਂ ਤਾਂ
ਆਪਾ ਜਾਣਿਆ ਹੀ ਨਾ
ਆਪਣਾ ਸੱਚ ਪਹਿਚਾਣਿਆ ਹੀ ਨਾ
ਆਪਣਾ ਦੀਵਾ ਬਾਲ਼ਿਆ ਹੀ ਨਾ
ਆਪਣਾ ਆਪ ਹੰਗਾਲਿਆ ਹੀ ਨਾ
ਆਪਣੇ ਬਿੰਦੂ ਦੁਆਲ਼ੇ ਰਹੇ ਘੁੰਮਦੇ
ਆਪਣੇ ਦੁਆਲ਼ੇ ਰਹੇ
ਆਪਾ ਬੁਣਦੇ
ਆਪਣੀ ਆਪੇ
ਸਿਰਜੀ ਪਰਿਭਾਸ਼ਾ
ਹੋਰ ਕਿਸੇ ਨੂੰ ਆਪਣੇ ਤੁਲ ਨਾ ਜਾਤਾ
ਆਪਣੇ ਸਾਏ ਤੋਂ ਰਹੇ ਅਗਿਆਤ
ਸਿਰ 'ਤੇ ਸੂਰਜ ਪੈਰੀਂ ਰਾਤ
ਹੁੰਗਾਰੇ ਤੋਂ ਪਹਿਲਾਂ ਹੀ ਮੁੱਕ ਗਈ
ਅਸੀਂ ਉਹ ਬਾਤ
ਅਸੀਂ ਵਲਗਣਾਂ
ਭਰੇ ਭਰਾਏ ਬਾਹਰੋਂ ਦਿੱਸਦੇ ਹਾਂ
ਅੰਦਰੋਂ ਖ਼ਾਲੀ
ਸ਼ਬਦਾਂ ਦੇ ਅਸੀਂ ਭੁਲੇਖੇ
ਕਦੀ ਨਾ ਜੋਤ ਅਰਥ ਦੀ ਬਾਲ਼ੀ
ਦਰ ਦੇਹੀ ਦਾ ਭੀੜਾ ਰੱਖਿਆ
ਹਨ੍ਹੇਰ ਜਿਉਂਦੇ ਰਹੇ ਉਮਰਾਂ ਸਾਰੀ
ਚਾਨਣ ਦਾ ਰਹੇ ਭਰਮ ਪਾਲ਼ਦੇ
ਕਾਲਖ ਦੇ ਵਿਉਪਾਰੀ
-0-
ਜਦ ਵੀ ਸ਼ੀਸ਼ੇ ਚੋਂ ਤੱਕਿਆ
ਚਿਹਰਾ ਦਾਗ਼ੀ ਲੱਗਿਆ
ਰੂਹ ਦੀ ਮੈਲ਼ ਉਤਾਰ ਨਾ ਸਕੇ
ਚਿਹਰਾ ਧੋਅ ਧੋਅ ਰੱਖਿਆ
-0-

ਤੇਰੇ ਹੋਣ ਲਈ
ਆਪਾ ਮਾਰ ਕੇ
ਤੇਰੇ 'ਚ ਜਿਉਣਾ ਪੈਂਦਾ ਹੈ
ਤੇਰੇ ਸ਼ਬਦ ਚੋਂ
ਤੇਰਾ ਅਰਥ ਹੰਢਾਉਣਾ ਪੈਂਦਾ ਹੈ
ਤੇਰੇ ਸੱਚ ਲਈ
ਆਪਣਾ ਆਪ ਗਵਾਉਣਾ ਪੈਂਦਾ ਹੈ
ਐਸੇ ਸੱਚ ਨੂੰ ਕੀ ਕਰਨਾ ਹੈ
ਜਿਸ ਵਿਚ ਜੀਣਾ ਆਪੇ ਵਿਚ ਮਰਨਾ ਹੈ
-0-
ਤੇਰਾ ਸੱਚ ਸਦਾ ਸਲਾਮਤ
ਤੂੰ ਆਪਣੇ ਆਪ ਦੀ ਆਪ ਇਬਾਦਤ
ਤੇਰੇ ਬਿਨ ਸਭ ਮਿੱਥਿਆ
ਜਗ ਵਿਚ ਜੋ ਵੀ ਦਿੱਸਿਆ
ਤੂੰ ਜਨਮੇਂ ਨਾ ਬਿਨਸੇ
ਆਪੇ ਆਪਾ ਸਿਰਜੇ
ਅਸੀ ਕੱਚ ਹਾਂ ਸਦਾ ਤਿੜਕੀਏ
ਆਪੇ ਸੰਗ ਕਦੀ ਨਾ ਜੁੜੀਏ
ਰੇਤ ਵਾਂਗ ਸਦਾ ਹੀ ਭੁਰੀਏ
ਉਂਜ ਤਾਂ ਜਾਗਦੇ ਹੀ ਸੁੱਤੇ ਹਾਂ
ਨੀਂਦਰ ਵਿਚ ਸੜਕਾਂ 'ਤੇ ਤੁਰੀਏ
ਆਪਣੀ ਭਾਲ਼ 'ਚ ਦਰ-ਦਰ ਭੰਵੀਐ
ਆਪਣੇ ਅੰਦਰ ਕਦੀ ਨਾ ਵੜੀਏ
ਆਪਣੇ ਆਪ ਨਾਲ ਕਦੀ ਨਾ ਬਹੀਏ
ਆਪਣੇ ਆਪ ਦੀ
ਕਦੇ ਨਾ ਸੁਣੀਏ ਕਦੀ ਨਾ ਕਹੀਏ
ਅਸੀਂ ਤਾਂ ਆਪਣੇ ਆਪ ਨਾਲ ਹੀ
ਸਿਰਜ ਲਈਆਂ ਨੇ ਵਿੱਥਾਂ
ਸਾਡੀਆਂ ਗਰਦਨਾਂ ਆਪ ਉਸਾਰੀਆਂ
ਸਾਥੋਂ ਉੱਚੀਆਂ ਕੰਧਾਂ
ਘਿਰ ਗਏ ਅਸੀਂ ਕੰਧਾਂ ਦੇ ਵਿਚ
ਭੁੱਲ ਗਏ ਹਾਂ ਵਿਹੜੇ

ਸਾਡੇ ਪੈਰਾਂ ਦੀ ਮਿੱਟੀ ਵਿਚ ਸਨ
ਜੀਉਂਦੇ ਜਿਹੜੇ
-0-
ਅਸੀਂ ਤਾਂ ਅੱਡ ਹੋ ਕੇ ਵੀ
ਅੱਡਤਾ ਦਾ ਸੱਚ ਨਾ ਜਾਤਾ
ਜਿਉਂਦੇ ਰਹੇ ਅੱਡਤਾ ਦਾ ਸਾਇਆ
ਅੱਡਤਾ ਕੁੱਖੇ ਮਿਲਣ ਦਾ ਨਾ ਰੂਪ ਪਛਾਤਾ
ਅੱਡ ਹੋਏ ਵੀ ਅੱਡ ਨਾ ਹੋਏ
ਇਕ ਹੋ ਕੇ ਵੀ ਇਕ ਨਾ ਹੋਏ
ਰਹੇ ਖਲਾਅ ਵਿਚ ਅਸੀਂ ਲਟਕਦੇ
ਭਟਕਣ ਖ਼ਾਤਿਰ ਰਹੇ ਭਟਕਦੇ
-0-
ਹੇ! ਪਰਉਪਕਾਰੀ ਸਵੈ
ਸਾਡੇ ਵਿਚੋਂ ਸਾਡੇ ਆਪੇ ਦੀ ਵਿੱਥ ਮਿਟਾਓ
ਅੱਡ ਇੱਕਠ ਦਾ ਸੱਚ ਸਮਝਾਓ
ਤਾਂ ਕਿ ਸੁੱਕਿਆਂ ਰੁੱਖਾਂ ਦੇ ਪਿੰਡਿਓ
ਕਰੰਬਲਾਂ ਉੱਗ ਆਵਣ
ਰੁੱਖ ਜੰਗਲ ਜੰਗਲ ਰੁੱਖ ਕਹਾਵਣ
ਆਪਣੀ ਹੋਂਦ ਸ਼ਨਾਖਤ ਜੀਵਨ
ਮੌਤ ਦੀ ਸਰਦਲ ਤਕ ਅੱਪੜਦੇ
ਸੱਚ ਨਜ਼ਰੀਂ ਆਵਣ
ਅਸੀਂ ਤਾਂ
ਤੇਥੋਂ ਦੂਰ ਹਾਂ ਤੂੰ ਤਾਂ ਦੂਰ ਨਹੀਂ
ਸਾਨੂੰ ਤਾਂ ਗ਼ਮ ਰੋਜ਼ਗਾਰ ਦੇ
ਤੂੰ ਤਾਂ ਮਜ਼ਬੂਰ ਨਹੀਂ
ਸਾਡੀ ਕੰਡ ਚਾਹੇ ਤੇਰੇ ਵੱਲ ਹੈ
ਤੇਰਾ ਮੁਖ ਤਾਂ ਸਾਡੇ ਵੱਲ ਹੈ
ਇਸੇ ਲਈ ਤੂੰ ਸਵੈ ਹੈ ਅਸੀਂ ਮਿੱਟੀ ਦੀ ਢੇਰੀ
ਇਹ ਮਿੱਟੀ ਹੈ ਰੌਸ਼ਨ ਤਦ ਤਕ
ਇਸ ਵਿਚ ਜਗਦੀ ਜਦ ਤਕ ਜੋਤ ਹੈ ਤੇਰੀ
-0-
ਜੋਬਨ ਰੁੱਤ

ਦੇਹੀ ਭਰਿਆ ਰਸ
ਨੈਣੀ ਊਰਜਾ ਸੂਰਜੀ
ਰੂਪ ਰੰਗ ਜਸ ਜਗ
ਐਸੀ ਰੁੱਤੇ
ਕਿਉਂ ਭੱਜੇ ਨਾ ਆਪਣਾ ਆਪ
ਦੁਪਹਿਰ ਢਲੀ ਪਛਤਾਏਗਾ
ਦਰ ਆਣ ਖਲੋਣੀ ਸ਼ਾਮ
ਹੋਸੀ ਵੇਲਾ ਸੌਣ ਦਾ ਦੇਹ ਲੋੜੇ ਵਿਸ਼ਰਾਮ
-0-
ਉਮਰ ਦੀ ਗੁੱਥਲੀ ਵਿਚੋਂ
ਤਿਪ ਤਿਪ ਚੋਅ ਗਏ ਸਾਹ
ਜੱਪ ਲੈ ਆਪਣਾ ਆਪਾ ਹੁਣ ਵੀ
ਦਮ ਦਾ ਨਹੀਂ ਵਿਸਾਹ
ਜੀਵਨ ਦੇ ਨਿਰਬਾਹ ਲਈ
ਨਿਰਬਾਹ ਜੋਗਾ ਹੀ ਕਮਾਅ
ਸ਼ਾਮ ਢਲੀ ਪਛਤਾਏਗਾ
ਬੂਹੇ ਆਣ ਖਲੋਣੀ ਰਾਤ
ਰਹਿ ਜਾਣਾ ਸਭ ਧਰੇ ਧਰਾਏ
ਤੇ ਮੁੱਕ ਜਾਣੀ ਬਾਤ
ਜੀਵਨ ਕਰਜ ਸਿਰ ਲੈ ਕੇ ਮਰਨਾ
ਭਵਿੱਖ ਹੈ ਕਾਲਾ ਕਰਨਾ
ਜਨਮ ਮਰਨ ਦੀ ਜੂੰਨ ਹੰਢਾਉਣੀ
ਨਾ ਡੁੱਬਣਾ ਨਾ ਤਰਨਾ
-0-
ਮਾਇਆ ਘਰ ਪਰਵਾਰ
ਦੇਹ ਦੇ ਅੰਦਰ ਬਾਹਰ
ਲਹੂ ਦੇ ਰਿਸ਼ਤੇ ਨਾਤੇ ਮਾਇਆ
ਦਿਨ ਰਾਤ ਪ੍ਰਭਾਤ
ਚੜਦੇ ਤੋਂ ਡੁਬਦੇ ਤਕ ਦਾ
ਮੁਦਰਾ ਕਾਰੋਬਾਰ
ਹੇ! ਦਾਤਾ
ਸੱਚ ਦੁਆਲ਼ੇ ਦੌਲਤ ਦਾ ਸੰਸਾਰ

ਸੱਚ ਕਿਵੇਂ ਸੱਚ ਰਹੇਗਾ
ਜੋ ਵਿਚਰੇ ਕੂੜ ਵਿਚਕਾਰ
-0-
ਮਾਇਆ ਧਰਤੀ ਅੰਬਰ
ਸੰਪਤੀ ਦਾ ਰਚਿਆ ਸਭ ਅਡੰਬਰ
ਜ਼ਰ ਵਿਚ ਜਿਉਂਦਾ ਸੱਚ
ਕਿੰਜ ਸੰਪਤੀ ਤੋਂ ਨਿਰਲੇਪ ਰਹੇ
ਕਿਹੜੀ ਨਗਰੀ ਜਾਅ ਵਸੇ
ਕਿਹੜੇ ਜਾ ਕੇ ਦੇਸ ਰਹੇ
ਮੋਹ ਮਾਇਆ ਦੇ ਕੀੜਿਆਂ
ਸੱਚ ਨੂੰ ਘੇਰਿਆ ਹੈ
ਸੱਚ ਦੁਆਲ਼ੇ ਆਪਣਾ ਕੂੜ ਬਖੇਰਿਆ ਹੈ
ਸੱਚ ਵਿਚਾਰਾ ਕੀ ਕਰੇ
ਕਿਸ ਸ਼ੀਸ਼ੇ ਚੋਂ ਚਿਹਰਾ ਤੱਕੇ
ਕਿੰਜ ਆਪਣਾ ਆਪ ਪੜ੍ਹੇ
-0-
ਸੁਣ ਮਨਾਂ
ਆਤਮ ਮਾਇਆ ਰੂਪੀ ਦੇਹ ਨਗਰੀ
ਵਿਚ ਵੱਸਦਾ ਹੈ
ਮਾਇਆ ਵਿਚ ਘਿਰਿਆ ਵੀ ਵੱਖਰਾ ਲੱਗਦਾ ਹੈ
ਮਾਇਆ ਆਪਣਾ ਸੱਚ ਵਿਸਾਰ ਚੁੱਕੀ ਹੈ
ਸੱਚ ਦੀ ਹੋਂਦ ਮਾਰ ਚੁੱਕੀ ਹੈ
ਮਾਇਆ ਨੂੰ ਸੱਚ ਰਾਸ ਨਹੀਂ ਹੈ
ਸੱਚ ਮਾਇਆ ਦੇ ਪਾਸ ਨਹੀਂ ਹੈ
ਜਿਸ ਚੋਂ ਸੱਚ ਮੰਨਫੀ ਹੋਇਆ ਹੈ
ਉਹ ਜੀਂਦੇ ਜੀਅ ਮੋਇਆ ਹੈ
ਮਾਇਆ ਨੂੰ ਇਹ ਅਹਿਸਾਸ ਨਹੀਂ
ਸੱਚ ਮਾਇਆ ਲਈ ਖ਼ਾਸ ਨਹੀਂ
ਮਾਇਆ ਆਪਣੇ ਸਿੰਗੀ ਚੜ੍ਹੀ
ਆਪਣਾ ਢੋਲ ਵਜਾ ਰਹੀ ਹੈ
ਜੀਉਂਦਾ ਸੱਚ ਮੁਕਾ ਰਹੀ ਹੈ
-0-

ਸੱਚ ਨੂੰ ਸੱਚ ਯਾਦ ਹੈ ਰਹਿੰਦਾ
ਸੱਚ ਨੂੰ ਸੱਚ ਦਾ ਅਹਿਸਾਸ ਹੈ ਰਹਿੰਦਾ
ਸੱਚ ਮਾਇਆ ਵਿਚ ਵਿਚਰਦਾ
ਮਾਇਆ ਤੋਂ ਨਿਰਲੇਪ ਰਹੇਗਾ
ਸੱਚ ਸਿਰਜਕ ਦੀ
ਸਿਰਜਕ ਸੱਚ ਦੀ ਨਿਗ੍ਹਾ 'ਚ
ਹਮੇਸ਼ਾ ਰਿਹਾ ਹੈ ਹਮੇਸ਼ਾ ਰਹੇਗਾ
ਹੇ! ਮਨਾਂ
ਆਪਣੇ ਹਿਰਦੇ ਸੱਚ ਵਸਾ
ਸਦਾ ਲਈ ਸੱਚ ਦਾ ਹੋ ਜਾਅ
ਜਿਸ ਹਿਰਦੇ ਸੱਚ ਵੱਸ ਜਾਂਦਾ ਹੈ
ਉਹ ਮੋਹ ਮਾਇਆ ਨੂੰ ਤਜ ਜਾਂਦਾ ਹੈ
-0-
ਹੇ! ਉਦਾਰਚਿੱਤ ਮਿਹਰ ਕਰੋ
ਰੋਜ਼ ਪ੍ਰਵਿਰਤੀ ਤੋਂ ਉਤਪਨ ਲਾਲਸਾ
ਆਵੇਗਸ਼ੀਲਤਾ ਹਰੋ
ਜਿਉਂ ਬੱਦਲ ਸੂਰਜ ਤਾਂਈ
ਹੁਸਨ ਦੀਵਾਨਗੀ ਆਸ਼ਕ ਤਾਂਈ ਢੱਕ ਲੈਂਦੀ ਹੈ
ਇਸੇ ਤਰ੍ਹਾਂ ਹੀ ਸ਼ਹਿਵਤ ਗੁੱਸਾ
ਮਾਨਵ ਮਨ ਦਰਪਣ ਨੂੰ ਢੱਕ ਲੈਂਦਾ ਹੈ
ਗਿਆਨ ਦਾ ਕਰ ਵੱਧ ਦਿੰਦਾ ਹੈ
ਫਿਰ ਚਾਨਣ ਨਜ਼ਰ ਨਹੀਂ ਆਉਂਦਾ
ਸੂਰਜ ਵੀ ਸੂਰਜ ਨਹੀਂ ਰਹਿੰਦਾ
ਆਪਣੇ ਘਰ ਵਿਚ ਰਹਿੰਦਾ ਬੰਦਾ
ਘਰ ਲਈ ਬੇਗਾਨਾ ਹੋ ਜਾਂਦਾ ਹੈ
ਆਪਣੇ ਆਪ ਨੂੰ ਲੱਭਦਾ-ਲੱਭਦਾ
ਜ਼ਿਹਨੀਂ ਸੰਤੁਲਨ ਖੋਹ ਜਾਂਦਾ ਹੈ
ਆਪਣਾ ਸੱਚ ਜਾਣ ਨਹੀਂ ਸਕਦਾ
ਬੁਝੀ ਸ਼ਮ੍ਹਾ ਦਾ ਪ੍ਰਵਾਨਾ ਹੋ ਜਾਂਦਾ ਹੈ
ਜਿਸ ਦੀ ਕੋਈ ਸ਼ਨਾਖਤ ਨਹੀਂ ਰਹਿੰਦੀ
ਬਿਨ ਸਿਰਨਾਵੇਂ ਪੱਥਭ੍ਰਸ਼ਟ ਹੋ ਜਾਂਦਾ ਹੈ
ਆਪਣੀ ਦੀਦ ਦੀ ਭਿਖਸ਼ਾਂ ਮੰਗਦਾ

ਖ਼ਾਲੀ ਹੱਥੀਂ ਤੁਰ ਜਾਂਦਾ ਹੈ
ਕਾਮ ਕ੍ਰੋਧ ਦੇ ਸਾਗਰ ਵਿਚ ਬੰਦਾ
ਲੂਣ ਵਾਂਗਰਾ ਖੁਰ ਜਾਂਦਾ ਹੈ
-0-
ਹੇ! ਬਖ਼ਸ਼ਿੰਦਰ
ਮਨ ਤੇ ਬੁੱਧੀ ਕਾਮ ਕ੍ਰੋਧ ਹੰਕਾਰ ਦਾ ਘਰ ਹੈ
ਇਸ ਕਰਕੇ ਬੰਦੇ ਲਈ ਬੋਧ ਦਾ ਦਰਵਾਜਾ ਬੰਦ ਹੈ
ਆਵੇਗਾ
ਗਿਆਨ ਨੂੰ ਉਂਗਲੀ ਲਾ ਕੇ
ਬੁੱਧ ਦਾ ਦੀਪ ਬੁਝਾ ਦਿੰਦਾ ਹੈ
ਆਪਣੇ ਮੂੰਹ ਵਿਚ ਸੂਰਜ ਪਾ ਕੇ
ਮਾਨਵ ਲਈ ਹਨ੍ਹੇਰ ਵਰਤਾ ਦਿੰਦਾ ਹੈ
ਮੋਹ ਮਾਇਆ ਦੇ ਵਹਿਣ 'ਚ
ਬੰਦਾ ਵਹਿ ਜਾਂਦਾ ਹੈ
ਕਾਮ ਕ੍ਰੋਧ ਦਾ ਨੁਕਰ ਬਣ ਕੇ ਰਹਿ ਜਾਂਦਾ ਹੈ
-0-
ਹੇ! ਮੇਰੇ ਸਵੈ
ਦੇਹ ਦੇ ਕਰਮ ਅੰਗਾਂ ਨੂੰ
ਸੋਧਣ ਦਾ ਬੱਲ ਬਖ਼ਸ਼ੋ
ਆਪਣੀ ਦਿਆ ਦ੍ਰਿਸ਼ਟੀ ਸੰਗ
ਔਗੁਣਹਾਰੇ 'ਤੇ ਤਰਸੋ
ਕਰਮ ਅੰਗ
ਆਪਣੇ ਕਰਮ ਖੇਤਰ ਵਿਚ
ਚਾਨਣ ਵੀ ਹਨ੍ਹੇਰਾ ਵੀ ਹਨ
ਰਾਤ ਦਿਨ ਫਲ਼ਦੀ ਸ਼ਾਮ ਸਵੇਰਾ ਵੀ ਹਨ
ਮਨ
ਕਰਮ ਅੰਗਾਂ ਨਾਲੋਂ
ਬੁੱਧੀ ਮਨ ਨਾਲੋਂ ਬਰੀਕ ਹੈ
ਕਾਮ ਕ੍ਰੋਧ ਦਾ ਨਾਸ ਕਰਨ ਲਈ
ਬਸ ਬੁੱਧੀ ਵਿਚ ਹੀ ਤੌਫ਼ੀਕ ਹੈ
ਬੁੱਧੀ ਬੱਲ ਬਖ਼ਸ਼ੋ
ਇਨ੍ਹਾਂ ਵੈਰੀਆਂ ਦਾ ਨਾਸ ਕਰ ਸਕਾਂ

ਤੇਰੀ ਦੀਦ ਲਈ
ਅੱਖੀਆਂ ਵਿਚ ਆਏ ਅੱਥਰੂਆਂ ਦਾ
ਪਿੰਡਾਂ ਤਰ ਸਕਾਂ
-0-
ਕੱਖ ਕਾਂਡ ਇਕੱਠਾ ਕਰ
ਪੰਛੀ ਰਹਿਣ ਉਸਾਰਿਆ
ਦਾਣਾ ਤੁਨਕਾ ਚੁਗ ਬੋਟਾਂ ਕੰਠ ਉਤਾਰਿਆ
ਲੂਣ ਤੇਲ ਤੇ ਲਕੜਾਂ ਲਈ
ਜੀਵਨ ਸਫ਼ਰ ਗੁਜ਼ਾਰਿਆ
ਕਿਰਤ ਕੀਤੀ ਤੇ ਵੰਡ ਛਕਿਆ
ਉਸ ਦਾ ਸ਼ੁਕਰ ਉਚਾਰਿਆ
-0-
ਬੈਕੁੰਠ ਗ੍ਰਹਿਸਤੀ ਜੀਵਨ
ਬੈਕੁੰਠ ਤੇਰਾ ਪ੍ਰਵਾਰ
ਤੇਰੀ ਗ੍ਰਹਿਸਤੀ ਹੀ ਪੂਜਾ ਤੇਰੀ
ਗ੍ਰਹਿਸਤੀ ਹੀ ਤੇਰਾ ਸੰਸਾਰ
-0-
ਜੰਗਲ ਬੇਲੇ ਕੁੱਝ ਨਹੀਂ
ਤੇਰੇ ਘਰ ਹੀ ਤੇਰਾ ਕਰਤਾਰ
ਹੱਥ ਰਹਿਣ ਰੁਜ਼ਗਾਰ 'ਚ ਰੁੱਝੇ
ਸੁਰਤੀ ਵਸੇ ਉਹ
ਕਾਰਜ ਕਰਮ ਸੰਗ ਪੇਟ ਭਰੇ ਤੂੰ
ਸ਼ਬਦ ਸੰਗ ਲਏ ਮੈਲ਼ਾ ਧੋਅ
ਦੀਵਾਰਾਂ ਢਾਅ ਪੁਲ ਬਣਾ
ਪੁਲ ਬਣੇਗਾ
ਮਾਨਵ ਨੂੰ ਮਾਨਵ ਮਿਲੇਗਾ
ਮਾਨਵ 'ਚ ਮਾਨਵ ਢਲੇਗਾ
ਮਨੁੱਖਤਾ ਦਾ ਰੁੱਖ ਵਧੇ ਫੁੱਲੇਗਾ
ਰੁੱਖ ਨੂੰ ਮਿੱਠੇ ਫ਼ਲ ਆਵਣਗੇ
ਜੀਆ ਜੰਤ ਸਭ ਖਾਵਣਗੇ
ਰੁੱਖ ਦਾ ਸ਼ੁਕਰ ਮਨਾਵਣਗੇ
-0-

ਦੁਨੀਆ ਦਾ ਹਰ ਮਾਨਵ ਇਕ ਸ਼ਬਦ ਹੈ
ਹਰ ਸ਼ਬਦ ਇਕ ਮਾਨਵ ਹੈ
ਹਰ ਮਾਨਵ ਦਾ ਵੱਖਰਾ ਚਿਹਰਾ
ਵੱਖਰਾ ਆਵਣ ਜਾਵਣ ਹੈ
ਹਰ ਮਾਨਵ ਦਾ ਆਪਣਾ ਅੰਬਰ ਆਪਣੀ ਧਰਤ ਹੈ
ਪਰ ਸਭਨਾਂ ਦਾ ਇਕ ਅਰਥ ਹੈ
ਜੋ ਸ਼ਬਦਾਂ ਦੀ ਪੈਂਤੀ ਅੱਖਰੀ ਵਿਚਲੀ ਇਕਾਈ ਹੈ
ਹਰ ਸ਼ਬਦ ਵਿਚ ਇਕੋ ਜਿਹੀ ਹੈ
ਇਕੋ ਜਿਹੀ ਨਜ਼ਰੀ ਆਈ ਹੈ
ਪੁਲ ਬਣੇਗਾ
ਸ਼ਬਦ
ਸ਼ਬਦ ਦਾ ਅਰਥ ਪੜ੍ਹੇਗਾ
ਆਪਣਾ ਖ਼ਾਲੀਪਣ ਭਰੇਗਾ
ਸ਼ਬਦ ਅਰਥ ਨੂੰ ਜਾਣ ਜਾਏਗਾ
ਅਰਥ ਦਾ ਸੱਚ ਪਹਿਚਾਣ ਜਾਏਗਾ
ਸਾਂਝੀਵਾਲਤਾ
ਸਰਬਤ ਭਲੇ ਦੀ ਹਵਾ ਵਗੇਗੀ
ਇਕ ਅਰਥ ਦੀ
ਹਰ ਮਾਨਵ ਵਿਚ ਜੋਤ ਜਗੇਗੀ
ਇਕ ਅਰਥ ਤੋਂ
ਸ਼ਬਦਾਂ ਦਾ ਜਗਤ ਉਪਜਿਆ
ਇਹ ਸੱਚ ਸਭ ਦੀ ਤਲ਼ੀ ਧਰੇਗੀ
ਪਿਆਰ ਮੁਹੱਬਤ ਅਮਨ ਸ਼ਾਂਤੀ ਦੀ
ਦੁਨੀਆ ਵਿਚ ਸ਼ਮ੍ਹਾ ਜਗੇਗੀ
ਨਫ਼ਰਤ ਵੈਰ ਵਿਰੋਧ ਦੀ ਅੱਗਣ ਠਰੇਗੀ
ਸੱਚ ਸੁੰਦਰਤਾ ਕਲਿਆਣ ਦਾ
ਸੂਰਜ ਚੜ੍ਹੇਗਾ
ਮਨੁੱਖ ਦੀ ਤਲ਼ੀਏ
ਮਨੁੱਖ ਜਿਹਾ ਵਿਸ਼ਵ ਧਰੇਗਾ
-0-
ਜਗਤ ਹਿਤੂ ਸੰਸਾਰ ਦਾ ਸੁਫ਼ਨਾ
ਪੂਰਾ ਹੋ ਜਾਏਗਾ

ਮਨੁੱਖ ਦੇ ਮੋਢੇ ਲੱਗ ਕੇ ਮਨੁੱਖ ਖਲੋ ਜਾਏਗਾ
ਸੰਤੋਖ ਨਹੀਂ ਖੋਜ ਦੀ ਧਾਰਾ ਵਹਿ ਤੁਰੇਗੀ
ਮਾਨਵਤਾ ਦੀ ਗੰਗਾ ਜਮਨਾ
ਇਸ ਧਰਤੀ 'ਤੇ ਵਗੇਗੀ
ਤ੍ਰੈਕਾਲ ਮੁਖੀ ਚਿੰਤਨ ਦੇ ਚਸ਼ਮੇ ਫੁੱਟ ਆਵਣਗੇ
ਧਰਤੀ ਅੰਬਰ
ਤੂੰ ਹੀ ਤੂੰ ਗਾਵਣਗੇ
ਦੀਵਾਰਾਂ ਢਹਿਣਗੀਆਂ
ਵਿਹੜੇ ਖੁੱਲ੍ਹੇ ਹੋਵਣਗੇ
ਚੌਂਕੇ ਚੁੱਲ੍ਹੇ ਮਨ ਦਾ ਮੈਲ਼ਾ ਧੋਵਣਗੇ
ਅੰਬਰ ਜਿਹੇ
ਚੰਨਾਂ ਤਾਰਿਆਂ ਦੇ ਘਰ ਹੋਵਣਗੇ
ਪਿਆਰ ਚਿਰਸੰਗਤ ਦੀ
ਪੌਣ ਵਗੇਗੀ
ਮਾਨਵ ਦੀ ਘਰ-ਘਰ ਜੋਤ ਜਗਾਏਗੀ
ਮਾਨਵ ਆਪਣਾ ਆਪਾ ਪਾਏਗਾ
ਮਾਨਵ ਹੀ ਮਾਨਵਤਾ ਦਾ ਰੱਬ ਕਹਾਏਗਾ
-0-
ਜੈ ਮਾਨਵ
ਜੈ ਮਾਨਵਤਾ ਦੇ ਬੋਲ ਗੂੰਜਣਗੇ
ਹੱਥੀਂ ਫੜ ਕਿਰਨਾਂ
ਲੋਕ ਹਨ੍ਹੇਰ ਹੂੰਝਣਗੇ
ਮਾਨਵ ਦੀ ਮਰਜ਼ੀ ਦਾ
ਸੰਸਾਰ ਹੋਵੇਗਾ
ਹਰ ਮਾਨਵ ਹੀ
ਵਿਸ਼ਵ ਦਾ ਪਹਿਰੇਦਾਰ ਹੋਵੇਗਾ
ਸਰਵ ਵਿਆਪਕਤਾ ਦੇ ਮੰਦਰੀਂ
ਇਕੋ ਦਾ ਪ੍ਰਚਾਰ ਹੋਵੇਗਾ
ਮਨੁੱਖ ਦਾ ਮਨੁੱਖਤਾ ਵਿਚ ਵਿਸਥਾਰ ਹੋਵੇਗਾ
-0-
ਹੇ! ਮਨਾਂ ਦੀਵਾਰਾਂ ਢਾਅ ਪੁਲ ਬਣਾ
ਪੁਲ ਬਣੇਗਾ ਮਾਨਵ ਨੂੰ ਮਾਨਵ ਮਿਲੇਗਾ

ਮਾਨਵ 'ਚ ਮਾਨਵ ਢਲੇਗਾ
ਮਾਨਵਤਾ ਦਾ ਰੁੱਖ ਵਧੇ ਫੁਲੇਗਾ
-0-
ਆਪਣੀ ਖ਼ੁਦੀ 'ਚ ਰੰਗਿਆ
ਤੂੰ ਕੀ ਕਰਦਾ ਹੈ
ਸਾਗਰ ਕੱਛੇ ਮਾਰ ਮੁੱਠੀ ਪੌਣਾਂ ਫੜਦਾ ਹੈ
ਪੀਠ-ਪੀਠ ਕੇ ਪਰਬਤ
ਅੱਖੀਆਂ ਵਿਚ ਪਾਉਂਦਾ ਹੈ
ਧਰਤੀ ਨੂੰ ਉਬਾਲ਼ਦਾ ਅੰਬਰੀ ਅੱਗ ਲਾਉਂਦਾ ਹੈ
ਬੰਦਾ ਤਾਂ ਬਣ ਨਹੀਂ ਸਕਿਆ
ਬੰਦਾ ਬਣਨ ਤੋਂ ਪਹਿਲਾਂ ਹੀ ਤੂੰ
ਰੱਬ ਕਹਾਉਂਦਾ ਹੈ
-0-
ਤੱਕਿਆ ਨਹੀਂ ਜੇ ਤੂੰ
ਆਪਣਾ ਆਪਾ ਪੜ੍ਹ ਕੇ
ਕੀ ਕਰੇਗਾ ਥਾਂ ਬੰਦੇ ਦੀ
ਬੰਦਿਆਂ ਤੂੰ ਰੱਬ ਬਣਕੇ
ਜੇ ਆਪਣਾ ਆਪ ਪਛਾਤਾ ਹੀ ਨਹੀਂ
ਜਨਮਿਆਂ ਸੀ ਜਿਸ ਨੂੰ ਜਾਣਨ ਲਈ
ਜੇ ਤੂੰ ਉਸ ਦਾ ਗਿਆਤਾ ਹੀ ਨਹੀਂ
ਫਿਰ ਤੂੰ ਕੁੱਝ ਵੀ ਨਹੀਂ ਬੰਦਿਆਂ
ਕੁੱਝ ਵੀ ਕੁੱਝ ਦਾ ਜਾਤਾ ਹੀ ਨਹੀਂ
-0-
ਆਪਣਾ ਬਿੰਦੂ
ਦਾਇਰਿਆਂ ਵਿਚ ਰਿਹਾ ਵਿਸਥਾਰਦਾ
ਜਮਾਂ 'ਚ ਜਮਾਂ ਰਿਹਾ ਉਤਾਰਦਾ
ਸਾਰੀ ਦੁਨੀਆ ਜਿੱਤਣ ਦੇ ਮੋਹ ਵਿਚ
ਆਪਾ ਸਦਾ ਤੂੰ ਰਿਹਾ ਹਾਰਦਾ
ਮੋਹ ਮਾਇਆ ਹੰਕਾਰ ਦੁਆਲ਼ੇ ਰਿਹਾ ਉਸਾਰਦਾ
ਹਵਾ ਨੂੰ ਮੈਲ਼ੀ ਕਰ ਰਿਹਾ ਹੈ
ਜਲ ਵਿਚ ਅੱਗਾਂ ਧਰ ਰਿਹਾ ਹੈ
ਨਿੱਘ ਅੱਗਣ ਦਾ ਠਾਰ ਰਿਹਾ ਹੈ

ਜੀਵਨ ਵਿਚ ਮੌਤ ਉਤਾਰ ਰਿਹਾ ਹੈ
ਆਪਣੀ ਖ਼ੁਦੀ 'ਚ ਰੰਗਿਆ
ਆਪਾ ਮਾਰ ਰਿਹਾ ਹੈ
ਕੀ ਕਰਨਾ ਸੀ ਕੀ ਕਰ ਰਿਹਾ ਹੈ
ਖ਼ੁਦੀ 'ਚ ਡੁੱਬਾ
ਆਪਣੇ ਆਪ 'ਚ ਤਰ ਰਿਹਾ ਹੈ
ਬਿਨ ਪ੍ਰਯੋਜਨ ਜੀਅ ਰਿਹਾ ਹੈ
ਬਿਨ ਪ੍ਰਯੋਜਨ ਮਰ ਰਿਹਾ ਹੈ
ਜਦ ਪੰਛੀ ਉੱਡਿਆ ਤਾਂ ਪਿੰਜਰਾ ਹੋਸੀ ਖਾਕ
ਨਾ ਸੁਣਸੀ ਵੇਖਸੀ ਨਾ ਉਚਾਰਸੀ ਵਾਕ
ਤੇਰੇ ਵੱਲ ਕਿਸੇ ਨਾ ਵੇਖਣਾ ਕਿਸੇ ਨਾ ਪੁੱਛਣਾ ਹਾਲ
ਮਿੱਟੀ ਹੋਣੀ ਕਬਰ ਦੀ ਤੇਰੀ ਚੰਦਨ ਦੇਹ ਸੁਗਾਤ
ਜਿਨੂੰ ਧੋਅ-ਧੋਅ ਮਾਂਝ ਕੇ ਰੱਖਦੈ
ਉਹਦਾ ਕੀੜਿਆਂ ਖਾਣਾ ਮਾਸ
ਇਸ ਤੋਂ ਪਹਿਲਾ ਕਿ ਬੁਝ ਜਾਏ ਚਿਰਾਗ
ਸਾਂਭ ਵਕਤ ਤੇ ਉਠ ਮਨਾਂ ਕਰ ਆਪਣਾ ਆਪਾ ਯਾਦ
ਆਪਣੀ ਮੈਂ ਨੂੰ ਮਾਰ ਕੇ ਤੂੰ ਦਾ ਦੀਵਾ ਬਾਲ਼
-0-
ਭੀੜ ਦਾ ਖਹਿੜਾ ਛੱਡ
ਆਪਣਾ ਮੂਲ ਪਛਾਣ
ਭੀੜ ਵਸੇਬਾ ਜਗਤ ਦਾ
ਟਾਂਵਾ ਕੋਈ ਇਨਸਾਨ
ਜਿਸ ਹਿਰਦੇ ਵਸਿਆ
ਉਹ ਬ੍ਰਹਮ ਰੂਪ ਸਮਾਨ
-0-
ਉਹ ਰਾਹ ਹੈ ਤੈਂਡੜਾ
ਜੋ ਪ੍ਰਤੱਖ ਦਰ ਲੈ ਜਾਏ
ਸਵੈ ਮਿਲਣ ਦੀ ਲਗਨ
ਜੋ ਤੇਰੇ ਚਿੱਤ ਲਾਏ
ਉਹ ਤੇਰੇ ਕੋਲ ਚਲ ਆਵਸੀ
ਤੂੰ ਉਸਦਾ ਹੋ ਕੇ ਦਸ
ਤੂੰ ਇਕ ਕਦਮ ਉਠਾ

ਉਹ ਤੇਰੇ ਵਲ ਆਸੀ ਭੱਜ
ਫਿਰ ਸਾਇਆ ਮਿਲਸੀ ਦੇਹ ਨੂੰ
ਜਾਸੀ ਬੂੰਦ ਸਮੁੰਦਰ ਹੋ
ਤੂੰ ਉਹਦੇ ਚੋਂ ਦਿੱਸੇਗਾ
ਤੇਰੇ ਚੋਂ ਦਿੱਸੇਗਾ ਉਹ
ਅੱਗਣ ਤੇਜ ਵਿਚ ਮਿਲਸੀ
ਹਵਾ 'ਚ ਮਿਲਸੀ ਵੇਗ
ਉਹ ਤੇਰੇ ਜਿੱਡਾ ਹੋ ਜਾਏਗਾ
ਤੂੰ ਹੋਸੀ ਉਸ ਜੇਡ
-0-
ਪਹਿਲਾਂ ਭਲਾ ਆਪ ਕਰ
ਫਿਰ ਦੂਜੇ ਤੋਂ ਰੱਖ ਆਸ
ਇਹ ਰਾਹ ਆਪਣਾ ਮਨ ਜਿੱਤਣ ਦਾ
ਦੂਜੇ ਦੇ ਹਨ੍ਹੇਰੇ ਬਾਲ਼ ਚਿਰਾਗ਼
-0-
ਆਪ ਭਲਾ ਤਾਂ ਕੀਤਾ ਨਾਹੀ
ਦੂਜੇ ਤੋਂ ਕਰੇ ਉਮੀਦ
ਅੱਕ ਬੀਜ ਕੇ
ਮੇਵੇ ਦੀ ਰੱਖਦੈ ਦੀਦ
ਇਹ ਧੋਖਾ ਤੂੰ ਆਪਣੇ ਆਪ ਨਾਲ ਕਰ ਰਿਹਾ ਹੈ
ਆਪਣੇ ਅੰਦਰ ਦਾ ਬੂਹਾ ਢੋਅ ਕੇ
ਦੂਜੇ ਅੰਦਰ ਵੜ੍ਹ ਰਿਹਾ ਹੈ
-0-
ਹੇ! ਮਨਾਂ
ਆਪਣੇ ਆਪ ਨੂੰ ਦੂਜੇ ਦੇ ਰੰਗ ਵਿਚ ਰੰਗ
ਦੂਜੇ ਦੇ ਦਿਲ ਵਿਚ ਬਹਿ ਕੇ
ਭਲਾ ਸਰਬਤ ਦਾ ਮੰਗ
ਹਰ ਇਕ ਨੂੰ ਇਕ ਨਜ਼ਰ ਨਾਲ ਤੱਕ
ਫਿਰ ਹੋਸੀ ਉਹ ਤੇਰਾ
ਉਸ ਤੋਂ ਹੋਸੀ ਨਾ ਤੂੰ ਵੱਖ
ਇੰਜ ਤੂੰ ਦੁਨੀਆ ਦਾ ਨਗਨ ਢਕੇਗਾ
ਖ਼ੁਦ ਵੀ ਢਕਿਆ ਜਾਏਗਾ

ਸਰਬਤ ਭਲੇ 'ਚ
ਆਪਣਾ ਭਲਾ ਵੀ ਪਾਏਗਾ
ਗੈਰਾਂ ਨੂੰ ਜੇ ਆਪਣਾ ਸਮਝੇਗਾ
ਤੂੰ ਆਪਣਾ ਹੋ ਜਾਏਗਾ
ਚਿੱਕੜ ਵਿਚ ਰਹਿੰਦਾ ਵੀ
ਕੰਵਲ ਕਹਾਏਗਾ
ਬੀਜੇਗਾ ਜੇ ਬੀਜ ਭਲੇ ਦੇ
ਫਲ ਲੱਦਿਆਂ ਰੁੱਖ ਹੋ ਜਾਏਗਾ
-0-
ਹੇ! ਅੰਤਾਕਰਨ
ਤੂੰ ਹੀ ਪ੍ਰਦੂਸ਼ਤ ਤੇਰੇ ਕਾਰਨ ਦੇਹ ਪ੍ਰਦੂਸ਼ਤ
ਪ੍ਰਦੂਸ਼ਤ ਦੇਹ ਪ੍ਰਦੂਸ਼ਤ ਜਨਮੇਂ
ਜਗ ਪ੍ਰਦੂਸ਼ਤ ਹੋਏ
ਪ੍ਰਦੂਸ਼ਤ ਬਿਨ ਕੁੱਝ ਨਜ਼ਰ ਨਾ ਆਵੇ
ਜੀਵ ਜਿਉਂਦੇ ਮੋਏ
-0-
ਕਿਤ ਬਿਧ ਮੁਕਤੀ ਪਾਈਏ ਪ੍ਰਦੂਸ਼ਣ ਤੋਂ
ਦੇਹ ਉਜਵਲ ਮਨ ਨਿਰਮਲ ਹੋਏ
ਹੇ! ਮਨਾਂ
ਸ਼ਬਦ ਤੀਰਥ ਵਿਚ ਕਰ ਇਸ਼ਨਾਨ
ਮਨ ਦਾ ਮੈਲ਼ਾ ਧੁਲ ਜਾਏਗਾ
ਸੱਚ ਕੰਵਲ ਦਾ ਉੱਗ ਆਏਗਾ
-0-
ਚਿੱਤ ਮੰਦਿਰ ਜੋਤੀ ਪ੍ਰਕਾਸ਼
ਇਸ ਪਿੰਜਰੇ ਵਿਚ
ਉਸ ਦਾ ਵਾਸ
ਹੇ! ਸਰੀਰਾਂ ਉਸ ਦਾ ਹੋ ਜਾਅ
ਆਪਣਾ ਮੋਹ ਤਿਆਗ
ਕੋਲ ਬੈਠਾ ਦਿਸੇ ਨਾ ਤੈਨੂੰ
ਅੱਖਾਂ ਖੋਲ ਤੇ ਜਾਗ
ਆਪਣੀ ਮਤਿ ਵਿਸਥਾਰ
ਨਜ਼ਰ ਤੋਂ ਨਜ਼ਰ ਉਤਾਰ

ਰੂਹ ਵੀ ਉਹ ਦੇਹ ਵੀ ਉਹ
ਉਸ ਦੀ ਜਗਦੀ ਜੋਤ ਵਿਚਾਰ
ਸ਼ੀਸ਼ਾ ਹੋ ਕੇ ਇਕ ਵਾਰੀ
ਚਿਹਰੇ 'ਤੇ ਝਾਤੀ ਮਾਰ
ਜਾਣ ਜਾਏਗਾ ਕੀ ਹੈ ਕੌਣ ਹੈ ਤੂੰ
ਆਪੇ ਕੱਤੇ ਆਪਣਾ ਰੂੰ
-0-
ਜੇ ਚਾਹੇ ਸਾਂਈ ਪਾਵਨਾ
ਪ੍ਰੇਮ ਦਾ ਦੀਵਾ ਬਾਲ਼
ਬੱਤੀ ਵੱਟ ਸੰਤੋਖ ਦੀ ਤੇਲ ਸਿਦਕ ਦਾ ਚੋਅ
ਉਹ ਤਾਂ ਤੇਰਾ ਹੀ ਪਹਿਲਾਂ ਹੈ
ਤੂੰ ਵੀ ਉਸਦਾ ਹੋ
-0-
ਜੇ ਚਾਹੁੰਦਾ ਹੈ ਕੰਚਨ ਹੋਣਾ
ਤਾਂ ਹਿਰਦੇ ਸ਼ਬਦ ਵਸਾ
ਸੱਚ ਹੋਵਣ ਲਈ
ਸੱਚ ਪਾਵਣ ਲਈ ਆਪਣੀ ਹਸਤ ਮਿਟਾ
-0-
ਹਿਰਦੇ ਸ਼ਬਦ ਵਸਾਇਆ
ਕਾਇਆ ਕਲਪ ਕਰੇਗਾ ਤੇਰੀ
ਆਣ ਵਸੇਗਾ ਉਹ ਘਰ ਤੇਰੇ
ਮਸਤਕ ਜੋਤ ਜਗੇਗੀ ਤੇਰੀ
ਨੂਰ ਹੋਏ ਘਰ ਦੇ ਦਰ 'ਤੇ
ਚੰਨ ਸੂਰਜ ਆਣ ਖੜਣਗੇ
ਪੂਰੀਆਂ ਵਿਚ ਵਸਦੇ ਦੇਵਤੇ
ਤੇਰਾ ਸਿਮਰਨ ਤੇਰੀ ਪੂਜਾ ਕਰਨਗੇ
-0-
ਉੱਚੇ ਮਹਿਲ ਮਾੜੀਆਂ
ਕਖੋਂ ਹੌਲੀ ਸੋਚ
ਧੰਨ ਸੰਪਤੀ ਸੋਨਾ ਚਾਂਦੀ
ਮੋਹ ਬਿਨ ਕੁੱਝ ਨਾ ਹੋਰ
ਤਖ਼ਤੀ ਬੈਠੇ ਹੁਕਮ ਚਲਾਵਣ

ਜਗਤ ਮਨਾਵਣ ਦੀਨ
ਉੱਚਾ ਸੋ ਜਿਸ ਹਿਰਦੇ ਮਾਨਵ ਵਾਸ
ਉਸ ਦਾ ਉਸ ਵਿਚ ਕੁੱਝ ਨਹੀਂ ਸਭ ਬੰਦੇ ਦੀ ਦਾਤ
ਕੁੱਝ ਵੀ ਨਾ ਹੁੰਦਿਆਂ ਉਹ ਸਗਲ ਜਗਤ ਦੀ ਰਾਸ
ਬੰਦਾ ਹੀ ਹੈ ਰੱਬ ਬੰਦੇ ਦਾ
ਬੰਦੇ ਵਿਚ ਜੇ ਬੰਦੇ ਦਾ ਵਾਸ
-0-
ਉਸ ਵਿਚ ਰੱਖ ਵਿਸ਼ਵਾਸ
ਉਹ ਸਦਾ ਹੈ ਅੰਗ ਸੰਗ ਤੇਰੇ
ਆਪਣੇ ਆਪ ਦਾ ਅਰਘਾ
ਉਸਦੇ ਚਰਨੀਂ ਚਾੜ੍ਹ
-0-
ਉਸਦੇ ਮਾਰਗ 'ਤੇ ਚਲਦਾ
ਉਸ ਦਾ ਰੂਪ ਵਟਾਏਗਾ
ਉਸ ਲਈ ਜੀਅ ਕੇ
ਉਸ ਲਈ ਮਰ ਕੇ ਕਾਲ ਮੁਕਤ ਹੋ ਜਾਏਗਾ
ਦਰਪਣ ਚੋਂ ਜਦ ਚਿਹਰਾ ਤੱਕੇਗਾ
ਆਪਣਾ ਸੱਚ ਹੀ ਪਾਏਗਾ
ਸਿਮਰ ਧਿਆ ਕੇ ਉਸ ਨੂੰ
ਤੂੰ ਆਪਣੇ ਆਪੇ ਤਕ ਅੱਪੜ ਜਾਏਗਾ
-0-
ਉਸ 'ਤੇ ਜੋ ਨਿਸਚਾ ਰੱਖਦੇ ਹਨ
ਬਿਪਤ ਘੜੀ ਨਾ ਡੋਲਣ
ਅੰਗ ਅੰਗ ਕਟਵਾਉਂਦੇ ਆਪਣਾ
ਤੂੰ ਹੀ ਤੂੰ ਹੀ ਬੋਲਣ
ਸਬਰ ਸੰਤੋਖ ਚਿੱਤ ਆਵੇ
ਮਨ ਭਾਉਂਦਾ ਫਲ ਪਾਈਏ
ਇਕ ਪਲ ਜੇ ਉਹ ਵਿਸਰੇ
ਜੀਂਦੇ ਜੀਅ ਮਰ ਜਾਈਏ
-0-
ਉਹ ਉਨ੍ਹਾਂ 'ਤੇ ਹੈ ਰੀਝਦਾ
ਜੋ ਉਸ ਦੇ ਰਾਹ 'ਤੇ ਚਲਦੇ

ਆਪਣੇ ਆਪ ਨੂੰ ਤੁਛ ਕਹਿੰਦੇ
ਉਸ ਨੂੰ ਉੱਚਾ ਦੱਸਦੇ
"ਸਫਾ" ਤੇ "ਮਰਵਾ"* ਉਹ ਹੀ ਚੜ੍ਹਦੇ
ਜੋ ਆਪਣੇ ਆਪ ਨੂੰ ਲੋਕ ਪੈਰਾਂ ਦੀ
ਚਰਨ ਧੂੜ ਸਮਝਦੇ
ਉਸ ਸਾਂਈ ਨੂੰ ਜੱਪਦੇ ਜਿਹੜੇ
ਆਪਣਾ ਸੱਚ ਕਹਾਉਂਦੇ
ਜਿਨ੍ਹਾਂ ਤਾਂਈ ਉਹ ਆਪ ਜਪਾਵੇ
ਉਹ ਹੀ ਉਸ ਨੂੰ ਪਾਉਂਦੇ
-0-
ਉਨ੍ਹਾਂ ਸਿਰ ਹੀ ਸਿਹਰੇ ਬਝਦੇ
ਉਹ ਦੂਲ੍ਹੇ ਅਖਵਾਉਂਦੇ
ਥਲਾਂ 'ਚ ਸੜ੍ਹਕੇ ਵੀ ਜੋ
ਆਪਣਾ ਆਪ ਧਿਆਉਂਦੇ
ਉਨ੍ਹਾਂ ਸੱਸੀਆ ਚੋਂ ਪੁਨੂੰ ਦਿਸਣ
ਜੋ ਅੱਥਰੂ ਹੋ ਜਾਂਦੇ
ਉਨ੍ਹਾਂ ਦੀ ਕੋਈ ਸ਼ਨਾਖਤ ਨਾ ਰਹਿੰਦੀ
ਜੋ ਆਪੇ ਸੰਗ ਲਾਉਂਦੇ
ਐਸੇ ਆਸ਼ਨਾ ਹੁੰਦੇ ਆਪੇ ਸੰਗ
ਆਪਾ ਪਹਿਚਾਣ ਨਾ ਪਾਉਂਦੇ
-0-
ਸਿਰ 'ਤੇ ਮੁਸ਼ਕਲ ਅਤਿ ਬੰਨੀ
ਪੈਰੋਂ ਵਿਸਰੇ ਰਾਹ
ਦੁਸ਼ਮਣ ਹੋਏ ਸਭ ਆਪਣੇ
ਸਾਏ ਦੇਹ ਸੰਗ ਨਾ ਸਕੇ ਨਿਭਾਅ
-0-
ਨਾ ਕੋਈ ਆਸ ਨਾ ਆਸਰਾ
ਨਾ ਹੀ ਚਿੱਤ ਧਰਵਾਸ
ਦੀਵੇ ਸਾਰੇ ਬੁੱਝ ਗਏ
ਹਨ੍ਹੇਰਾ ਧਰਤ ਅਕਾਸ਼
ਹੇ! ਮਨਾਂ ਜੋਤ ਜਗਾ ਲੈ ਉਸਦੀ
ਹੋਸੀ ਹਨ੍ਹੇਰ ਖਲਾਸ

*ਸਫਾ ਤੇ ਮਰਵਾ ਦੋ ਮੱਕੇ ਦੀਆਂ ਗਲੀਆਂ ਹਨ।

ਵਾਲ ਨਾ ਵਿੰਗਾ ਹੋਵਸੀ
ਜੇ ਹਿਰਦੇ ਉਸ ਦਾ ਵਾਸ
ਬਲਹੀਣ ਦਾ ਬਲ ਉਹ
ਕਸ਼ਟ ਨਿਵਾਰਨ ਹਾਰ
ਪਰਮਾਨੰਦ ਨਾਮ ਹੈ ਉਸਦਾ
ਉਸ ਨੂੰ ਸਿਮਰ ਧਿਆ
ਉਹ ਆਪੇ ਅੰਦਰੋਂ ਬੋਲਸੀ
ਇਕ ਵਾਰੀ ਦਰ ਖੜਕਾਅ
ਉਹ ਰੁੱਖ
ਰਾਹੀਆਂ ਦੇ ਪੈਰਾਂ ਵਿਚ ਬੈਠਾ
ਛਾਂ ਵਿਛਾਅ
ਬਾਹਾਂ ਖੋਲ ਉਡੀਕਦਾ
ਨਜ਼ਰਾਂ ਰਾਹਾਂ 'ਤੇ ਲਾਅ
ਉਹ ਤੇਰਾ ਤੇਰੇ ਜਨਮ ਤੋਂ ਪਹਿਲਾਂ
ਤੂੰ ਜਨਮੋਂ ਪਿੱਛੋਂ ਛੱਡਿਆ ਜਿਨੂੰ ਭੁਲਾ
-0-
ਕੋਈ ਪਰਦਾ ਨਹੀਂ ਵਿਚ ਤੇਰੇ
ਤੂੰ ਤਾਂ ਸਾਫ਼ ਹੈ ਚਾਰ ਚੁਫੇਰੇ
ਬਸ ਉਸਾਰੀਆਂ ਮੈਂ ਕੰਧਾਂ
ਕਰ ਲਏ ਆਪਣੇ ਆਪ ਹਨ੍ਹੇਰੇ
-0-
ਬੰਦ ਅੱਖੀਆਂ
ਅਸੀਂ ਆਪ ਨਾ ਦਿਸੀਏ
ਤੇਰਾ ਜਲਵਾ ਕਿੰਜ ਪਾਈਐ
ਤੇਜ ਹਨ੍ਹੇਰੀ ਝੱਖੜ ਭਾਰੇ
ਕਿੰਜ ਕੋਈ ਦੀਪ ਜਲਾਈਐ
ਖੋਲਿਆ ਨਾ ਅਸਾਂ ਦਰ ਅੰਦਰ ਦਾ
ਕਿੰਜ ਤੇਰੇ ਸਨਮੁਖ ਆਈਏ
ਤੇਰੀ ਹੋਂਦ ਹਾਂ ਅਸੀਂ ਜਿਉਂਦੇ
ਤੇਰੇ ਬਿਨ ਮਰ ਜਾਈਐ
ਹਰ ਮਾਨਵ ਦੀ ਦੇਹੀ ਵਿਚ ਤੂੰ ਹੈ
ਕੋਈ ਪਰਦਾ ਨਹੀਂ ਵਿਚ ਤੇਰੇ

ਤੂੰ ਤਾਂ ਸਾਫ਼ ਹੈ ਚਾਰ ਚੁਫੇਰੇ
-0-
ਇਕ ਕੰਧ ਭੋਗ ਇੱਛਾ ਦੀ
ਦੂਜੀ ਹਿਰਸ ਗੁਮਾਨ
ਤੀਜੀ ਕੰਧ ਲਾਲਚ ਦੀ ਮਾਰੀ
ਛੱਤਾਂ ਵਿਹੜਾ ਘਰ ਜਹਾਨ
ਮਾਇਆ ਵਿਚ ਜਨਮੇਂ
ਮਾਇਆ ਵਿਚ ਜੀਏ
ਮਾਇਆ ਦੇਹੀ ਸਵਾਸ
ਧਰਤੀ ਦੇ ਜੀਵਾਂ ਪੱਲੇ
ਮਾਇਆ ਦੀ ਹੀ ਰਾਸ
ਕਿੰਜ ਹੋਈਐ ਸੱਚਿਆਰਾ
ਕਿੰਜ ਹੋਈਐ ਨਿਰਲੇਪ
ਜਨਮ ਤੋਂ ਲੈ ਕੇ ਮਰਨ ਤੀਕਰਾਂ
ਬਸ ਮਾਇਆ ਦੀ ਖੇਡ
-0-
ਮੈਲ਼ਾ ਜਿਉਂਦਾ ਪ੍ਰਕਾਸ਼
ਸਦਾ ਰਹੇ ਨਿਰਲੇਪ
ਮੈਲੇ ਸੰਗ ਮੈਲ਼ਾ ਨਹੀਂ ਹੁੰਦਾ
ਬੰਦੂ ਸੋਚ ਸਮਝ ਤੇ ਵੇਖ
ਆਪਣੇ ਹੱਥੀਂ ਲਿਖ ਸਕਦਾ ਹੈ
ਬੰਦਾ ਆਪਣੇ ਲੇਖ
ਮਾਇਆ ਵਿਚ ਵੀ ਰਹਿੰਦਾ
ਹੋ ਸਕਦਾ ਹੈ ਨਿਰਲੇਪ
ਪਾ ਸਕਦਾ ਹੈ ਉਸ ਤਾਂਈ
ਰੂਹ ਤੋਂ ਦੇਹ ਉਤਾਰ
ਹੋ ਸਕਦਾ ਹੈ ਸੱਚਿਆਰਾ
ਆਪਾ ਧੋਅ ਨਿਖਾਰ
ਕੋਈ ਪਰਦਾ ਨਹੀਂ ਵਿਚ ਤੇਰੇ
ਬਸ ਉਸਾਰੀਆਂ ਕੰਧਾਂ ਮੈਂ ਆਪੇ
ਤੂੰ ਤਾਂ ਸਾਫ਼ ਹੈ ਸ਼ੀਸ਼ੇ ਵਾਂਗੂੰ
ਮੇਰੀ ਰੂਹ ਹੀ ਮੈਲ਼ੀ ਜਾਪੇ

ਪੰਛੀ ਮਨ
ਅੰਬਰੀ ਭੌਂਦਾਂ ਧਰਤੀ ਗਾਹੁੰਦਾ
ਚੋਗਾ ਚੁਗਦਾ ਕੁਟੰਭ ਪਾਲ਼ਦਾ
ਆਪਣੀ ਸੇਵਾ ਕਮਾਉਂਦਾ
-0-
ਉਹਦੀ ਸੇਵਾ ਕਰਨ ਦਾ ਵੀ
ਕਦੀ ਕਰ ਉਪਰਾਲਾ
ਜਿਸ ਸਦਕਾ ਤੂੰ ਜਗਤ 'ਚ ਆਇਆ
ਮਾਨਸ ਦੇਹ ਦਾ ਰੁਤਬਾ ਪਾਇਆ
ਸਾਰੇ ਸਾਹ
ਆਪਣੇ ਲਈ ਹੀ ਦਿੱਤੇ ਤੂੰ ਮੁਕਾ
ਇਕ ਅੱਧ ਸਾਹ
ਉਸ ਦੀ ਯਾਦ ਦੇ ਲੇਖੇ ਵੀ ਲਾਅ
ਰੁਝਿਆ ਰਹਿੰਦੈ ਜਿਉਂਦੇ ਰਹਿਣ ਲਈ
ਕਦੀ ਉਸ ਨੂੰ ਵੀ ਸਿਮਰ ਧਿਆ
-0-
ਹੇ! ਮਨਾਂ
ਉਹ ਤੇਰੇ ਸਾਰੇ ਕਾਰਜ ਸੰਵਾਰੇ
ਤੇਰੀ ਥਾਂ 'ਤੇ ਆਪਣਾ ਆਪ ਉਤਾਰੇ
ਉਸ ਦਾ ਹੋ ਉਹ ਤੇਰਾ ਹੋ ਜਾਸੀ
ਜਿਉਂ ਧੰਨੇ ਦਾ
ਕਾਹਨਾ ਹੁਕਮ ਬਜਾਇਆ
ਤੇਰਾ ਵੀ ਉਹ ਹੁਕਮ ਬਜਾਸੀ
-0-
ਤੇਰੇ ਜਿਉਣ ਦੇ
ਸਭ ਸਾਧਨ ਕਰੇ ਉਹ ਪੂਰੇ
ਤੇਰੇ ਕਟੁੰਭ ਦਾ ਭਾਰ ਵੰਡਾਏ
ਪੂਰਨ ਕਾਰਜ ਹੋਣ ਅਧੂਰੇ
ਬਸ ਤੂੰ ਉਸ ਦਾ ਨਾਮ ਧਿਆ
ਉਸ ਦਾ ਹੋ ਕੇ ਕਰਮ ਮੁਕਤ ਹੋ ਜਾਅ
ਭਰੇ ਰਹਿਣਗੇ ਸਦਾ ਭੰਡਾਰੇ
ਫਿਰ ਕੁੱਝ ਕਰਨ ਦੀ ਲੋੜ ਨਹੀਂ ਤੈਨੂੰ

ਰਹਿਣੀ ਕੋਈ ਵੀ ਥੋੜ ਨਹੀਂ ਤੈਨੂੰ
-0-
ਕਰ ਚਾਕਰੀ ਸਵੈ ਦੀ ਬਾਕੀ ਸਭ ਤਿਆਗ
ਸਭ ਝਮੇਲੇ ਜਗਤ ਦੇ ਦੁੱਖਾਂ ਦੇ ਭੰਡਾਰ
ਇਹੀ ਰਾਹ ਇਕ ਮਿੱਠੜਾ ਬਾਕੀ ਸਭ ਫਿੱਕੇ ਆਹਾਰ
ਸਗਲੀ ਚਿੰਤ ਮਿਟਾਂਵਦਾ ਚਿੱਤ ਵੱਸਿਆ ਕਰਤਾਰ
ਕਾਰਜ ਸਭ ਸੰਵਾਰਦਾ
ਸਭ ਦਾ ਪਾਲ਼ਣਹਾਰ
ਭੁੱਖ ਮਿਟਾਵੇ ਮਨ ਦੀ ਖ਼ਾਲੀ ਭਰੇ ਭੰਡਾਰ
ਆਪਣਾ ਆਪਾ ਸਿਮਰਿਆ
ਆਵੇ ਕਦੀ ਨਾ ਤੋਟਿ
ਉਹ ਰੁੱਖ ਕਦੀ ਨਾ ਸੁੱਕਦੇ
ਜਿਨ੍ਹਾਂ ਪਛਾਣੀ ਜੋਤ
ਭਾਣਾ ਮੰਨਦੇ ਉਸਦਾ
ਸਦਾ ਰਹਿਣ ਮਰਜੀਵੜੇ ਹੋਤ
ਜੋ ਸਵੈ ਦਾ ਦਮ ਭਰੇ
ਹਵਾ ਦੇ ਮੱਥੇ ਉਸਦਾ ਦੀਪ ਜਲ਼ੇ
ਲੱਕ ਦੁਆਲ਼ੇ ਬੰਨ੍ਹ ਪੱਥਰ ਭਵਸਾਗਰ ਉਹ ਤਰੇ
-0-
ਹਵਾ ਜਗਾਏ ਜਿਸ ਨੂੰ
ਕੌਣ ਬੁਝਾ ਸਕਦਾ ਹੈ ਉਸ ਨੂੰ
ਜੋ ਉਸਦੀ ਸ਼ਰਨ 'ਚ ਆਇਆ
ਉਸ ਦੀ ਹੋਈ ਉਸਦੀ ਹਸਤੀ
ਉਸ ਵਿਚੋਂ ਆਪ ਉਹ ਦਿਸਦਾ
ਉਸਦੀ ਸੂਰਤ ਉਸਦੀ ਲਗਦੀ
-0-
ਕਰਮ ਕਰੇ ਸਾਂਈ ਮਨ ਭਾਉਂਦੇ ਉੱਠਦੇ ਬੈਠਦੇ ਜਾਗਦੇ ਸੌਂਦੇ
ਸਾਰੇ ਕਰਮ ਭੇਂਟ ਕਰੇ ਉਸ ਦਾਤੇ ਨੂੰ
ਲੀਨ ਰਹੇ ਧਿਆਨ ਧਰੇ ਚਿੱਤ ਵਸਾਏ ਉਸ ਦਾਤੇ ਨੂੰ
ਸ਼ਬਦ ਆਸਰੇ ਆਪਣੇ ਮਨ ਨੂੰ
ਉਸ ਵਿਚ ਲਾਈ ਰੱਖੇ
ਸਿਮਰਨ ਸ਼ਕਤੀ ਸੰਗ ਮਨ ਦੀ ਜੋਤ ਜਗਾਈ ਰੱਖੇ

ਤੱਕੇ ਨਾ ਕਿਸੇ ਹੋਰ ਦਾ ਆਸਰਾ
ਉਸ ਦੀ ਸਰਦਲ 'ਤੇ ਨੈਣ ਲਗਾਈ ਰੱਖੇ
ਨਜ਼ਰਾਂ ਦੇ ਵਾਂਗ ਅੱਖੀਆਂ ਦੇ ਵਿਚ
ਧੜਕਣ ਵਾਂਗ ਦਿਲ 'ਚ ਵਸਾਵੇ
ਆਪਣੇ ਦਰਪਣ ਚੋਂ ਤੱਕੇ
ਉਸ ਨੂੰ ਸਾਹਾਂ ਵਾਂਗ ਧਿਆਵੇ
ਸਵੈ ਦੇ ਆਸਰੇ ਮਾਨਵ ਜੋ ਵੀ ਕਰਮ ਕਮਾਵੇ
ਉਸ ਰਾਹੀਂ
ਉਸ ਕਰਮ ਦੀ ਪਦਵੀਂ ਹੀ ਪਾਵੇ
-0-
ਤੂੰ ਧੰਨ ਦੌਲਤਾਂ ਐਸ਼ ਵਰੀਯਾ ਦਿੱਤਾ
ਮਹਿਮਾ ਮਾਣ ਬਖਸ਼ਿਆ
ਘੁੱਗ ਵਸਦਾ ਪ੍ਰਵਾਰ ਤੂੰ ਦਿੱਤਾ
ਉਤਮ ਕਾਰੋਬਾਰ ਬਖ਼ਸ਼ਿਆ
ਫਿਰ ਵੀ ਰੂਹ ਨੂੰ ਚੈਨ ਨਾ ਆਵੇ
ਭਟਕਣ ਸਿਰ ਅਸਵਾਰ
ਇਕ ਇਕੱਲਾ ਰੁੱਖ ਹੋਵੇ
ਜਿਉਂ ਜੰਗਲ ਵਿਚਕਾਰ
-0-
ਸਭ ਕੁੱਝ ਬੇਸ਼ਕ ਲੈ ਲੈ ਸਾਂਈਆ
ਰੂਹ ਦੀ ਅੱਗਣੀ ਠਾਰ
ਬਿਨ ਸ਼ਾਂਤੀ ਕੁੱਝ ਨਹੀਂ ਭਾਉਂਦਾ
ਬੇਸ਼ਕ ਦੇ ਸੁੱਖਾਂ ਦੇ ਭੰਡਾਰ
ਮਿਹਰ ਕਰ ਤੇ ਬਖ਼ਸ਼ ਸ਼ਾਂਤੀ
ਚਿੱਤ ਆਵੇ ਧਰਵਾਸ
ਬਿਨ ਸ਼ਾਂਤੀ ਕੁੱਝ ਨਹੀਂ ਪੱਲੇ
ਸਭ ਕੁੱਝ ਹੁੰਦਿਆਂ ਪਾਸ
ਧੰਨ ਦੌਲਤਾਂ ਦੇਹ ਦੀਆਂ ਲੋੜਾਂ
ਰੂਹ ਦੀ ਲੋੜ ਸਕੂਨ
ਰੂਹ ਦੀ ਲੋੜ ਲਈ ਕੁੱਝ ਨਾ ਕੀਤਾ
ਦੇਹ ਦਾ ਰਿਹਾ ਜਾਨੂੰਨ
-0-

ਹੇ! ਮਨਾਂ ਹੁਕਮ ਪਛਾਣ
ਹੁਕਮ ਅੰਦਰ ਹੈ ਸਭ ਜਹਾਨ
ਜੋ ਮਾਨਵ ਨਾ ਹੁਕਮ ਪਹਿਚਾਣੇ
ਵਾਂਗ ਚਿਖਾ ਜਲੇ ਮਸਾਣੇ
ਨਿੱਤ ਜਨਮ ਮਰਨ ਦੀ ਪੀੜ ਹੰਢਾਵੇ
ਅੰਦਰੋਂ ਧੁਖੇ ਪਰ ਬਲ ਨਾ ਪਾਵੇ
ਆਪਣੇ ਅੱਥਰੂ ਪੀਵੇ ਮਾਨਵ
ਮਰ ਮਰ ਕੇ ਨਿੱਤ ਜੀਵੇ ਮਾਨਵ
ਸਮੇਂ ਦਾ ਸੱਚ ਨਾ ਜਾਣੇ
ਸੁੱਤਾ ਆਪਣਾ ਸੂਰਜ ਰੱਖ ਸਿਰਹਾਣੇ
-0-
ਜੋ ਮਾਨਵ
ਉਹਦੀ ਰਜ਼ਾ 'ਚ ਰਹਿੰਦਾ
ਆਪਣੀ ਛਾਂਵੇ ਆਪੇ ਬਹਿੰਦਾ
ਸੁੱਖ ਸ਼ਾਂਤੀ ਉਹਦੇ ਹਿਰਦੇ ਵਸਦੇ
ਚੰਨ ਸੂਰਜ ਉਹਦੇ ਮੱਥੇ ਜਗਦੇ
ਜਾਪੇ ਰੂਪ ਉਹ ਰੱਬ ਦਾ ਮਾਨਵ
ਚਾਨਣ ਸਾਰੇ ਜਗ ਦਾ ਮਾਨਵ
-0-
ਭਾਣਾ ਉਸਦਾ ਸਬਰ ਸੰਤੋਖ
ਜੀਵਨ ਜਿਉਣ ਦਾ ਸਾਧਨ ਆਰੋਗ
ਬੱਦਲ ਹੋਵਣ ਨਾ ਹੋਵਣ
ਧੁੱਪਾਂ ਵਿਚ ਵੀ ਨੱਚਦਾ ਉਸਦੇ ਮਨ ਦਾ ਮੋਰ
-0-
ਮਨਾਂ ਤੂੰ ਜੋਤ ਸਰੂਪ ਹੈ
ਲਾਟ ਵਾਂਗ ਨਾ ਡੋਲ੍ਹ
ਜੇ ਹਵਾ 'ਚ ਜਗਣਾ ਲੋਚਦੈ
ਤਾਂ ਦਰ ਭੀਤਰ ਦਾ ਖੋਲ
ਪਾ ਕੇ ਤੇਲ ਧਿਆਨ ਦਾ
ਖੂਹ ਦੇਹੀ ਦਾ ਗੇੜ
ਜੇ ਜੋਤ ਜਗੇ ਵਿਚ ਤੈਂਡੜੇ
ਤੇਰਾ ਹੋਸੀ ਉਸ ਸੰਗ ਮੇਲ

ਚੱਲਣ ਲੱਖ ਹਨ੍ਹੇਰੀਆਂ
ਤੇਰਾ ਦੀਵਾ ਨਾ ਬੁਝਸੀ ਫੇਰ
-0-
ਜੋ ਜਨਮਨਾ ਉਹ ਬਿਨਸਨਾ
ਹਰਿਆ ਜਾਣਾ ਝੜ
ਇਸ ਬਿਨਸਨਹਾਰੇ ਜਗਤ ਨੂੰ
ਨਾ ਵੇਖ ਕੇ ਅੱਥਰੂ ਭਰ
ਮਰ ਕੇ ਹੀ ਤਾਂ ਪਾਈਐ
ਆਪਣਾ ਸੱਚਾ ਘਰ
-0-
ਹਨ੍ਹੇਰੇ ਚੋਂ ਚਾਨਣ ਉਪਜੇ
ਹਨ੍ਹੇਰੇ ਵਿਚ ਸਮਾਏ
ਪਤਝੜੋਂ ਬਹਾਰਾਂ ਜਨਮਨ
ਪਤਝੜ ਹੀ ਖਾਹ ਜਾਏ
ਰਾਤ ਦੀ ਕੁੱਖੋਂ ਦਿਨ ਜਨਮਦਾ
ਬਿਨਸੇ ਰਾਤ ਹੋ ਜਾਏ
ਮੌਤ ਚੋਂ ਜਨਮੇਂ ਜ਼ਿੰਦਗੀ
ਅੰਤ ਮੌਤ ਅਖਵਾਏ
-0-
ਚੇਤਨ ਬੁੱਧ ਜਗਿਆਸਾ ਦੀ ਕੁੱਖ ਹੈ
ਦੇਹ ਤੱਤਾਂ ਦੀ ਕਾਰਜ ਪ੍ਰਣਾਲੀ
ਤੱਤਾਂ ਦੀ ਊਰਜਾ ਸ਼ਕਤੀ ਨੇ ਜੋ ਉਸਾਰੀ
ਚੇਤਨਾ ਬਿਨ ਦੇਹ ਮਿੱਟੀ
ਮਿੱਟੀ ਵਿਚ ਚੇਤਨਾ ਕਿਸ ਨੇ ਡਿੱਠੀ
ਸੂਰਜ ਚੰਦ ਸਿਤਾਰੇ ਅੰਬਰ
ਬ੍ਰਹਿਮੰਡ ਬਿਨਸ ਹੈ ਜਾਣਾ
ਜਨਮਨਾ ਬਿਨਸਨਾ ਹੈ
ਪ੍ਰਕਿਰਤੀ ਦਾ ਨੇਮ ਪੁਰਾਣਾ
-0-
ਹੇ! ਮਨਾਂ ਪ੍ਰਕਿਰਤੀ ਤੇਰੇ ਵਰਗੀ
ਤੂੰ ਪ੍ਰਕਿਰਤੀ ਵਰਗਾ
ਦੋਹਾਂ ਦੇ ਪਿੰਡੇ ਬ੍ਰਹਮ ਵਸਦਾ

ਜਿਉਂ ਜਾਗਦਾ ਬੋਲਦਾ ਸੁਣਦਾ
ਪਰ ਬ੍ਰਹਿਮੰਡ ਵਿਚ
ਮਾਨਵ ਇਕ ਹੈ
ਜੋ ਆਪੇ ਨੂੰ ਪਾਅ ਸਕਦਾ ਹੈ
ਜਨਮ ਮਰਨ ਤੋਂ ਛੁੱਟ ਸਕਦਾ ਹੈ
ਬ੍ਰਹਮ ਦੇ ਵਿਚ ਸਮਾ ਸਕਦਾ ਹੈ
ਬਿਨਸਨ ਸ਼ਬਦ ਮਿਟਾ ਸਕਦਾ ਹੈ
-0-
ਹੇ! ਮਨਾਂ
ਭੰਨ ਨਾ ਤਾਲੇ ਘਰਾਂ ਦੇ
ਤੇ ਨਾ ਚੋਰ ਕਹਾ
ਜੇ ਝਸ ਹੀ ਪੂਰਾ ਕਰਨਾ
ਤਾਂ ਸੰਨ੍ਹ ਆਪਣੇ ਆਪ ਨੂੰ ਲਾਅ
ਲੁੱਟ ਖਜ਼ਾਨਾ ਅੰਦਰ ਦਾ
ਉਮਰਾਂ ਬੈਠਾ ਖਾਹ
-0-
ਆਪਣੇ ਘਰ ਚੋਂ ਮਿਲਸੀ
ਤੈਨੂੰ ਰੱਬੀ ਨਾਂਅ ਦੀ ਦਾਤ
ਖਾਹ ਖ਼ਰਚ ਚਾਹੇ ਸਾਰੀ ਉਮਰ ਲੁਟਾਅ
ਆਪਣਾ ਤਾਲਾ ਭੰਨਿਆ
ਤੇਰਾ ਹੋਸੀ ਜੱਗ ਵਿਚ ਨਾਂਅ
ਉੱਚਾ ਰੁਤਬਾ ਮਿਲਸੀ
ਦਰਗਾਹੀ ਉੱਚੀ ਥਾਂ
ਤੂੰ ਚੋਰ ਹੁੰਦਿਆਂ ਸੁੰਦਿਆਂ
ਪੂਜਿਆਂ ਜਾਏਗਾ ਵਿਚ ਜੱਗ
ਹਰੀ ਨਾਮ ਦੀ ਤੈਨੂੰ ਜਾਸੀ ਲੱਗ
-0-
ਕਾਲੇ ਸ਼ਬਦ ਕਤੇਬਾਂ ਚੇਤਨਹੀਣ
ਆਪਣਾ ਆਪ ਨਾ ਜਾਣਦੇ
ਕੀ ਸੱਚ ਦਾ ਜਾਣਨ ਦੀਨ
ਦਰ ਇਨ੍ਹਾਂ ਦੇ ਨਿੱਕੜੇ
ਵੱਡੇ ਅਰਥ ਅਕਾਰ

ਉਸ ਉੱਚੇ ਅਰਥ ਨੂੰ ਕਿੰਜ ਦੇਹੀ ਸਕਣ ਉਤਾਰ
-0-
ਇਹ ਉੱਥੇ ਤਕ ਨਾ ਪਹੁੰਚਦੇ
ਨਾ ਉੱਥੇ ਲੈ ਜਾਣ
ਇਨ੍ਹਾਂ ਜਿੱਡਾ ਵੇਖਿਆ
ਇਹ ਉਨ੍ਹੀ ਹੀ ਫ਼ਰਮਾਨ
-0-
ਇਹ ਮਹਿਮਾਨ ਬੰਦੇ ਦੀ ਜਾਣ ਦੇ
ਉਂਜ ਬ੍ਰਹਮ ਦਾ ਰੂਪ ਕਹਾਣ
ਇਹ ਸੁੰਗੜੇ ਆਪਣੇ ਆਪ 'ਚ
ਗਤੀਆਂ ਤੋਂ ਅਣਜਾਣ
ਇਹ ਵਿਚ ਖਲਾਅ ਦੇ ਲਟਕਦੇ
ਨਾ ਧਰਤੀ ਨਾ ਅਸਮਾਨ
ਇਹ ਆਪ ਨਾ ਅੱਪੜੇ ਕਿਤੇ ਵੀ
ਇਹ ਕਿਸੇ ਨੂੰ ਕਿੱਥੇ ਲੈ ਜਾਣ
ਇਹ ਰਟਣ ਸਮੱਗਰੀ ਜਗਦੀ
ਰਟਣ ਤਕ ਰਹਿ ਜਾਣ
ਇਨ੍ਹਾਂ ਜਨਮੇਂ ਪੰਡਿਤ ਸ਼ਾਸਤਰੀ
ਇਨ੍ਹਾਂ ਜਨਮੇਂ ਨਹੀਂ ਇਨਸਾਨ
ਇਹ ਅੰਤ ਨਾ ਰੂਹ ਦੀ ਸ਼ਾਂਤੀ
ਇਹ ਆਪ ਬਣੇ ਭਗਵਾਨ
ਇਹ ਬਣੇ ਜੀਵਨ ਅਭਿਆਸ ਨਾ
ਇਹ ਵਿੱਦਿਆ ਬਸ ਅਖੀਰ
ਸ਼ਰਧਾ ਪ੍ਰੇਮ ਵਿਸ਼ਵਾਸ ਬਿਨ੍ਹਾਂ
ਇਹ ਸ਼ਬਦਾਂ ਦੀ ਤਕਰੀਰ
-0-
ਇਹ ਜਗਤ ਜੀਵ
ਸਭ ਮੋਹ ਮੱਕੜੀ ਦਾ ਜਾਲ਼
ਸ਼ਹਿਦ ਚਟਾ ਕੇ ਜੀਵ ਨੂੰ
ਢਿੱਡ ਵਿਚ ਲੈਣ ਉਤਾਰ
ਇੱਛਿਆ ਪੂਰਨ ਹੁੰਦਿਆਂ
ਦੀਵਾ ਦੇਣ ਬੁਝਾ

ਫੋਕ ਰੂੜੀ 'ਤੇ ਸੁੱਟਦੇ
ਤੇ ਸੱਚ ਜਾਂਦੇ ਖਾਹ
ਇਹ ਕੀੜੇ ਚਿੰਮੜੇ ਜਨਮ ਤੋਂ
ਬਿਨ ਗੁਰ ਸਕੀਏ ਨਾ ਲਾਹ
ਜੇ ਨਜ਼ਰ ਕਰੇ ਮਿਹਰ ਦੀ
ਤਾਂ ਸੜ੍ਹਕੇ ਹੋਣ ਸਵਾਹ
-0-
ਹੇ! ਮਨ ਮੈਂਡੜੇ
ਗਿਰਝਾਂ ਉਤਮ ਜਾਣ
ਰੱਖ ਆਪਾ ਸਾਵੇਂ ਉਨ੍ਹਾਂ ਦੇ
ਤੇ ਆਪਣੀ ਕਰ ਪਹਿਚਾਣ
ਤੂੰ ਜਨਮ ਤੋਂ ਲੈ ਕੇ ਮਰਨ ਤੀਕ
ਗੰਧਲਾ ਕੀਤਾ ਧਰਤੀ ਅਸਮਾਨ
ਹਵਾਂ ਪਾਣੀ ਕਰ ਪ੍ਰਦੂਸ਼ਤ
ਕੀਤਾ ਵਾਤਾਵਰਣ ਸ਼ਮਸ਼ਾਨ
ਗਿਰਝਾਂ ਮੁਰਦੇ ਖਾਂਦੀਆਂ
ਧਰਤ ਤੋਂ ਗੰਧ ਮੁਕਾਣ
ਮਹਿਕਾਂ ਰੱਖਣ ਜਿਉਂਦੀਆਂ
ਗੰਦਗੀ ਆਪ ਹੰਢਾਣ
-0-
ਤੂੰ ਜੋ ਮੱਲਾਂ ਮਾਰੀਆਂ
ਪਾਪਾਂ ਸੰਗ ਉਸਾਰੀਆਂ
ਹੰਕਾਰ ਦੇ ਬੂਹੇ ਬਾਰੀਆਂ
ਲਾਲਚ ਵਿਹੜਾ ਮੋਹ ਦੁਆਰ
ਆਪਣੇ ਕੱਦ ਤੋਂ ਉੱਚਾ
ਤੂੰ ਸਿਰਜ ਲਿਆ ਸੰਸਾਰ
-0-
ਕਿੰਜ ਨਿਕਲੇਗਾ
ਇਸ ਚੋਂ ਬਾਹਰ
ਤੂੰ ਸਿਰ ਚਾਂਈ ਮਾਇਆ ਦੀ ਗੱਠੜੀ
ਸਭ ਕੀਤੇ ਬੰਦ ਦੁਆਰ
ਜਿਸ ਨੂੰ ਤੂੰ ਆਪਣੀ ਫ਼ਤਹਿ ਹੈ ਸਮਝਦਾ

ਉਹੀ ਤੇਰੀ ਹਾਰ
ਉਹ ਕਿੰਜ ਮੂਲ ਪਛਾਣੇ ਆਪਣਾ
ਜਿਸ ਦਾ ਵਸਣ
ਹਵਸ ਸੰਤਾਪ ਲਾਲਚ ਤੇ ਹੰਕਾਰ
-0-
ਹੇ! ਮਨਾਂ
ਜੋ ਤੂੰ ਮੱਲਾਂ ਮਾਰੀਆਂ
ਗਲੋਂ ਇਨ੍ਹਾਂ ਨੂੰ ਲਾਹ
ਕਰ ਸ਼ੁੱਧ ਅੰਦਰ ਆਪਣਾ
ਇਨ੍ਹਾਂ ਦੀ ਅਲਖ ਮੁਕਾ
ਜਲ ਪ੍ਰਵਾਹ ਕਰ ਇਨ੍ਹਾਂ ਨੂੰ
ਜਾਂ ਅੱਗਣੀ ਭੇਟ ਚੜਾਅ
ਜੇ ਚਾਹੇ ਮੁਕਤੀ ਇਨ੍ਹਾਂ ਤੋਂ
ਆਪਾ ਸਿਮਰ ਧਿਆ
ਦਿਲ ਵਿਚ ਯਾਦ ਬੂਹੇ 'ਤੇ ਨਜ਼ਰਾਂ
ਰਹੁ ਤੱਕਦਾ ਉਸ ਦਾ ਰਾਹ
ਬਹਿ ਜਾਏ
ਜਦ ਉਹ ਅੰਦਰ ਆ ਕੇ
ਕਰਕੇ ਬੂਹੇ ਬੰਦ ਅੱਖੀਆਂ ਦੇ
ਪੂਰੇ ਕਰ ਲਈ ਚਾਅ
ਜਗਤ ਵਿਚ
ਤੇਰੇ ਆਉਣ ਦਾ ਮਕਸਦ ਕੀ ਹੈ
ਨਿਸ਼ਾਨਾ ਤੀਰ ਤੇ ਤਰਕਸ਼ ਕੀ ਹੈ
ਪੱਥੇ ਚੋਂ ਕੌਣ ਚਲਾਉਂਦੈ ਤੀਰ
ਕਿਸ ਦੇ ਹੱਥ ਹੈ ਡੋਰੀ
ਕੌਣ ਲਿਖੇ ਤਕਦੀਰ
-0-
ਆਪਣਾ ਮੁੱਢ ਪਛਾਣੇਗਾ
ਤਾਂ ਆਪਣਾ ਪਰਾਇਆ ਜਾਣੇਗਾ
ਬੂੰਦ ਚੋਂ ਸਾਗਰ ਰੁੱਖ ਚੋਂ ਜੰਗਲ ਪਾਏਗਾ
ਜ਼ਰੇ ਚੋਂ ਸਹਿਰਾ ਕਿਣਕੇ ਚੋਂ ਪਰਬਤ
ਤੈਨੂੰ ਨਜ਼ਰੀਂ ਆਏਗਾ

ਇਕਾਈ ਚੋਂ ਵਿਭਿੰਨਤਾ
ਵਿਭਿੰਨਤਾ ਚੋਂ ਇਕਾਈ
ਸਿਮਰ ਧਿਆਏਗਾ
ਹਰ ਸ਼ਖ਼ਸ ਚੋਂ
ਆਪਣਾ ਚਿਹਰਾ ਤੱਕੇਗਾ
ਆਪਣੇ ਆਪ ਤੇ
ਦੁਨੀਆ ਨੂੰ ਚੰਗਾ ਲੱਗੇਗਾ
ਆਪਣੇ ਆਪ 'ਚ ਜਗਤ ਜਿਉਂਦਾ ਪਾਏਗਾ
ਹਰ ਜ਼ਰੇ ਚੋਂ ਹਰ ਕਤਰੇ ਚੋਂ
ਤੂੰ ਹੀ ਨਜ਼ਰੀਂ ਆਏਗਾ
ਬੰਦਿਆਂ ਆਪਣੀ ਜੜ੍ਹ ਦੀ ਲੋਅ ਵਿਚ
ਵਿਸ਼ਵ ਸ਼ਨਾਖਤ ਕਹਿਲਾਏਗਾ
ਇਹ ਚਾਨਣ ਹੀ ਬਸ ਤੇਰਾ ਹੈ
ਬਾਕੀ ਸਭ ਕੂੜ ਵਸੇਰਾ ਹੈ
ਇਸ ਲੋਅ ਬਿਨ ਸਭ ਪਰਾਏ
ਕੋਈ ਨਹੀਂ ਜੋ ਤੇਰਾ ਹੈ
ਇਹ ਲੋਅ ਹੈ
ਤੇਰੇ ਜਨਮ ਮਰਨ ਦੀ ਸਾਥੀ
ਇਹ ਲੋਅ
ਤੇਰੀ ਦੇਹੀ ਦੀਵਾ ਬਾਤੀ
ਇਸ ਬਿਨ ਤੂੰ ਮਿੱਟੀ ਦੀ ਢੇਰੀ
ਨਾ ਜੀਂਦੀ ਨਾ ਮੋਈ
ਮਿੱਟੀ ਮਿੱਟੀਉਂ ਬਿਨ੍ਹਾਂ
ਨਾ ਕਦੀ ਕਿਸੇ ਦੀ ਹੋਈ
-0-
ਹੇ ! ਬੰਦੇ ਮਨ ਆਖੇ ਲੱਗਿਆ
ਆਤਮ ਮੌਤੇ ਮਰ ਜਾਏਗਾ
ਆਪਣੇ ਆਪ ਦੇ ਸਿੰਗੀ ਚੜ੍ਹਿਆ
ਹੰਕਾਰ ਦੀ ਸੂਲ਼ੀ ਚੜ੍ਹ ਜਾਏਗਾ
ਇੰਜ ਹੀ ਰਿਹਾ ਜੇ ਮਨ ਦੀਆਂ ਕਰਦਾ
ਕੋਹਜੇਪਣ ਨਾਲ ਭਰ ਜਾਏਗਾ
ਤਪਦੇ ਸੂਰਜ ਹੇਠਾਂ ਬੈਠਾ

ਆਪਣੇ ਆਪ 'ਚ ਠਰ ਜਾਏਗਾ
ਜੇ ਨਾ ਆਪਣਾ ਬੀਜ ਪਛਾਤਾ
ਜੀਂਦੇ ਜੀਅ ਹੀ ਮਰ ਜਾਏਗਾ
ਸਰਦਲ ਟੱਪ ਬਾਹਰ ਨਿਕਲ
ਮੱਥੇ ਦਾ ਦੀਵਾ ਬਾਲ਼ ਨਿਕਲ
ਆਪਣੇ ਆਪ ਨੂੰ ਧੋਅ ਸੁਕਾਕੇ
ਰੂਹ ਤੋਂ ਦੇਹ ਉਤਾਰ ਨਿਕਲ
ਆਪਣਾ ਆਪਾ ਪਾਉਣ ਤੋਂ ਪਹਿਲਾ
ਆਪਣੀ ਹਾਉਮੇ ਮਾਰ ਨਿਕਲ
ਆਪਾ ਤੱਕ
ਆਪਣੀ ਦੇਹ ਤੋਂ ਹੋ ਕੇ ਵੱਖ
ਆਪਣੇ ਆਪੇ ਦੇ ਗਲ ਲੱਗ
ਜੇ ਆਪਣਾ ਆਪ ਪਹਿਚਾਣ ਲਿਆ ਤੂੰ
ਸਮਝੀ ਅੰਦਰਲਾ ਸੱਚ ਜਾਣ ਲਿਆ ਤੂੰ
-0-
ਬੁਝਿਆ ਦੀਵਾ ਬਾਲ਼ ਲਿਆ ਤੂੰ
ਜੋ ਕਰਨਾ ਸੀ ਅਗਲੇ ਜਨਮ 'ਚ
ਇਸ ਵਿਚ ਕਰ ਵਿਖਾਲ ਲਿਆ ਤੂੰ
ਤੇਰੀ ਸ਼ੋਭਾ ਤੈਨੂੰ ਬਣ ਆਈ
ਤੇਰੇ ਜਿਹਾ ਹੋਰ ਨਾ ਕਾਈ
ਆਪਣਾ ਆਪ ਬੁਝਾਕੇ ਤੂੰ
ਜਗਤ ਹੋਂਦ ਦੀ ਜੋਤ ਪ੍ਰਗਟਾਈ
-0-
ਸੁਣਿਆ ਸੱਚ ਜਦ ਕਬਰਾਂ
ਤਾਂ ਸੁੱਤੀਆਂ ਜਾਗ ਖਲੋਈਆ
ਆਪਣੇ ਆਪਣੇ ਹੀ ਗਲ ਲੱਗ ਕੇ
ਮਾਰ ਦੁਹੱਥੜੀ ਰੋਈਆਂ
-0-
ਅਸੀਂ ਤਾਂ ਉਪਜਾਊ ਮਿੱਟੀ ਸਾਂ
ਅਸੀਂ ਕਿਉਂ ਬੰਜਰ ਹੋਈਆਂ
ਅਸੀਂ ਤਾਂ ਸਾਂ ਕੁੱਖ ਜੀਵਨ ਦੀ
ਅਸੀਂ ਕਿਉਂ ਹਾਂ ਮੋਈਆਂ

ਮਿੱਟੀ ਦੇ ਉਪਜਾਊ ਤੱਤ ਤੋਂ
ਕਿਉਂ ਹਾਂ ਕਬਰਾਂ ਹੋਈਆਂ
-0-
ਦੇਹ ਦਾ ਭਰਮ ਹੰਢਾ ਕੇ
ਅਸਾਂ ਤਾਂ ਆਪਣਾ ਸੱਚ ਪਾਇਆ
ਆਪਣੀ ਦੇਹ ਦੇ ਭਰਮ ਦੀ ਬੁੱਕਲੇ
ਸੱਚ ਦਾ ਦੀਪ ਜਲਾਇਆ
ਸੱਚ ਦੀ ਜੂੰਨੇ ਆਕੇ ਵੀ
ਕਿਉਂ ਸੱਚ ਦਾ ਸੱਚ ਨਾ ਪਾਇਆ
ਆਖੇ ਲੱਗ ਕੇ ਉੱਚੀ ਮਤਿ ਦੇ
ਆਪਣਾ ਆਪ ਗੁਆਇਆ
ਸਾਡੇ ਵਿੱਚੋਂ ਅੰਨ ਉੱਗਦਾ ਸੀ
ਸਾਡਾ ਕਿਹਾ ਦਾਤਾ ਸੁਣ ਦਾ ਸੀ
ਸਾਡੇ ਭਾਂਡੇ ਘੜੇ ਘੁਮਿਆਰਾ
ਸਾਡੇ ਪੈਰੀਂ ਕਰਨ ਵਸੇਰਾ ਮੌਸਮ ਰੁੱਤ ਬਹਾਰਾਂ
ਸਾਡੀਆਂ ਦੇਹਾਂ ਪੈਲੀਆਂ ਜਨਮਨ
ਰੁੱਖਾਂ ਦੀਆਂ ਕਤਾਰਾਂ
ਮਨ ਨੀਵਾਂ ਸੀ ਮਤਿ ਉੱਚੀ ਹੰਕਾਰੀ
ਮਤਿ ਮਨ ਵਿਚ ਸੀ ਵੱਡਾ ਪਾੜਾ
ਮਨ ਦੇ ਬੂਹੇ ਚੁਕਦਾ ਨਹੀਂ ਸੀ
ਸਿਰ ਹੰਕਾਰੀ ਮਤਿ ਵਾਲਾ
-0-
ਅਸੀਂ ਅਭਾਗਣ
ਜੀਂਦੇ ਜੀ ਜੋ ਮਿੱਟੀ ਦਾ ਸੱਚ ਨਾ ਜਾਤਾ
ਮਿੱਟੀ ਵਿਚਲਾ ਉਪਜਾਊ ਤੱਤ
ਨਾ ਡਿੱਠਾ ਨਾ ਪਛਾਤਾ
ਜਾਣ ਦੀਆਂ ਜੇ ਮਿੱਟੀ ਦਾ ਸਤਿ
ਨਾ ਹੁੰਦੀਆਂ ਬਰਬਾਦ
ਮੁਰਦਿਆਂ ਦਾ ਅਸੀਂ ਘਰ ਨਾ ਹੁੰਦੀਆਂ
ਹੁੰਦੀਆਂ ਅਸੀਂ ਗੁਲਜ਼ਾਰ
-0-
ਦਸਤਕ ਦਿੱਤੀ

ਖੁਲ੍ਹੇ ਦਰ ਅੰਦਰ ਆਉਣ ਤੋਂ
ਇਨਕਾਰ ਕਰ ਦਿੱਤਾ
ਘਰ ਦੇ ਮਾਲਿਕ ਤੇ ਉਲਟਾ ਵਾਰ ਕਰ ਦਿੱਤਾ
ਮੇਰੀ ਦੇਹ ਦਾ
ਮੇਰੇ ਆਪਣੇ ਸਾਏ ਹੀ ਬਲਤਕਾਰ ਕਰ ਦਿੱਤਾ
-0-
ਮੇਰੀ ਤਲ਼ੀ 'ਤੇ
ਮੇਰੀ ਅੱਖ ਦਾ ਅੱਥਰੂ ਧਰ ਦਿੱਤਾ
ਇਕੱਲਤਾ ਦਾ ਹੋਇਆ ਅਹਿਸਾਸ
ਭਟਕਣ ਦਾ ਹੋਇਆ ਅਗਾਜ਼
ਚਿਹਰਾ ਤਿੜਕਿਆ ਤੇ ਅੰਗ ਬਿਖਰੇ
ਪੁਰਜਾ ਪੁਰਜਾ ਹੋਇਆ ਵਿਸ਼ਵਾਸ
ਸਭ ਕੁੱਝ ਮੇਰਾ ਹੁੰਦਿਆਂ ਸੁੰਦਿਆਂ
ਕੁੱਝ ਨਹੀਂ ਸੀ ਮੇਰੇ ਪਾਸ
ਸੱਚ ਹੋਂਦ ਸ਼ਨਾਖਤ ਮੇਰੀ
ਮੇਰੇ ਤੋਂ ਮੂੰਹ ਫੇਰ ਗਏ ਸਨ
ਅੱਖਾਂ ਦੇ ਖੂਹ ਹੋ ਰੇਤ ਗਏ ਸਨ
ਆਪਣਾ ਸਾਗਰ ਸਮੇਟ ਗਏ ਹਨ
ਬਸ ਰੇਤ ਦੇ ਪਿੰਡੇ
ਅੱਥਰੂਆਂ ਦੇ ਜਲ ਨਿਸ਼ਾਨ ਸਨ
ਜੋ ਮੈਨੂੰ ਦੱਸ ਰਹੇ ਸਨ ਤੇਰਾ ਘਰ ਕਬਰਾਂ ਹੋਇਆ ਹੈ
ਘਰ ਦਾ ਅੱਜ ਵਸਣ ਮੋਇਆ ਹੈ
ਆਪਣੀ ਰਾਖ ਮੋਢੇ ਚੁੱਕੀ
ਆਪਣਾ ਸਿਵਾ ਹੀ ਬਾਲ਼ ਰਿਹਾ ਹਾਂ
ਮੇਰੇ ਚੋਂ ਜੋ ਮੋਇਆ ਹੈ
ਉਸ ਸ਼ਖ਼ਸ ਨੂੰ ਭਾਲ਼ ਰਿਹਾ ਹਾਂ
-0-
ਇਹ ਉਸ ਘਰ ਦਾ ਦਰਵਾਜ਼ਾ ਹੈ
ਜੋ ਮੇਰੀ ਦੇਹ ਦਾ ਦੂਜਾ ਪਾਸਾ ਹੈ
ਜਿਸ ਵਿਚ ਮੇਰੀ ਦੇਹ ਦੇ ਸੁੱਖਾਂ ਦਾ ਵਸੇਰਾ ਹੈ
ਇਹ ਵਿਸ਼ਵ ਘਰ ਮੇਰਾ ਹੈ
ਜੋ ਮੈਂ ਆਪਣੀ ਸੋਚ ਚੋਂ ਸਿਰਜਿਆ

ਜਿਸ ਨੇ ਮੈਨੂੰ ਦੇਹ ਦੀ ਚਾਟੀ ਵਿਚ ਰਿੜਕਿਆ
ਜਿਸ ਵਿਚ ਮੇਰਾ ਸੱਚ
ਘਿਰਿਆ ਤੇ ਮੋਇਆ ਹੈ
ਜਿਸ ਲਈ ਮੇਰੇ ਤੋਂ ਮੇਰਾ ਆਪਾ
ਪਰਾਇਆ ਹੋਇਆ ਹੈ
-0-
ਇਸ ਘਰ ਵਿਚ
ਮੇਰੀ ਆਧੁਨਿਕ ਚੇਤਨਾ ਵਸਦੀ ਹੈ
ਪਦਾਰਥ ਦੀ ਜੋ ਦਾਸੀ ਹੈ
ਜਿਸ ਨੂੰ ਮੈਂ ਤੇ ਜੋ ਮੈਨੂੰ ਪਰਾਈ ਲੱਗਦੀ ਹੈ
-0-
ਹੇ ! ਮਨਾਂ
ਦੂਜਾ ਦਰ ਖੁੱਲ੍ਹਾ ਸੀ
ਅੰਦਰ ਮਿੱਟੀ ਦੇ ਲੋਕ ਸਨ
ਵੇਦਾਂ ਸ਼ਾਸਤਰਾਂ ਦੇ ਸ਼ਲੋਕ ਸਨ
ਮਿੱਠੀ ਬਾਣੀ ਬੋਲਦੇ ਸਨ
ਇਕ ਦੂਜੇ ਦੇ ਕੋਲਦੇ ਸਨ
ਆਲ਼ੇ ਵਿਚ ਦੀਵਾ ਬਲ਼ ਰਿਹਾ ਸੀ
ਘਰ ਦੇ ਅੰਗਾਂ ਨਖਸ਼ਾਂ ਦੀ
ਸ਼ਕਲੋਂ ਸੂਰਤ ਦਸ ਰਿਹਾ ਸੀ
ਨੁੱਕਰ ਦੇ ਵਿਚ ਸ਼ੀਸ਼ਿਆਂ ਸੰਗ ਮੜ੍ਹਿਆ
ਲੱਕੜ ਦਾ ਸੰਦੂਕ ਪਿਆ ਸੀ
ਜਿਸ 'ਤੇ ਸਮੇਂ ਦੇ ਨਖਸ਼ ਉੱਕਰੇ ਸਨ
ਜੋ ਸਮੇਂ ਤੋਂ ਹੋ ਦੂਰ ਗਿਆ ਸੀ
ਜਵਾਨ ਹਵਾ ਤੇ ਗੱਭਰੂ ਸਮੇਂ ਦੀ
ਸੀ ਇਕ ਪਾਸੇ ਤਸਵੀਰ ਲਟਕਦੀ
ਬੁੱਢੀ ਹਵਾ ਤੇ ਬੁੱਢੇ ਸਮੇਂ ਦੇ ਮੱਥੇ
ਜਿਸ ਦੀ ਜੋਤ ਸੀ ਜਗਦੀ
-0-
ਬੁੱਢਾ ਸਮਾਂ ਦੀਵੇ ਦੀ ਲੋਅ 'ਚ
ਜ਼ਿੰਦਗੀ ਬਿਲਾਸ ਪੜ੍ਹ ਰਿਹਾ ਸੀ
ਚੁੱਲ੍ਹੇ ਅੱਗੇ ਬੁੱਢੀ ਹਵਾ

ਸਰਵਨ ਕਰ ਰਹੀ ਸੀ
ਬਲ਼ ਰਿਹਾ ਸੀ ਚੁੱਲ੍ਹਾ ਆਪੂੰ ਠਰ ਰਹੀ ਸੀ
ਘਰ ਦੀਆਂ ਕੰਧਾਂ ਵਿਹੜਾ ਕਰ ਜਾਪ ਰਹੇ ਸੀ
ਤੂੰ ਹੀ ਤੂੰ ਅਲਾਪ ਰਹੇ ਸੀ
-0-
ਜ਼ਿੰਦਗੀ ਦਾ ਸੱਚ
ਘਰ ਚੋਂ ਨਜ਼ਰੀਂ ਆ ਰਿਹਾ ਸੀ
ਘਰ ਦਾ ਝੁਰੜੀਆਂ ਭਰਿਆ ਚਿਹਰਾ
ਆਪਣੀ ਉਮਰ ਛੁਪਾ ਰਿਹਾ ਸੀ
ਬੁੱਢੀ ਹਵਾ ਤੇ ਬੁੱਢਾ ਸਮਾਂ
ਆਪਣਾ ਆਪਣਾ ਸੂਤਰ ਕੱਤਕੇ
ਆਪਣਾ ਆਪ ਸਮੇਟ ਰਹੇ ਸਨ
ਇਸ ਘਰ ਦੀ ਇਕ ਖਿੜਕੀ ਚੋਂ
ਅਗਲੇ ਘਰ ਨੂੰ ਵੇਖ ਰਹੇ ਸਨ
ਵਰਤਮਾਨ
ਭੂਤ ਦੇ ਵਿਚ ਢਲ ਰਿਹਾ ਸੀ
ਚੁੱਲ੍ਹਾ ਅਜੇ ਵੀ ਬਲ਼ ਰਿਹਾ ਸੀ
ਦੀਵਾ ਅਜੇ ਵੀ ਜਗ ਰਿਹਾ ਸੀ
-0-
ਹੇ ! ਮਨਾਂ
ਤੀਜੇ ਘਰ ਦੀ BELL ਕੀਤੀ
ਅੰਦਰ
ਸੀਮਿੰਟ ਸਰੀਏ ਪੱਥਰ ਤੇ ਸ਼ੀਸ਼ੇ ਦੇ ਲੋਕ ਸਨ
ਪਲਾਸਟਕ ਦੇ ਜਿਨ੍ਹਾਂ ਦੇ ਬੋਲ ਸਨ
ਅਰਥ ਰਹਿਤ ਸ਼ਬਦਈ ਖੋਲ ਸਨ
ਬੈਬੀ ਸਿਟਰ ਦੀ ਗੰਧ 'ਚ ਲਿੱਬੜੀ
ਮਮਤਾ ਰਹਿਤ ਜਿਨ੍ਹਾਂ ਦਾ ਦੇਹ ਸੀ
ਸਿਰ ਜਿਨ੍ਹਾਂ ਦੇ ਬਿਜਲੀ ਦੇ
ਧੜ ਜਿਨ੍ਹਾਂ ਦੇ ਪਲਾਸਟਕ ਦਾ ਥੇਹ ਸੀ
ਸਰੀਰਕ ਕਾਰਜ ਪ੍ਰਣਾਲੀ ਵਿਚ
ਸਟੀਲ ਦੇ ਅੰਗ ਸਨ
ਚਿਹਰੇ ਅੱਖੀਆਂ ਨਖਸ਼ਾਂ ਦੇ

ਸਭ ਨਕਲੀ ਰੰਗ ਸਨ
ਜਿਨ੍ਹਾਂ ਦੀ ਜੀਵਨ ਸਮੱਗਰੀ
ਅੰਬਰ ਤੋਂ ਉੱਚੇਰੀ ਸੀ
ਪਰ ਉਨ੍ਹਾਂ ਦੀ ਆਪਣੀ ਜ਼ਿੰਦਗੀ
ਇਕ ਮਿੱਟੀ ਦੀ ਢੇਰੀ ਸੀ
ਘਰਦੇ ਜੀਅ ਕੰਧਾਂ ਵਾਂਗਰ ਸਨ
ਇਕ ਦੂਜੇ ਲਈ ਤੇਜ ਤਰਾਰ ਸੰਦਾਂ ਵਾਂਗਰ ਸਨ
ਆਪਣਾ ਆਪੇ ਜਾਪ ਸਨ
ਆਪਣਾ ਰੱਬ ਆਪ ਸਨ
ਅਸਲ ਵਿਚ
ਆਪਣੇ ਆਪ ਤੋਂ ਉਹ ਦੂਰ ਸਨ
ਪਿੱਠਾਂ ਪਿੱਠਾਂ ਦੇ ਸੰਗ ਜੁੜੀਆਂ
ਚਿਹਰੇ ਤੱਕਣ ਲਈ ਮਜ਼ਬੂਰ ਸਨ
ਅਪ੍ਰਗਟਤਾ ਦੇ ਸ਼ਿਕਾਰ ਸਨ
ਆਪਣੇ ਆਪ 'ਚ
ਆਪਣੀ ਆਪਣੀ ਦੀਵਾਰ ਸਨ
ਆਪਣੇ ਆਪੇ ਵਿਚ ਰਹਿਣ ਦੇ ਹੀ ਸ਼ੌਕੀਨ ਸਨ
ਆਦਮੀ ਤੋਂ ਵੱਧ ਇਕ ਮਸ਼ੀਨ ਸਨ
-0-
ਆਦਮੀਅਤ ਦੀ ਮਹਿਕ
ਉਨ੍ਹਾਂ ਤੋਂ ਕੋਹਾ ਦੂਰ ਸੀ
ਉਨ੍ਹਾਂ ਦਾ ਲਹੂ ਪਾਣੀ ਸੀ
ਅੱਖੀਆਂ 'ਚ ਗਰੂਰ ਸੀ
ਕਾਠ ਦਾ ਕਬੂਤਰ
ਬੰਨ੍ਹੇਰੇ ਤੇ ਪੈਲ ਪਾਉਂਦਾ ਸੀ
ਕੱਚ ਦਾ ਮੋਰ ਵਿਹੜੇ 'ਚ ਨੱਚਦਾ
ਨਜ਼ਰ ਆਉਂਦਾ ਸੀ
ਇਹ ਲੋਕ
ਮੋਮ ਦੇ ਰੁੱਖਾਂ ਦੀਆਂ ਛਾਂਵਾਂ ਦੇ
ਆਦੀ ਸਨ
ਭੀੜ ਦੇ ਵਿਚ ਭੀੜ ਦੀ ਆਬਾਦੀ ਸਨ
ਉਨ੍ਹਾਂ ਨੂੰ ਮਹਿਕ ਤੋਂ ਅਲਰਜੀ ਸੀ

ਉਹਦਾ ਰੱਬ
ਉਨ੍ਹਾਂ ਦੀ ਆਪਣੀ ਮਰਜ਼ੀ ਸੀ
ਵਰਤਮਾਨ ਜੋ ਭੂਤ 'ਚ ਢਲਿਆ ਸੀ
ਇਸ ਘਰ ਦੀ ਛੱਤੇ
ਸੂਰਜ ਬਣਕੇ ਚੜ੍ਹਿਆ ਸੀ
-0-
ਹੇ ! ਮਨਾਂ
ਪਹਿਲੇ ਜੀਵਨ ਦਰ
ਮੈਨੂੰ ਆਪਣੇ ਚੋਂ ਮਨਫ਼ੀ ਕਰ ਦਿੱਤਾ
ਮੇਰੀ ਤਲ਼ੀ 'ਤੇ
ਜਿਉਣ ਦਾ ਸੰਤਾਪ ਧਰ ਦਿੱਤਾ
ਦੂਜਾ ਮੇਰਾ ਇਤਿਹਾਸ ਬਣਕੇ ਰਹਿ ਗਿਆ
ਅੱਖੀਆਂ ਦਾ ਅੱਥਰੂ ਬਣ ਕੇ ਵਹਿ ਗਿਆ
ਤੀਜਾ ਜੋ
ਵਰਤਮਾਨ ਬਣਕੇ ਉੱਗਿਆ ਸੀ
ਆਦਮ ਵਿਚਲਾ ਆਦਮ ਖਾਹ ਗਿਆ
ਮੇਰੇ ਮੱਥੇ ਦਾ ਦੀਵਾ ਬੁਝਾ ਗਿਆ
ਭਟਕਣ ਦੀ ਜੂੰਨੇ ਪਾਅ ਗਿਆ
-0-
ਮੈਂ ਅਜੋਕੇ ਮਨੁੱਖ ਹਾਂ
ਬੀਜ 'ਚ ਵਿਚਰਦਾ
ਜੀਉਂਦਾ ਜਾਗਦਾ ਰੁੱਖ ਹਾਂ
ਪੈਰ ਹਨ ਰਾਹ ਕੋਈ ਨਹੀਂ ਹੈ
ਪੈਰਾਂ 'ਚ ਧਰਤ
ਸਿਰ 'ਤੇ ਅੰਬਰ ਕੋਈ ਨਹੀਂ ਹੈ
ਭੀੜ ਹੈ ਮੇਰੇ ਦੁਆਲ਼ੇ
ਆਦਮੀ ਕੋਈ ਨਹੀਂ ਹੈ
-0-
ਸ਼ੀਸ਼ੇ ਦਾ ਜੰਗਲ
ਨਜ਼ਰ 'ਚ ਫੈਲਿਆ ਹੈ
ਹਰਿਆਉਲ ਨੇ ਸ਼ੀਸੇ ਦਾ ਤਾਅ
ਸਹਿ ਲਿਆ ਹੈ

ਸ਼ੀਸ਼ੇ ਦੇ ਜੰਗਲ ਦੀ ਕਦ ਛਾਂ ਹੁੰਦੀ ਹੈ
ਸ਼ੀਸ਼ੇ ਦੇ ਰੁੱਖਾਂ 'ਚ
ਕਦ ਕੋਈ ਬਾਪ ਹੁੰਦਾ ਹੈ
ਕਦ ਕੋਈ ਮਾਂ ਹੁੰਦੀ ਹੈ
ਸ਼ੀਸ਼ੇ ਦੇ ਰੁੱਖਾਂ ਨੂੰ ਕਦ ਫਲ ਲੱਗਦੇ ਹਨ
ਸ਼ੀਸ਼ੇ ਦੇ ਰੁੱਖਾਂ 'ਤੇ ਪੰਛੀ
ਕਦ ਆਲ੍ਹਣੇ ਲਈ ਕੱਖ ਧਰਦੇ ਹਨ
-0-
ਆਦਮੀ ਪੈਰ ਪੁੱਟੇ ਤਾਂ
ਕਿਸ ਦਿਸ਼ਾ ਵਿਚ
ਸਾਹ ਲਵੇ ਤਾਂ ਕਿਸ ਹਵਾ ਵਿਚ
ਹਰ ਮਨੁੱਖ ਦਾ
ਆਪਣਾ ਬਿੰਦੂ ਆਪਣਾ ਦਾਇਰਾ ਹੈ
ਆਪਣਾ ਸਾਗਰ ਆਪਣਾ ਸਹਿਰਾ ਹੈ
ਕੋਈ ਕਿੰਨਾ ਤੱਪ ਸਕਦਾ ਹੈ
ਕੋਈ ਕਿੰਨਾ ਠਰ ਸਕਦਾ ਹੈ
ਆਪਣਾ ਆਪਾ
ਕੋਈ ਕਿੰਨ੍ਹਾ ਖ਼ਾਲੀ ਕਿੰਨ੍ਹਾ ਭਰ ਸਕਦਾ ਹੈ
ਆਦਮੀ ਆਪਣੇ ਤੋਂ
ਆਪਣੇ ਤਕ ਦਾ ਸਫ਼ਰ ਕਰਦਾ ਹੈ
ਆਪਣੀ ਭਟਕਣ ਵਿਚ ਜਿਉਂਦਾ ਹੈ
ਆਪਣੀ ਭਟਕਣ ਵਿਚ ਮਰਦਾ ਹੈ
-0-
ਅਜੋਕਾ ਮਾਨਵ
ਆਪਣੇ ਹੱਥੀਂ ਸਿਰਜੀ ਦੁਨੀਆ ਚੋਂ
ਗੁਆਚੇ ਆਪੇ ਦੀ ਭਾਲ਼ ਹੈ ਕਰਦਾ
ਹਰ ਘਰ ਗਲੀ ਚੌਂਕ ਚੋਹਗਰੇ 'ਚ
ਗੁਆਚੇ ਦੀ ਤਸਵੀਰ ਹੈ ਧਰਦਾ
ਅੱਜ ਮਾਨਵ ਦਾ ਪੱਖ ਪਰਦਰਸ਼ਕ ਪਦਾਰਥ ਹੈ
ਜੀਵਨ ਦੀ ਕਾਰਜ ਪ੍ਰਣਾਲੀ ਦਾ ਸੰਚਾਲਕ ਹੈ
ਹਰ ਇਕ ਦੇ ਮਸਤਕ ਵਿਚ
ਖਾਣ ਪੀਣ ਵਰਤਣ ਪਹਿਣਨ

ਆਵਾਜਾਈ ਤੇ ਟਹਿਲਣ ਲਈ
ਆਪਣਾ ਪੈਦਾਵਰੀ BRAND ਧਰ ਰਿਹਾ ਹੈ
ਮਾਨਵਤਾ ਦੀ ਮਾਨਸਿਕਤਾ 'ਤੇ
ਕਬਜ਼ਾ ਕਰ ਰਿਹਾ ਹੈ
ਮਨੁੱਖ ਦੀ ਚਾਹਤ 'ਚ
ਮਨੁੱਖ ਦੀ ਚਾਹਤ ਭਰ ਰਿਹਾ ਹੈ
ਕਿ BRAND ਵਿਖਾਵਾ
ਅੱਖਾਂ ਰਾਹੀਂ ਮਾਨਵ ਲਹੂ 'ਚ ਉਤਰ ਜਾਏ
ਸਦਾ ਲਈ ਉਹ ਉਸਦਾ ਹੋ ਜਾਏ
-0-
ਹਰ ਇਕ ਘਰ ਦੇ ਵਿਹੜੇ ਵਿਚ
ਉਸ ਦਾ ਹੀ ਰੁੱਖ ਉੱਗੇ
ਬਲ਼ਦਾ ਰਹੇ ਉਹਦੇ ਘਰ ਦਾ ਦੀਵਾ
ਚਾਹੇ ਵਿਸ਼ਵ ਦਾ ਸੂਰਜ ਬੁਝੇ
ਇੰਨ੍ਹੀ ਚਤੁਰ ਪੂੰਜੀਵਾਦੀ ਸੋਚ ਹੈ
ਉਸ ਤੋਂ ਬਿਨ੍ਹਾਂ ਨਾ ਕਿਸੇ ਨੂੰ ਹੋਸ਼ ਹੈ
ਵੇਖੋ ਜ਼ਰ੍ਹਾ ਢੰਗ ਵਿਉਪਾਰ ਦਾ
ਪੂੰਜੀਵਾਦੀ ਕਾਰੋਬਾਰ ਦਾ
ਨਾ ਮਜ਼ਦੂਰ ਬਜ਼ਾਰ ਨਾ ਮੰਡੀ
ਫਿਰ ਵੀ ਵੇਚ ਰਿਹਾ ਹੈ PRODUCT ਆਪਣਾ
ਸਿਰਫ਼ ਵਿਖਾਕੇ BRAND ਦੀ ਝੰਡੀ
ਪਾਗਲ ਹੋਈ ਭੀੜ ਨੂੰ ਕਿੰਜ ਕੋਈ ਸਮਝਾਏ
ਇਹ ਜੋ ਸੱਚ ਦਿਸ ਰਿਹਾ ਹੈ
ਸੱਚ ਨਹੀਂ ਭਰਮ ਹੈ
ਭਰਮ ਜੋ ਨਾ ਸੱਚ ਕਹਾਏ
-0-
ਹੇ ! ਪਰਮਾਤਮਾ
ਤੈਨੂੰ ਪਾਕੇ
ਮੈਂ ਪਰਮਾਤਮਾ ਹੋਣਾ ਨਹੀਂ ਚਾਹੁੰਦਾ
ਆਪਣਾ ਸੱਚ ਖੋਹਣਾ ਨਹੀਂ ਚਾਹੁੰਦਾ
-0-
ਮੈਥੋਂ ਪਹਿਲਾਂ

ਜੋ ਵੀ ਤੇਰਾ ਹੋਇਆ ਹੈ
ਉਸ ਨੇ ਆਪਣੀ ਹੋਂਦ ਸ਼ਨਾਖਤ
ਸੱਚ ਖੋਇਆ ਹੈ
ਮੈਂ ਚਾਹੁੰਦਾ ਹਾਂ ਤੂੰ ਮਾਨਵ ਹੋ ਜਾਏ
ਮਾਨਵ ਵਾਂਗ ਧਰਤ 'ਤੇ ਵਿਚਰੇ
ਮਿੱਟੀ ਦੀ ਦੇਹ ਕਹਾਏ
ਤੂੰ ਆਪਣਾ ਸੱਚ ਸਦਾ ਹੰਢਾਇਆ
ਕਦੀ ਮਾਨਵ ਜੂੰਨ ਹੰਢਾਏ
ਰੱਬ ਤੋਂ ਬੰਦਾ ਹੋ ਜਾਏ
ਹੇ ! ਪਰਮਾਤਮਾ
ਤੈਨੂੰ ਪਾ ਕੇ
ਮੈਂ ਪਰਮਾਤਮਾ ਹੋਣਾ ਨਹੀਂ ਚਾਹੁੰਦਾ
ਆਪਣਾ ਸੱਚ ਖੋਹਣਾ ਨਹੀਂ ਚਾਹੁੰਦਾ
-0-
ਮੇਰੇ ਤੋਂ ਪਹਿਲਾਂ ਜੋ ਵੀ ਤੇਰਾ ਹੋਇਆ
ਉਸ ਲਈ ਜੀਵਨ ਸੁਫ਼ਨਾ ਸੀ
ਜਾਂ ਪਿਆਰ ਮੁਹੱਬਤ ਦੀ ਬਰਬਾਦੀ ਦਾ ਧੁਖਣਾ ਸੀ
ਜਾਂ ਕੁੱਝ ਨਿਪੱਤਰੇ ਰੁੱਖ ਸਨ
ਜਿਨ੍ਹਾਂ ਲਈ ਜੰਗਲ ਉਜਾੜ ਸੀ
ਨਾ ਸਾਗਰ ਦੇ ਜਲ ਦਾ ਸੁਖ ਸੀ
ਦੁਨੀਆ ਜਿਨ੍ਹਾਂ ਲਈ ਦੁੱਖਾਂ ਦਾ ਘਰ ਸੀ
ਉਹ ਜੀਵਨ ਵਿਚ ਉਕਤਾਏ ਸਨ
ਇਸ ਲਈ ਤੇਰੇ ਦਰ ਆਏ ਸਨ
ਆਪਣਾ ਆਪ ਮਿਟਾਕੇ
ਉਨ੍ਹਾਂ ਤੈਨੂੰ ਪਾਇਆ ਸੀ
ਤੇਰੇ ਹੋਏ ਉਹ ਪਹਿਲਾਂ
ਫਿਰ ਤੂੰ ਉਨ੍ਹਾਂ ਨੂੰ ਅਪਣਾਇਆ ਸੀ
ਮੈਂ ਨਹੀਂ ਚਾਹੁੰਦਾ
ਆਪਣਾ ਆਪ ਮਿਟਾਉਣਾ
ਆਪਣਾ ਆਪ ਮਿਟਾ ਕੇ ਤੈਨੂੰ ਪਾਉਣਾ
ਮੈਂ ਚਾਹੁੰਦਾ ਹਾਂ ਤੂੰ ਮਾਨਵ ਹੋ ਜਾਏ
ਮਾਨਵ ਵਾਂਗ

ਮਨੁੱਖਤਾ ਵਿਚ ਵਿਚਰੇ
ਮਿੱਟੀ ਦਾ ਬੁੱਤ ਕਹਾਏ
-0-
ਮੈਂ ਤਾਂ ਆਪਣੀ ਧਰਤੀ ਸਿਰਜੀ
ਮਰਜ਼ੀ ਦਾ ਉਸਾਰਿਆ ਅੰਬਰ
ਮਰਜ਼ੀ ਦੀ ਦੁਨੀਆ ਦਾ ਰਚਿਆ
ਧਰਤੀ ਤੇ ਸਵੰਬਰ
ਚੱਪਾ ਚੱਪਾ ਕੁਦਰਤ ਛਾਣੀ
ਪੋਟਾ ਪੋਟਾ ਸਾਗਰ
ਆਪਣੀਆਂ ਪ੍ਰਾਪਤੀਆਂ ਦਾ
ਕੀਤਾ ਸੱਚ ਉਜਾਗਰ
ਸਿਰਜਿਆ ਆਪਣਾ ਦਰਪਣ
ਆਪਣੇ ਚਿਹਰੇ ਵਰਗਾ
ਪਰ ਦਰਪਣ ਚੋਂ ਨਾ ਦਿਸਿਆ
ਚਿਹਰਾ ਮੇਰੇ ਵਰਗਾ
ਅੱਖੀਂ ਡਿੱਠਾ ਮਨ ਅਨੁਭਵਿਆ
ਮੇਰੀ ਸਿਰਜੀ ਦੁਨੀਆ ਵਿਚ
ਕੋਈ ਨਹੀਂ ਸੀ ਮੇਰਾ
ਭੀੜ ਲੋਕਾਂ ਦੀ ਲੋਕਾਂ ਵਰਗੀ
ਕੋਈ ਨਹੀਂ ਸੀ ਬੰਦਿਆਂ ਵਰਗਾ ਚਿਹਰਾ
ਮੇਰੀ ਸਿਰਜੀ ਦੁਨੀਆ ਮੂੰਹ ਫੇਰਿਆ ਮੈਥੋਂ
ਮੈਂ ਆਪਣਾ ਪ੍ਰਛਾਵਾਂ ਡਿੱਠਾ ਵੱਖਰਾ ਆਪਣੀ ਦੇਹ ਤੋਂ
-0-
ਹੁਣ ਇਕੱਲਤਾ ਵਿਚ ਘਿਰਿਆ
ਆਪਣਾ ਆਪਾ ਭਾਲ਼ ਰਿਹਾ ਹਾਂ
ਆਪਣੇ ਲਹੂ 'ਚ
ਆਪਣੇ ਨਖਸ਼ ਉਬਾਲ਼ ਰਿਹਾ ਹਾਂ
ਤਿੜਕਿਆ ਆਪਣਾ ਚਿਹਰਾ ਲੈਕੇ
ਜਦ ਵੀ ਸ਼ੀਸ਼ੇ ਸਾਵੇਂ ਜਾਵਾਂ
ਆਪਣੇ ਅੰਗਾਂ ਨਖਸ਼ਾਂ ਦੀ ਪਹਿਚਾਣ ਲਈ
ਆਪਣੇ ਹੰਝੂਆਂ ਵਿਚ ਡੁੱਬ ਜਾਵਾਂ
ਕਿਵੇਂ ਜੋੜਾਂ ਅੰਗਾਂ ਨਖਸ਼ਾਂ ਨੂੰ

ਮੁੜ ਕਿੰਜ ਸਿਰਜਾ ਆਪਣਾ ਆਪ
ਨਾ ਕੋਈ ਹੋਂਦ ਸ਼ਨਾਖਤ ਮੇਰੀ
ਨਾ ਕੋਈ ਮੇਰੀ ਪਹਿਚਾਣ
ਜੋ ਭਾਂਡਾ ਮੈਂ ਲਹੂ ਚੋਂ ਘੜ੍ਹਿਆ
ਭੁੱਲ ਗਿਆ ਉਹ ਮਿੱਟੀ ਤੇ ਘੁਮਿਆਰ
ਮੈਂ ਆਪਣੇ ਵਿਕਾਸ ਤੋਂ ਪਿੱਛੋਂ
ਜਿੱਥੋਂ ਟਰਿਆ ਸਾਂ ਉੱਥੇ ਖੜਾ ਹਾਂ
ਤਿੜਕਿਆ ਹੋਇਆ ਮਿੱਟੀ ਦਾ ਮੈਂ ਇਕ ਘੜਾ ਹਾਂ
ਇਸ ਲਈ ਚਾਹੁੰਦਾ ਹਾਂ ਮੇਰੇ ਸਵੈ ਤੂੰ ਮੇਰਾ ਹੋ ਜਾਏ
ਆਪਣੀ ਸਿਰਜਣਾ ਵਿਚ ਕਿੰਜ ਰਹਿਣਾ ਹੈ
ਮੇਰਾ ਹੋ ਮੈਨੂੰ ਸਮਝਾਏ
-0-
ਮੈਂ ਤੇ ਅੱਜ ਹਾਂ
ਆਪਾ ਜਿਉਣ ਦਾ ਆਪੇ ਚੱਜ ਹਾਂ
ਜਿਸ ਅੱਜ
ਆਪਣੀ ਮਰਜ਼ੀ ਦਾ ਅੱਜ ਸਿਰਜਿਆ
ਆਪੇ ਆਪਣਾ ਮੱਕਾ
ਆਪੇ ਆਪਣਾ ਹੱਜ ਸਿਰਜਿਆ
-0-
ਰੇਸ਼ਮ ਦੀਆਂ ਸੜਕਾਂ ਸਿਰਜੀਆਂ
ਰੂੰ ਜਿਹੇ ਸਿਰਜੇ ਲੋਕ
ਮਹਿਕਾਂ ਵਰਗੀ ਭਾਸ਼ਾ ਸਿਰਜੀ
ਰੰਗਾਂ ਜਿਹੇ ਸ਼ਲੋਕ
ਆਪਣੇ ਜਿਹਾ ਆਪ ਸਿਰਜਿਆ
ਆਪਣਾ ਲੋਕ ਪ੍ਰਲੋਕ
ਮੌਤ 'ਤੇ ਵੀ ਕਾਬੂ ਪਾਅ ਲਿਆ
ਤੱਕਿਆ ਦਰ ਬਹਿਸ਼ਤ ਦਾ ਖੋਲ
-0-
ਚਾਂਦਨੀ ਵਰਗੇ ਸ਼ਹਿਰ ਉਸਾਰੇ
ਅੰਬਰ ਦੇ ਭਰਪੂਰ ਖਜ਼ਾਨੇ
ਧਰਤ ਤੇ ਵਿਹੜੇ ਵਿਚ ਉਤਾਰੇ
ਦੇਵਤਿਆਂ ਦੀ ਪੂਰੀਆਂ ਵਰਗੀਆਂ ਨਗਰੀਆਂ

ਵਿਸ਼ਵ ਤਲ਼ੀ 'ਤੇ ਧਰੀਆਂ
ਕੰਜਕਾਂ ਵਰਗੀਆਂ ਮੋਮਬੱਤੀਆਂ
ਵਿਸ਼ਵ ਦੇ ਵਿਹੜੇ ਬਲ਼ੀਆਂ
ਨੂਰੋ ਨੂਰ ਧਰਤ ਨੂੰ ਕੀਤਾ
ਕਿਰਨਮ ਕਿਰਨਮ ਗਲੀਆਂ
ਕਲਪਣਾ ਤੋਂ ਵੀ ਸੁੰਦਰ
ਲੰਮ ਸਲੰਮੀਆਂ ਅੰਬਰ ਵਿਹੜੇ
ਸ਼ਮ੍ਹਾ ਸ਼ੀਸ਼ੇ ਦੀਆਂ ਜਗੀਆਂ
ਸਰਿਸ਼ਟੀ ਪਿੰਡੇ
ਵਿਗਿਆਨਕ ਚਾਨਣ ਦੀਆਂ ਮਿਸ਼ਾਲਾਂ
ਬਲ਼ੀਆਂ
ਸਾਗਰ ਦੇ ਜਲ 'ਚ ਸ਼ੀਸ਼ੇ ਦਾ ਚੰਨ
ਮਹਾਂਨਗਰ ਦੀਆਂ ਪਾਵੇ ਬਾਤਾਂ
ਅਕਾਸ਼ ਪੁਲਾੜ ਮੰਗਲ ਗ੍ਰਹਿ ਨੂੰ
ਜਦ ਮਾਨਵ ਨੇ ਭੇਟ ਕੀਤੀਆਂ ਧਰਤੀ ਦੀਆਂ ਸੁਗਾਤਾਂ
-0-
ਮਿੱਟੀ ਨੇ ਜਦ ਪੈਰ ਪੁਲਾੜ 'ਤੇ ਧਰਿਆ
ਜੰਗਲ ਦੇ ਰੁੱਖ ਸੂਰਜ ਹੋਏ
ਚੰਨ ਧਰਤੀ 'ਤੇ ਚੜ੍ਹਿਆ
ਵਿਸ਼ਵ ਚੀਚ ਵਾਹੁਟੀਆਂ ਨੂੰ
ਮਖਮਲ ਦੀ ਡੱਬੀ ਵਿਚ ਪਾਇਆ
ਯੁੱਗ ਦਾ ਪੈਂਡਾ ਸਮੇਂ ਨੇ
ਪਲਕਾਂ ਵਿਚ ਮੁਕਾਇਆ
ਆਵਾਜਾਈ ਦੇ ਸਾਧਨਾਂ
ਵਿਸ਼ਵ ਨੂੰ ਪਿੰਡ ਬਣਾਇਆ
ਉਹ ਕੀਤਾ ਕਰ ਵਿਖਾਇਆ
ਸੀ ਜੋ ਮਾਨਵ ਨੇ ਚਾਹਿਆ
ਗਿਆਨ ਖਜ਼ਾਨਾ
ਇਕ ਉਂਗਲ ਦੀ ਛੋਹ ਨਾਲ ਹੈ ਖੁੱਲ੍ਹਦਾ
ਮਾਨਵਤਾ ਦੀ ਤਲ਼ੀ 'ਤੇ ਧਰਿਆ
ਸੱਚ ਮਾਨਵ ਦੇ ਤੁੱਲ ਦਾ
-0-

ਮਨੁੱਖ ਉਹ ਸਿਰਜਿਆ
ਜਿਸ ਦਾ ਕਦੀ ਲਿਆ ਸੀ ਸੁਫ਼ਨਾ
ਉਹ ਪ੍ਰਗਟਾਇਆ ਧਰਤੀ 'ਤੇ
ਜੋ ਕਦੀ ਨਹੀਂ ਸੀ ਦਿਸਦਾ
ਕਲਪਣਾ ਤੋਂ ਪਾਰ ਸਿਰਜਿਆ
ਵਿਸ਼ਵ ਦਾ ਹੁਸਨ ਅਲਾਹੀ
ਜਿਸ ਨੂੰ ਤੱਕ ਕੇ ਰੱਬ ਭੁੱਲ ਜਾਏ
ਐਸੀ ਤਸਵੀਰ ਬਣਾਈ
ਜਿਸ ਕਲਪਣਾ ਦਾ ਬੁੱਤ ਚਾਹੇ
ਸਿਰਜ ਹੈ ਸਕਦਾ ਮਾਨਵ
ਅੰਬਰ ਧਰਤੀ ਪਲ ਦੇ ਵਿਚ
ਰਿੜਕ ਹੈ ਸਕਦਾ ਮਾਨਵ
-0-
ਆਪਣੀ ਸਿਰਜਣਾ ਨੂੰ
ਮੈਂ ਪਰ ਰਾਸ ਨਹੀਂ ਹਾਂ
ਸਿਰਜਣਾ ਤਾਂ ਨਜ਼ਰ ਹੈ ਆਉਂਦੀ
ਪਰ ਮੈਂ ਸਿਰਜਣਾ ਦਾ ਅਹਿਸਾਸ ਨਹੀਂ ਹਾਂ
ਸਿਰਜਣਾ ਮੇਰੇ ਲਹੂ ਚੋਂ ਜਨਮੀ
ਜਿਸ ਦਾ ਮੈਂ ਵਾਸ ਨਹੀਂ ਹਾਂ
ਜਿਸ ਦਾ ਬਾਬ ਹੈ ਸਿਰਜਣਾ
ਮੈਂ ਉਹ ਇਤਿਹਾਸ ਨਹੀਂ ਹਾਂ
ਮੇਰੀ ਸਿਰਜਣਾ
ਆਪਣੀ ਇੱਛਾ ਪੂਰਤੀ ਪਿੱਛੋਂ
ਮੇਰਾ ਤੁਖਮ ਮਿਟਾ ਗਈ ਹੈ
ਆਪ ਸੁਤੰਤਰ ਜੀਵਨ ਜਿਉਂਦੀ
ਮੈਨੂੰ ਗ਼ੁਲਾਮ ਬਣਾ ਗਈ ਹੈ
-0-
ਮੇਰਾ ਪ੍ਰਯੋਜਨ ਹੀ
ਮੇਰਾ ਵਿਪਰੀਤ ਖੜ੍ਹਾ ਹੈ
ਮੇਰੀ ਸਿਰਜਣਾ ਦਾ ਮੇਰੇ ਤੋਂ ਕੱਦ ਬੜਾ ਹੈ
ਮੈਂ ਇਸਦੇ ਦਾਇਰੇ ਦਾ ਬਿੰਦੂ
ਬਣਕੇ ਰਹਿ ਗਿਆ ਹਾਂ

ਇਸ ਦੇ ਸਾਂਵੇ ਕੱਖੋਂ ਹੌਲਾ ਪੈ ਗਿਆ ਹਾਂ
ਮੇਰੇ ਸਾਂਵੇ ਮੇਰਾ ਵਰ ਹੀ
ਰੂਪ ਸਰਾਪ ਦਾ ਧਾਰ ਗਿਆ ਹੈ
ਮੇਰਾ ਗੁਲਸ਼ਨ ਹੀ
ਆਪਣਾ ਮਾਲੀ ਮਾਰ ਗਿਆ ਹੈ
-0-
ਅੱਜ ਮੇਰੇ ਚੋਂ
ਮੇਰਾ ਮੁਰਦਾ ਜਿਉਂਦਾ ਹੋਇਆ ਹੈ
ਮੇਰੀ ਮਿੱਟੀ ਚੋਂ
ਉਸ ਦਾ ਬੀਜ਼ ਪੁੰਗਰ ਖਲੋਇਆ ਹੈ
ਤੱਕਿਆ ਉਸ ਚੋਂ ਮੈਂ ਆਪਾ
ਉਹ ਮੇਰੇ ਬਰਾਬਰ ਹੋਇਆ ਹੈ
ਨਿਕਲਿਆ ਰੁੱਖਾਂ ਦਾ ਜੰਗਲ
ਆਪਣੇ ਆਪ ਨੂੰ ਉਸ ਵਿਚ ਢਾਲ
ਨੈਣਾਂ ਵਿਚ ਉਹਦਾ ਰੂਪ ਵਸਾਕੇ
ਮਸਤਕ ਵਿਚ ਉਹਦਾ ਦੀਵਾ ਬਾਲ਼
-0-
ਉਹ ਪੂਰਵ ਪੁਰਖ ਸੀ
ਉਸ ਦਾ ਸਫ਼ਰ ਸੀ ਤੇਰੇ ਤਕ ਦਾ
ਮੇਰਾ ਸਫ਼ਰ ਹੈ ਮੇਰੇ ਤਕ ਦਾ
ਉਸ ਨੂੰ ਤਲਾਸ਼ ਸੀ ਤੇਰੀ
ਮੈਂ ਤਲਾਸ਼ ਹਾਂ ਆਪਣੇ ਆਪ ਦੀ
ਉਸ ਦਾ ਪ੍ਰਯੋਜਨ ਸੀ ਤੂੰ ਹੋਣਾ
ਮੇਰਾ ਪ੍ਰਯੋਜਨ ਹੈ ਮੈਂ ਹੋਣਾ
ਆਪਾ ਸੁੱਤਾ ਆਪ ਜਗਾਉਣਾ
ਆਪਾ ਖੋਇਆ ਪਾਉਣਾ
-0-
ਉਹ ਪੂਰਵ ਪੁਰਖ ਸੀ
ਉਹ ਉਸਦਾ ਹੋ ਜਾਣਾ ਚਾਹੁੰਦਾ ਸੀ
ਮੈਂ ਉਸ ਨੂੰ ਆਪਣਾ ਕਰਨਾ ਚਾਹੁੰਦਾ ਸੀ
ਉਹ ਤੂੰ ਦਾ ਸਾਗਰ ਤਰਨਾ ਚਾਹੁੰਦਾ ਸੀ
ਮੈਂ

ਮੈਂ ਦਾ ਸਾਗਰ ਤਰਨਾ ਚਾਹੁੰਦਾ ਸੀ
ਆਪਣਾ ਸੱਚ ਫੜਣਾ ਚਾਹੁੰਦਾ ਹਾਂ
ਮੈਂ ਆਪਣੀ ਸਿਰਜਣਾ ਵਿਚ
ਆਪ ਜੀਉਣਾ ਚਾਹੁੰਦਾ ਹਾਂ
ਮੈਂ ਆਪਣੇ ਲਈ ਜੀਣਾ ਮਰਨਾ ਚਾਹੁੰਦਾ ਹਾਂ
-0-
ਬੇਸ਼ਕ ਮੈਂ ਆਪਣੇ ਲਈ
ਗੁਲਜ਼ਾਰ ਸਿਰਜਿਆ
ਮਾਨਸਿਕ ਤੇ ਸਰੀਰਕ ਸੁੱਖਾਂ ਲਈ
ਸੰਸਾਰ ਸਿਰਜਿਆ
ਮਾਨਸਿਕ ਸੁੱਖ ਤਾਂ ਪਾ ਨਾ ਸਕਿਆ
ਸਰੀਰਕ ਸੁੱਖਾਂ ਦੀ ਵਗਦੀ ਨਦੀ 'ਚ
ਇਕ ਵੀ ਚੁੱਭੀ ਲਾਅ ਨਾ ਸਕਿਆ
-0-
ਜਦ ਮੈਂ ਡਿੱਠਾ
ਆਪਣੀ ਸਿਰਜਣਾ ਵਿਚ ਹੀ ਮੋਇਆ ਹਾਂ
ਘਰ ਵਿਚ ਹੀ ਅਜਨਬੀ ਹੋਇਆ ਹਾਂ
ਨਾ ਮੈਂ ਆਪਣਾ ਹੀ ਰਿਹਾ ਹਾਂ
ਨਾ ਹੀ ਸਿਰਜਣਾ ਦਾ ਹੋਇਆ ਹਾਂ
ਆਪਣੀ ਲਾਸ਼ ਉਠਾਕੇ ਮੋਢੀ
ਪ੍ਰਾਣਾਂ ਦੀ ਭਾਲ਼ 'ਚ ਭੌਂਦਾ ਹਾਂ
ਤਾਂ ਕਿ ਆਪਣਾ ਮੁਰਦਾ ਜੀਂਦਾ ਕਰਲਾਂ
ਆਪਣੀ ਕਬਰ 'ਚ ਜੀਵਨ ਧਰਲਾਂ
-0-
ਇਹ ਮੇਰਾ ਅਜੋਕਾ ਪ੍ਰਯੋਜਨ
ਮੇਰੇ ਸਫ਼ਰ ਦੀ ਕੁੱਖ ਹੈ
ਉਹ ਬੀਜ ਮੇਰੇ ਰੁੱਖ ਤੋਂ ਵੱਖਰਾ
ਜਿਸ ਬੀਜ ਦਾ ਇਹ ਰੁੱਖ ਹੈ
-0-
ਉਹ ਪੂਰਵ ਪੁਰਖ ਹੈ
ਉਸ ਦੀ ਤਲਾਸ਼ ਸੀ
ਆਪਣਾ ਆਸਰਾ ਭਾਲ਼ਣ ਦੀ

ਮੇਰੀ ਤਲਾਸ਼ ਹੈ
ਆਪਣੇ ਵਿਚ ਹੀ ਆਪਣਾ ਦੀਵਾ ਬਾਲ਼ਣ ਦੀ
ਉਸ ਦਾ ਸਫ਼ਰ ਸੀ
ਆਤਮਾ ਤੋਂ ਪਰਮਾਤਮਾ ਤਕ ਦਾ
ਮੇਰਾ ਸਫ਼ਰ ਹੈ ਮੇਰੇ ਤਕ ਦਾ
ਮੇਰੀ ਸਵੈ ਸ਼ਨਾਖਤ ਤਕ ਦਾ
ਉਸ ਦੀ ਤਲਾਸ਼ ਸੀ ਪ੍ਰਾਣਨਾਥ ਦੀ
ਮੇਰੀ ਤਲਾਸ਼ ਹੈ ਮੇਰੇ ਸਥਾਨ ਦੀ
ਉਸ ਦਾ ਪ੍ਰਯੋਜਨ ਸੀ ਤੂੰ ਹੋਣਾ
ਮੇਰਾ ਪ੍ਰਯੋਜਨ ਹੈ ਮੈਂ ਹੋਣਾ
-0-
ਮੈਂ ਉਹ ਬੂੰਦ ਹਾਂ
ਜਿਸ ਨੂੰ ਨਹੀਂ ਸਾਗਰ ਦੀ ਪਿਆਸ
ਮੈਂ ਚਾਹੁੰਦਾ ਹਾਂ
ਆਪਣੇ ਵਿਚ ਬਸ ਆਪਣਾ ਵਾਸ
-0-
ਮੈਂ ਬੂੰਦ
ਸਾਗਰ ਵਿਚ ਸਮਾ ਨਹੀਂ ਸਕਦੀ
ਸਾਗਰ ਦੇ ਮੇਚ ਆ ਨਹੀਂ ਸਕਦੀ
ਸਾਗਰ ਦਾ ਜਲ
ਮੇਰੀ ਬੂੰਦ ਭਾਅ ਨਹੀਂ ਸਕਿਆ
ਨਾ ਬੂੰਦ ਹੀ ਸਾਗਰ ਹੋਈ
ਨਾ ਸਾਗਰ ਬੂੰਦ ਸਮਾ ਹੀ ਸਕਿਆ
ਆਪਣੀ ਆਪਣੀ ਦੋਹਾਂ ਦੀ ਦੁਨੀਆ ਵੱਖੋਂ ਵੱਖਰੇ ਆਕਾਰ
ਵੱਖੋਂ ਵੱਖਰੀ ਸ਼ਕਲੋ ਸੂਰਤ
ਇਕ ਮੂਰਤ ਇਕ ਅਮੂਰਤ
-0-
ਜੇ ਬੂੰਦ ਸਾਗਰ ਹੋ ਜਾਏ
ਆਪਣਾ ਸਭ ਕੁੱਝ ਹੀ ਖੋਹ ਜਾਏ
ਸਾਗਰ ਦੀ ਮੁਥਾਜੀ ਸਹਿੰਦੀ
ਇਕ ਦੂਜੇ ਵਿਚ ਲੀਨਤਾ ਦੀ ਥਾਂ
ਵਿਪਰੀਤ ਦਿਸ਼ਾਵਾਂ ਵਿਚ ਡੁੱਬ ਜਾਵਣ

ਏਕੇ ਵਿਚ ਤ੍ਰੇੜਾਂ ਪੈ ਜਾਵਣ
-0-
ਇਕ ਪਾਸੇ ਮੈਂ
ਦੂਜੇ ਪਾਸੇ ਸਿਰਜਿਆ ਸਾਗਰ ਮੇਰਾ
ਸਿਰਜਣਾ ਘਰ ਸੂਰਜ ਚਮਕੇ
ਸਿਰਜਕ ਘਰ ਹਨ੍ਹੇਰਾ
ਬਸ ਇਕ ਇਹੀ ਫ਼ਰਕ ਹੈ ਤੇਰਾ ਮੇਰਾ
ਮੈਂ ਇਕ ਬੂੰਦ ਤੂੰ ਇਕ ਸਾਗਰ
ਮੇਰਾ ਤੇਰੇ ਵਿਚ ਵਸੇਰਾ
ਤੇਰੇ ਚਿਹਰੇ 'ਚੋਂ ਨਜ਼ਰ ਨਹੀਂ ਆਉਂਦਾ
ਮੇਰਾ ਚਿਹਰਾ
-0-
ਮੈਂ ਆਪਣੀ ਇਕਾਈ ਤਕਸੀਮੀ
ਸਿਫ਼ਰਿਆਂ ਦੀ ਪਨੀਰੀ ਬੀਜੀ
ਸਿਫ਼ਰਿਆਂ ਦੇ ਝੁਰਮਟ ਵਿਚ
ਮੈਂ ਇੰਝ ਗੁਆਚਾ
ਇਨ੍ਹਾਂ ਦਾ ਹੀ ਸੱਚ ਹੋ ਗਿਆ
ਦੇਹ ਵਿਚ ਰੂਹ ਦਾ ਵਾਸਾ
ਆਪਣਾ ਰੰਗ ਰੂਪ ਸ਼ਕਲੋਂ ਸੂਰਤ
ਖ਼ੁਦ ਤੋਂ ਨਾ ਜਾਏ ਪਛਾਤੀ
ਇਨ੍ਹਾਂ ਸਿਫ਼ਰਿਆਂ ਦੀ ਜਰਬ ਵਿਚ
ਮੇਰੀ ਜਮਾਂ ਗੁਆਚੀ
ਮੇਰੇ ਧੜ 'ਤੇ ਸਿਰ ਰਿਹਾ
ਨਾ ਕੋਈ ਮੇਰਾ ਅਰਥ
ਨਾ ਕੋਈ ਮੇਰਾ ਸੱਚ ਸ਼ਨਾਖਤ
ਨਾ ਮੇਰਾ ਕੋਈ ਸ਼ਬਦ
-0-
ਨਾ ਫੁੱਲ ਬਣਿਆ ਨਾ ਪੱਥਰ ਹੋਇਆ
ਮੇਰਾ ਰੂਪ ਅਨੂਪ
ਸਿਰ ਬਿਨ੍ਹਾਂ ਨਜ਼ਰ ਨਾ ਆਵੇ
ਮੇਰਾ ਜੋਤ ਸਰੂਪ
ਨਾ ਜੀਆ ਮੈਂ ਆਪਣੀ ਖ਼ਾਤਿਰ

ਨਾ ਆਪਣੀ ਖ਼ਾਤਿਰ ਮੋਇਆ
ਆਪਣੀ ਅੱਖ ਦਾ ਅੱਥਰੂ
ਅੱਖ ਲਈ ਪਰਾਇਆ ਹੋਇਆ
-0-
ਇਸ ਨਗਰੀ ਵਿਚ ਮੁਰਦੇ ਦਿੰਦੇ
ਜੀਵਨ ਦੇ ਦਿਲਾਸੇ
ਉਹ ਕੀ ਰਮਜ਼ ਜੀਵਨ ਦੀ ਸਮਝਣ
ਕਬਰੀ ਜਿਨ੍ਹਾਂ ਦੇ ਵਾਸੇ
ਕੀ ਖੱਟਿਆ ਇਹ ਵਿਸ਼ਵ ਸਿਰਜ ਕੇ
ਤੇ ਕਰ ਸਿਰ 'ਤੇ ਛਾਂਵਾਂ
ਮੁਰਦਿਆਂ ਦਾ ਇਸ ਨਗਰੀ ਚੋਂ
ਨਜ਼ਰ ਨਾ ਆਵੇ ਜੀਵਨ ਦਾ ਪ੍ਰਛਾਂਵਾਂ
-0-
ਹੇ ! ਨਿੱਜ
ਤੂੰ ਮੇਰੇ ਚੋਂ ਮੈਨੂੰ ਤੱਕਦਾ ਹੈ
ਮੈਨੂੰ ਪਰ ਤੂੰ
ਨਜ਼ਰ ਦਾ ਦਿਸਹੱਦਾ ਲੱਗਦਾ ਹੈ
-0-
ਮੈਂ ਤੈਨੂੰ
ਆਪਣੇ ਵਿਚ ਅਨੁਭਵ ਨਹੀਂ ਕਰਦਾ
ਤੈਨੂੰ ਸਦਾ ਹੀ ਕੰਡ ਦਿੰਦਾ ਹਾਂ
ਕਦੀ ਵੀ ਤੇਰਾ ਦਮ ਨਹੀਂ ਭਰਦਾ
ਸੋਚ ਚੋਂ ਕੱਢ ਤੈਨੂੰ ਬਾਹਰ ਹਾਂ ਧਰਦਾ
ਹਾਂ ਆਪਣੀ ਹੀ ਪ੍ਰਕਰਮਾ ਕਰਦਾ
-0-
ਮੈਂ ਮੱਕੜੀ ਵਾਂਗ
ਆਪਣਾ ਵਿਸਥਾਰ ਲਈ
ਆਪਾ ਆਪੇ ਵਿਚ ਗੁੰਨਦਾ ਰਹਿੰਦਾ ਹਾਂ
ਮੇਰੀ ਤ੍ਰਿਸ਼ਨਾ ਦੇ ਕੁੱਝ ਵੀ ਹਾਣ ਨਹੀਂ ਹੈ
ਤ੍ਰਿਸ਼ਨਾ ਦੀ ਭੁੱਖ ਦਾ
ਮੈਨੂੰ ਅਨੁਮਾਨ ਨਹੀਂ ਹੈ
ਮੈਂ ਬਿੰਦੂ ਤ੍ਰਿਸ਼ਨਾ ਦਾਇਰਾ ਹੈ

ਮੈਂ ਇਕ ਜ਼ਰਾ ਉਹ ਸਹਿਰਾ ਹੈ
ਸਾਗਰ ਪੀਅ ਵੀ ਭਰਦੀ ਨਹੀਂ ਹੈ
ਮੁਕ ਜਾਂਦਾ ਹੈ ਜੀਵਨ
ਪਰ ਇਹ ਮਰਦੀ ਨਹੀਂ ਹੈ
ਤ੍ਰਿਸ਼ਨਾ ਪਿੱਛੇ ਭੱਜਦਾ ਭੱਜਦਾ
ਕਿਲ੍ਹੇ ਉਸਾਰੀ ਜਾਂਦਾ ਹਾਂ
ਤੇਰੀ ਜੋਤ ਬਝਾਕੇ ਅੰਦਰੋਂ
ਆਪਾ ਵਿਸਥਾਰੀ ਜਾਂਦਾ ਹਾਂ
-0-
ਮੈਂ ਤੇਰੇ ਤੇ ਆਪਣੇ ਵਿਚ
ਕਈ ਅੰਬਰ ਕਈ ਧਰਤੀਆਂ
ਖੜੀਆਂ ਕੀਤੀਆਂ ਨੇ
ਆਪਣੇ ਰੰਗ ਦੀ ਦੁਨੀਆ ਸਿਰਜਕੇ
ਮਰਜ਼ੀ ਦੀਆਂ ਮਹਿਕਾਂ ਬੀਜੀਆਂ ਨੇ
ਗੰਦੀਆਂ ਜਾਂ ਸੁਗੰਧੀਆਂ ਹਨ
ਮੈਨੂੰ ਚੰਗੀਆਂ ਲੱਗਦੀਆਂ ਹਨ
ਮੇਰੀ ਰੂਹ ਰੁਸ਼ਨਾਉਂਦੀਆਂ ਹਨ
ਮੇਰੀ ਜੈ ਜੈ ਕਰਦੀਆਂ ਹਨ
-0-
ਦੁਨੀਆ ਦੀ ਮੰਡੀ ਵਿਚ
ਮੇਰੀ ਸਰਦਾਰੀ ਹੈ
ਜੋ ਚਾਹੇ ਖਰੀਦਾਂ ਵੇਚਾਂ
ਮੇਰਾ ਪੱਲੜਾ ਭਾਰੀ ਹੈ
ਮੈਂ ਚਾਹਾ ਤਾਂ ਸਾਰਾ ਜਗਤ ਹੀ
ਆਪਣੇ ਵਿਚ ਸਮੇਟ ਲਵਾਂ
ਸਾਰੀ ਧਰਤੀ 'ਤੇ ਫੇਰ ਸੁਹਾਗਾ
ਆਪਣਾ ਆਪਾ ਬੀਜ ਲਵਾਂ
-0-
ਸ਼ੀਸ਼ ਆਖੇ
ਤੇਰੇ ਭਰਮ ਨੇ ਸਿਰ ਤੋਂ ਪੈਰਾਂ ਤੀਕਣ
ਤੈਨੂੰ ਖਾਹ ਲਿਆ ਹੈ
ਇਸ ਭਰਮ ਨੂੰ ਜੀਂਦੇ ਜੀਅ

ਤੂੰ ਆਪਣਾ ਆਪ ਮੁਕਾ ਲਿਆ ਹੈ
ਭਰਮ ਪਾਲ਼ਦਾ ਤੂੰ ਭਰਮ ਹੋਇਆ ਹੈ
ਬੰਦੇ ਤੋਂ ਖੋਟਾ ਕਰਮ ਹੋਇਆ ਹੈ
ਸ਼ੀਸ਼ਾ ਆਖੇ ਅਕਲ ਕਰ
ਆਪਣਾ ਆਪ ਸੰਭਾਲ
ਪਾਪਾਂ ਸੰਗ ਮਤਿ ਮੈਲ਼ੀ ਦਾ ਮੈਲ਼ਾ
ਸਿਮਰਨ ਸੰਗ ਉਤਾਰ
ਚਰਨ ਸਵੈ ਦੇ ਲਗ
ਉਸ ਤੋਂ ਭਾਵੇਂ ਤੂੰ ਵੱਖ ਹੋਇਉ
ਪਰ ਉਹ ਨਹੀਂ ਤੈਥੋਂ ਵੱਖ
-0-
ਮਿੱਟੀ ਦਾ ਦੀਵਾ
ਆਪਣੇ ਲਈ ਹੀ ਜਗ ਰਿਹਾ ਹੈ
ਆਪਣਾ ਰੂੰ ਹੀ ਕੱਤ ਰਿਹਾ ਹੈ
ਆਪਣੀ ਪ੍ਰਕਰਮਾ ਹੀ ਕਰ ਰਿਹਾ ਹੈ
ਆਪਣਾ ਘੜਾ ਹੀ ਭਰ ਰਿਹਾ ਹੈ
-0-
ਆਪਣੇ ਲਾਲਚ ਵਿਚ ਲਾਲਚ ਹੋਇਆ
ਅੱਗਾਂ ਸਿਰਜਦਾ ਜੀਂਦਾ ਮੋਇਆ
ਪ੍ਰਭੂ ਜੀ ਇਸ ਵਿਚ ਲੋਅ ਕਰੋ
ਕਿਰਨ ਕੋਈ
ਇਸ ਦੇ ਮਸਤਕ ਧਰੋ
ਇਸ ਨੂੰ ਸੱਚ ਸਮਝੀ ਆਵੇ
ਬੰਦਾ ਹੈ
ਬਸ ਬੰਦੇ ਚੋਂ ਬੰਦਾ ਹੀ ਨਜ਼ਰੀ ਆਵੇ
-0-
ਦੇਹ ਦਾ ਭਰਮ ਮਿਟਾਉ
ਜੀਵਨ ਮਕਸਦ ਸਮਝਾਉ
ਬੁਝਿਆ ਦੀਪ ਜਲਾਉ
ਹਨ੍ਹੇਰੇ ਨੈਣਾਂ ਵਿਚ ਸਲਾਈਆਂ
ਪੀਠੇ ਸੂਰਜ ਦੀਆਂ ਪਾਉ
ਦੇਹ ਮਿੱਟੀ ਨਹੀਂ ਜਗਦੀ ਜੋਤ ਹੈ

ਇਹ ਜੋਤ ਹੀ ਵਿਸ਼ਵ ਹੋਂਦ ਹੈ
ਵਿਸ਼ਵ ਹੋਂਦ ਹੀ ਪਰਮ ਜੋਤ ਹੈ
ਮਾਨਵ ਜਿਸਦਾ ਮੂਲ ਸ੍ਰੋਤ ਹੈ
ਦਆ ਕਰੋ
ਮਾਨਵ ਆਪਣਾ ਸੱਚ ਜਾਣ ਸਕੇ
ਦੇਹੀ ਵਿਚ ਜਗਦੀ ਜੋਤੀ ਤੋਂ
ਆਪਣਾ ਆਪ ਪਹਿਚਾਣ ਸਕੇ
-0-
ਉਹ ਤਨ ਨੂੰ ਪਦਾਰਥ
ਰੂਹ ਨੂੰ ਤਜਾਰਤ ਸਮਝ ਬੈਠਾ
ਬਾਜ਼ਾਰਾਂ ਮੰਡੀਆਂ 'ਚ ਹੀ ਮਰ ਗਿਆ
ਮਿੱਟੀ ਕਬਰ ਦੀ ਮਿੱਟੀ 'ਚ ਧਰ ਗਿਆ
ਉਸ ਚੋਂ ਨਾ ਕੋਈ ਸੂਰਜ ਚੜ੍ਹਿਆ
ਨਾ ਹੀ ਉਸਦੇ ਵਿਹੜੇ ਕੋਈ ਦੀਵਾ ਬਲ਼ਿਆ
ਰੁੱਖ ਸੀ ਜੰਗਲ ਦਾ ਸਫ਼ਰ ਹੋ ਗਿਆ
ਜੀਂਦੇ ਜੀਅ ਬੇਖ਼ਬਰ ਹੋ ਗਿਆ
-0-
ਹੇ ! ਮਨਾਂ
ਕੂੜ ਪਹਿਣਿਆ ਕੂੜ ਹੰਢਾਇਆ
ਕੂੜ ਸਿਰਜਿਆ ਤੇ ਫੈਲਾਇਆ
ਕੂੜ ਦਾ ਕੀਤਾ ਕਾਰੋਬਾਰ
ਕੂੜ ਹੀ ਤੇਰਾ ਪੀਣਾ ਖਾਣਾ
ਕੂੜ ਹੀ ਤੇਰੀ ਸੋਚ ਵਿਚਾਰ
-0-
ਕੂੜੇ ਧੜ 'ਤੇ ਸਿਰ ਲਾਅ ਸੱਚ ਦਾ
ਜਗਤ 'ਚ ਫਿਰਦੈ ਭੌਂਦਾ
ਸੋਚਿਆ ਕਦੀ ਸਾਂਵੇ ਬਹਿ ਕੇ
ਕੀ ਖੱਟਦੇ ਕੀ ਕਮਾਉਂਦੇ
ਕੂੜ ਦੀ ਛਾਂਅ ਸਦਾ ਨਾ ਰਹਿੰਦੀ
ਇਕ ਦਿਨ ਉੱਠਣਾ ਪੈਣਾ
ਕੂੜ ਦੀ ਸੜਦੀ ਅੱਗ ਦਾ
ਸਿਵਾ ਸੇਕਣਾ ਪੈਣਾ

ਕੂੜ ਤੂੰ ਆਪਣਾ ਨਾਮ ਧਰਾਇਆ
ਕੂੜ ਸ਼ਨਾਖਤ ਤੇਰੀ
ਕੀਤਾ ਤੂੰ ਬਦਨਾਮ ਮਿੱਟੀ ਨੂੰ
ਰੱਬ ਦਾ ਘਰ ਸੀ ਦੇਹ ਮਿੱਟੀ ਦੀ ਤੇਰੀ
-0-
ਪਦਾਰਥਕ ਵਿਕਾਸ ਨੇ
ਮਾਨਵ ਰੂਪੀ
ਚਿਰਾਗ਼ ਬੁਝਾ ਦਿੱਤਾ ਹੈ
ਹਨ੍ਹੇਰੇ ਨੂੰ ਸੂਰਜ ਵਿਖਾ ਦਿੱਤਾ ਹੈ
ਰੁੱਖ 'ਚ ਜੰਗਲ
ਜੰਗਲ 'ਚ ਰੁੱਖ ਉਗਾ ਦਿੱਤਾ ਹੈ
ਬੁਝੇ ਚਿਰਾਗ਼ ਦੇ ਧੂੰਏ ਨੇ
ਅੰਬਰੀ ਭਾਬੜ ਲਾ ਦਿੱਤਾ ਹੈ
ਧਰਤੀ ਦਾ ਜ਼ਰਾ ਜ਼ਰਾ ਰੁਸ਼ਨਾ ਦਿੱਤਾ ਹੈ
ਆਪਣੀ ਬੁਝੀ ਜੋਤ ਚੋਂ
ਵਿਸ਼ਵ ਜੋਤ ਦਾ ਸੱਚ ਪ੍ਰਗਟਾਅ ਦਿੱਤਾ ਹੈ
ਆਪਣੇ ਚਿਹਰੇ ਚੋਂ
ਮਾਨਵਤਾ ਦਾ ਰੂਪ ਵਿਖਾ ਦਿੱਤਾ ਹੈ
ਪਦਾਰਥਕ ਵਿਕਾਸ ਨੇ
ਜੋ ਦੀਵਾ ਬੁਝਾ ਦਿੱਤਾ ਹੈ
ਉਸ ਦੀਵੇ ਨੇ ਸੂਰਜ ਨਵਾਂ ਚੜ੍ਹਾਅ ਦਿੱਤਾ ਹੈ
-0-
ਅਜੋਕੀ ਵਿਸ਼ਵ ਚੇਤਨਾ ਅੰਦਰ
ਆਪਣਾ ਆਪ ਜਗਾ ਦਿੱਤਾ ਹੈ
ਹਰ ਘਰ ਦੇ ਬੂਹੇ 'ਤੇ
ਸੂਰਜ ਦਾ ਸਿਰ ਲਾ ਦਿੱਤਾ ਹੈ
ਉਸ ਦੀਵੇ ਦੀ ਲੋਅ ਨੂੰ ਲੋਕਾਈ ਗਾਉਂਦੀ ਹੈ
ਉਸ ਦੀਵੇ ਦਾ ਹਨ੍ਹੇਰਾ
ਹਰ ਘਰ ਵਿਹੜਾ ਛੱਤਾਂ ਕੰਧਾਂ
ਗਲੀ ਹੰਢਾਉਂਦੀ ਹੈ
ਉਸ ਹਨ੍ਹੇਰੇ ਨੂੰ ਸਿਮਰਦੀ ਤੇ ਧਿਆਉਂਦੀ ਹੈ
ਉਸ ਹਨ੍ਹੇਰੇ ਚੋਂ ਉੱਗਦਾ

ਬੀਜ ਸੂਰਜ ਦਾ ਪਾਉਂਦੀ ਹੈ
-0-
ਉਸ ਸੂਰਜ ਦਾ ਚਿਹਰਾ
ਸਭ ਚੋਂ ਨਜ਼ਰੀ ਆਉਂਦਾ ਹੈ
ਜੋ ਮਾਨਵ ਤੋਂ
ਮਾਨਵਤਾ ਦਾ ਸੱਚ ਕਹਾਉਂਦਾ ਹੈ
ਉਸ ਦੇ ਹਨ੍ਹੇਰੇ ਚੋਂ ਲੋਅ ਦੇ
ਕਈ ਕਾਫਲੇ ਉੱਗ ਆਏ ਹਨ
ਕਈ ਸੂਰਜ ਧਰਤੀ ਚੋਂ ਉੱਗ
ਕਈ ਅੰਬਰ 'ਤੇ ਚੜ੍ਹ ਆਏ ਹਨ
-0-
ਅਜੋਕੀ ਵਿਸ਼ਵ ਚੇਤਨਾ ਅੰਦਰ
ਉਸ ਸੂਰਜ ਦਾ ਤੇਜ਼ ਹੈ
ਉਸ ਸੂਰਜ ਦੀ ਲੋਅ ਮਸਤਕ ਵਿਚ
ਰਾਹਾਂ ਵਿਚ ਚਾਨਣ ਹਮੇਸ਼ਾ ਹੈ
ਅਜੋਕੀ ਵਿਸ਼ਵ ਚੇਤਨਾ
ਉਸ ਸੂਰਜ ਦਾ ਨਿੱਘ
ਆਪਣੇ ਲਹੂ ਵਿਚ ਜੀਅ ਰਹੀ ਹੈ
ਰਾਹਾਂ ਦੇ ਕੰਡੇ ਚੁਗ ਰਹੀ ਹੈ
ਧਰਤੀ ਦੇ ਫੱਟ ਸੀਅ ਰਹੀ ਹੈ
ਘਰ ਘਰ ਸੂਰਜ ਧਰ ਰਹੀ ਹੈ
ਵਿਸ਼ਵ ਹਨ੍ਹੇਰਾ ਪੀਅ ਰਹੀ ਹੈ
ਆਪਣੇ ਮੰਤਵ ਲਈ ਮਰ ਰਹੀ ਹੈ
ਮਾਨਵਤਾ ਲਈ ਜੀਅ ਰਹੀ ਹੈ
ਵਿਸ਼ਵ ਚੇਤਨਾ
ਉਸ ਚਾਨਣ ਦੇ ਅੰਗ ਇਕੱਠੇ ਕਰ ਰਹੀ ਹੈ
ਅੰਗਾਂ ਦਾ ਇਕ ਬੁੱਤ ਬਣਾ ਕੇ
ਪਦਾਰਥ ਵਿਹੜੇ ਧਰ ਰਹੀ ਹੈ
-0-
ਪਦਾਰਥਕ ਵਿਕਾਸ ਨੇ
ਵਿਸ਼ਵ 'ਚ ਰਾਸ਼ਟਰੀ ਰਾਜ ਆਰੰਭਿਆ
ਰਾਜਨੀਤਕ ਤੌਰ 'ਤੇ ਸਮਾਜਕ ਵਿਸ਼ਵਾਸ

ਤੇ ਸਹਿਣਸ਼ੀਲਤਾ ਦਾ ਨੀਂਹ ਪੱਥਰ ਧਰਿਆ
ਉਦਯੋਗਿਕ ਮੁਨਾਫ਼ਾਖੋਰੀ
ਤੇ ਸਰਮਾਏਦਾਰੀ ਨੂੰ ਜਨਮਿਆ
ਸਮਾਜਵਾਦੀ ਮੁਲਕਾਂ ਦੇ ਸੰਦਰਭ 'ਚ
ਲੋਕਤੰਤਰ ਦੀ ਪ੍ਰਧਾਨਤਾ ਦਾ ਕੀਤਾ ਨਿਰਮਾਣ
ਵਿਗਿਆਨ ਸ਼ਿਲਪ ਦੀ ਉਨਤੀ ਸੰਗ
ਅਵਾਮੀ ਅਨਪੜ੍ਹਤਾ ਦਾ ਹੋਇਆ ਵਿਕਾਸ
ਸ਼ਹਿਰੀਕਰਨ ਤੇ ਅਵਾਮੀ ਮਾਧਿਅਮ ਦੇ
ਵਿਕਾਸ ਦਾ ਕੀਤਾ ਆਗਾਜ਼
-0-
ਨੀਵੇਂ ਦਰਜੇ ਦੀ ਨੈਤਿਕਤਾ
ਭੁੱਖਮਰੀ ਤੇ ਬੀਮਾਰੀ ਵਿਚ ਆਇਆ ਨਿਗਾਰ
ਪੱਛੜੀਆਂ ਜਾਤੀਆਂ ਨੂੰ
ਬਰਾਬਰ ਦੇ ਮਿਲੇ ਅਧਿਕਾਰ
ਸਮਾਜ ਵਿਕਾਸ ਲਈ ਯੋਜਨਾ ਦਾ ਕੀਤਾ
ਸਤਿਕਾਰ
ਲੋਕਾਂ ਲਈ ਮੁਹੱਈਆ ਕੀਤਾ ਰੁਜ਼ਗਾਰ
ਆਵਾਜਾਈ ਦੇ ਸਾਧਨ
ਮੰਗਲ ਗ੍ਰਹਿ ਤਕ ਅੱਪੜੇ
ਸੰਚਾਲਨ ਸਾਧਨ ਕੰਪਿਊਟਰ ਯੁੱਗ ਵਿਚ ਨਿੱਤਰੇ
ਸਮਾਜਕ ਰਾਜਨੀਤਕ ਤੇ ਆਰਥਕ ਸਾਧਨ
ਵਿਸ਼ਵ ਬੋਧ ਦਾ ਕੇਂਦਰ ਚੁੱਕੇ ਹੋ
ਹਰੀ ਕ੍ਰਾਂਤੀ ENLIGHTMENT ਯੁੱਗ
ELECTRONIC ਤੇ ਪਲਾਸਟਿਕ ਯੁੱਗ
ਗਿਆਨ ਵਿਗਿਆਨ ਦਰਸ਼ਨ ਅਤੇ ਪੁਲਾੜ ਯੁੱਗ
ਮਨੁੱਖ ਦੇ ਵਿਹੜੇ ਪੁੱਗ ਚੁੱਕੇ ਹੈ
-0-
ਪਦਾਰਥ ਅੰਬਰ ਛੋਹਿਆ
ਮਾਨਵ ਮਿੱਟੀ ਸੰਗ ਘੁਲਦਾ
ਮਿੱਟੀ ਵਿਚ ਹੀ ਮੋਇਆ
ਨਾ ਪ੍ਰਾਪਤੀਆਂ ਚੋਂ ਨਜ਼ਰੀ ਆਇਆ
ਨਾ ਵਿਸ਼ਵ ਦ੍ਰਿਸ਼ਟੀ ਹੋਇਆ

ਪਿਘਲ ਗਿਆ ਆਪਣੇ ਆਪ 'ਚ
ਆਪਣੇ ਸਾਏ ਦੇ ਗਲ ਲੱਗ ਰੋਇਆ
ਆਪਣੇ ਲਹੂ ਚੋਂ ਸਿਰਜੇ ਮੇਲੇ ਵਿਚ
ਆਪ ਹੀ ਮਾਨਵ ਖੋਇਆ
ਪਦਾਰਥਕ ਵਿਕਾਸ ਚੋਂ
ਜ਼ਿੰਦਗੀ ਅਲੋਪ ਮਨੁੱਖ ਅਲੋਪ
ਇਹ ਵਿਸ਼ਵ ਰੂਹ ਬਿਨ੍ਹਾਂ
ਸ਼ੀਸ਼ੇ ਦਾ ਖੋਲ੍ਹ
ਨਾ ਹੀ ਇਸ ਦੀ ਚੁੱਪ ਹੈ ਆਪਣੀ
ਨਾ ਹੀ ਇਸ ਦਾ ਆਪਣਾ ਬੋਲ
ਭੀੜ ਹੈ ਰੌਲ਼ਾ ਰੌਲ਼ਾ ਹੈ ਭੀੜ
ਅਰਥ ਸ਼ਬਦ ਦੀ ਕਬਰ ਹੈ ਜੀਭ
ਵਿੱਥਾਂ ਹੀ ਵਿੱਥਾਂ ਹਨ ਜਗਤ ਵਿਚ
ਬੰਦਾ ਨਹੀਂ ਬੰਦੇ ਦੇ ਕਰੀਬ
-0-
ਬੋਲ ਕਬੋਲ ਦੀ ਸਿਰਜਣਾ
ਅਜੋਕੇ ਵਿਸ਼ਵ ਦਾ ਵਿਸ਼ਾ ਹੈ
ਮਨੁੱਖੀ ਸਵੈ ਵਿਕਾਸ
ਜਿਸ ਦੀ ਬੁਨਿਆਦ ਦਿਸ਼ਾ ਹੈ
-0-
ਪਦਾਰਥਕ ਮੋਹ ਮਾਇਆ ਹੰਕਾਰ
ਜਿਸ ਦੇ ਲਾਲਚ ਨੇ ਬਣਾਇਆ ਮਨੁੱਖ ਹੈਵਾਨ
ਇਸ ਵਿਸ਼ਵ ਦੇ ਅਭਿਮਾਨ
ਮਾਰਿਆ ਇਨਸਾਨ ਚੋਂ ਇਨਸਾਨ
ਪਦਾਰਥ ਨੂੰ ਹੀ ਜਾਣ ਲਿਆ
ਇਸ ਦੁਨੀਆ ਦਾ ਭਗਵਾਨ
-0-
ਬੋਲ ਕਬੋਲ
ਅਜੋਕੇ ਮਨੁੱਖ ਦਾ ਕਾਇਆ ਕਲਪ ਹੈ
ਅਜੋਕੇ ਮਨੁੱਖ ਚੋਂ
ਨਵ ਸੋਚ ਦਾ ਜਨਮ ਹੈ
ਬੋਲ ਕਬੋਲ

ਅਜੋਕੇ ਵਿਸ਼ਵ ਰੰਗਮੰਚ ਨੂੰ
ਹੰਢਾਵਣ ਦਾ ਜਿੱਥੇ ਉਪਰਾਲਾ ਹੈ
ਉੱਥੇ ਇਸ ਵਿਸ਼ਵ 'ਚ ਰਹਿ ਕੇ
ਇਸ ਵਿਸ਼ਵ ਤੋਂ ਨਿਰਲੇਪ ਰਹਿਣ ਦੀ
ਮਾਨਵ ਲਈ ਪ੍ਰਯੋਗਸ਼ਾਲਾ ਹੈ
-0-
ਮਨੁੱਖ ਨੇ
ਆਪਣੇ ਜੀਵਨ ਸੁੱਖ ਦੀਆਂ
ਸਭ ਸੁਵਿਧਾਵਾਂ ਸਿਰਜ ਲਈਆਂ ਹਨ
ਆਪਣੇ ਦਿਸਹੱਦੇ ਸੀਮਾ
ਮੰਜ਼ਿਲਾਂ ਸਿਮਰ ਲਈਆਂ ਹਨ
ਹੁਣ ਮਨੁੱਖ ਨੇ
ਸਵੈ ਵਿਕਸਤ ਕਰਨ ਲਈ
ਆਪਣਾ ਆਪ ਸਿਰਜਣਾ ਹੈ
ਮਨੁੱਖ ਕੀ ਹੈ ਕੌਣ ਹੈ
ਕਿੱਥੋਂ ਆਇਆ ਕਿੱਥੇ ਜਾਣਾ
ਵਿਚਾਰਨਾ ਤੇ ਸਮਝਣਾ ਹੈ
-0-
ਕਿਸ ਲਈ ਇਹ ਜੀਵਨ ਹੈ
ਇਸ ਰਹੱਸ ਨੂੰ ਜਾਣਨਾ ਹੈ
ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਲਈ
ਮਨੁੱਖ ਨੇ
ਆਪਣਾ ਆਪ ਪਹਿਚਾਨਣਾ ਹੈ
ਆਪਣਾ ਆਪ ਪੜ੍ਹਨਾ ਹੈ
ਆਪਣਾ ਚਿਹਰਾ ਦਰਪਣ ਸਾਂਵੇ
ਦਰਪਣ ਚਿਹਰੇ ਸਾਂਵੇ ਧਰਨਾ ਹੈ
ਰੂਹ ਤੋਂ ਜਿਸਮ ਉਤਾਰਨਾ ਹੈ
ਆਪਣਾ ਸੱਚ ਪਾਵਣ ਲਈ
ਆਪਾ ਧੋਣਾ ਨਿਚੋੜਣਾ ਸੰਵਾਰਨਾ ਹੈ
-0-
ਆਪਣੀ ਤਲ਼ੀ 'ਤੇ
ਆਪਣਾ ਸਿਰ ਟਿਕਾਣਾ ਹੈ

ਫਿਰ ਆਪੇ ਦੀ ਭਾਲ਼ 'ਚ
ਰਣ ਭੂਮੀ ਵਿਚ ਉਤਰ ਜਾਣਾ ਹੈ
ਆਪਣੇ ਹਾਣ ਦਾ ਵਿਸ਼ਵ ਸਿਰਜਣਾ
ਮਾਨਵਤਾ ਅਨੁਕੂਲ ਸਮਾਜ ਉਗਾਣਾ
ਮਾਨਵ ਹੀ ਤਖ਼ਤ 'ਤੇ ਬੈਠੇ
ਆਪਣਾ ਸੱਚ ਹੰਢਾਉਂਦਾ
ਮਾਨਵ ਚੋਂ ਪਰਜਾ
ਪਰਜਾ ਚੋਂ ਮਾਨਵ ਨਜ਼ਰੀਂ ਆਉਂਦਾ
ਮਾਨਵ ਮਾਨਵਤਾ ਤੇ ਵਿਸ਼ਵ ਇਕਾਈ
ਦਾ ਚਾਨਣ ਹੋਵੇ ਹਰ ਪਾਸੇ
ਵੱਖਰੇ ਵੱਖਰੇ ਰੰਗ ਦਾ ਮਣਕਾ
ਇਕ ਮਾਲਾ ਵਿਚ ਪਰੋਇਆ ਨਜ਼ਰੀਂ ਆਵੇ
ਵੱਖ ਵੱਖ ਰੰਗਾਂ ਦੀ
ਇਕ
ਤਸਵੀਰ ਕਹਾਵੇ
ਲਹੂ ਦੇ ਰੰਗਾਂ 'ਚ ਭਿੱਜੀ ਹੋਵੇ
ਮਾਨਵ ਚਿੱਤਰ ਅਖਵਾਵੇ
ਦੇਹ ਦਾ ਸਾਗਰ ਮੰਥਨ ਕਰਨਾ ਹੈ
ਆਪਣਾ ਸੱਚ
ਆਪਣੀ ਤਲ਼ੀ 'ਤੇ ਧਰਨਾ ਹੈ
ਫਿਰ ਅੰਦਰ ਵਲ ਖੁੱਲ੍ਹਦਾ ਦਰਵਾਜਾ ਖੁੱਲ੍ਹ ਜਾਏਗਾ
ਮਾਨਵ ਜਦ ਆਪਣਾ ਸੱਚ ਪਾਏਗਾ
ਦੁਨੀਆ ਦਾ ਸੱਚ ਭੁੱਲ ਜਾਏਗਾ
ਦੁਨੀਆ ਵਿਚ ਰਹਿ ਕੇ
ਕਿੰਜ ਕਿੰਨ੍ਹਾ ਨਿਰਲੇਪ ਹੈ ਰਹਿਣਾ ਸਿੱਖ ਜਾਏਗਾ
ਫਿਰ ਆਪਣੀ ਸਿਰਜਣਾ ਚੋਂ
ਮਨਫ਼ੀ ਦੀ ਥਾਂ ਜਮਾਂ ਨਜ਼ਰ ਆਏਗਾ
-0-

# ਚੌਥੀ ਪੁਸਤਕ (ਬੋਲ ਕਬੋਲ ਉਪਭਾਗ)

ਸਵੈ ਦੀ ਤਲਾਸ਼ ਵਿਭਿੰਨ ਮਾਨਵੀ ਪ੍ਰਵਿਰਤੀਆਂ
'ਤੇ ਅਧਾਰਿਤ। ਜਿਨ੍ਹਾਂ ਦਾ ਸੰਬੋਧਨੀ
ਅਤੇ ਧਾਰਨੀ ਮਨੋਵਾਚ ਹੈ।

**ਚਰਨ ਸਿੰਘ**

**ਕਾਵਿ-ਸ਼ਾਸਤਰ**

ਅਜੋਕੀ ਵਿਸ਼ਵ ਚੇਤਨਾ ਦਾ ਮੰਤਵ ਹੈ
ਗੁਆਚੇ ਆਪੇ ਨੂੰ ਪਾਉਣਾ
ਆਪਣੇ ਆਪ 'ਚ
ਆਪਣਾ ਸਵੈ ਪ੍ਰਗਟਾਉਣਾ
-0-
ਸਵੈ ਸੱਚ ਹੀ
ਵਿਸ਼ਵ ਚੇਤਨਾ ਦਾ ਉਦੇਸ਼ ਰੌਸ਼ਨ ਕਰੇਗਾ
ਵਿਸ਼ਵ ਚੇਤਨਾ ਦੇ ਰਾਹਾਂ ਵਿਚ ਸੂਰਜ ਧਰੇਗਾ
ਸਵੈ ਸੱਚ ਹੀ
ਨੈਤਿਕਤਾ ਦ੍ਰਿੜਤਾ ਤੇ ਸਦਾਚਾਰ ਦੀ
ਹੈ ਪਹਿਚਾਣ
ਸਵੈ ਸੱਚ ਹੀ
ਸੱਚ ਸੁੰਦਰਤਾ ਕਲਿਆਣ ਦੀ ਹੈ ਜਾਨ
ਵਿਸ਼ਵ ਚੇਤਨਾ ਦੇ ਮਸਤਕ ਵਿਚ
ਇਹੀ ਚੰਨ ਸਾਕਾਰ ਕਰੇਗਾ
ਸੁਖ ਸ਼ਾਂਤੀ ਵਿਸ਼ਵ ਚੇਤਨਾ ਦੀ ਤਲ਼ੀ ਧਰੇਗਾ
-0-
ਵਿਸ਼ਵ ਚੇਤਨਾ ਦੀ
ਹੋਂਦ ਸਨਾਖਤ ਸਵੈ ਸੱਚ ਹੈ
ਵਿਸ਼ਵ ਚੇਤਨਾ ਦੀ ਇਬਾਦਤ
ਸਵੈ ਸੱਚ ਹੈ
ਸਵੈ ਸੱਚ ਦਾ ਦੀਵਾ ਵਿਸ਼ਵ ਚੇਤਨਾ 'ਚ
ਜਦ ਤਕ ਰਹੇਗਾ ਜਗਿਆ
ਮਾਨਵਤਾ ਦਾ ਸੂਰਜ
ਤਦ ਤਕ ਰਹੇਗਾ ਚੜ੍ਹਿਆ
-0-
ਸਵੈ ਸੱਚ ਹੈ ਕੁੱਖ ਅਦਬ ਦੀ
ਰੂਹ ਸ਼ਬਦ ਦੀ ਲੋਅ ਅਰਥ ਦੀ
ਜੋ ਚਾਨਣ ਵਿਸਥਾਰੇ
ਅਰਥ ਸ਼ਬਦ ਦੀ ਇਕਸੁਰਤਾ ਦਾ

ਸੂਰਜ ਧਰਤ ਉਤਾਰੇ
-0-
ਸਵੈ ਸੱਚ ਹੀ
ਮਨੁੱਖਤਾ ਅਨੁਕੂਲ
ਵਿਸ਼ਵ ਜੀਵਨ ਦੀ ਉਸਾਰੀ ਹੈ
ਸਵੈ ਸੱਚ ਹੀ
ਮਾਨਵ ਦੀ ਸਵੈ ਮੁਖਤਿਆਰੀ ਹੈ
ਸਵੈ ਸੱਚ
ਆਪਣੇ ਚੋਂ ਮਨੁੱਖਤਾ ਤੱਕਣ ਦੀ ਉਹ ਬਾਰੀ ਹੈ
ਜਿਸ ਬਾਰੀ ਚੋਂ ਸਰਵ ਮਨੁੱਖਤਾ
ਇਕੋ ਜਿਹੀ ਨਜ਼ਰ ਆਵੇਗੀ
ਏਕ ਨੂਰ ਤੇ ਸਭ ਜਗ ਉਪਜਿਉ
ਦੀ ਜੋ ਸੋਚ ਕਹਾਵੇਗੀ
-0-
ਸਵੈ ਸੱਚ ਹੀ
ਨਿਆਂ ਦਾ ਤਰਾਜੂ ਹੈ
ਜਿਸ ਦੀ ਨਜ਼ਰ 'ਚ ਸਭ ਬਰਾਬਰ
ਨਾ ਵਾਧੂ ਨਾ ਘਾਟੂ ਹੈ
ਨਾ ਕੋਈ ਆਪਣਾ ਨਾ ਪਰਾਇਆ
ਜਿਸ ਤੋਂ ਉਪਜਿਆ
ਉਸ ਵਿਚ ਸਮਾਇਆ
-0-
ਸਵੈ ਸੱਚ ਹੈ ਉਹ ਇਕਾਈ
ਜਿਸ ਵਿਚ ਵਿਭਿੰਨਤਾ ਹੈ ਸਮਾਈ
ਜੰਗਲ ਚੋਂ ਜੋ ਸਭਿਅਤਾ ਜਨਮੇਂ
ਹਨ੍ਹੇਰੇ ਚੋਂ ਰੁਸ਼ਨਾਈ
ਬੰਦਾ ਹੀ ਬੰਦੇ ਦਾ ਦਾਰੂ
ਸਵੈ ਸੱਚ ਦੀ ਹੈ ਦੁਹਾਈ
ਸਵੈ ਸੱਚ ਹੀ
ਮਾਨਵਤਾ ਦਾ ਸੱਚ ਸਰੂਪ
ਜਿਸ ਸਦਕਾ ਜੀਵਨ ਹੈ
ਮਾਨਵਤਾ ਦਾ ਰੂਪ

-0-
ਗੁੱਡ ਕਿਆਰੀ ਦੇਹ ਦੀ ਫੁੱਲ ਕਲੀਆਂ ਬੂਟੇ ਲਾਅ
ਜੱਗ ਵਿਚ ਆਇਉ ਜਿਉਣ ਲਈ
ਮਹਿਕ ਖਿਲਾਰ ਸੁੰਦਰਤਾ ਪ੍ਰਗਟਾਅ
ਲੋੜ ਮੁਤਾਬਿਕ ਇਕੱਠੀ ਕਰ ਜਿਉਣ ਸਮੱਗਰੀ
ਨਾ ਜ਼ਖੀਰੇ ਬਣਾ
ਉਸ ਦੇ ਦਿੱਤੇ ਦਾ ਸ਼ੁਕਰ ਮਨਾ
ਰੁੱਖਾਂ ਵਾਂਗ ਵਿਚਰ ਜਗਤ ਵਿਚ
ਚਿੱਤ ਆਪੇ ਵਿਚ ਲਾਅ
ਫਿਰ ਲੋਕ ਪ੍ਰਲੋਕ ਸੁਹਾਵੜਾ ਦੇਹ ਹੋਸੀ ਰੱਬੀ ਵਾਸ
ਜੀਂਦੇ ਜੀਅ ਮਿਲਸੀ ਉਹ ਤੈਨੂੰ ਆਕੇ ਆਪ
-0-
ਅਜੋਕੀ ਯੁਗ ਚੇਤਨਾ
ਸਵੈ ਸੱਚ ਸਦਕਾ ਹੈ
ਸਵੈ ਸੱਚ ਚੇਤਨਾ ਦਾ ਰਚਤਾ ਹੈ
-0-
ਆਪਣਾ ਸੱਚ ਪਾਉਣਾ
ਆਪਣੇ ਸੰਕਲਪ ਦਾ ਹੈ ਅਰਥ ਹੰਢਾਉਣਾ
ਜੋ ਸੁਫ਼ਨਾ ਨੈਣਾਂ ਵਿਚ ਵਸਿਆ
ਉਸ ਸੱਚ ਦਾ ਹੈ ਰੂਪ ਵਟਾਉਣਾ
ਅਦਬ ਖਾਲੂਸ ਹੈ
ਉਸ ਸੁਫ਼ਨੇ ਦੀ ਨਗਰੀ ਦਾ ਸਿਰਨਾਵਾਂ
ਧਰਤ ਹੈ ਉਸ ਨਗਰੀ ਦੀ ਦੇਹ
ਅੰਬਰ ਹੈ ਪ੍ਰਛਾਵਾਂ
-0-
ਨਦੀਆਂ ਦਰਿਆਵਾਂ ਦਾ ਜਲ ਵਾਪਿਸ ਪਰਤਣਾ
ਸਾਗਰ ਖ਼ਾਲੀ ਹੋਣਾ
ਸਾਗਰ ਥਲ ਵਿਚ ਬਦਲਣਾ
ਪਿਘਲ ਪਦਾਰਥ ਪਾਣੀ ਹੋਣਾ
ਜੋ ਚੜ੍ਹਿਆ ਹੈ ਅੱਜ ਅੰਬਰੀ
ਉਸ ਪਰਤ ਧਰਤ 'ਤੇ ਆਉਣਾ
ਜੁੜ ਜਾਣਾ ਫਿਰ ਤਿੜਕਿਆ ਚਿਹਰਾ

ਬੁੱਤ ਸਾਲਮ ਹੋ ਜਾਣਾ
-0-
ਉਹ ਸੱਚ
ਜੋ ਵਿਸ਼ਵ ਚੋਂ ਆਲੋਪ ਹੈ
ਵੇਦਾਂ ਸ਼ਾਸਤਰਾਂ ਦਾ ਉਹ ਮੂਲ ਹੈ
ਗੀਤਾ ਦਾ ਪਹਿਲਾ ਸ਼ਲੋਕ ਹੈ
-0-
ਅਲੋਪ ਸੱਚ ਉਜਰ ਯੋਗ ਹੈ
ਉਸ ਦੀ ਭਾਲ਼ 'ਚ ਆਪਣੀ ਭਾਲ਼ ਹੈ
ਜਿਸ 'ਤੇ ਆਕੇ ਅਜੋਕੀ ਸੋਚ ਖੜੀ ਹੈ
ਲਹੂ ਲੋਹਾਣ ਹੋਈ ਵੀ
ਦਰਪਣ ਸੰਗ ਲੜੀ ਹੈ
ਲੜਦੀ ਲੜਦੀ
ਕਈ ਵਾਰ ਜਿਉਂਦੀ ਹੋਈ ਹੈ
ਜਿਉਂਦੀ ਵੀ ਅਲੋਪ ਹੋਏ ਸੱਚ ਵਰਗੀ ਹੈ
ਮੋਈ ਵੀ ਉਸ ਸੱਚ ਦੇ ਹੱਜ ਵਰਗੀ ਹੈ
-0-
ਅਜੋਕੀ ਚੇਤਨਾ ਜਗਿਆਸਾ
ਜਿਸ ਸੋਚ ਦੀ ਕਿਰਦਾਰ ਹੈ
ਉਸ ਸੋਚ ਨੂੰ ਸਵੈ ਦੀ ਭਾਲ਼ ਹੈ
ਸੋਚ ਜੋ ਸਭ ਦੀ ਪਹਿਰੇਦਾਰ ਹੈ
ਅਰਥਾਂ ਦਾ ਸੰਚਾਰ ਹੈ ਜੋ
ਸੱਚ ਸੁੰਦਰਤਾ ਕਲਿਆਣ ਦੀ ਤਲਬਗਾਰ ਹੈ ਜੋ
ਨੈਤਿਕਤਾ ਦੀ ਪੁਜਾਰਨ
ਮਨੁੱਖਤਾ ਦੀ ਖਿਤਮਤਗਾਰ ਹੈ ਜੋ
ਆਦਿ ਸਮੇਂ ਤੇ ਅਜੋਕੇ ਸਮੇਂ ਦੇ
ਮੱਥੇ ਜਗਦੀ ਜੋਤ ਹੈ ਉਹ
ਅਜੋਕੇ ਯੁੱਗ ਦਾ ਸੱਚ
ਆਪੇ-ਬੋਲ-ਸ੍ਰੋਤ ਹੈ ਉਹ
-0-
ਉਹ ਆਪੇ ਹਾਕਮ ਪਰਜਾ ਦਰਬਾਰ ਹੈ
ਸਿਰ ਭਾਰ ਵਿਚਰਦਾ

ਉਸ ਦਾ ਸਭਿਆਚਾਰ ਹੈ
ਉਹ ਪਦਾਰਥ ਦੀ ਵੀ ਸੁੱਖ ਮੰਗਦੀ ਹੈ
ਦੁਸ਼ਮਣ ਨਾਲ ਵੀ ਉਸ ਦਾ ਪਿਆਰ ਹੈ
ਦੂਜੇ ਦਾ ਸਤਿਕਾਰ ਹੀ ਉਸ ਦਾ ਸਤਿਕਾਰ ਹੈ
-0-
ਅਜੋਕੀ ਚੇਤਨਾ ਦਾ ਸੱਚ ਹੀ
ਅਜੋਕੇ ਵਿਸ਼ਵ ਦਾ ਸਿਰਜਣਹਾਰ ਹੈ
ਉਹੀ ਹੈ
ਜੋ ਮਾਨਵਤਾ ਦਾ ਮੁਖ ਦੁਆਰ ਹੈ
ਪਹਾੜਾਂ ਜੰਗਲਾਂ ਨੂੰ
ਫੋਲਿਆ ਛਾਣਿਆ ਭੋਰਿਆ ਉਸ ਨੇ
ਪੁਰਾਤਨਤਾ ਨੂੰ
ਆਧੁਨਿਕਤਾ ਸੰਗ ਜੋੜਿਆ ਉਸ ਨੇ
ਅਜੋਕੀ ਵਿਸ਼ਵ ਚੇਤਨਾ
ਉਸ ਨੂੰ ਭਾਲ਼ ਰਹੀ ਹੈ
ਉਸ ਦੇ ਨਾਂਅ ਦਾ ਦੀਵਾ ਮੱਥੇ ਬਾਲ਼ ਰਹੀ ਹੈ
-0-
ਉਸ ਦੀ ਹੋਂਦ ਚੋਂ
ਅਜੋਕੀ ਵਿਸ਼ਵ ਚੇਤਨਾ ਦੀ
ਕਸਤੂਰੀ ਉੱਗੀ ਹੈ
ਵਿਸ਼ਵ ਚੇਤਨਾ ਦੇ ਜ਼ਿਹਨ ਵਿਚ
ਉਸ ਦੀ ਵਿਸ਼ਵ ਤੋਂ ਦੂਰੀ ਉੱਗੀ ਹੈ
ਸਿਰ 'ਤੇ ਕਫ਼ਨ
ਬੰਨ੍ਹਿਆ ਹੈ ਜਿਸ ਚੇਤਨਾ
ਅਲੋਪ ਹੋਏ ਦੀ
ਤਲਾਸ਼ ਦਾ ਕਾਰਜ
ਅਰੰਭਿਆ ਹੈ ਜਿਸ ਚੇਤਨਾ
ਗੁਆਚੇ ਸੱਚ ਦੀ
ਫ਼ਿਰਾਖ ਦਿਲੀਂ ਨੂੰ
ਆਪਣੇ ਲਹੂ 'ਚ ਰੰਗਿਆ ਜਿਸ ਚੇਤਨਾ
ਮੈਂ ਚੋਂ ਤੂੰ ਉਸਾਰੀ ਜਿਸ ਨੇ
ਤੂੰ ਚੋਂ ਮੈਂ ਨਿਕਾਰੀ ਜਿਸ ਨੇ

-0-
ਬਲ਼ਦੀ ਰਹੇ ਵਾਂਗ ਚਿਰਾਗ
ਕਰੇ ਕਾਲੇ ਦਿਨ ਚਿੱਟੜੇ
ਧੋਅ ਜ਼ਿੰਦਗੀ ਦੇ ਦਾਗ਼
ਆਪੇ ਸੰਗ ਮਿਲਣਗੇ ਵਿਛੜੇ
ਸੱਚ ਦਾ ਹੋਸੀ ਪ੍ਰਗਾਸ
ਜਗਦੀ ਰਹੇਗੀ ਜੇ ਵਿਸ਼ਵ ਚੇਤਨਾ
ਤਾਂ ਉਹ ਪ੍ਰਗਟ ਹੋਸੀ ਆਪ
-0-
ਤੂੰ ਕਰਮ ਕਰੀ ਜਾਅ ਆਪਣਾ
ਆਪਣੇ 'ਤੇ ਰੱਖ ਯਕੀਨ
ਤੇਰਾ ਜਨਮ ਹਨ੍ਹੇਰੇ ਕਾਰਨੇ
ਤੂੰ ਇਸ ਤੋਂ ਸਿਰ ਧੜ ਵਾਰਨੇ
ਤੂੰ ਸੂਰਜ ਧਰਨੇ ਇਸ ਵਿਚ
ਤੇ ਚਾਨਣ ਕਰਨੇ ਇਸ ਵਿਚ
ਫਿਰ ਅੰਤ ਹਨ੍ਹੇਰੇ ਦਾ ਹੋ ਜਾਵਣਾ
ਤੇ ਸੂਰਜ ਚੜ੍ਹ ਆਵਣਾ
-0-
ਪਦਾਰਥਕ ਵਿਸ਼ਵ ਚੋਂ
ਜੋ ਸ਼ਖ਼ਸ ਅਲੋਪ ਹੈ
ਉਸ ਦਾ ਸੱਚ ਪੂਜਣ ਯੋਗ ਹੈ
ਭੂਤ ਭਵਿੱਖ ਵਰਤਮਾਨ 'ਚ ਜੋ ਮੌਜੂਦ ਹੈ
ਜਿਸ ਦੀ ਖੁਸ਼ਬੂ
ਅਜੋਕੇ ਵਿਸ਼ਵ ਦਾ ਵਜੂਦ ਹੈ
-0-
ਅਜੋਕੀ ਵਿਸ਼ਵ ਚੇਤਨਾ
ਉਸ ਸੱਚ ਦਾ ਹੀ ਰੂਪ ਹੈ
ਵਿਸ਼ਵ ਚੇਤਨਾ ਦੀਆਂ ਰਗਾਂ ਵਿਚ
ਜੋ ਲਹੂ ਹੈ ਟੁਰਦਾ
ਉਸ ਸੱਚ ਦਾ ਹੀ ਸਰੂਪ ਹੈ
ਵਿਸ਼ਵ ਚੇਤਨਾ
ਜੋ ਵੇਖਦੀ ਸੁਣਦੀ ਤੇ ਕਹਿੰਦੀ ਹੈ

ਉਸ ਲਈ ਊਰਜਾ
ਉਸ ਥਲ ਹੋਏ ਸਾਗਰ ਤੋਂ ਲੈਂਦੀ ਹੈ
-0-
ਅਜੋਕੀ ਵਿਸ਼ਵ ਚੇਤਨਾ ਦੀ ਦੇਹੀ ਵਿਚ
ਉਸ ਅਲੋਪ ਸ਼ਖ਼ਸ ਦੇ ਪ੍ਰਾਣ ਹਨ
ਜਿਸ ਲਈ ਆਪਣੀ ਸਿਰਜੀ
ਦੁਨੀਆ ਦੇ ਧਰਤੀ ਅੰਬਰ ਬੇਰਹਿਮ ਸਨ
ਕਬਰ ਸੀ ਜ਼ਿੰਦਗੀ
ਫਿਰ ਵੀ
ਪਦਾਰਥੀ ਬੁੱਕਲ ਵਿਚ
ਜੀਅ ਰਿਹਾ ਉਹ ਸ਼ਖ਼ਸ ਸੀ
ਜ਼ਿੰਦਗੀ ਜਿਉਣ ਦਾ
ਜਿਸ ਨੂੰ ਅਮਲ ਸੀ
-0-
ਪਦਾਰਥਕ ਵਿਸ਼ਵ ਚੋਂ
ਜੋ ਸ਼ਖ਼ਸ ਅਲੋਪ ਹੈ
ਉਸ ਦਾ ਸੱਚ ਪੂਜਣ ਯੋਗ ਹੈ
ਭੂਤ ਭਵਿੱਖ ਵਰਤਮਾਨ 'ਚ
ਜੋ ਮੌਜੂਦ ਹੈ
ਜਿਸਦੀ ਖੁਸ਼ਬੂ
ਅਜੋਕੀ ਵਿਸ਼ਵ ਚੇਤਨਾ ਦਾ ਵਜੂਦ ਹੈ
-0-
ਉਮਰ ਗੁਜ਼ਾਰੀ
ਜੀਵਨ ਸਮੱਗਰੀ
ਇਕੱਠੀ ਕਰਦਿਆਂ
ਦਮ ਗੁਜ਼ਾਰੇ
ਆਪਣਾ ਹੀ ਪਾਣੀ ਭਰਦਿਆਂ
ਬਚਪਣ ਬੀਤਿਆ ਖੇਡਦਿਆਂ
ਜਵਾਨੀ ਲੰਘੀ
ਅੱਖੀਆਂ ਦਾ ਨਿੱਘ ਸੇਕਦਿਆਂ
ਜੱਪਿਉ ਨਾ ਆਪਣਾ ਆਪ
ਜਨਮ ਗੁਆਇਆ

ਵਿਚ ਖਾਣ ਹੰਢਾਣ
-0-
ਨਜ਼ਰ ਖੁੰਡੀ ਹੋਈ ਦਿਸਨੋਂ ਹਟਿਆ
ਕਦਮਾਂ ਦੀ ਗਤੀ ਡੰਗੀ ਗਈ
ਰਾਹ ਮੰਜ਼ਿਲ ਦਾ ਪੰਧ ਛੁਟਿਆ
ਬੁਢਾਪਾ ਖੜਾ ਦਰ ਆਣ
ਹੁਣ ਪਛਤਾਇਆ ਕੀ ਹੋਸੀ
ਜਦ ਚਿੜੀਆਂ ਚੁਗ ਗਈਆਂ ਧਾਨ
ਪੱਲੇ ਕੁੱਝ ਵੀ ਨਾ ਰਿਹਾ
ਗੁਜ਼ਰ ਵਕਤ ਗਿਆ
ਕੌਡੀਆਂ ਬਦਲੇ ਲਾਉਂਦੇ ਰਹੇ
ਦਾਅ 'ਤੇ ਜੀਵਨ ਦੇ ਪ੍ਰਾਣ
-0-
ਉਠ ਮਨਾਂ
ਢੇਰੀ ਨਾ ਢਾਅ
ਕਿਸੇ ਵਕਤ ਵੀ
ਜੱਪ ਸਕਦਾ ਹੈ ਤੂੰ ਆਪਾ
ਉਸ ਦੇ ਸਿਮਰਨ ਦਾ ਕੋਈ ਵਕਤ ਨਹੀਂ
ਨਾ ਬਚਪਣ ਜਵਾਨੀ ਨਾ ਬੁਢਾਪਾ
ਉਹ ਕਿਸੇ ਵੀ ਉਮਰੇ
ਕਿਸੇ ਵਕਤ ਵੀ ਜੱਪਿਆ ਜਾਅ ਸਕਦਾ ਹੈ
ਉਸ ਦਾ ਦਰ ਹਰ ਦਮ ਹੈ ਖੁੱਲ੍ਹਾ
ਉਸ ਦਾ ਹੋ ਕੇ ਕੋਈ ਵੀ ਉਸਨੂੰ
ਕਿਸੇ ਸਮੇਂ ਵੀ ਪਾਅ ਸਕਦਾ ਹੈ
ਉਮਰ ਬੀਤਣ ਦਾ ਰੋਗ ਨਾ ਦੇਹੀ ਨੂੰ ਲਾਅ
ਜਦ ਤਕ ਦੇਹ ਵਿਚ ਪ੍ਰਾਣ ਹਨ
ਉਹ ਹੈ ਤੇਰੇ ਨਾਲ
ਤੂੰ ਵੀ ਰਹਿ ਉਸ ਦੇ ਨਾਲ
ਭੁਲ ਅਵਸਥਾ ਆਪਣੀ
ਹੁਣ ਦਾ ਸਮਾਂ ਸੰਭਾਲ
-0-
ਫਲ ਦੀ ਇੱਛਾ ਤਿਆਗ

ਨਿਸਕਾਮ ਕਰਮ ਕਮਾਅ
ਉਸ ਦਾ ਦਿੱਤਾ ਮੋੜ ਕੇ
ਆਪਣਾ ਖੱਟਿਆ ਖਾਹ
ਵਰਤਮਾਨ ਚੋਂ ਹੀ ਜਨਮੇਗਾ
ਤੇਰਾ ਭੂਤ ਭਵਿੱਖ
ਵਰਤਮਾਨ 'ਤੇ ਪਾ ਕੇ ਕਾਠੀ
ਮਨ ਆਪਣੇ ਨੂੰ ਜਿੱਤ
-0-
ਇਹ ਸੋਚ ਹੀ ਸੂਰਜ
ਇਹ ਨਹੀਂ ਦੀਵਾ
ਉੱਚਾ ਨੀਵੇਂ ਤੋਂ ਨੀਵਾਂ ਹੈ
ਉਸ ਦੀ ਦਰਗਾਹ ਵਿਚ
ਨੀਵਾਂ ਹੀ ਖ਼ਲੀਫਾ ਹੈ
ਰੁੱਖਾਂ ਵਾਂਗ
ਜੋ ਉਸ ਦੇ ਚਰਨ ਨਿਹਾਰਦਾ ਹੈ
ਧੁੱਪ ਹਨ੍ਹੇਰੀ ਭਾਣਾ ਮੰਨ ਸਹਾਰਦਾ ਹੈ
ਮਨ ਵਿਚ ਰੱਖ ਵਿਸ਼ਵਾਸ ਉਸਦਾ
ਰਜ਼ਾ 'ਚ ਸਮਾਂ ਗੁਜ਼ਾਰਦਾ ਹੈ
ਕਿਰਤ ਕਰਦਾ ਤੇ ਸਰਬਤ ਦਾ ਭਲਾ ਹੈ ਮੰਗਦਾ
ਇਸ ਜਗਤ ਵਿਚ ਰਹਿੰਦੇ ਵੀ
ਉਸ ਦੇ ਰੰਗ ਵਿਚ ਰੰਗਿਆ ਰਹਿੰਦਾ
ਉਹੀ ਉਸਨੂੰ ਚੰਗਾ ਲੱਗਦਾ ਹੈ
ਉਸ ਦਾ ਹੀ ਉਹ ਪਾਣੀ ਭਰਦਾ ਹੈ
-0-
ਕੁੱਝ ਨਹੀਂ ਰੱਖਿਆ ਬਜ਼ਾਰਾਂ ਮੰਡੀਆਂ ਵਿਚ
ਸੱਚ ਦਾ ਕਰ ਵਿਉਪਾਰ
ਦੇਹ ਦਾ ਮੋਹ ਤਿਆਗ ਲਾਲਚ ਹੰਕਾਰ ਨੂੰ ਮਾਰ
ਗੂਗਲ ਤੋਂ ਲੈ ਵਾਕ ਨਾ ਦੇਹ ਦਾ ਵਰਕਾ ਫੋਲ
ਸੰਸਾਰ ਛੱਡਣ ਦੀ ਲੋੜ ਨਾ
ਜਿਸ ਨੂੰ ਪਾਉਣਾ ਚਾਹੁੰਦਾ ਹੈ ਉਹ ਹੈ ਤੇਰੇ ਕੋਲ
ਦੇਹ ਦੇ ਦਰ 'ਤੇ ਦਸਤਕ ਦੇ ਅੰਦਰੋਂ ਕਰ ਉਸ ਦੇ ਦੀਦਾਰ
ਤੀਰਥਾਂ ਦੇ ਜਲ ਅੰਦਰ

ਨਾ ਆਪਣਾ ਸੂਰਜ ਠਾਰ
-0-
ਜਗਤ ਦੀਆਂ ਖੁਸ਼ਬੂਆਂ
ਕਸਤੂਰੀ ਇਤਰ ਫਲੇਲ
ਮਹਿਕ ਸਵੈ ਦੀ ਵੱਖਰੀ
ਉਸ ਨਾਲ ਖਾਣ ਨਾ ਮੇਲ
ਜੋ ਉਪਜਣ ਸੋ ਬਿਨਸਨ
ਸਦਾ ਨਾ ਰਹਿਣ ਅਬਾਦ
ਖੁਸ਼ਬੂ ਸੁੱਚੀ ਉਸ ਆਪੇ ਦੀ
ਜੋ ਸੱਚ ਆਦਿ ਜੁਗਾਦਿ
-0-
ਜਗਤ ਖੁਸ਼ਬੂਹਾਂ ਜੀਵ ਨੂੰ ਲੱਦੀਆਂ
ਆਪਣੇ ਢਿੱਡ ਉਤਾਰ
ਚੂਸਦੀਆਂ ਲਹੂ ਜੀਵ ਦਾ
ਲੈ ਸਿਵਿਆ ਦਰ ਜਾਣ
ਮਹਿਕ ਦਾਤੇ ਦੀ ਮੰਗਦੀ
ਮੋਹ ਮਾਇਆ ਦਾ ਤਿਆਗ
ਜਨਮ ਮਰਨ ਦੇ ਚੱਕਰ ਚੋਂ
ਕਰਦੀ ਜੀਵ ਬਹਾਲ
ਮਨੁੱਖ ਨੂੰ ਜਿਉਣਾ ਦਸਦੀ
ਤ੍ਰਿਸ਼ਨਾ ਇੱਛਾ ਮਾਰ
ਮਨੁੱਖ ਨੂੰ ਸੱਚ ਵਿਖਾਲਦੀ
ਸੱਚ ਤੋਂ ਝੂਠ ਉਤਾਰ
-0-
ਹੇ ਮਨਾ
ਸ਼ਾਂਤੀ ਲਈ ਵਿਸ਼ਵ ਤਿਆਗਣ ਦੀ ਨਾ ਸੋਚ
ਆਦਿ ਯੁਗ ਵਿਚ ਜਾਣਾ ਨਾ ਲੋਚ
ਪਦਾਰਥਕ ਯੁਗ ਵਿਚ ਰਹਿਣ ਬਿਨ੍ਹਾਂ
ਕੋਈ ਚਾਰਾ ਨਹੀਂ ਹੋਰ
ਪਦਾਰਥਕ ਸ਼ੋਰ ਦੀ ਚੁੱਪ ਚੋਂ ਹੀ
ਮਨ ਦੀ ਚੁੱਪ ਨੂੰ ਟੋਲ
-0-

ਪਦਾਰਥਕ ਯੁਗ ਵਿਚ
ਮਨੁੱਖ ਨੂੰ ਲੋੜ ਹੈ
ਸਵੈ ਆਪਾ ਵਿਸਥਾਰਨ ਦੀ
ਪਦਾਰਥ ਬਰਾਬਰ ਵਿਕਸਤ ਹੋਣ ਦੀ
ਆਪਣਾ ਸੱਚ ਪਹਿਚਾਣਨ ਦੀ
ਤਾਂ ਕਿ ਪਦਾਰਥਕ ਸੁੱਖਾਂ ਚੋਂ
ਮਨੁੱਖ ਜੀਵਨ ਜ਼ਿੰਦਗੀ ਨਜ਼ਰੀਂ ਆਵੇ
ਅਜੋਕਾ ਵਿਸ਼ਵ ਸੰਤੁਲਨ ਕਹਾਵੇ
-0-
ਜੀਵਨ ਦੇ ਸਭ ਸੁਖ
ਪਦਾਰਥਕ ਵਿਸ਼ਵ ਚੋਂ ਮਿਲਦੇ ਹਨ
ਬੇਸ਼ਕ ਬੰਦੇ ਦੇ ਹੱਡ
ਪਦਾਰਥਕ ਚੁੱਲ੍ਹੇ ਵਿਚ ਬਲ਼ਦੇ ਹਨ
ਮਾਨਸਿਕਤਾ ਸਵਾਹ ਹੁੰਦੀ ਹੈ
ਹਰ ਬੰਦਾ ਹੀ ਮੁਰਦਾ ਦਿਸਦੈ
ਕਬਰਾਂ ਹੋਏ ਘਰ ਲਗਦੇ ਹਨ
ਵਾਗੀ ਕੋਈ ਨਜ਼ਰ ਨਹੀਂ ਆਉਂਦਾ
ਉਂਜ ਲੋਕਾਂ ਦੇ ਵਗ ਫਿਰਦੇ ਹਨ
-0-
ਸਾਉਣ ਮਹੀਨਾ
ਸੱਜਣ ਅੱਖੀਉਂ ਦੂਰ
ਕੋਇਲ ਬੋਲੇ ਗੰਢਾਂ ਖੋਲੇ
ਦਿਲ ਦੇ ਰਸਨ ਨਾਸੂਰ
-0-
ਕਰ ਪਰਾਇਆ ਪ੍ਰਦੇਸ਼ ਗਿਆ ਕੋਈ
ਰੋ ਰੋ ਜ਼ਿੰਦਗੀ ਕਬਰਾਂ ਹੋਈ
ਕਿਸ ਮਿੱਟੀ ਵਿਚ ਮਿੱਟੀ ਗੋਈ
ਆਪਣੀ ਨਾ ਪਰਾਈ ਹੋਈ
ਰੜ੍ਹਕ ਪਵੇ ਚਕੌਰ ਦੀ ਅੱਖ 'ਚ
ਚੰਨ ਬਿਨ੍ਹਾਂ ਜੇ ਤੱਕੇ ਹੋਰ
ਸਾਉਣ ਮਹੀਨਾ
ਸੱਜਣ ਅੱਖੀਉਂ ਦੂਰ

ਕੋਇਲ ਬੋਲੋ ਗੰਢਾਂ ਖੋਲੋ
ਦਿਲ ਦੇ ਰਸਨ ਨਾਸੂਰ
-0-
ਤ੍ਰਕਾਲਾਂ ਢਲੀਆਂ
ਅਜੇ ਨਾ ਪਰਤੇ
ਦੇਹ ਵਿਚ ਦੇਹ ਦੇ ਸਾਏ
ਆਪਣੇ ਘਰਾਂ ਦਾ ਰਾਹ ਭੁੱਲ ਗਏ
ਅੱਥਰੂ ਬਣ
ਸਿਰਨਾਵੇ ਆਏ
ਜਗ ਜਗ ਬੁਝ ਗਿਆ
ਦੀਵਾ ਆਲ਼ੇ ਦਾ
ਕੀ ਖੱਟਿਆ ਆਪਾ ਬਾਲ਼ੇ ਦਾ
ਅਜੇ ਨਾ ਕੀਤੀ ਮਿਹਰ ਹਜ਼ੂਰ
ਕੋਇਲ ਬੋਲੇ ਗੰਢਾਂ ਖੋਲੇ
ਦਿਲ ਦੇ ਰਸਨ ਨਾਸੂਰ
-0-
ਤੇਰੀ ਉਡੀਕ ਕਰਮ ਹੈ ਮੇਰਾ
ਤੂੰ ਆਵੇ ਨਾ ਆਵੇ
ਉਡੀਕ 'ਚ ਰਹਿਣਾ ਧਰਮ ਹੈ ਮੇਰਾ ਤੂੰ ਚਾਹੇ ਨਾ ਚਾਹੇ
ਬ੍ਰਿਹਾ ਦੀ ਅੱਗ ਦਾ ਧੂੰਆ ਉੱਠਦਾ
ਤਨ ਜਿਉ ਤਪੇ ਤੰਦੂਰ
ਭੁੱਲ ਗਈ ਤੇਰੇ ਹਿਜ਼ਰ 'ਚ ਆਪਾ
ਹੋ ਗਈ ਆਪੇ ਤੋਂ ਦੂਰ
-0-
ਤੇਰੇ ਇਸ਼ਕ ਨਚਾਇਆ
ਗਲੀਆਂ ਵਿਚ ਬਜ਼ਾਰਾਂ
ਤੇਰੀ ਚੁੱਪ ਦੇ ਜੰਗਲ ਵਿਚ
ਮੋਈਆਂ ਕਈ ਬਹਾਰਾਂ
ਤੇਰਾ ਦਿੱਤਾ ਤੈਨੂੰ ਸੌਂਪਿਆ
ਹੁਣ ਤੇ ਮੋੜ ਮੁਹਾਰਾ
ਮੈਂ ਕਮਲੀ
ਪਤਾ ਨਾ ਲਗੇ ਕਮਲਪੁਣੇ 'ਚ

ਮੈਂ ਤੈਨੂੰ ਜਾ ਆਪੇ ਨੂੰ ਪਈ ਪੁਕਾਰਾ
ਖਾਕ ਹੋਈ ਮਿੱਟੀ ਭਾਲ਼ੇ ਆਪਣਾ ਨੂਰ
ਕੋਇਲ ਬੋਲੇ ਗੰਢਾਂ ਖੋਲੇ
ਦਿਲ ਦੇ ਰਸਨ ਨਾਸੂਰ
-0-
ਲੋਕ ਲਾਜ ਪਾਲ ਕੇ
ਲਿਆ ਆਪਣਾ ਆਪ ਗੁਆ
ਭੀੜਾਂ ਵਿਚ ਰਹੇ ਉਲਝਦੇ
ਲਈ ਆਪਣੀ ਜੋਤ ਬੁਝਾ
ਪੱਥਰ ਪੈਰੀਂ ਬੰਨ੍ਹ ਲਏ
ਲਏ ਪਰਬਤ ਸਿਰ ਉਠਾ
ਉਮਰ ਗੁਜ਼ਾਰੀ ਲਭਦਿਆਂ
ਆਪਣੇ ਹੀ ਘਰ ਦਾ ਰਾਹ
ਨਾ ਘਰ ਲੱਭਾ
ਨਾ ਆਪੇ ਵਿਚ ਪਰਤੇ
ਭਟਕਣ ਬੰਨੀਂ ਖੁਦਾ
ਲੋਕ ਲਾਜ ਵੀ ਪਿੱਠ ਦੇ ਗਈ
ਕਬਰੀ ਗਈ ਬਿਠਾ
-0-
ਹੇ ! ਮਨਾਂ
ਸਾਰੇ ਭਰਮ ਮੁਕਾ ਕੇ
ਸਾਵੇਂ ਸੱਚ ਦੇ ਆ
ਪਹਿਲ ਦੇ ਪਹਿਲਾਂ ਉਸ ਨੂੰ
ਜੀਵਨ ਕਰਜ਼ ਚੁਕਾ
ਝੂਠੀ ਪ੍ਰੀਤ ਹੈ ਲੋਕ ਲਾਜ ਦੀ
ਤੂੰ ਸੱਚੇ ਸੰਗ ਲਾਅ
ਭੁੱਲ ਜਾਅ ਆਪਣਾ ਸੱਚ ਸ਼ਨਾਖਤ
ਉਸ ਦਾ ਸੱਚ ਕਹਾ
-0-
ਹਰਿਆਵਲ ਸਿਰ ਸਿਕਰੀ ਜੰਮੀ
ਜੰਗਲ ਥਲ ਦੇ ਹਾਲ
ਹੁਣ ਤੇ ਚੰਨਾ ਮੋੜ ਲੈ ਵਾਗਾਂ

ਕਰ ਰਹਿਮਤ ਦੀ ਬਰਸਾਤ
-0-
ਮਿੱਟੀ ਤੋਂ ਮੈਂ ਮਿੱਟੀ ਹੋਈ
ਨਾ ਮੈਂ ਤੇਰੇ ਜਿੱਡੀ ਹੋਈ
ਨਾ ਹੀ ਤੇਰੇ ਜੋਗੀ ਹੋਈ
ਨਾ ਹੀ ਤੇਰੇ ਜਿਹੀ ਹੋਈ
ਸੁਣਿਆ ਸੀ
ਆਪਣੇ 'ਤੇ ਜੇ ਪੈਰ ਟਿਕਾਈਏ
ਸੱਜਣ ਦੇ ਰੰਗ ਰੰਗੇ ਜਾਈਏ
ਆਪਣੇ ਹੀ ਦਿਲ ਚੋਂ
ਦਿਸਦਾ ਚਿਹਰਾ ਉਸਦਾ
ਸੀਨੇ 'ਤੇ ਜੇ ਨਜ਼ਰ ਝੁਕਾਈਏ
-0-
ਤੇਰੇ ਨਾਲ ਲਾਈ ਦਾ ਤੱਕਿਆ ਹੈ ਕਮਾਲ
ਦੁਨੀਆ ਦੇ ਤਾਨੇ ਮਿਹਨੇ
ਸਭ ਨੇ ਸਾਨੂੰ ਰਾਸ
ਇਨ੍ਹਾਂ ਦੀ ਤਲਖੀ ਵਿਚ ਤੇਰੀ ਮਹਿਕ ਦਾ ਵਾਸ
ਇਨ੍ਹਾਂ ਦੇ ਕਦਮਾਂ ਸਦਕਾ ਮਨ ਨੂੰ ਤੇਰੀ ਆਸ
ਤੱਕਦੀ ਹੈ ਰੂਹ ਤੈਨੂੰ
ਲਾਹ ਦੇਹੀ ਦਾ ਲਿਬਾਸ
-0-
ਦੇਹੀ ਸ਼ਮ੍ਹਾ ਸੱਚ ਦੀ ਬਲ਼ਦੀ ਸਦਾ ਰਹੇ
ਲੱਖ ਤੁਫ਼ਾਨਾਂ ਹਨ੍ਹੇਰੀਆਂ ਸੰਗ
ਉਸਦਾ ਵਾਹ ਪਏ
ਮੋਹ ਮਾਇਆ ਘਮੰਡ
ਬੇਸ਼ੱਕ ਚੜ੍ਹ ਚੜ੍ਹ ਜਾਵਣ ਆ
ਪਰ ਉਸ ਸ਼ਮ੍ਹਾ ਦੀ ਲੋਅ ਨੂੰ
ਢਾਹ ਨਹੀਂ ਸਕਦੇ ਲਾਅ
-0-
ਇਹ ਸੰਕੇਤ ਰੱਬ ਦਾ
ਮਨਮੁੱਖ ਗੁਰਮੁਖ ਦੋਹਾਂ ਵਿਚ ਹੀ ਜਗਦਾ
ਇਸ ਦੀ ਲੋਅ ਵਿਚ ਤੇਜ ਖੁਦੀ ਦਾ

ਜਗ ਤੋਂ ਨਿਆਰਾ ਲੱਗਦਾ
ਮਨ ਤੂੰ ਜੋਤ ਸਰੂਪ ਦਾ
ਕਰਦਾ ਸਦਾ ਧਿਆਨ
ਬੁੱਧ ਸਰੀਰ ਉਸਦਾ ਸਤਿ ਤੋਂ ਕੁਰਬਾਨ
ਉਸ ਵਿਚ ਉਸ ਦਾ ਕੁੱਝ ਨਹੀਂ
ਸਭ ਸਾਂਈ ਦਾ ਉਹ ਜਾਣਦਾ
ਸਾਂਈ ਮਿਲਣ ਲਈ ਨਾਮ ਸਾਂਈ ਦਾ
ਅੱਠੋ ਪਹਿਰ ਧਿਆਵਦਾ
-0-
ਤੂੰ ਉਹ ਦੀਵਾ ਰੂਪ ਬ੍ਰਹਮ ਦਾ ਜਾਣ
ਜਿਸ ਨੂੰ ਪੋਹ ਨਹੀਂ ਸਕਦਾ
ਮੋਹ ਮਾਇਆ ਦਾ ਸ਼ੈਤਾਨ
ਜੋਤ ਸੱਚ ਦੀ ਰੱਖਦਾ ਸਦਾ ਉਹ ਹਿਰਦੇ ਬਾਲ਼
ਮੋਇਆ ਤੇ ਨਾ ਬੁਝਦਾ ਇਸ ਦਾ ਤੇਜ ਜਲਾਲ
ਇਹ ਦੀਵਾ ਉਸ ਦਾ ਸਿਰਨਾਵਾਂ
ਇਸ ਨੂੰ ਪੂਜ ਸਮਾਧੀ ਲਾਅ
ਇਸ ਸਿਰਨਾਵੇਂ ਰਾਹੀਂ ਸੱਚ ਮਾਲਿਕ ਦਾ ਪਾਅ
-0-
ਆ ਮਨਾਂ ਰਲ਼ਕੇ ਬਹੀਏ
ਤੂੰ ਦੀ ਸੁਣੀਏ ਤੂੰ ਦੀ ਕਹੀਏ
-0-
ਥੱਲ ਕੱਛਦੇ ਹੋਏ ਸਾਗਰ ਸੁੱਕੇ
ਪੈਰ ਰਹੇ ਨਾ ਪੈਂਡੇ ਮੁੱਕੇ
ਕਿੰਜ ਕੋਈ ਸਫ਼ਰ ਦਾ ਮੱਥਾ ਚੁੰਮੇ
ਜੋ ਆਪਣੇ ਘਰ ਵਿਚ ਹੀ ਗੁੰਮੇ
ਤੂੰ ਨਾ ਆਇਓ ਪੱਥਰ ਖੁਰ ਗਏ
ਜੋ ਆਏ ਸਨ ਵਾਪਿਸ ਮੁੜ ਗਏ
-0-
ਸਿਖ਼ਰ ਦੁਪਹਿਰੇ ਰਾਤਾਂ ਪਈਆਂ
ਸ਼ਹਿਰ ਸੌਂ ਗਿਆ ਜਾਗ ਰਹੀਆਂ ਨੇ ਕੰਧਾਂ
ਆਪਣਾ ਜਿਸਮ ਲਾਹ ਦੇਹੀ ਤੋਂ
ਰੂਹ ਦਾ ਕਰਦੀਆਂ ਧੰਦਾ

ਕਿੰਜ ਇਸ ਚੋਂ ਘੁਟ ਭਰੇ ਕੋਈ
ਸਾਗਰ ਦਾ ਜਲ ਗੰਧਾ
-0-
ਆ ਮਨਾਂ ਰਲ਼ਕੇ ਬਹੀਏ
ਤੂੰ ਦੀ ਸੁਣੀਏ ਤੂੰ ਦੀ ਕਹੀਏ
ਮੁੱਦਤਾਂ ਹੋਈਆਂ ਅੰਦਰ ਵੜ੍ਹਿਆ
ਯੁੱਗ ਬੀਤ ਗਏ ਆਪਾ ਪੜ੍ਹਿਆ
ਸਾਰ ਅੰਦਰ ਦੀ ਲਈਏ
ਕਦੀ ਆਪਣੇ ਸੰਗ ਵੀ ਰਹੀਏ
-0-
ਜੋ ਤੇਰੇ ਘਰ ਕਰਨ ਹਨ੍ਹੇਰਾ
ਤੂੰ ਉਨ੍ਹਾਂ ਘਰ ਦੀਵੇ ਬਾਲ਼
ਮਿੱਤਰ ਬਣਕੇ ਉਨ੍ਹਾਂ ਦਾ
ਆਪਣਾ ਸੱਚ ਵਿਖਾਲ
-0-
ਇਸੇ ਲਈ ਤੂੰ ਜਗਤ 'ਚ ਆਇਓ
ਤੂੰ ਇਹੀ ਕਰਮ ਕਮਾ
ਆਪਣਾ ਆਪਾ ਤੱਕ ਸ਼ੀਸ਼ੇ ਚੋਂ
ਨਾ ਕਿਸੇ ਨੂੰ ਸ਼ੀਸ਼ਾ ਵਿਖਾ
ਟੁਰਿਆ ਜਾਅ ਰਾਹ ਆਪਣੇ
ਆਪਣਾ ਹੀ ਨਿੱਘ ਸੇਕ
ਬੋਲ ਨਾ ਮੂਹੋਂ ਕੜਵਾ
ਮੰਦਾ ਅਣਡਿੱਠਾ ਕਰ ਵੇਖ
ਉਸ ਭਾਂਡੇ ਵਿਚ ਜਲ ਨਾ ਟਿਕਦਾ
ਜਿਸ ਭਾਂਡੇ ਵਿਚ ਛੇਕ
ਉਸ ਦੇ ਨਾਲ ਹੀ ਨਿਭਣੀ
ਜੋ ਹੈ ਤੇਰੇ ਮੇਚ
-0-
ਆਪਣੇ ਪੈਰਾਂ 'ਤੇ ਖਲੋ
ਭਰਾ ਭਰੀਤਾ ਰਹਿ
ਤੂੰ ਕਿਸੇ ਦੀ ਛਾਂਅ ਕੀ ਕਰਨੀ
ਆਪਣੀ ਧੁੱਪੇ ਬਹਿ

ਉਹ ਇਕ ਦਾਤਾ ਸਭ ਦਾ
ਤੂੰ ਇਕ ਦਾ ਹੋ ਕੇ ਰਹਿ
ਆਪਣਾ ਚੁੱਲ੍ਹਾ ਬਾਲ਼
ਆਪਣਾ ਰਿੰਨ ਪਕਾਅ
ਦਸਾਂ ਨੌਹਾਂ ਦੀ ਕਿਰਤ ਕਰ
ਆਪ ਕਮਾਇਆ ਖਾਹ
ਜੋ ਤੇਰੇ ਘਰ ਕਰਨ ਹਨ੍ਹੇਰਾ
ਤੂੰ ਉਨ੍ਹਾਂ ਘਰ ਦੀਵੇ ਬਾਲ਼
ਮਿੱਤਰ ਬਣ ਕੇ ਉਨ੍ਹਾਂ ਦਾ
ਆਪਣਾ ਸੱਚ ਵਿਖਾਲ
-0-
ਹੇ ! ਸਵੈ ਇਸ ਸ਼ਬਦ ਨੂੰ
ਆਪਣੇ ਪਾਠਸ਼ਾਲਾ ਵਿਚ ਦਾਖ਼ਲ ਕਰ
ਆਪਣਾ ਹੱਥ ਇਸ ਦੇ ਸਿਰ 'ਤੇ ਧਰ
ਆਪਣੇ ਨਾਂਅ ਦਾ ਊੜਾ ਇਹਨੂੰ ਲਿਖਣਾ ਸਿਖਾ
ਇਸ ਅਣਪੜ੍ਹ ਦੀ ਦੇਹੀ ਵਿਦਿਆ ਦੀਪ ਜਲਾ
ਇਹ ਲਿਖੇ ਪੜ੍ਹੇ
ਤੇਰੀ ਪੈਂਤੀ ਅੱਖ਼ਰੀ ਦੇ ਭੁਲਾਵੇ ਅੱਖ਼ਰਾਂ ਚੋਂ
ਤੇਰਾ ਅੱਖ਼ਰ ਹਿਰਦੇ ਲਏ ਵਸਾ
ਇਸ ਸ਼ਬਦ ਨੂੰ ਤੇਰਾ ਅਰਥ ਹੋਣ ਦਾ ਜੀਣੋ ਵੱਧ ਚਾਅ
-0-
ਇਹ ਸ਼ਬਦ
ਜਦ ਤੇਰੇ ਚਾਨਣ ਸਦਕਾ ਅਰਥ ਬਣੇਗਾ
ਆਪਣੇ ਦੀਵੇ ਵਿਚ ਤੇਰਾ ਵਿਸਥਾਰ ਧਰੇਗਾ
ਤੇਰੇ ਸੂਰਜ ਦੀ ਪ੍ਰਕਰਮਾ ਕਰਦਾ
ਤੇਰੇ ਜੇਡ ਉਚੇਰਾ ਹੋਸੀ ਬਿੰਦੂ ਤੋਂ ਦਾਇਰਾ ਹੋਸੀ
-0-
ਹੇ ! ਸੱਚ ਮੇਰੇ ਤੂੰ ਬੇਅੰਤ
ਤੇਰਾ ਅੰਤ ਕਿਸੇ ਨਾ ਪਾਇਆ
ਸਾਗਰ ਬੂੰਦ ਸਮਾਇਆ
ਤਰਕ ਵਿਗਿਆਨ
ਪਹੁੰਚ ਸਕਣ ਨਾ ਤੁੱਧ ਤਾਂਈ

ਮਨੁੱਖੀ ਸੋਚ ਦੇ ਦਿਹੱਦਿਆਂ ਤੋਂ
ਪਾਰ ਤੇਰੀ ਵੱਡਿਆਈ
-0-
ਸਭ ਵਿਚ ਆਪ ਬਿਰਾਜਿਆ
ਫਿਰ ਵੀ ਕਹਿਣ ਸੁਣਨ ਦੱਸਣ ਵੇਖਣ ਲਈ
ਮਾਨਵ ਹੈ ਅਸਮਰਥ
ਤੇਰੇ ਬ੍ਰਿਤਾਂਤ ਦਾ ਅੰਤ ਨਾ ਕੋਈ
ਤੇਰਾ ਸਾਰ ਅਕੱਥ
ਜੀਵ ਜਨਮ ਤੋਂ ਪਹਿਲਾਂ
ਤੇਰਾ ਜੀਵ ਦੇਹੀ ਵਿਚ ਪ੍ਰਵੇਸ਼
ਸਭ ਜਗਤ ਹੈ ਨਾਸ਼ਵਾਨ
ਇਕ ਤੂੰ ਜੋ ਰਹੇ ਹਮੇਸ਼
ਤੁੱਧ ਬਿੰਨ ਦੇਹ ਮਿੱਟੀ ਦੀ ਢੇਰੀ
ਮਿੱਟੀ ਨੂੰ ਮਿੱਟੀ ਦਾ ਨਹੀਂ ਅਹਿਸਾਸ
ਤੇਰੇ ਸਦਕਾ ਦੇਹੀ ਵਿਚ ਆਤਮ ਜੋਤ ਨਿਵਾਸ
-0-
ਤੂੰ ਕੁਦਰਤ ਦੀ ਬੁੱਕਲ ਮਾਰੀ
ਕੁਦਰਤ ਆਪਣੇ ਲਹੂ ਉਤਾਰੀ
ਆਪੇ ਵੇਖੇ ਆਪ ਵਿਖਾਏ
ਬਿਨ ਮਰਜ਼ੀ ਤੂੰ ਨਜ਼ਰ ਨਾ ਆਏ
-0-
ਤੂੰ ਅਰਥ ਹੈ ਮੈਂ ਸ਼ਬਦ ਹਾਂ
ਤੂੰ ਪੂਰਾ ਮੈਂ ਅਧੂਰਾ
ਤੂੰ ਪ੍ਰਕਾਸ਼ ਮੈਂ ਅੰਧਿਆਰ
ਮੈਂ ਨਾਸ਼ਵਾਨ ਤੂੰ ਸਦਾ ਬਹਾਰ
-0-
ਪੂਰਨ ਹੋਣ ਦੀ ਪਿਆਸ ਲੈ
ਅਧੂਰਾ ਤੇਰੇ ਦਰ ਆਇਆ ਹੈ
ਸਹਿਰਾ ਸਾਗਰ ਘਰ ਆਇਆ ਹੈ
ਆਪਣੀ ਦੇਹ ਦਾ ਕੂੜ ਉਤਾਰ
ਸਿਰ ਤਲ਼ੀ 'ਤੇ ਧਰ ਆਇਆ ਹੈ
ਆਪਣੀ ਪੈਂਤੀ ਅੱਖ਼ਰੀ ਭੁਲਕੇ

ਤੇਰਾ ਅੱਖ਼ਰ ਪੜ੍ਹ ਆਇਆ ਹੈ
ਮੈਂ ਤ੍ਰਿਸ਼ਣਾ
ਤੂੰ ਤ੍ਰਿਪਤੀ
ਤੂੰ ਹੀ ਜਾਣੇ
ਇਹ ਪਿਆਸ ਹੈ ਕਿਸਦੀ
ਜਿਸ ਦੀ ਵੀ ਹੈ ਤੈਨੂੰ ਹੈ ਦਿਸਦੀ
ਇਹ ਲਾਈ ਵੀ ਤੇਰੀ ਹੈ
ਬੁਝਾਈ ਵੀ ਤੇਰੀ ਹੈ
ਜਲ ਸੰਗ ਭਰੀ ਪਿਆਸੀ ਖੂਹੀ ਹੀ ਮੇਰੀ ਹੈ
-0-
ਮੈਂ ਤਾਂ
ਇਕ ਖ਼ਾਲੀ ਘੜਾ ਹਾਂ
ਭਿਖਾਰੀ ਬਣ ਤੇਰੇ ਦਰ ਖੜਾ ਹਾਂ
ਇੱਛਾ ਸੀ
ਕਿ ਉਹ ਹੱਥ ਤੱਕਾਂ
ਜਿਨ੍ਹਾਂ ਹੱਥਾਂ ਮੈਨੂੰ ਘੜਿਆ ਹੈ
ਮੇਰੇ 'ਚ
ਆਪਣੀ ਪਿਆਸ ਦਾ ਜਲ ਧਰਿਆ ਹੈ
ਤੂੰ ਅਰਥ ਹੈ ਮੈਂ ਸ਼ਬਦ ਹਾਂ
ਤੂੰ ਪੂਰਾ ਹੈ ਮੈਂ ਅਧੂਰਾ
ਤੂੰ ਪ੍ਰਕਾਸ਼ ਮੈਂ ਅੰਧਿਆਰ
ਮੈਂ ਨਾਸ਼ਵਾਨ ਤੂੰ ਸਦਾ ਬਹਾਰ
-0-
ਤੂੰ ਹੈ ਮੇਰੇ ਆਸੇ ਪਾਸੇ
ਤੇਰੇ ਦਿੱਤੇ ਅੱਥਰੂ ਹਾਸੇ
ਤੇਰਾ ਦਿੱਤਾ ਅੱਖੀਆਂ ਨੂੰ ਨਿੱਘ
ਤੇਰੇ ਦਿੱਤੇ ਨੂੰ ਤੇਰੀ ਸਿੱਕ
ਤੇਰਾ ਦਿੱਤਾ ਤੇ ਤੂੰ ਇਕ
ਇਕ ਵਿਚ ਇਕ ਦਾ ਕਾਹਦਾ ਪਰਦਾ
ਇਕ ਚੋਂ ਬਸ ਇਹ ਹੀ ਦਿਸਦਾ
ਬਸ ਮਨੁੱਖ ਨੂੰ ਆਪਾ ਜਾਣਨ ਦੀ ਲੋੜ ਹੈ
ਇਕ ਵਿਚ ਇਕ ਹੈ ਜਾਂ ਕੋਈ ਹੋਰ ਹੈ

ਤੂੰ ਹੀ ਬੀਜ ਤੂੰ ਹੀ ਰੁੱਖ ਹੈ
ਤੂੰ ਹੀ ਵੀਰਯਾ ਤੂੰ ਹੀ ਕੁੱਖ ਹੈ
ਮੈਂ ਮਿੱਟੀ ਬਸ ਖੋਲ ਹਾਂ
ਆਪਣੀ ਚੁੱਪ 'ਚ ਤੇਰਾ ਬੋਲ ਹਾਂ
-0-
ਤੂੰ ਮਿੱਟੀ ਵਿਚ ਮਿੱਟੀ ਦੀ ਜਾਨ
ਜਲ ਸੰਗ ਜੀਵਨ
ਲਹੂ ਸੰਗ ਵੀਰਯਾ
ਵੀਰਯਾ ਤੋਂ ਮਾਸ ਦਾ ਟੁੱਕੜਾ
ਸ਼ਿਸ਼ੂ ਤੇਰਾ ਨਾਮ
-0-
ਬਾਲ਼ ਜਵਾਨੀ ਤੇ ਬੁੱਢਾਪਾ
ਤੇਰੇ ਜੀਵਨ ਧਾਮ
ਬੁੱਢਾਪੇ ਤੋਂ ਫਿਰ ਮਿੱਟੀ
ਜਿਸ ਚੋਂ ਜਨਮਿਆ
ਉਸ ਵਿਚ ਹੀ ਵਿਸ਼ਰਾਮ
-0-
ਜੀਂਦੇ ਜੀਅ ਮਿੱਟੀ ਦਾ
ਸੱਚ ਜਾਣ ਨਾ ਸਕਿਉ
ਪੈਰਾਂ ਹੇਠ ਰਿਹਾ ਲਿਤਾੜਦਾ
ਪਲਕਾਂ 'ਤੇ ਬਿਠਾਲ ਨਾ ਸਕਿਉ
ਤੇਰਾ ਮਿੱਟੀ ਦਾ ਕੋਠਾ ਸੀ
ਘਰ ਆਤਮ ਦਾ
ਬੈਕੁੰਠ ਧਾਮ ਸੀ ਪਰਮਾਤਮਾ ਦਾ
ਜਿਸ ਨੂੰ ਤੂੰ ਪਹਿਚਾਣ ਨਾ ਸਕਿਉ
ਜਿਸ ਘਰ ਵਿਚ ਤੂੰ ਉਮਰ ਗੁਜ਼ਾਰੀ
ਉਸ ਦੀ ਕਰ ਸਿਆਣ ਨਾ ਸਕਿਉ
ਤੂੰ ਕੀ ਜਾਣਦਾ ਕੌਣ ਹੈ ਅੰਦਰ
ਇਹ ਕੋਠਾ ਹੈ ਕਿਸ ਦਾ ਮੰਦਿਰ
ਉਸ ਦਾ ਕਰ ਧਿਆਨ ਨਾ ਸਕਿਉ
ਉਸਨੂੰ ਸਿਮਰ ਪ੍ਰਮਾਣ ਨਾ ਸਕਿਉ
ਉਹ ਤੇਰਾ ਸੀ ਜਨਮ ਦਾ ਸਾਥੀ

ਤੂੰ ਦੀਵਾ ਉਹ ਸੀ ਬਾਤੀ
ਤੇਰੇ ਦੁਖ ਸੁਖ ਦਾ ਭਾਈਵਾਲ
ਜਨਮ ਤੋਂ ਲੈ ਕੇ ਮਰਨ ਤੀਕਰਾ
ਜੋ ਨਿਭਿਆ ਤੇਰੇ ਨਾਲ
ਉਸ ਦੀ ਵਫ਼ਾ ਦਾ
ਤੈਨੂੰ ਨਹੀਂ ਅਹਿਸਾਸ
ਸੁਰਖ਼ਸ਼ਾ ਆਸਰਾ ਤੇ ਹਮਦਰਦੀ ਦਾ
ਸੀ ਉਹ ਸਿਰਜਣਹਾਰ
-0-
ਉਲਝਿਆ ਰਿਹਾ
ਸਰੀਰਕ ਸੁਖਾਂ ਵਿਚ
ਛਾਵਾਂ ਭਾਲ਼ਦੇ ਉਮਰ ਗੁਜ਼ਾਰੀ
ਜੰਗਲ ਦੇ ਪਰਾਏ ਰੁੱਖਾਂ ਵਿਚ
ਜੋ ਤੇਰੇ ਸੰਗ ਕਦੀ ਨਾ ਜੀਏ ਕਦੀ ਨਾ ਮੋਏ
ਜੋ ਤੇਰੇ ਕਦੀ ਨਹੀਂ ਸਨ
ਜੋ ਤੇਰੇ ਕਦੀ ਨਾ ਹੋਏ
-0-
ਜੋ ਤੇਰਾ ਸੀ
ਉਸ ਵੱਲ ਸਦਾ ਰਹੀ ਕੰਡ ਤੇਰੀ
ਉਸ ਦਾ ਮੁਖ ਤਾਂ ਤੇਰੇ ਵੱਲ ਸੀ
ਤੂੰ ਰਖਿਆ ਉਸ ਤੋਂ ਮੂੰਹ ਫੇਰੀ
ਉਹ ਤੇਰਾ ਤੈਨੂੰ ਕਦੀ ਨਾ ਲਗਿਆ
ਭਜਦਾ ਰਿਹਾ ਤੂੰ ਸਾਇਆ ਪਿੱਛੇ
ਉਸ ਆਪਣੇ ਵੱਲ ਕਦੀ ਨਾ ਤੱਕਿਆ
ਉਹ ਤੇਰੇ ਵਿਚ ਸੀ ਵਸਦਾ
ਤੂੰ ਆਪਾ ਉਸ ਤੋਂ ਵੱਖ ਰੱਖਿਆ
-0-
ਇਸ ਜੀਵ ਦਾ ਕੁੱਝ ਨਹੀਂ ਆਪਣਾ
ਇਸ ਦਾ ਵਿਚਰਨ ਤੇਰਾ
ਇਹ ਜਾਣਨ ਲਈ ਦੇਹ ਦੀ ਵਾਟ ਹੈ
ਧੁਰ ਦੀਵਾ ਜਗਦਾ ਤੇਰਾ
ਘੰਨਘੋਰ ਘਟਾਵਾਂ

ਅੰਬਰੀ ਚੜੀਆਂ
ਗੜ੍ਹਿਆਂ ਵਾਂਗੂੰ ਧਰਤੀ ਵਰ੍ਹੀਆਂ
ਇਕ ਤੇਰੀ ਛੱਤਰੀ ਹੇਠਾਂ
ਮੈਂ ਭਿਜਣੋ ਬਚ ਗਈ
ਲੰਘ ਆਈ ਮਾਇਆ ਦੀ ਨਗਰੀ
ਹੁਣ ਤੇਰੇ ਦਰ ਖੜੀ
ਮੈਂ ਕੋਹਜੀ ਕੋਈ ਗੁਣ ਨਾਹੀ
ਤੂੰ ਸਰਬਗੁਣਾਂ ਦਾ ਗਿਆਤਾ
ਬਖਸ਼ ਲੈ ਇਸ ਔਗੁਣਹਾਰੀ ਨੂੰ
ਤੂੰ ਬਖਸ਼ਨਹਾਰ ਵਿਧਾਤਾ
-0-
ਤੇਰੇ ਬਿਨ ਕੋਈ ਢੋਈ ਨਾ ਹੀ
ਤੂੰ ਮੇਰਾ ਜਗਤ ਬੇਗਾਨਾ
ਤੂੰ ਜੇ ਨਾ ਕਬੂਲੇ ਸਾਂਈਆ
ਮੇਰਾ ਕੌਡੀ ਮੁੱਲ ਨਹੀਂ ਪੈਣਾ
ਨਾ ਮੇਰੇ ਚੋਂ ਕੋਈ ਬੀਜ ਪੁੰਗਰਣਾ
ਨਾ ਕਿਸੇ ਵੀ ਛਾਵੇਂ ਬਹਿਣਾ
ਤੇਰੇ ਇਤਮਨਾਨ ਬਿਨ੍ਹਾਂ
ਮੈਂ ਕਬਰਾਂ ਦੀ ਜੂੰਨੇ ਪੈਣਾ
ਨਾ ਕਬਰਾਂ ਸੰਗ ਕਿਸੇ ਕੋਠਾ ਲਿਪਣਾ
ਨਾ ਬੁੱਤ ਘੜਣਾ ਨਾ ਗਹਿਣਾ
ਕਬਰਾਂ ਦੀ ਮਿੱਟੀ ਨੇ
ਸਦਾ ਅਭਾਗਣ ਰਹਿਣਾ
-0-
ਹੁਣ ਤੇ ਦਰ ਖੋਲ ਦੇ
ਲੈ ਲੈ ਵਿਚ ਕਲਾਵੇ
ਤੇਰੇ ਨਾਂਅ ਦਾ ਆਸਾਰਾ ਲੈ
ਛੱਡ ਪੇਕਾ ਆਈ ਮੁਕਲਾਵੇ
ਕਬਰਾਂ ਦੀ ਮਿੱਟੀ ਚਰਨ ਧੂੜ ਤੇਰੀ ਹੋਣਾ ਚਾਹੇ
ਤੇਰੇ ਗਲ ਲਗ ਹਸਣਾ ਚਾਹੇ
ਤੇਰੇ ਗਲ ਲਗ ਰੋਣਾ ਚਾਹੇ
-0-

ਪ੍ਰਭੂ ਜੀ
ਕਿਹੜੇ ਅਰਥੀ ਆਪਾ ਪਾਵਾਂ
ਕਿਹੜਾ ਬੋਲ ਉਚਾਰਾ
ਆਪ ਸੁਣਾ ਤੇ ਆਪ ਸੁਣਾਵਾ
-0-
ਤੇਰਾ ਬ੍ਰਿਹਾ
ਕਿੰਜ ਸਿਮਰ ਧਿਆਵਾਂ
ਕਿਹੜੀ ਨਜ਼ਰ ਸੰਗ ਤੈਨੂੰ ਤੱਕਾਂ
ਤੱਕਾਂ ਤੇ ਮਰ ਜਾਂਵਾ
ਤੂੰ ਨਿਰਗੁਣ ਤੈਨੂੰ ਜਾਣ ਨਾ ਸਕਾਂ
ਤੂੰ ਸਰਗੁਣ ਤੈਨੂੰ ਪਹਿਚਾਣ ਨਾ ਸਕਾਂ
ਦੁਬਿਧਾ ਦੇ ਵਿਚ ਘਿਰੀ
ਆਪਣੇ ਆਪ 'ਚ ਗਿਰੀ
ਬਿਨ ਤੇਰੇ ਆਸਰੇ
ਆਪਣਾ ਆਪ ਉਠਾਲ ਨਾ ਸਕਾਂ
ਬੁਝਿਆ ਦੀਵਾ ਬਾਲ਼ ਨਾ ਸਕਾਂ
ਸ਼ੁੱਧ ਕਰਾਂ ਦਸ ਕਿੰਜ ਆਪਣਾ ਆਪਾ
ਤੇ ਲੜ ਤੇਰੇ ਲੱਗਾਂ
-0-
ਮੈਂ ਜੀਵ ਹਾਂ ਮੋਹ ਮਾਇਆ ਦਾ
ਕਿੰਜ ਮਾਇਆ ਨਗਰੀ ਛੱਡਾਂ
ਕਿੰਜ ਦੇਹੀ ਨੂੰ ਧੋਵਾਂ ਮਾਂਜਾ
ਕਿੰਜ ਮਨ ਤੇਰੇ ਰੰਗ 'ਚ ਰੰਗਾਂ
ਮੈਨੂੰ ਗੁੜ੍ਹਤੀ ਮਿਲੀ ਮਾਇਆ ਦੀ
ਮਾਇਆ ਵਿਚ ਵਿਚਰਾਂ ਜੀਵਾਂ ਤੇ ਉਠ ਜਾਵਾਂ
ਪਵਿਤਰ ਤੇ ਸੱਚਿਆਰਾ
ਰਹਿਣ ਦਾ ਕਿੱਸਾ
ਮੈਂ ਬੀਜ ਰੂਪ ਵਿਚ ਗਾਵਾਂ
ਮਾਂ ਦੀ ਗਰਭ ਤੋਂ ਪਹਿਲਾਂ
ਆਪਣੀ ਸੁਣਾ ਸੁਣਾਵਾਂ
ਅੱਖ ਖੁਲੀ ਤਾਂ ਮਾਇਆ ਦਿਸੀ
ਗਰਭ ਜੂੰਨ ਤੋਂ ਪਹਿਲਾਂ ਦਾ ਸੱਚ

ਮੈਂ ਕਿੰਜ ਮੋੜ ਲਿਆਵਾਂ
ਜੀਵਨ ਲਈ
ਹੁਕਮ ਰਜਾਈ ਚਲਣ ਦੇ ਦਰ ਬੈਠੀ ਹਾਂ ਆਣ
ਇਹ ਦਰ ਹੁਣ ਕਦ ਖੁਲ੍ਹਦਾ ਹੈ
ਇਹ ਨਹੀਂ ਸਕਦੀ ਜਾਣ
ਕੌਣ ਜਾਣੇ
ਸਾਂਈ ਮਿਲਣ ਦੀ ਤਾਂਘ ਦਾ ਦੀਵਾ ਕਦ ਜਗਦਾ ਹੈ
ਹੁਕਮ ਰਜਾਈ ਚਲਣਾ ਹੀ
ਬਸ ਸੱਚ ਲਗਦਾ ਹੈ
-0-
ਤੂੰ ਜੇ ਸੂਰਜ ਬਣਕੇ ਚੜਣਾ ਹੈ
ਤਾਂ ਕਿਰਨਾਂ ਦੀ ਲੋਅ ਨੂੰ ਜਾਣ
ਆਪਣੀ ਲੋਅ ਚੋਂ ਕਿਰਨਾਂ
ਕਿਰਨਾਂ ਚੋਂ ਆਪਣੀ ਲੋਅ ਪਹਿਚਾਣ
ਸੀਮਿੰਟ ਸਰੀਏ ਸ਼ੀਸ਼ੇ ਦੇ
ਅੰਗਾਂ ਦਾ ਮੋਹ ਤਿਆਗ
ਵਿਗਿਆਨਕ ਪ੍ਰਾਪਤੀਆਂ ਦੇ
ਸਿੰਗੀ ਚੜ੍ਹਿਆ
ਆਪਣਾ ਆਪ ਉਤਾਰ
ਚੰਨਾਂ ਸੂਰਜਾਂ ਤਾਰਿਆ ਤੇ
ਜੋ ਕਾਠੀ ਪਾਈ ਬੈਠਾ
ਲਾਲਚ ਤ੍ਰਿਸ਼ਨਾ ਦੀ
ਜੋ ਸ਼ਮ੍ਹਾ ਜਲਾਈ ਬੈਠਾ ਉਸ ਹੰਕਾਰ ਨੂੰ ਮਾਰ
-0-
ਇਕਪਲ ਵਿਚ
ਦੁਨੀਆ ਫੂਕਣ ਦੀ ਹਸਤੀ ਦਾ
ਸਿਰ ਚੜਿਆ ਭੂਤ ਉਤਾਰ
ਆਪਣਾ ਆਪਾ
ਕੋਠੀਆਂ ਕੁੱਲੀਆਂ ਕੋਠਿਆਂ ਦੀ
ਮਿੱਟੀ ਵਿਚ ਢਾਲ
ਮਿੱਟੀ ਦੇ ਘਰਾਂ ਵਿਚ
ਮਿੱਟੀ ਦਾ ਦੀਵਾ ਬਾਲ਼

ਮਿੱਟੀ ਦੇ ਲੋਕਾਂ ਵਿਚ ਰਹਿਕੇ
ਮਿੱਟੀ ਦਾ ਮੇਲਾ ਵੇਖ
ਮਿੱਟੀ ਦੇ ਘਰਾਂ 'ਚ ਬੁਝਿਆ
ਚੁਲ੍ਹਿਆ ਦਾ ਨਿੱਘ ਸੇਕ
ਜੋ ਦੁਨੀਆ ਤੂੰ ਸਿਰਜੀ ਹੈ
ਉਸ ਦੀਆਂ ਨੀਹਾਂ ਹੇਠਾਂ ਆਏ
ਕੱਚੇ ਘਰਾਂ ਦੀਆਂ ਕੰਧਾਂ ਵਿਹੜੇ ਵੇਖ
-0-
ਅਜੋਕਾ ਵਿਸ਼ਵ
ਜੋ ਸਿਰਜਿਆ ਮਾਨਵ
ਮਨੁੱਖ ਇਸ ਵਿਚ ਘੁੱਗ ਵੱਸਦਾ ਹੈ
ਨਾ ਆਪਣੀ ਕਹਿੰਦਾ
ਨਾ ਆਪਣੀ ਸੁਣਦਾ ਬਸ ਚੁੱਪ ਰਹਿੰਦਾ ਹੈ
ਪਦਾਰਥ ਦੇ ਸਿੰਗੀ ਚੜ੍ਹਿਆ
ਪਦਾਰਥ ਦੇ ਘੁਰੇ ਬੁਣਦਾ ਹੈ
ਆਪਣੇ ਜਿਸਮ ਦੀ ਚੱਕੀ ਪੀਂਹਦਾ
ਪਦਾਰਥ ਦਾ ਆਟਾ ਗੁੰਨਦਾ ਹੈ
ਭੂਤ ਭਵਿੱਖ ਵਰਤਮਾਨ ਤੇ ਕਾਠੀ ਪਾਕੇ
ਸਮੇਂ ਨੂੰ ਕਰੇ ਮੁਥਾਜ
ਮਨੁੱਖ ਦਾ ਲਹੂ ਪਦਾਰਥ ਹੋਇਆ
ਪਦਾਰਥ ਹੋਇਆ
ਮਨੁੱਖੀ ਸੋਚ ਦਾ ਵਾਸ
-0-
ਜਿਨ੍ਹਾਂ ਮੋਹ ਮਾਇਆ
ਹੰਕਾਰ ਤਿਆਗਿਆ
ਤੇਰੇ ਹੋਕੇ ਤੇਰਾ ਨਾਮ ਅਰਾਧਿਆ
ਉਹ ਤੈਨੂੰ ਲੱਗਣ ਪਿਆਰੇ
ਪਾਰ ਲੰਘਾਵੇ ਤੂੰ ਭਵਸਾਗਰ ਉਨ੍ਹਾਂ ਨੂੰ
ਆਪਣੇ ਆਪ ਸਹਾਰੇ
ਤੇਰੇ ਦਰ 'ਤੇ ਉਹੀ ਅੱਪੜੇ
ਜਿਨ੍ਹਾਂ ਸਿਰ ਤੇਰੇ ਤੋਂ ਵਾਰੇ
ਰੰਗੇ ਗਏ ਉਹ ਤੇਰੇ ਰੰਗ 'ਚ

ਉਨ੍ਹਾਂ ਕੱਚੇ ਰੰਗ ਉਤਾਰੇ
ਤੂੰ ਸ਼ਨਾਖਤ ਹੋਇਆ ਉਨ੍ਹਾਂ ਦੀ
ਉਹਨਾਂ ਆਪਣੇ ਆਪ ਵਿਸਾਰੇ
ਐਸੇ ਲੀਨ ਹੋਏ ਵਿਚ ਤੇਰੇ
ਇਸ ਦੁਨੀਆ ਵਿਚ ਪਰਤ ਨਾ ਆਏ
ਤੇਰੀ ਮਿਹਰ ਦੇ ਸਦਕਾ
ਉਹ ਜੀਂਦੇ ਮੁਕਤ ਕਹਾਏ
-0-
ਤੂੰ ਫਲ ਦਿੰਦਾ
ਅਸੀਂ ਕਰਮ ਹਾਂ ਕਰਦੇ
ਸਾਡੇ ਵਸ ਵਿਚ ਕੁੱਝ ਨਾ ਦਾਤਾ
ਅਸੀਂ ਤੇਰੇ ਦਰ ਦੇ ਬਰਦੇ
ਸਾਡੀ ਤਲ਼ੀਏ ਜੋ ਤੂੰ ਧਰਦਾ
ਅਸੀਂ ਭਾਣਾ ਮੰਨ ਸਵੀਕਾਰ ਹਾਂ ਕਰਦੇ
ਹੁਕਮ ਤੇਰੇ ਵਿਚ ਵਸਦੇ
ਸਰਬਤ ਭਲਾ ਹੀ ਮੰਗਦੇ
ਸਾਡੇ ਵਿਚ ਸਾਡਾ ਕੁੱਝ ਨਾ
ਤੇਰਾ ਦਿੱਤਾ ਤੇਰੇ ਚਰਨੀ ਧਰਦੇ
ਤੇਰੀ ਜੋਤ ਸਦਕਾ ਜਿਉਂਦੇ ਹਾਂ
ਨਹੀਂ ਤਾਂ ਅਸੀਂ ਹਾਂ ਘਰ ਕਬਰਾਂ ਦੇ
-0-
ਇਸ ਵਿਸ਼ਵ ਦੇ
ਗੁਆਚੇ ਸੱਚ ਦੀ ਭਾਲ਼ 'ਚ
ਨਿਕਲ ਪਿਆ ਇਨਸਾਨ
ਸਿਰਜਣ ਲਈ ਸੰਤੁਲਨ ਜਹਾਨ
ਜਿਸ ਵਿਚ
ਮਾਨਵ ਤੇ ਪਦਾਰਥ ਵਿਕਸਤ ਹੋਵਣ
ਇਕ ਸਮਾਨ
ਅਜੋਕੀ ਵਿਸ਼ਵ 'ਚ
ਨਾ ਸਿਰਜਣਾ ਸਿਰਜਕ ਨੂੰ
ਨਾ ਸਿਰਜਕ ਸਿਰਜਣਾ ਨੂੰ ਅਪਣਾਇਆ
ਇਸੇ ਵਿੱਥ ਚੋਂ

ਅਜੋਕੇ ਮਨੁੱਖ ਦਾ ਦੁਖਾਂਤ
ਵਿਸ਼ਵ ਚੇਤਨਾ ਦੇ ਮੱਥੇ
ਉੱਗ ਹੈ ਆਇਆ
ਸਮੂਹਕ ਵਿਸ਼ਵ ਚੇਤਨਾ ਨਿਕਲੀ
ਗੁਆਚਾ ਆਪਾ
ਪਦਾਰਥਕ ਗਲੀਆਂ ਵਿਚ ਭਾਲ਼ਣ ਲਈ
ਪਦਾਰਥ ਨੇ ਜੋ ਸ਼ਮ੍ਹਾ ਬੁਝਾਈ
ਘਰ ਘਰ ਦੇ ਵਿਚ
ਉਸ ਸ਼ਮ੍ਹਾ ਨੂੰ ਬਾਲਣ ਲਈ
ਵਿਸ਼ਵ ਦਾ ਭਵਿੱਖ ਸੰਭਾਲਣ ਲਈ
-0-
ਰਾਤ ਦਿਨ ਜੀਭਾ ਕਰਦੀ
ਵਾਦ ਵਿਵਾਦ
ਚੜ੍ਹੀ ਰਹੇ ਹਰ ਵੇਲੇ
ਗਲੋੜੀਆ ਦੀ ਬਰਾਤ
-0-
ਚੰਗਾ ਘੱਟ ਤੇ ਮਾੜਾ ਬਹੁਤਾ
ਜੀਭਾ ਕੱਤਦੀ ਸੂਤ
ਭੁਲ ਬੈਠੀ ਪ੍ਰਯੋਜਨ ਆਪਣਾ
ਫੜ ਬੈਠੀ ਕਰਤੂਤ
ਜੀਭਾ ਦਾ ਕੰਮ ਸੀ ਹਰਿ ਸਿਮਰਨਾ
ਕਰਨੀ ਰਸਨਾ ਪਾਕ
ਸ਼ਬਦ ਜਪਦੇ ਹਰੀ ਦਾ ਹੋਵੇ
ਮਾਨਵ ਚਿੱਤ ਵਿਚ ਵਾਸ
ਅੰਧਿਆਰ ਮਿਟੇ ਭਟਕਣ ਮੁਕੇ
ਠਹਿਰਾਓ ਕਰੇ ਪ੍ਰਕਾਸ਼
ਜੇ ਯਾਦ ਕਰੇ ਆਪਾ ਜੀਭਾ
ਕੁਕਰਮ ਦਾ ਹੋਵੇ ਨਾਸ
ਗਾਉਂਦੀ ਜੱਸ ਜੇ ਪਾਰਬ੍ਰਹਮ ਦਾ
ਖੁਲ੍ਹਦਾ ਮੋਖਸ਼ ਦੁਆਰ
ਪੀਸਦੀ ਨਾ ਚੱਕੀ ਦੁਨੀਆ ਦੀ
ਰਖਦੀ ਕੰਠ ਸ਼ਬਦ ਨਿਵਾਸ

ਆਪਣੀ ਕਿਰਤੀ ਸ਼ੋਭਾ ਪਾਉਂਦੀ
ਆਪੇ ਦੇ ਦਰਬਾਰ
-0-
ਦਰ 'ਤੇ ਮੌਤ ਖੜੀ
ਤੈਨੂੰ ਮਸਤੀ
ਜਗਤ ਪਦਾਰਥ ਭੋਗਣ ਦੀ ਚੜ੍ਹੀ
-0-
ਜ਼ਿਹਨ 'ਚ ਉੱਗਿਆ ਹੰਕਾਰ ਦਾ ਜੰਗਲ
ਗਲ ਵਿਚ ਮਾਇਆ ਦਾ ਰੱਸਾ
ਸਿਰ ਬੁਚਕੀ ਬੁਰਾਈਆਂ ਦੀ
ਇਹ ਤੂੰ ਕੀਤਾ ਇੱਕਠਾ
ਇਹ ਤਾਂ ਨਾਲ ਨਹੀਂ ਜਾਣਾ
ਸਭ ਰਹਿ ਜਾਣਾ ਇੱਥੇ
ਜਾਣਾ ਪੈਣਾ ਉਸ ਘਰ ਪੈਦਲ
ਬਿਨ ਯੱਕਾ ਭਾੜੇ ਕੀਤੇ
-0-
ਮੌਤ ਖੜੀ ਹੈ ਸਿਰ ਤੇਰੇ
ਤੈਨੂੰ ਅਹਿਸਾਸ ਨਾ ਰਤਾ
ਸਮਾਂ ਆ ਗਿਆ ਤੇਰੇ ਜਾਣ ਦਾ
ਖੁਲ੍ਹਿਆ ਤਾਸ਼ ਦਾ ਪੱਤਾ
ਭਰ ਲੈ ਘੁਟ ਸਾਂਈ ਮਿਲਣ ਦੇ
ਮੌਤ ਦੇ ਨੈਣਾਂ ਵਿਚੋਂ
ਸਾਂਈ ਘੱਲਿਆ ਤਾਂ ਇਹ ਆਈ
ਨਹੀਂ ਤਾਂ ਇਸ ਆਉਣਾ ਸੀ ਕਿੱਥੋਂ
-0-
ਤੇਰੇ ਲਈ ਉਸ ਸਾਂਈ ਦੀ
ਇਕ ਪੈਗ਼ਾਮ ਲਿਆਈ
ਹਰ ਸ਼ੈਅ ਉਸ ਦੇ ਹੁਕਮ 'ਚ
ਉਸਦੀ ਹੀ ਸ਼ਰਨਾਈ
ਮੌਤ ਆਈ
ਤਾਂ ਸਮਝੀ ਮਿਟ ਗਈ
ਸਵੈ ਵਿਚਲੀ ਜੁਦਾਈ

ਇਹਦਾ ਆਉਣਾ ਹੀ
ਤੇਰੇ ਲਈ ਰੁੱਤ ਮਿਲਣ ਦੀ ਆਈ
-0-
ਹੇ ! ਤਸਵਰੀ
ਧਿਆਨ ਕਰ ਉਸਦਾ
ਜੋ ਤੇਰੇ ਧਿਆਨ ਦਾ ਸੱਚ
ਜਿਸ ਪਿੱਛੇ ਤੂੰ ਭੱਜ ਰਿਹਾ ਹੈ
ਉਹ ਨਿਰਾ ਹੈ ਕੱਚ
ਸੱਚ ਹੈ ਤੈਨੂੰ ਓਪਰਾ ਲੱਗਦਾ
ਸੱਚ ਦਾ ਦੀਵਾ
ਲਹੂ ਤੇਰੇ ਵਿਚ ਜਗਦਾ
ਉਸ ਬਿਨ ਨਾ ਧਿਆਨ ਨਾ ਤੂੰ ਹੈ
ਉਸ ਦਾ ਸੂਤ ਹੀ ਤੇਰਾ ਰੂੰ ਹੈ
ਜਿਨ੍ਹਾ ਕੱਤ ਸਕਦਾ ਹੈ ਕੱਤ ਲੈ
ਮੀਂਹ ਕਣੀ ਲਈ ਢਾਰਾ ਛੱਤ ਲੈ
-0-
ਧਿਆਨ ਧਰੇਗਾ ਤਾਂ ਜਾਣੇਗਾ
ਉਹ ਕਿੰਨਾ ਆਪਣਾ ਬੇਗਾਨਾ ਹੈ
ਕਿੰਨਾ ਨੇੜੇ ਕਿੰਨਾ ਦੂਰ ਹੈ
ਕਿੰਨਾ ਨੀਵਾਂ ਕਿੰਨਾ ਉੱਚਾ
ਹਰ ਇਕ ਵਿਚ ਜੋ ਮੌਜੂਦ ਹੈ
ਜੇ ਉਹ ਉੱਚਾ ਹੈ ਤੂੰ ਉੱਚਾ ਹੋ
ਮੈਲ਼ਾ ਧੋਅ ਤੇ ਸੁੱਚਾ ਹੋ
ਜੇ ਉਹ ਨੀਵਾਂ ਹੈ ਤੂੰ ਨੀਵਾਂ ਹੋ
ਹੰਕਾਰ ਤਿਆਗ ਤੇ ਹੀਣਾ ਹੋ
ਮੋਹ ਮਾਇਆ ਛੱਡ
ਉਸਦੇ ਵਿਚ ਇਕਾਗਰ ਹੋ ਜਾਅ
ਉਹ ਨੀਵਾਂ ਹੋਵੇ ਜਾਂ ਉੱਚਾ
ਤੂੰ ਬਸ ਉਸ ਬਰਾਬਰ ਹੋ ਜਾਅ
ਉਸ ਬਰਾਬਰ ਜਦ ਹੋਵੇਗਾ
ਫਿਰ ਤੂੰ ਉਸਨੂੰ ਜਾਣ ਪਾਵੇਗਾ
ਉਹ ਕਿੰਨਾ ਦੂਰ ਹੈ ਕਿੰਨ੍ਹਾ ਨੇੜੇ

ਫਿਰ ਤੂੰ ਇਹ ਸਿਆਣ ਪਾਵੇਗਾ
-0-
ਉਹ ਤਾਂ ਹਰ ਇਕ ਦੇ ਅੰਗ ਸੰਗ ਹੈ
ਹਰ ਰੰਗ ਦਾ ਉਹ ਇਕ ਰੰਗ ਹੈ
ਜੋ ਵੀ ਰੰਗਿਆ ਉਸਦੇ ਰੰਗ
ਉਹ ਹੋਇਆ ਫਿਰ ਉਸਦੇ ਸੰਗ
ਉਸ ਬਰਾਬਰ ਉਹ ਫਿਰ ਹੋਸੀ ਆਪ
ਭੁਲ ਜਾਸੀ ਉਹ ਵੱਡਾ ਛੋਟਾ
ਹਾਥੀ ਕੀੜੀ ਵਿਚ ਹੋਸੀ
ਉਸਦਾ ਇਕ ਬਰੋਬਰ ਵਾਸ
ਧਿਆਨ ਧਰੇਗਾ ਤਾਂ ਉਸ ਦੀ ਲੀਲ੍ਹਾ ਜਾਣੇਗਾ
ਆਪਣੇ ਲਹੂ ਚੋਂ
ਉਸਦਾ ਰੰਗ ਪਹਿਚਾਣੇਗਾ
ਜੇ ਸਵੈ ਦੇ ਚਰਨੀ ਲੱਗ ਜਾਏਗਾ
ਦ੍ਰਿਸ਼ਟੀ ਸਰਿਸ਼ਟੀ
ਲਾਲਚ ਅਨੁਰਾਗ ਗੁਮਾਨ 'ਤੇ ਕਾਠੀ ਪਾਏਗਾ
-0-
ਤਿੰਨ ਯੱਕੇ ਤੇਰੇ ਹੱਥ ਆਉਣਗੇ
ਫਤਹਿ ਦੇ ਪਰਚਮ ਅੰਗ ਸੰਗ ਹੋਵਣਗੇ
ਅੱਗੇ ਲਈ ਤੂੰ ਬੋਏਗਾ
ਪਿੱਛੇ ਦਾ ਮੂੰਹ ਧੋਏਗਾ
ਜੀਂਦੇ ਜੀਅ ਹੀ ਸੁਰਖਰੂ ਜੱਗ ਤੋਂ ਹੋਏਗਾ
-0-
ਸਵੈ ਵਿਚ ਲਿਵ ਲਾਈ ਰੱਖ
ਹਰ ਪਲ ਆਪਣਾ ਆਪਾ ਜਪ
ਕੀ ਚੱਖਣੇ ਤੂੰ ਜਗਤ ਪਦਾਰਥ
ਘੁਟ ਅੰਮ੍ਰਿਤ ਦੇ ਭਰ
ਇਕੋ ਇਕ ਸਾਧਨ ਹੈ
ਮਨ ਜਿੱਤਣ ਦਾ
ਜੱਗ ਜਿੱਤਣ ਦਾ
-0-
ਹੇ ! ਮੌਜੂਦਗੀ

ਤੇਰੇ ਹੁੰਗਾਰੇ ਦੀ ਉਡੀਕ 'ਚ
ਮੈਂ ਖੜਾ ਹਾਂ
ਤੂੰ ਕਰਤਾ ਹੈ ਮੈਂ ਜ਼ਰਾ ਹਾਂ
-0-
ਮੇਰੇ ਕਦਮ ਤੇਰੀ ਨਿਗ੍ਹਾ 'ਚ
ਤੇਰੀਆਂ ਧੁੱਪਾਂ ਛਾਂਵਾਂ 'ਚ ਹਨ
ਮੰਜ਼ਿਲ ਦੂਰ ਹੈ ਬੇਸ਼ਕ
ਪਰ ਤੇਰੀਆਂ ਰਾਹਾਂ 'ਚ ਹਨ
ਅਹਿਸਾਸ ਹੈ ਮੈਨੂੰ
ਕਿ ਮੇਰਾ ਦੀਵਾ ਬਲ਼ ਰਿਹਾ ਹੈ
ਤੇਰਾ ਸਿਮਰਨ ਪ੍ਰਕਰਮਾ ਕਰ ਰਿਹਾ ਹੈ
ਹਰ ਸਾਹ ਤੇਰਾ ਦਮ ਹੀ ਭਰ ਰਿਹਾ ਹੈ
ਤੇਰੇ ਧਿਆਨ 'ਚ ਲੀਨ
ਦੇਹ ਦਾ ਸਾਗਰ ਤਰ ਰਿਹਾ ਹਾਂ
-0-
ਤੇਰਾ ਹੁੰਗਾਰਾ
ਰਾਹ ਦੀਆਂ ਹਨ੍ਹੇਰੀਆਂ ਤੁਫਾਨ ਲਈ
ਮੇਰੀ ਸੁਰੱਖਸ਼ਾ ਦਾ ਹੈ ਦਾਅਵਾ
ਮੇਰੀ ਰਹਿਨੁਮਾਹੀ ਹੈ
ਤੇਰੇ ਅਨੁਭਵ ਦਾ ਪ੍ਰਗਟਾਵਾ
ਤੇਰੀ ਈਸ਼ਵਰੀਆ ਦਾ ਸੰਕੇਤ ਹੈ
ਮੇਰੇ ਸ਼ਬਦ ਦਾ ਅਰਥ
ਤੇਰੀ ਝਲਕ ਦੀ ਭੇਟ ਹੈ
-0-
ਤੇਰਾ ਹੁੰਗਾਰਾ ਹੀ
ਤੇਰੇ ਰਹੱਸ ਦਾ ਉਹ ਦਰਵਾਜ਼ਾ ਹੈ
ਜੋ ਮੇਰੀ ਦਸਤਕ ਤਾਂ ਸੁਣਦਾ ਹੈ
ਪਰ ਖੁਲ੍ਹਦਾ ਨਹੀਂ
ਕਦ ਖੁਲ੍ਹਦਾ ਹੈ ਤੂੰ ਹੀ ਜਾਣੇ
ਮੈਂ ਬਸ ਜਾਣਾ
ਆ ਬੈਠਾ ਹਾਂ ਮੈਂ ਠਿਕਾਣੇ
-0-

ਇਹ ਜੋ ਜਗੇ ਚਿਰਾਗ਼
ਹਨ੍ਹੇਰੀਆਂ ਤੇ ਤੁਫਾਨਾਂ ਤੋਂ
ਆਪਾ ਰਿਹਾ ਹੈ ਵਾਰ
ਜਿਨ੍ਹਾਂ ਇਸ ਨੂੰ ਜਿਉਣਾ ਦਸਿਆ
ਆਪਣਾ ਆਪ ਖਲ੍ਹਾਰ
ਹੁਣ ਉਨ੍ਹਾਂ ਮੱਥੇ ਵੀ ਜਗਦਾ ਹੈ
ਭਾਣੇ ਦਾ ਸੱਚ ਸਮਝ ਗਿਆ ਹੈ
ਬੁਝਿਆ ਵੀ ਜਗਦਾ ਲਗਦਾ ਹੈ
-0-
ਜੋ ਜੀਵ ਚਾਨਣ ਉਪਜੇ
ਉਸ ਤੋਂ ਉਹ ਕੁਰਬਾਨ
ਉਹ ਜੀਵ ਹੈ ਭਵਿੱਖ ਵਿਸ਼ਵ ਦਾ
ਤੇ ਮਾਨਵਤਾ ਦੀ ਜਾਨ
ਉਸ ਦਾ ਚਾਨਣ
ਸ਼ਬਦ ਦਾ ਅਰਥ ਪਸਾਰ
"ਜੋ ਜਨਮਿਆ ਉਸ ਬਿਨਸਨਾ"
ਸੱਚ ਦਾ ਹੈ ਇਹ ਮੂਲ ਅਧਾਰ
ਬਿਨਸਨ ਵਾਲਾ ਜੇ ਜੀਵਨ ਵਿਚ ਜੀਵੇ
ਜੀਵਨ ਦਾ ਉੱਚ ਸੱਚਿਆਰ
ਫਿਰ ਬਿਨਸਨ ਦੇ ਅਰਥ ਬਦਲਦੇ
ਬਿਨਸਨ ਵਾਲਾ ਸਦਾ ਜਿਉਂਦਾ
ਅਮਰ ਜੀਵਨ ਦਾ ਅਰਥ ਅਹਿਸਾਸ
-0-
ਇਸ ਜ਼ਿੰਦਗੀ ਵਿਚ
ਸਭ ਕੁੱਝ ਮਿਲਿਆ
ਇਕ ਆਪੇ ਨੂੰ
ਆਪਾ ਨਾ ਮਿਲਿਆ
ਆਪੇ ਬਿਨ ਰੱਬ ਜਾਣੇ
ਅਸੀਂ ਕੀਤਾ ਕਿਵੇਂ ਗੁਜ਼ਾਰਾ
ਕਬਰਾਂ ਦੀ ਅਸਾਂ ਜੂੰਨ ਹੰਢਾਈ
ਪਲ ਪਲ ਮੰਗ ਉਧਾਰਾ
-0-

ਕੱਚੀਆਂ ਕੰਧਾਂ
ਕੱਚਾ ਕੋਠਾ ਵਿਹੜਾ
ਮੀਂਹ ਕਣੀ ਵਿਚ ਜਲ ਥਲ ਹੋ ਜਾਏ
ਸਾਡਾ ਚਾਰ ਚੁਫ਼ੇਰਾ
ਗਲੀਏ ਚਿੱਕੜ ਗੋਡੇ ਗੋਡੇ
ਲਿਬੜ ਗਿਆ ਤਨ ਮੇਰਾ
ਖੋਲ੍ਹਿਆ ਨਾ ਉਸ ਆਪਣਾ ਬੂਹਾ
ਜਿਨੂੰ ਮਿਲਣ ਆਈ ਕਰ ਚਾਰਾ
ਆਪੇ ਬਿਨ ਰੱਬ ਜਾਣੇ
ਅਸੀਂ ਕੀਤਾ ਕਿਵੇਂ ਗੁਜ਼ਾਰਾ
ਕਬਰਾਂ ਦੀ ਅਸਾਂ ਜੂੰਨ ਹੰਢਾਈ
ਪਲ ਪਲ ਮੰਗਾਂ ਉਧਾਰਾ
-0-
ਇਹ ਜਨਮ ਜੇ ਮਿਲ ਜਾਂਦੇ
ਅਸੀਂ ਮੁੜ ਜਨਮ ਨਾ ਲੈਂਦੇ
ਇਕ ਪਲ ਵੀ ਨਾ ਵਿਛੜਦੇ ਤੈਥੋਂ
ਬਸ ਤੇਰੇ ਹੋਕੇ ਰਹਿੰਦੇ
ਤੂੰ ਮਿਲ ਜਾਂਦੋਂ
ਤਾਂ ਆਪਣੇ ਅਸੀਂ ਹੋ ਜਾਂਦੇ
ਆਪਣੇ ਰੁੱਖ ਦੀ
ਛਾਂਵੇਂ ਬਹਿੰਦੇ
ਆਪਣਾ ਸੱਚ ਕਹਾਂਦੇ
ਵਭਿੰਨਤਾ ਵਿਚ ਵੀ ਜਿਉਂਦੇ
ਇਕਾਈ ਚੋਂ ਵੀ ਨਜ਼ਰੀ ਆਉਂਦੇ
ਮੋਇਆ ਤਾਂ ਹੈ
ਸਭ ਨੇ ਪਾਉਣਾ
ਚੰਗਾ ਹੁੰਦਾ
ਜੇ ਜੀਂਦੇ ਜੀਅ ਹੀ ਪਾਉਂਦੇ
-0-
ਤੂੰ ਉਨ੍ਹਾਂ ਨੂੰ ਮਿਲਦਾ
ਜੋ ਤੁੱਧ ਤਾਂਈ ਭਾਇਆ
ਮੇਰੇ ਜਿਹੀਆਂ ਤੈਨੂੰ ਢੂੰਢਦੀਆਂ

ਕਈ ਗਈਆਂ ਕਈ ਆਈਆਂ
ਇਸ ਜਨਮ ਤੇ ਮਿਲਿਆ ਨਾ ਤੂੰ
ਮਿਲਸਾ ਅਗਲੇ ਜਨਮ ਦੁਆਰਾ
ਆਪੇ ਬਿਨ ਰੱਬ ਜਾਣੇ
ਅਸਾਂ ਕੀਤਾ ਕਿਵੇਂ ਗੁਜ਼ਾਰਾ
ਕਬਰਾਂ ਦੀ ਅਸਾਂ ਜੂੰਨ ਹੰਢਾਈ
ਪਲ ਪਲ ਮੰਗ ਉਧਾਰਾ
-0-
ਹੇ ! ਮਨਾਂ
ਆਤਮ ਸਿਮਰ
ਸੁਖ ਚਿੱਤ ਆਵੇ
ਉੱਚੀ ਹੋਵੇ ਮਤਿ
ਸਾਧ ਸੰਗਤਿ ਮਿਲ
ਮਨ ਵਿਚ ਵਸੇ ਸਤਿ
ਚਾਰੇ ਦਿਸ਼ਾਵਾਂ ਉਚਾਰਨ
ਨਾਮ ਸਵੈ ਦਾ ਨਿਤ
ਗਣ ਗੰਧਰਵ ਦੇਵਤੇ ਗਾਵਣ
ਗਾਵਣ
ਮਿੱਤਰ ਦੁਸ਼ਮਣ ਹੋਕੇ ਇਕ ਚਿੱਤ
-0-
ਸਾਧਿਕ ਸਿੱਧ ਜੀਵ ਜੰਤ
ਆਪਣਾ ਸਵੈ ਧਿਆਵਣ
ਪੰਛੀ ਰੁੱਖ ਦਰਿਆ ਜੰਗਲ
ਸਹਿਰਾ ਝੀਲਾਂ ਸਾਗਰ ਪਰਬਤ
ਨਿੱਜ ਦਾ ਸੱਚ ਦੋਹਰਾਵਣ
ਇਹੀ ਹੈ ਨਾਮ ਹਰੀ ਦਾ
ਸੱਚ ਸ਼ਾਂਤੀ ਨਿਰਭਉ ਨਿਰਵੈਰ
ਮਾਨਵ ਮੁਰੀਦ ਭਗਤ ਜਨ
ਨਾਮ ਦੀ ਮੰਗਦੇ ਖ਼ੈਰ
ਖ਼ੈਰ ਪਵੇ ਜਿਸ ਝੋਲੜੀ
ਉਹ ਮਾਨਵ ਉੱਚ ਸੱਚਿਆਰ
ਉਹ ਜਨਮ ਮਰਨ ਤੋਂ ਮੁਕਤ ਹੈ

ਉਹ ਜੋਤ ਨਿਰੰਜਨ ਸੋ ਉਂਕਾਰ
-0-
ਤੂੰ ਬੁਲ ਬੁਲਾ ਹੈ
ਕੋਈ ਸਾਗਰ ਦਰਿਆ ਨਹੀਂ
ਤੂੰ ਤੇਜ ਅੱਗਣ ਦਾ
ਹਵਾ ਦੀ ਨਿਰੰਤਰ ਗਤੀ ਦਾ ਸਾਹ ਨਹੀਂ ਹੈ
ਇਕ ਪਲ ਦੀ ਬਸ ਉਮੰਗ ਤੇਰੀ
ਸਦੀਆਂ ਵਾਂਗ ਅਥਾਹ ਨਹੀਂ ਹੈ
ਤੂੰ ਪਾਣੀ 'ਤੇ ਬੁਲ ਬੁਲਾ
ਤੂੰ ਕੋਈ ਖੁਦਾ ਨਹੀਂ ਹੈ
ਫਿਰ ਕਿਉਂ ਉਛਲ ਉਛਲ ਕੇ
ਕਿਨਾਰਿਆਂ ਤੋਂ ਬਾਹਰ ਹੈ ਆਉਂਦਾ
ਕੁੱਝ ਨਾ ਹੋਕੇ
ਸਭ ਕੁੱਝ ਹੋਣ ਦਾ ਭਰਮ ਹੈ ਪਾਉਂਦਾ
-0-
ਮੈਂ ਬੁਲ ਬੁਲਾ
ਪਰ ਜਲ ਤੋਂ ਉਚੇਰਾ ਹਾਂ
ਕੋਈ ਪਰਦਾ ਨਹੀਂ
ਜੋ ਵੀ ਹਾਂ ਬਸ ਤੇਰਾ ਹਾਂ
ਜਲ ਵਿਚ ਰਹਿ ਕੇ ਜਲ ਤੋਂ ਨਿਰਲੇਪ ਹਾਂ
ਹਵਾ ਦੀ ਬੁੱਕਲ ਵਿਚ ਰਹਿੰਦਾ ਹਮੇਸ਼ ਹਾਂ
ਹਵਾ ਪ੍ਰਾਣ ਹੈ ਦਾਤੇ ਦਾ ਵਰਦਾਨ ਹੈ
ਪ੍ਰਾਣ ਦੇ ਰੰਗ 'ਚ ਰੰਗਿਆ
ਦਾਤੇ ਦੇ ਕਰੀਬ ਹਾਂ ਖੁਸ਼ ਨਸੀਬ ਹਾਂ
-0-
ਦੁਨੀਆ ਦਾ ਜਲ
ਮਾਇਆ ਮੋਹ ਵਿਚ ਰੁੱਝਿਆ ਹੈ
ਜਲ ਨੂੰ ਆਪਣਾ ਆਪਾ
ਤੇ ਆਪਣਾ ਰੱਬ ਭੁਲਿਆ ਹੈ
ਜਲ ਜੀਵਨ ਦਾ ਲੋਭੀ ਹੈ
ਹੰਕਾਰ ਤੇ ਮਾਇਆ ਦਾ ਰੋਗੀ ਹੈ
ਮੈਂ ਜੀਵਨ ਦਾ ਲੋਭੀ ਨਹੀਂ

ਹੰਕਾਰ ਤੇ ਮਾਇਆ ਦਾ ਰੋਗੀ ਨਹੀਂ
ਦਾਤੇ ਦੀ ਬੁਲਾਵੇ ਦੀ ਸਦਾ ਉਡੀਕ ਹਾਂ ਕਰਦਾ
ਦਾਤੇ ਬਿਨ
ਮੈਂ ਜੀਂਦੇ ਜੀਅ ਹਾਂ ਮਰਦਾ
-0-
ਇਸ ਲਈ ਸੰਸਾਰ 'ਚ ਮੇਰਾ
ਪਲ ਦੀ ਪਲ ਵਸੇਰਾ ਹੈ
ਮਰਨ ਤੋਂ ਪਹਿਲਾਂ ਤੇ ਪਿੱਛੋਂ
ਦਾਤੇ ਦੇ ਚਰਨਾਂ ਵਿਚ ਹੀ ਮੇਰਾ ਡੇਰਾ ਹੈ
ਜਿਸ ਨੂੰ ਮੈਂ ਪਲ ਦੇ ਜੀਵਨ ਵਿਚ
ਸਦੀਆਂ ਤੀਕ ਜਿਉਂਦਾ ਹਾਂ
ਆਪਣਾ ਜੀਵਨ
ਉਸਦੀ ਰਜ਼ਾ ਵਿਚ ਲੰਘਾਉਂਦਾ ਹਾਂ
ਇਸ ਗੌਰਵ ਦਾ ਮੈਂ ਭਾਗੀ ਹਾਂ
ਪਲ ਦੀ ਉਮਰ ਹੈ ਮੇਰੀ
ਪਰ ਯੁਗਾਂ ਦਾ ਵੈਰਾਗੀ ਹਾਂ
ਈਸ਼ਵਰੀ ਪ੍ਰਾਪਤੀ ਇੱਛਾ ਹੈ ਮੇਰੀ
ਬੇਸ਼ਕ ਪਲ ਦੀ ਜ਼ਿੰਦਗੀ ਹੈ ਮੇਰੀ
-0-
ਹੇ ! ਮਨਾਂ
ਜੋਤ ਸਿਮਰ ਤੇ ਮੈਲ਼ਾ ਧੋਅ
ਆਪਣੇ ਆਪ ਨੂੰ ਨੀਵਾਂ ਸਮਝ
ਤੇ ਉੱਚਾ ਹੋ
-0-
ਤਾਂ ਕਿ ਜਾਣ ਸਕੇ
ਅਕਾਰ ਰਹਿਤ ਇਕਾਈ ਕੀ ਹੈ
ਜੋ ਕਣ ਕਣ ਵਿਚ ਸਮਾਈ ਕੀ ਹੈ
ਇਕਾਗਰ ਹੋਕੇ ਗੁਣ ਗਤੀ ਦੇ ਗਾਅ
ਮਸਤਕ ਵਿਚ ਜਗਦੀ ਜੋਤ ਤੇ
ਸਵਾਸਾਂ ਸੰਗ ਧਿਆਨ ਟਿਕਾ
ਜਾਣ ਸਕੇਗਾ ਸੱਚਾਈ ਕੀ ਹੈ
ਮਿਲਣ ਕੀ ਹੈ ਜੁਦਾਈ ਕੀ ਹੈ

-0-
ਖੁਲ ਜਾਵਣਗੀਆਂ ਸਭ ਗੰਢਾਂ
ਹੋ ਜਾਏਗਾ ਚਾਨਣ ਵਿਚ ਅੰਗਾਂ
ਸਰਦਲ 'ਤੇ ਸਰਗੁਣ ਰੂਪ ਜੋਤੀ ਦਾ
ਸਰਦਲ ਟੱਪਦਿਆਂ ਲੈਸੀ ਜੋਤੀ
ਨਿਰਗੁਣ ਰੂਪ ਵਟਾਅ
ਦੇਹੀ ਰਹਿਤ ਹੋਈ ਜੋਤੀ ਲੈਸੀ ਬ੍ਰਹਮ ਨੂੰ ਪਾਅ
ਜਾਣ ਜਾਏਗਾ
ਇਕਾਈ ਤੇ ਤਕਸੀਮ ਵਿਚ ਹੈ ਕੌਣ ਸਮਾਇਆ
ਆਪਣੀ ਬੁੱਕਲ ਵਿਚ ਹੈ
ਕਿਸ ਸੰਸਾਰ ਵਸਾਇਆ
-0-
ਇਕ ਮੁੱਠ ਅਰਥਾਂ ਦੀ
ਸ਼ਬਦਾਂ ਦੀ ਝੋਲੀ ਪਾਅ
ਮੈਂ ਕਮਲੀ ਦੇ ਅੰਦਰ ਵੀ
ਆਪਣੀ ਜੋਤ ਜਗਾਅ
-0-
ਮੇਰਾ ਬਿੰਦੂ ਅੰਤ ਰਹਿਤ
ਤੇਰਾ ਦਾਇਰਾ ਹੋ ਜਾਏ
ਮੇਰਾ ਚਿਹਰਾ ਤੇਰਾ ਚਿਹਰਾ ਹੋ ਜਾਏ
ਤੇਰੇ ਚੋਂ ਬਸ ਮੈਂ ਦਿਸਾਂ
ਮੇਰਾ ਜਲਵਾ ਤੇਰਾ ਜਲਵਾ ਹੋ ਜਾਏ
-0-
ਕਬੂਲ ਹੈ ਮੈਨੂੰ
ਦੁਨੀਆ ਦੀਆਂ ਸਭ ਰੁਸਵਾਈਆਂ
ਮੇਰੀਆਂ ਮੈਨੂੰ ਭਾਵੇਂ
ਮਾਰ ਮੁਕਾਣ ਜੁਦਾਈਆਂ
ਮੈਂ ਤੇਰੀ ਹੋ ਜਾਵਾਂ ਸਾਂਈਆ
ਮੈਂ ਖੁਸ਼ ਉੱਥੇ ਤੂੰ ਜਿੱਥੇ ਰਖਣਾ ਚਾਹੇ
ਤਖ਼ਤ ਬਿਠਾਏ ਤੇਰੀ ਮਰਜ਼ੀ
ਭੀਖ ਮੰਗਾਏ ਤੇਰੀ ਮਰਜ਼ੀ
ਮੇਰੀ ਮਰਜ਼ੀ ਕਾਈ ਨਾ ਸਾਂਈਆ

ਆਪਣਾ ਮਰਜ਼ੀ ਮਾਰ ਮੁਕਾਈ
ਜਦ ਤੇਰੇ ਨਾਲ ਲਾਈ
ਬਸ ਇਕ ਚਰਨੀਂ ਲਾਕੇ ਰੱਖੀਂ
ਕਦੀ ਨਾ ਕਰੀ ਪਰਾਈ
-0-
ਬਸ ਸਾਹਾਂ ਵਿਚ ਵਸਾ ਕੇ ਰੱਖੀ
ਮੇਰੀ ਦੇਹ ਮੈਲ਼ੀ 'ਤੇ ਨਾ ਜਾਈ
ਪਰਾਏ ਰੁੱਖ ਦੀ ਛਾਂਵੇ ਬਹਿਣਾ
ਨਾ ਉਹ ਦਿਨ ਵਿਖਾਈ
ਇਕ ਮੁੱਠ ਅਰਥਾਂ ਦੀ
ਸ਼ਬਦਾਂ ਦੀ ਝੋਲੀ ਪਾਈ
ਮੈਂ ਕਮਲੀ ਦੇ ਅੰਦਰ ਵੀ
ਆਪਣੀ ਜੋਤ ਜਗਾਈ
-0-
ਉਹ ਆਪ ਉਠਾਂਦਾ ਉਂਗਲੀ ਲਾਂਦਾ
ਆਪਣਾ ਜਲਵਾ ਆਪ ਵਿਖਾਂਦਾ
ਦੇਹ ਦਾ ਖੋਲ ਦੁਆਰ
ਆਪੇ ਵੇਖੇ ਆਪ ਵਿਖਾਵੇ
ਆਪੇ ਆਪਣਾ ਆਪ
ਲੱਖ ਯਤਨ ਕਰੇ ਕੋਈ ਚਾਹੇ
ਖੁੱਲ ਨਹੀਂ ਸਕਦਾ ਉਸਦਾ ਦੁਆਰ
ਮਾਨਵ ਮਨ ਵਿਚ ਵੈਰਾਗ ਦਾ ਦੀਵਾ
ਉਹੀ ਸਕਦਾ ਬਾਲ਼
ਆਤਮ ਮਿਲਣ ਦਾ ਬੰਦੇ ਵਿਚ
ਉਹ ਬੀਜੇ ਆਪ ਖਿਆਲ
ਉੱਠਦਾ ਹੈ ਫਿਰ ਮਾਨਵ ਲਹੂ ਚੋਂ
ਆਤਮ ਮਿਲਣ ਉਬਾਲ਼
ਪੁਨਰ ਜਨਮ ਮਾਨਵ ਦਾ ਹੋਵੇ
ਬੁਝਿਆ ਜਗੇ ਚਿਰਾਗ
-0-
ਤੇਰੇ ਲਈ ਕਤਾਰ 'ਚ ਲਗਣਾ
ਉਡੀਕਣਾ ਅਤੀ ਜ਼ਰੂਰੀ ਹੈ

ਫਿਰ ਮਿਟਦੀ ਤੇਰੇ ਤੇ ਮਾਨਵ ਵਿਚਲੀ ਦੂਰੀ ਹੈ
-0-
ਹਰ ਸਵਾਸ ਜੀਵਨ ਮੋਹ ਤਿਆਗ ਕੇ ਲੈਣਾ
ਸੁਖ ਦੁਖ ਵਿਚ ਇਕ ਬਰਾਬਰ ਰਹਿਣਾ
ਧੁੱਪਾਂ ਛਾਂਵਾਂ ਕੰਕਰਾਂ ਤਾਂਈ ਨੰਗੇ ਪਿੰਡੇ ਸਹਿਣਾ
ਸੀ ਨਾ ਕਰਨੀ ਭਾਣਾ ਮੰਨਣਾ ਤੇ ਰਜ਼ਾ ਵਿਚ ਵਹਿਣਾ
ਫਿਰ ਮਿਟਦੀ ਤੇਰੇ ਤੇ ਮਾਨਵ ਵਿਚਲੀ ਦੂਰੀ
ਤੇਰੇ ਲਈ ਕਤਾਰ 'ਚ ਲਗਣਾ ਉਡੀਕਣਾ ਅਤੀ ਜ਼ਰੂਰੀ
-0-
ਦੇਹ ਲਈ ਹਵਾ ਦਾ ਸੇਵਨ ਕਰਨਾ
ਭਿੱਜਣ ਲਈ ਸਿਰ ਬੱਦਲ ਪੈਰੀਂ ਧਰਨਾ
ਉਸਦਾ ਪਾਣੀ ਭਰਨਾ
ਰਹਿਮਤ ਦੀ ਘੜੀ ਤਕ ਹੀ ਜੀਣਾ ਤੇ ਮਰਨਾ
ਮਾਨਵ ਦਾ ਇਹੀ ਧਰਮ
ਨਿਸ਼ਕਾਮ ਕਰਮ ਹੈ
ਇਸ 'ਤੇ ਪਹਿਰਾ ਦਿੰਦੇ ਰਹਿਣਾ
ਉਸ ਦਾ ਅਦਬ ਜ਼ਰੂਰੀ ਹੈ
ਉਹ ਪ੍ਰਤਖ ਹੋਵੇ ਨਾ ਹੋਵੇ ਉਸ ਦੀ ਮਰਜ਼ੀ
ਤੇਰੇ ਲਈ ਉਡੀਕ 'ਚ ਰਹਿਣਾ ਅਤੀ ਜ਼ਰੂਰੀ ਹੈ
-0-
ਸਭਨਾਂ ਜੀਆ ਦਾ ਉਹ ਦਾਤਾ
ਨੇੜੇ ਹੁੰਦਿਆਂ ਦੂਰ ਵਿਖਾਤਾ
ਕਾਲਖ ਵਿਚ ਉਹ ਕਾਲਖ
ਨੂਰ ਵਿਚ ਉਹ ਨੂਰ
ਮਾਨਵ ਭਾਵੇਂ ਦੂਰ ਹੈ ਉਸ ਤੋਂ
ਨਹੀਂ ਉਹ ਮਾਨਵ ਤੋਂ ਦੂਰ
-0-
ਤਿਲਕ ਲਗਾ
ਲੱਖ ਤੀਰਥ ਨਹਾਅ
ਲੱਖ ਸਿਮਰ ਬੁਲਾ
ਪੂਜਾ ਕਰ ਲੱਖ ਨਾਮ ਦ੍ਰਿੜਾਅ
ਕੁੱਝ ਨਹੀਂ ਹੋਣਾ ਜੇ ਅੰਦਰ ਨਹੀਂ ਧੋਣਾ

ਫਿਰ ਹੀ ਉਸ ਨੇ ਚਾਹੁਣਾ
-0-
ਉਸ ਦੀ ਸੇਵਾ ਪ੍ਰਾਪਤੀ ਲਈ
ਵਿਸ਼ਵ ਖੜਾ ਹੈ ਉਸ ਦੇ ਦੁਆਰ
ਜਿਸ ਚਾਹੇ
ਉਸਨੂੰ ਮਿਲਸੀ ਉਸ ਦੀ ਦਾਤ
ਸਬਰ ਕਰ
ਵੇਖ ਕਦ ਪਸੀਜਦਾ ਹੈ ਉਹ
ਤੇਰੀ ਸ਼ਰਧਾ ਵਿਸ਼ਵਾਸ ਪ੍ਰੇਮ ਤੇ
ਕਦ ਰੀਝਦਾ ਹੈ ਉਹ
-0-
ਉਹ ਸੱਚ ਹੈ
ਜੋ ਸ਼ੀਸ਼ਾ ਚਿਹਰੇ ਨੂੰ ਵਿਖਾਉਂਦਾ ਹੈ
ਸੱਚ ਉਹ ਨਹੀਂ
ਜੋ ਚਿਹਰੇ ਨੂੰ ਸ਼ੀਸ਼ੇ ਚੋਂ ਨਜ਼ਰੀਂ ਆਉਂਦਾ ਹੈ
ਸ਼ੀਸ਼ੇ ਦਾ ਸੱਚ ਚਿਹਰਾ ਤੱਕਣਾ ਨਹੀਂ ਚਾਹੁੰਦਾ
ਸੁਣਨਾ ਨਹੀਂ ਚਾਹੁੰਦਾ
ਆਪਾ ਛਾਣਨਾ ਪੁਣਨਾ ਨਹੀਂ ਚਾਹੁੰਦਾ
ਇਸ ਲਈ ਭਰਿਸ਼ਟ ਹੈ
ਸਾਫ਼ ਸ਼ੀਸ਼ੇ ਵਿਚ ਚਿਹਰੇ ਦਾ ਨਹੀਂ
ਰੂਹ ਦਾ ਮੈਲ਼ਾ ਦਰਿਸ਼ਟ ਹੈ
-0-
ਸ਼ੀਸ਼ਾ ਰੂਹ ਦਾ ਮੈਲ਼ਾ ਦੱਸਦਾ ਹੈ
ਧੋਅ ਨਹੀਂ ਸਕਦਾ
ਚਿਹਰਾ ਰੂਹ ਦਾ ਹੁੰਦਾ ਹੈ
ਸ਼ੀਸ਼ਾ ਰੂਹ ਦਾ ਹੋ ਨਹੀਂ ਸਕਦਾ
ਰੂਹ ਚਿਹਰੇ ਦਾ ਨਿਵਾਸ ਹੈ
ਸ਼ੀਸ਼ਾ ਬੇਘਰਾ ਅਹਿਸਾਸ ਹੈ
ਨਾ ਸ਼ੀਸ਼ਾ ਘਰ ਹੁੰਦਾ ਹੈ
ਨਾ ਚਿਹਰਾ ਬੇਘਰ ਹੁੰਦਾ ਹੈ
ਨੀਤ ਦੋਹਾਂ ਦੀ ਇਕੋ ਹੈ
ਪਰ ਵੱਖਰਾ ਵੱਖਰਾ ਦਰ ਹੁੰਦਾ ਹੈ

-0-
ਬੇਘਰੇ 'ਚ ਘਰ ਦਾ ਅਹਿਸਾਸ ਹੈ
ਘਰਾ ਘਰ ਦੇ ਅਹਿਸਾਸ ਤੋਂ ਬੇਅਹਿਸਾਸ ਹੈ
ਬੇਘਰਾ ਘਰੇ ਦਾ ਅਗੇਰਾ ਕਦਮ ਹੈ
ਬੇਘਰੇ ਨੂੰ ਆਤਮਾ ਪਰਮਾਤਮਾ ਦੀ
ਖ਼ਬਰ ਹੈ
ਘਰੇ ਨੂੰ ਨਾ ਘਰ ਦੀ
ਨਾ ਆਪਣੀ ਸਾਰ ਹੈ
ਘਰਾ ਨਾ ਖੁਲਾ ਨਾ ਬੰਦ ਦੁਆਰ ਹੈ
ਘਰ ਕੀ ਹੁੰਦੈ
ਅੰਦਰ ਵੱਲ ਖੁਲਦਾ ਦਰ ਕੀ ਹੁੰਦੈ
ਘਰਾ ਕੀ ਜਾਣੈ
ਘਰਾ ਨਾ ਆਪਣਾ ਆਪ ਪਛਾਣੈ
ਘਰਾ ਜੇ ਬੇਘਰ ਹੁੰਦਾ
ਬੂੰਦ ਨਾ ਹੁੰਦਾ ਸਰ ਹੁੰਦਾ
-0-
ਗੁਰੂ ਅਕਾਸ਼ ਦਾ ਅਕਾਸ਼
ਜਿਸ ਸਿਮਰਿਆ ਨਜ਼ਰੀਂ ਆਵੇ
ਬ੍ਰਹਿਮੰਡਾਂ ਦਾ ਪ੍ਰਕਾਸ਼
ਜ਼ਰੇ ਜ਼ਰੇ ਵਿਚ ਜੋ ਰੌਸ਼ਨ
ਜਿਸ ਦਾ ਨੂਰ ਮਹਿਕ ਸਵੈ ਦੀ
ਜਿਸਦਾ ਸ਼ਬਦ ਸਰਿਸ਼ਟੀ ਦਾ ਆਦਿ
ਜਿਸ ਦੀ ਗਤੀ ਚਾਲ ਸਮੇਂ ਦੀ
ਰੂਪ ਰੰਗ ਜਿਹਦਾ ਰੱਬੀ ਨੁਹਾਰ
ਪ੍ਰਭਾਤ ਜਿਹੀ ਊਰਜਾ ਜਿਸ ਦੀ
ਤੇਜ ਸੂਰਜ ਦਾ ਜਿਸ ਦਾ ਪ੍ਰਕਾਸ਼
ਗੁਰੂ ਸ਼ਬਦ ਸਿਮਰ ਮਨ ਮੇਰੇ
ਜੋ ਹੈ ਤੇਰੇ ਪ੍ਰਾਣ
ਗੁਰੂ ਬਿਨ੍ਹਾਂ ਤੂੰ ਮਿੱਟੀ ਬਿਨ ਜਾਨ
-0-
ਇਕੱਲੇ ਆਇਆ
ਇਕੱਲੇ ਜਾਣਾ ਇਹ ਇਕੋ ਹੈ ਸੱਚ

ਸੱਚ ਜਾਣਦਿਆਂ ਹੋਇਆ ਵੀ
ਮਾਰ ਲਈ ਤੂੰ ਮਤਿ
ਅਜੇ ਵੀ ਵਕਤ ਹੈ ਸੰਭਲ ਜਾਅ
ਲੈ ਆਤਮ ਦਾ ਨਾਮ
ਇਹ ਜੀਵਨ ਮੁੜ ਨਹੀਂ ਮਿਲਣਾ
ਸੁਬ੍ਹਾ ਤੋਂ ਹੋ ਗਈ ਸ਼ਾਮ
-0-
ਆਪਣੀ ਪ੍ਰਾਪਤੀ ਲਈ ਮਨੁੱਖ ਨੂੰ
ਮਨ ਤੂੰ ਜੋਤ ਸਰੂਪ ਹੋਣਾ ਪਏਗਾ
ਨਹੀਂ ਤਾਂ ਆਪਣਾ ਸੱਚ ਗੁਆਕੇ
ਉਮਰਾਂ ਲਈ ਪਛਤਾਉਣਾ ਪਏਗਾ
ਇਹ ਕੋਈ ਬੁਰਕਾ ਨਹੀਂ
ਜੋ ਕੱਟ ਵੱਢ ਕੇ ਕਰ ਲਿਆ ਜਾਏ ਮੇਚ
ਇਹ ਵਿਸ਼ਵ ਸੱਚ ਹੈ
ਸੱਚ ਹੀ ਰਹਿਣਾ ਹੈ ਹਮੇਸ਼
ਇਹ ਨਾ ਘੱਟਦਾ ਇਹ ਨਾ ਵੱਧਦਾ
ਜਿਸ ਨੂੰ ਚਾਅ ਹੈ
ਉਸ ਬਰਾਬਰ ਆਪਣਾ ਆਪਾ ਕਰਦਾ
ਇਹ ਇਕਾਈ ਵਿਚ ਵਭਿੰਨਤਾ
ਵਭਿੰਨਤਾ ਵਿਚ ਇਕਾਈ
ਕੁਲ ਬ੍ਰਹਿਮੰਡ ਦੀ ਸਮੱਗਰੀ ਵਿਚ
ਇਹ ਹੀ ਜੋਤ ਸਮਾਈ
-0-
ਇਹ ਖੋਜੀ ਨਾਲੋਂ ਵੱਡ ਅਕਾਰੀ
ਤੇ ਸ਼ਕਤੀਸ਼ਾਲੀ ਹੈ
ਖੋਜੀ ਨਾ ਭਰਿਆ ਨਾ ਖਾਲੀ ਹੈ
ਉਹ ਖਾਲੀ ਵੀ ਭਰਿਆ
ਭਰਿਆ ਵੀ ਖਾਲੀ ਹੈ
ਖੋਜੀ ਹੈ ਬਸ ਆਪਣੇ ਆਪ ਦਾ
ਉਹ ਅਨੇਕਾਂ ਬ੍ਰਹਿਮੰਡਾਂ ਖੰਡਾਂ ਦਾ ਪਾਲ਼ੀ ਹੈ
-0-
ਆਪਣੀ ਜੋਤ

ਉਸ ਹਰ ਥਾਂ ਬਾਲੀ ਹੈ
ਉਸ ਦੀ ਵਡਿਆਈ
ਈਸ਼ਵਰ ਤੇ ਮਾਨਵ ਦਾ ਮੇਲ ਹੈ
ਇਕੋ ਸਮੇਂ ਦਾ ਖੇਲ ਹੈ
ਜੇ ਉਹ ਚਾਹੁੰਦਾ ਹੈ
ਤਾਂ ਮਾਨਵ ਉਸ ਦੀ ਆਰਤੀ ਗਾਉਂਦਾ ਹੈ
ਮਾਨਵ ਉਸਦੀ ਦਯਾ ਦ੍ਰਿਸ਼ਟੀ ਪਾਉਂਦਾ ਹੈ
ਉਹ ਸਦਾ ਹੀ ਮਾਨਵ ਦਾ ਹੈ
ਮਾਨਵ ਉਸ ਨੂੰ ਜਾਣੇ ਨਾ ਜਾਣੇ
ਇਹ ਉਸਦਾ ਨਹੀਂ ਮਾਨਵ ਦਾ ਪਰਦਾ ਹੈ
ਮਾਨਵ ਉਸ ਵਿਚ ਹੀ ਵਸਦਾ ਹੈ
ਉਹ ਮਾਨਵ ਦੇ ਅੰਦਰ ਬਾਹਰ ਵਿਚਰਦਾ ਹੈ
-0-
ਹੇ ! ਅਕਾਰ ਚਿੱਤਵਨਾ
ਆਪਾ ਸਿਮਰ ਤੇ ਗਾਅ
ਆਪਣੀ ਜੋਤ ਚੋਂ ਆਪਣਾ ਸੱਚ ਪ੍ਰਗਟਾਅ
ਸਬਰ ਸੰਤੋਖ
ਸੱਚ ਕਲਿਆਣ ਸੁੰਦਰਤਾ
ਆਪੇ ਵਿਚੋਂ ਪਾਅ
-0-
ਕਾਇਆ ਕਲਪ ਹੋਵੇਗੀ ਤੇਰੀ
ਜਦ ਤੂੰ ਟੁਰਿਆ ਅੰਦਰਲੇ ਰਾਹ
ਹੋਸੀ ਦਯਾ ਦੀ ਲੋਅ ਮੱਥੇ
ਮਨ ਵਿਚ ਸਬਰ ਅਥਾਹ
ਭੁੱਲ ਜਾਸੀ ਤੈਨੂੰ ਤੇਰਾ ਸਭ ਕੁੱਝ
ਜਦ ਉਹ ਵਸਿਆ ਚਿੱਤ ਆ
ਤ੍ਰਿਸ਼ਨਾਂ ਮਿਟਸੀ
ਸੱਚ ਦਾ ਹੋਸੀ ਪ੍ਰਕਾਸ਼
ਸੁੰਦਰਤਾ ਕਲਿਆਣ ਦਾ ਹੋਸੀ
ਲਹੂ ਤੇਰੇ ਵਿਚ ਵਾਸ
-0-
ਇਹ ਸਭ ਦਾਤਾਂ

ਉਸ ਦਰ ਤੋਂ ਮਿਲਸਣ
ਦਿਲ ਦੇ ਵਿਹੜੇ
ਖੁਸ਼ੀਆਂ ਦੇ ਫੁੱਲ ਖਿੜਸਣ
ਵਾਗ ਫੜਾ ਹੱਥ ਉਸਦੇ
ਜੋ ਜਗਤ ਚਲਾਵਣਹਾਰ
ਉਸ ਤੋਂ ਬਿਨ੍ਹਾਂ ਨਾ ਕੋਈ ਤੇਰਾ
ਕੂੜਾ ਸਭ ਸੰਸਾਰ
-0-
ਰੱਥਵਾਨ ਬਣਾ ਉਸਨੂੰ ਆਪਣਾ
ਗੁਣਾਂ ਦਾ ਹੰਕਾਰ ਕਰੇ
ਔਗੁਣ ਦੀ ਵਿਖਆਣ
ਤਾਂ ਹੀ ਸ਼ੋਭਾ ਖਟਸੀ
ਦਰਗਾਹੇ ਪਾਸੀ ਮਾਨ
-0-
ਆਪਣੇ ਆਪ ਨੂੰ ਸਿਆਣਾ ਸਮਝੇ
ਕਰਮ ਕਰੇ ਕੁੜਿਆਰ
ਹੱਕ ਪਰਾਇਆ ਮਾਰਕੇ
ਖੁਦ ਨੂੰ ਕਹੇ ਸਚਿਆਰ
-0-
ਅੰਬਰ ਕੱਛੇ ਮਾਰਿਆ
ਧਰਤੀ ਤਲੀਏ ਲਈ ਉਠਾ
ਥਲ ਸਾਗਰ ਸਭ ਸੀਕ ਲਏ
ਰੁੱਖ ਜੰਗਲ ਲਏ ਖਾਹ
ਧੰਨ ਵਡਿਆਈਆਂ ਤੇਰੀਆਂ
ਤੇ ਧੰਨ ਨੂੰ ਆਪ
ਭੇਸ ਬਣਾ ਕੇ ਸੱਚ ਦਾ, ਕਰੇ ਝੂਠ ਦਾ ਜਾਪ
ਤੇਰਾ ਸਰਮਾਇਆ ਨਫ਼ਰਤ ਇਰਖਾ
ਸ਼ਵਿਹਤ ਗੁੱਸਾ ਵਿਹਵਾਰ
ਅਨੁਰਾਗ ਸੰਪਤੀ ਤੇ ਲਾਲਚ
ਤੇਰੇ ਜੀਵਨ ਆਧਾਰ
ਅੰਤ ਨੂੰ ਮਿੱਟੀ ਹੋਵਣਾ ਕਾਹਦਾ ਕਰੇ ਅਭਿਮਾਨ
ਮਹਿਲ ਮਾੜ੍ਹੀਆਂ ਧਨ ਦੌਲਤਾਂ

ਸਭ ਨੇ ਚੱਲਣਹਾਰ
-0-
ਇਕ ਸ਼ਬਦ ਹੈ
ਜੋ ਲੈ ਜਾਸੀ ਉਸ ਦੁਆਰ
ਜਿੱਥੇ ਨਾ ਮੌਸਮ ਰੁੱਤਾਂ ਪਤਝੜ
ਜਿੱਥੇ ਸਦਾ ਲਈ ਬਹਾਰ
ਜਿੱਥੇ ਨਾ ਉਪਜਣ ਬਿਨਸਨ
ਜਿੱਥੇ ਵਸੇ ਉਹ ਨਿਰੰਕਾਰ
ਜੇ ਸ਼ਬਦ ਤੇਰਾ ਰਥਵਾਨ ਹੈ
ਤੈਨੂੰ ਦੇਸੀ ਸੱਚ ਵਿਖਾਲ
-0-
ਅਸੀਂ ਅਰਥ ਵਿਹੂਣੇ ਸ਼ਬਦ
ਸ਼ਬਦ ਵਿਹੂਣੇ ਅਰਥ
ਤੂੰ ਸੂਰਜ ਦਾ ਤੇਜ
ਅਸੀਂ ਦੇਹ ਦੇ ਚੁੱਲ੍ਹੇ ਸਰਦ
-0-
ਕਿੰਨ੍ਹਾ ਚਿਰ ਸਾਡੀ ਪੈਂਤੀ ਅੱਖ਼ਰੀ
ਤੇਰੇ ਅਰਥ ਦਾ ਭਰਮ ਜਿਉਂਦੀ ਰਹੇਗੀ
ਤੇਰੇ ਸੱਚ ਦੀ ਕਲਪਣਾ ਦਾ
ਸੰਕਲਪ ਹੰਢਾਉਂਦੀ ਰਹੇਗੀ
ਕਿੰਨ੍ਹਾ ਚਿਰ ਅਰਥ ਲਈ ਸ਼ਬਦ ਕੋਈ
ਜੂੰਨਾਂ ਦੀ ਪ੍ਰਕਰਮਾ ਕਰਦਾ ਰਹੇਗਾ
ਕਿੰਨ੍ਹਾ ਚਿਰ ਦਿਸ-ਅਦਿਸ ਦਾ ਪਾਣੀ
ਭਰਦਾ ਰਹੇਗਾ
ਕਿੰਨ੍ਹਾ ਚਿਰ ਸੰਕਲਪ ਦੀ ਪੂਜਾ ਕਰਦਾ ਰਹੇਗਾ ਕੋਈ
ਕਿੰਨ੍ਹਾ ਚਿਰ ਭਰਮ ਦੀ ਸੂਲ਼ੀ
ਚੜ੍ਹਦਾ ਰਹੇਗਾ ਕੋਈ
ਸ਼ਬਦ ਇਹ ਜਾਣਨਾ ਚਾਹੁੰਦੇ ਹਨ
ਅਰਥਾਂ ਲਈ
ਦਰ ਦਰ ਜੋ ਭਾਉਂਦੇ ਹਨ
ਪਰ ਅਰਥਾਂ ਦੀ ਪੈੜ ਨਹੀਂ ਮਿਲਦੀ
ਸ਼ਬਦਾਂ ਨੂੰ

ਅਰਥਾਂ ਦੀ ਬਹਿਰ ਨਹੀਂ ਮਿਲਦੀ
-0-
ਸੂਰਜ ਢਲੇ
ਜਦ ਦੀਵੇ ਜਗਦੇ ਹਨ
ਆਪਣੇ ਘਰੀਂ ਸ਼ਬਦ ਪਰਤਦੇ ਹਨ
ਅਰਥ ਦੇ ਸੁਫ਼ਨੇ ਲਈ
ਸਾਰੀ ਰਾਤ ਤੜਪਦੇ ਹਨ
ਸੂਰਜ ਚੜੇ ਕੋਈ ਕਿਰਨ ਵੀ
ਉਨ੍ਹਾਂ ਦਾ ਦਰ ਨਹੀਂ ਖੜਕਾਉਂਦੀ
ਅਰਥਾਂ ਦੀ ਉਡੀਕ 'ਚ
ਸ਼ਬਦਾਂ ਨੂੰ
ਅਗਲੀ ਰਾਤ ਵੀ ਨੀਂਦ ਨਹੀਂ ਆਉਂਦੀ
ਸੁਬਾਹ ਜਦ ਦੀਵੇ ਬੁਝਦੇ ਹਨ
ਅਰਥਾਂ ਦੀ ਤਲਾਸ਼ 'ਚ
ਫਿਰ ਸ਼ਬਦ ਨਿਕਲਦੇ ਹਨ
ਜਨਮ ਗੁਜ਼ਰਦਾ ਹੈ
ਅਰਥਾਂ ਨੂੰ ਲੱਭਦੇ
ਪਿਆਸ ਨਾ ਬੁਝੀ ਭਰੀ ਨਾ ਗਾਗਰ
ਪਿਆਸੀ ਬੂੰਦ ਪਿਆਸਾ ਸਾਗਰ
-0-
ਉਹ ਤੇਰਾ ਹੋ ਜਾਏਗਾ
ਤੇਰਾ ਪੂਰਨ ਹੋਸੀ ਹੱਜ
ਫਿਰ ਕਰੀ ਦੀਦਾਰੇ ਦਿਲ ਖੋਲ ਕੇ
ਲੁੱਟੀਂ ਬੁੱਲ੍ਹੇ ਰੱਜ
ਆਪਣੇ ਤੇ ਫ਼ਤਹਿ ਪਾਉਣ ਦਾ
ਤੈਨੂੰ ਆ ਜਾਸੀ ਫਿਰ ਬਲ
-0-
ਆਤਮ
ਪਤਾ ਨਹੀਂ ਤੂੰ ਕੀ ਹੈ ਕੌਣ ਹੈ
ਤੈਨੂੰ ਡਿੱਠਾ ਨਹੀਂ
ਬਸ ਪੜ੍ਹਿਆ ਤੇ ਸੁਣਿਆ ਹੈ
ਕਲਪਣਾ 'ਚ ਤੇਰਾ ਰੰਗ ਰੂਪ

ਚਿਹਰਾ ਬੁਣਿਆ ਹੈ
ਸਾਡੇ ਵਰਗੇ ਕਈ
ਤੇਰੀ ਖ਼ਾਤਿਰ ਸਿਰ ਤਲ਼ੀ 'ਤੇ ਧਰਦੇ ਹਨ
ਸਭ ਕੁਝ ਆਪਣਾ ਤੈਨੂੰ ਅਰਪਣ ਕਰਦੇ ਹਨ
ਤੇਰੇ ਗੁਣਾਂ ਦੀ ਮਹਿਮਾ ਗਾਉਂਦੇ ਹਨ
ਤੈਨੂੰ ਆਪਣਾ ਤੇਰੇ ਆਪਣੇ ਅਖਵਾਉਂਦੇ ਹਨ
-0-
ਆਖਦੇ ਹਨ
ਤੂੰ ਜ਼ਰੇ ਜ਼ਰੇ ਵਿਚ ਵਸਦਾ ਹੈ
ਹੋਰਾਂ ਨੂੰ ਨਹੀਂ ਬਸ ਉਨ੍ਹਾਂ ਨੂੰ ਹੀ ਦਿਸਦਾ ਹੈ
ਤੂੰ ਉਨ੍ਹਾਂ ਦਾ ਉਹ ਤੇਰੇ ਨੇ
ਜੋ ਨਹੀਂ ਤੇਰੇ ਉਹ ਕਿਹੜੇ ਨੇ
ਆਪਣਾ ਆਪਣਾ ਵਿਚਾਰ ਹੈ ਆਤਮ
ਤੇਰਾ ਸਭ ਸੰਸਾਰ ਹੈ ਆਤਮ
-0-
ਹੇ ! ਮਨਾਂ
ਆਪਣੇ ਅੰਦਰਲੇ ਜਾਨਵਰ ਦਾ
ਕਰ ਕਲਿਆਣ
ਜੋ ਦਿਨ ਰਾਤ ਫੁੰਕਾਰੇ ਮਾਰਦਾ
ਚੁਕ ਕੁੱਛੜ ਧਰਤ ਅਸਮਾਨ
ਪੈਰ ਟਿਕਾ ਤੇਰੀ ਹਿੱਕ ਤੇ
ਨਿਤ ਬੀਜੇ ਸਮਸ਼ਾਨ
ਜੋ ਵਗਦਾ ਵਾਂਗ ਹਨੇਰੀਆਂ
ਤੇ ਉੱਠਦਾ ਵਾਂਗ ਤੁਫ਼ਾਨ
ਜਿਹਦਾ ਸੌ ਸਿਰਾਂ ਦਾ ਧੜ ਹੈ
ਤੇ ਰਾਵਨ ਜਿਸ ਦਾ ਨਾਮ
ਕਾਠੀ ਪਾਅ ਇਸ ਦੈਂਤ ਤੇ
ਮੂੰਹ ਵਿਚ ਦੇ ਲਗਾਮ
ਫ਼ਤਹਿ ਪਾਏ ਜੇ ਉਸ ਤੇ
ਸਮਝੀ ਫ਼ਤਹਿ ਜਹਾਨ
-0-
ਜਦ ਇਹ ਜਾਨਵਰ ਮਰ ਗਿਆ

ਤੂੰ ਹੋਸੀ ਆਪਣੇ ਵਸ
ਫਿਰ ਜੋਤ ਜਗਾਕੇ ਸਵੈ ਦੀ
ਗਾਵੀ ਉਸ ਦਾ ਜੱਸ
ਫਿਰ ਮਾਣੀ ਖੁਸ਼ੀਆਂ ਰੱਜ ਕੇ
ਹੋ ਆਪੇ ਦੇ ਵੱਸ
ਰੁੱਖ ਨੇ ਬੀਜ ਚੋਂ ਕੀ ਉੱਗਣਾ
ਜੋ ਬੀਜ ਸੰਗ ਨਹੀਂ ਪ੍ਰੀਤ
ਜੋ ਰੁੱਖ ਆਪਣੀ ਕੁੱਖ ਹੀ ਭੁਲਾ
ਫਲ ਫੁੱਲ ਪੱਤੀਆਂ ਨਹੀਂ ਉਸਦੇ ਮੀਤ
-0-
ਫਲ ਫੁੱਲ ਪੱਤੀਆਂ
ਕੀ ਰੁੱਖ ਦਾ ਸਾਥ ਨਿਭਾਉਣਾ
ਰੁੱਖ ਨੇ ਜਦ ਆਪਣੀ ਜੜ੍ਹ ਨੂੰ
ਨਹੀਂ ਗਲ ਨਾਲ ਲਾਉਣਾ
ਰੁੱਖ ਦੇ ਫਲਾਂ ਵੀ ਰੁੱਖ ਨੂੰ ਭੁੱਲਣਾ
ਸ਼ੀਸ਼ੇ ਚੋਂ ਚਿਹਰਾ ਨਜ਼ਰ ਨਹੀਂ ਆਉਣਾ
-0-
ਜੋ ਆਪਣੇ ਮੂਲ ਦੇ ਨਹੀਂ ਕਰੀਬ
ਉਸ ਦੀ ਛਾਂਵੇ ਕੋਈ ਕੀ ਬਹਿਗਾ
ਜੋ ਅੰਦਰੋਂ ਨਹੀਂ ਪੁਨੀਤ
ਵੇਖਿਆ ਸੁਣਿਆ ਉਸਦਾ ਸਭ ਹੈ ਭਰਮ
ਵਿਚਰਨ ਵਾਦ ਵਿਵਾਦ ਵਸੇਬਾ
ਸਭ ਝੂਠੇ ਉਸ ਦੇ ਕਾਰਜ ਕਰਮ
ਉਸ ਦੇ ਫਲ ਉਸ ਨੂੰ ਮੂੰਹ ਨਹੀਂ ਲਾਉਂਦੇ
ਨਾ ਉਸ ਦਾ ਵਿਸਥਾਰ ਕਹਾਉਂਦੇ
-0-
ਗੁਰਾਂ ਇਕ ਦੇਹ ਬੁਝਾਈ
ਸਭਨਾਂ ਜੀਆਂ ਕਾ ਇਕ ਦਾਤਾ
ਸੋ ਮੈਂ ਵਿਸਰ ਨਾ ਜਾਈ
ਜਿਸ ਨੂੰ ਘੱਲਣ ਵਾਲਾ ਯਾਦ ਨਹੀਂ
ਉਸਦਾ ਦੁਨੀਆ ਵਿਚ ਆਉਣਾ ਕਿਹੜੇ ਕੰਮ
ਜਿਹੜਾ ਆਪਣੇ ਮੂਲ ਨੂੰ ਭੁਲਿਆ

ਉਹਦਾ ਕਿਸ ਕੰਮ ਆਇਆ ਚੰਮ
-0-
ਹੇ ਅਸਤਿਤਵ ਤੂੰ
ਮੈਨੂੰ ਕਦੀ ਨਜ਼ਰ ਆ
ਆਪਣੇ ਨੂਰ ਦੀ ਝਲਕ ਵਿਖਾ
ਤਰਸ ਗਏ ਨੇ ਨੈਣ ਨਿਮਾਣੇ
ਹੁਣ ਤੇ ਮੁਖ ਤੋਂ ਪਰਦਾ ਲਾਹ
-0-
ਮੈਂ ਡਿੱਠਾ ਨਹੀਂ
ਫਿਰ ਵੀ ਅਜੀਬ ਖਿੱਚ ਹੈ ਤੇਰੀ
ਦੇਹੀ ਵਿਚੋਂ ਉੱਠਦੀ
ਜਿਸ ਦੀ ਖੁਸ਼ਬੂ ਤੇਰੀ ਲਗਦੀ ਹੈ
ਤਨ ਮਨ ਸੁੱਚਾ ਕਰਦੀ
ਤੇਰਾ ਬ੍ਰਿਹਾ ਲਹੂ 'ਚ ਧਰਦੀ
ਤੇਰਾ ਪ੍ਰਛਾਵਾਂ ਫੜਦੀ
-0-
ਤੇਰੇ ਵੈਰਾਗ 'ਚ
ਸਿਰ ਤੋਂ ਪੈਰਾਂ ਤਕ ਰੰਗਿਆ ਜਾਂਦਾ ਹਾਂ
ਪ੍ਰੇਮ ਦੀ ਸੂਲ਼ੀ ਟੰਗਿਆ ਜਾਂਦਾ ਹਾਂ
ਦਿਲ ਚਾਹੁੰਦਾ ਹੈ ਮਰਨ ਤੋਂ ਪਹਿਲਾਂ
ਇਕ ਵਾਰੀ ਤੇਰੀ ਝਲਕ ਵੇਖਲਾਂ
ਆਪਣੇ ਆਪ ਨੂੰ
ਇਸ ਦੁਨੀਆ ਤੋਂ
ਫਿਰ ਹੀ ਅਲਵਿਦਾ ਆਖਾ
ਕਰਜ਼ ਜਨਮ ਦਾ ਸਿਰ ਤੋਂ ਲਾਹ ਕੇ
ਆਪਣੇ ਆਪ 'ਚ ਸੁਰਖਰੂ ਜਾਪਾ
ਇੰਨ੍ਹੀ ਮਿਹਰ ਕਰਦੇ
ਦਿਲ ਦੀ ਇੱਛਾ ਤਲ਼ੀਏ
ਆਪਣਾ ਜਲਵਾ ਧਰਦੇ
-0-
ਮੰਦਿਰ ਵਿਚ ਜਗੇ
ਇਕ ਨਿਰੰਤਰ ਨੂਰ

ਸੱਚ ਜਿਹਦਾ ਹੈ ਪਰਮ ਆਤਮਾ
ਮਿੱਟੀ ਦੇਹ ਹੈ ਜਿਸ ਦਾ ਕਲਬੂਤ
ਆਬਸ਼ਾਰ ਇਹ ਸਦਾ ਸਲਾਮਤ
ਪਰ ਦੇਹ ਬਿਨਸਨਹਾਰ
ਕਿੰਜ ਹੋਏ ਇਸ ਦੇਹ ਦੀ ਮੁਕਤੀ
ਖਮੀਰ ਜਿਹਦਾ ਵਿਕਾਰ
ਜਿਸ ਦੇ ਲਹੂ 'ਚ ਲਾਲਚ ਗਿੜਦਾ
ਮੱਥੇ ਜਗੇ ਹੰਕਾਰ
ਹੱਥ ਹੋਵੇ ਜਦ ਉਸ ਦਾ ਸਿਰ ਤੇ
ਤਾਂ ਦੇਹ ਪਵਿੱਤਰ ਹੋਏ
ਉਸ ਦੀ ਨਜ਼ਰ ਸਵੱਲੀ ਬਿੰਨ
ਮਨ ਨੀਵਾ ਨਾ ਮਤਿ ਉੱਚੀ ਹੋਏ
ਨਾ ਨਜ਼ਰ ਪਛਾਣੇ ਰੱਬੀ ਜੋਤ
ਨਾ ਦੇਹ ਮੁਕਤ ਵਿਕਾਰੋ ਹੋਤ
-0-
ਤੂੰ
ਆਪਣਾ ਆਪ ਆਪੇ ਲਿਆ ਗੁਆ
ਜਨਮ ਮਰਨ ਦੇ ਚੱਕਰ ਵਿਚ
ਆਪਣਾ ਦੀਵਾ ਆਪੇ ਲਿਆ ਬੁਝਾ
ਅੱਖਾਂ ਖੋਲ
ਮਾਇਆ ਦੀ ਬੁੱਕਲ
ਆਪਣੀ ਦੇਹ ਤੋਂ ਲਾਹ
ਦੇਹ ਵਿਚ ਬਲ਼ਦੇ ਦੀਵੇ ਵਿਚ
ਤੇਲ ਨਾਮ ਦਾ ਪਾਅ
ਜਿਸ ਨੇ ਤੈਨੂੰ ਜੀਵਨ ਦਿੱਤਾ
ਉਸਦੀ ਮਹਿਮਾ ਗਾਅ
-0-
ਹੁਣ ਤੀਕ
ਤੂੰ ਜੋ ਕਮਾਇਆ
ਉਹ ਸਭ ਹੈ ਵਿਅਰਥ
ਦੇਹ ਵੀ ਇੱਥੇ ਹੀ ਰਹਿ ਜਾਣੀ
ਨਹੀਂ ਇਸ ਦਾ ਵੀ ਕੋਈ ਅਰਥ

ਆਪਣਾ ਆਪ ਸੰਭਾਲ
ਮਿੱਟੀ ਪਾਅ ਆਪਣੇ ਬੀਤੇ ਤੇ
ਹੁਣ ਦਾ ਕਰ ਖ਼ਿਆਲ
ਹੁਣ ਦੀ ਤਲੀ ਤੇ ਭਵਿੱਖ ਦੀ ਖ਼ਾਤਿਰ
ਸੱਚ ਦੀ ਬੱਤੀ ਬਾਲ
-0-
ਆਪਣੀ ਛਾਂਵੇ ਨਾ
ਆਪਣਾ ਆਪ ਬਿਠਾਲ
ਚੜਦਾ ਸੂਰਜ ਹੁੰਦਿਆਂ
ਤੂੰ ਲੱਗਦਾ ਡੁੱਬਣਹਾਰ
-0-
ਉੱਚੀ ਥਾਂ ਖਲੋ ਕੇ ਸੰਕਲਪੇ
ਲਾਲਚ ਤੇ ਹੰਕਾਰ
ਸੰਪਤੀ ਪਿੱਛੇ ਦੌੜਦਾ
ਤੇਰਾ ਸੱਚ ਹੋਇਆ ਕੂੜਿਆਰ
ਤੂੰ ਕਦੀ ਨਾ ਟਿਕਕੇ ਬੈਠਦਾ
ਤੇਰੀ ਹਵਾ ਤੋਂ ਤੇਜ ਰਫ਼ਤਾਰ
ਤੂੰ ਆਪਣਾ ਆਪ ਵਿਸਾਰਿਆ
ਘਿਰਿਓ ਵਿਚ ਜੰਜਾਲ
ਤੂੰ ਆਪਣਾ ਸੰਤੁਲਨ ਖੋਇਆ
ਕਦੀ ਸਿਰ ਕਦੀ ਤਲਵਾਰ
ਪਲ ਪਲ ਹੈ ਤੂੰ ਰੂਪ ਬਦਲਦਾ
ਕਦੀ ਫੁੱਲ ਕਦੀ ਤੂੰ ਖਾਰ
ਤੇਰਾ ਆਪਾ ਵਸ ਨਾ ਤੇਰੇ
ਕਦੀ ਖੰਡਰ ਕਦੀ ਗੁਲਜ਼ਾਰ
-0-
ਹੇ ! ਮਨਾਂ
ਤੂੰ ਕਦੀ ਨਾ ਆਪਣੇ ਆਪ 'ਚ
ਤੂੰ ਸਦਾ ਆਪੇ ਤੋਂ ਬਾਹਰ
ਤੂੰ ਕਦੀ ਨਾ ਆਪਣੇ ਅੰਦਰ
ਸਦਾ ਪੌਣਾਂ 'ਤੇ ਅਸਵਾਰ
ਕਦੀ ਤਾਂ ਅੰਦਰ ਦਾ ਬੂਹਾ ਖੋਲ

ਜੋ ਹੈ ਤੇਰੇ ਅੰਦਰ ਵਸਦਾ
ਕਦੀ ਤਾਂ ਬਹਿ ਉਸਦੇ ਕੋਲ
ਉਹਦਾ ਸੁਣ ਤਾਂ ਸਹੀ ਇਕ ਬੋਲ
ਜੋ ਯੁਗਾਂ ਤੋਂ ਤੈਨੂੰ ਦਸ ਰਿਹਾ ਹੈ
ਤੂੰ ਆਤਮ ਹੈ ਨਹੀਂ ਮਿੱਟੀ ਦਾ ਬੋਹਲ
ਉਹ ਨਹੀਂ ਤੇਰੇ ਤੋਂ ਵੱਖ
ਉਸ ਨੂੰ ਅਨੁਭਵ ਨਹੀਂ ਕਰਦੀ
ਤੇਰੀ ਦੇਹ ਦੀ ਰੱਤ
-0-
ਜੋ ਦਾਤਾ ਜਗਤ ਸਮਾਇਆ
ਤੇਰੀ ਦੇਹ ਦਾ ਵਸਣ ਉਹ ਆਪ
ਬੁੱਕਲ ਦੇ ਵਿਚ ਬੈਠੇ ਦੀ
ਮੜ੍ਹੀ ਸਮਾਧੀ ਕਰਦਾ ਭਾਲ਼
ਤੇਰੇ ਜਨਮ ਤੋਂ ਪਹਿਲਾਂ ਦਾ
ਉਹ ਹੈ ਤੇਰਾ ਭਾਈਵਾਲ
ਤੇਰੇ ਅੰਦਰ ਉਸਦੀ ਹੋਂਦ ਦਾ
ਜਗਦਾ ਹੈ ਚਿਰਾਗ਼
ਤੈਨੂੰ ਰਤਾ ਨਹੀਂ ਖ਼ਿਆਲ
ਤੂੰ ਲਾਲਚ ਦੇ ਖੋਪੇ ਪਾਈ
ਮਾਰਦਾ ਫਿਰਦੈ ਝੱਖ
ਉਹ ਤਾਂ ਤੇਰੀਆਂ ਅੱਖ੍ਹਾਂ ਦੀ ਨਜ਼ਰ ਹੈ
ਤੈਨੂੰ ਨਹੀਂ ਪਰਖ
-0-
ਆਪਣੇ ਪੈਰੀਂ ਆਪ ਖੜ
ਆਪਣੀ ਪ੍ਰਕਰਮਾ ਆਪ ਕਰ
ਕਿਸੇ ਦਾ ਪੜ੍ਹਿਆ ਨਾ ਆਪ ਵਿਚਾਰ
ਆਪਣਾ ਆਪਾ ਤੱਕਣ ਲਈ
ਨਾ ਸ਼ਿਸ਼ਤ ਦਾ ਕਰ ਵਿਉਪਾਰ
ਭਰਮ ਭਰਮ ਹੈ
ਭਰਮ ਨੂੰ ਸੱਚ ਨਾ ਜਾਣ
ਆਪਣੇ ਚਿਹਰੇ ਚੋਂ
ਆਪਣਾ ਆਪ ਪਹਿਚਾਣ

-0-
ਮੁਰਦੇ ਕਦੀ ਘਰ ਨਹੀਂ ਪਰਤੇ
ਪੌਣਾਂ ਹੱਥ ਸਿਰਨਾਵੇਂ ਨਾ ਘੱਲ
ਪੱਥਰ ਵੀ ਕਦੀ ਜਲ ਤਰਿਆ ਹੈ
ਪੌਣਾਂ ਦੇ ਪ੍ਰਛਾਵੇਂ ਨਾ ਫੜ
ਧੰਨ ਦੌਲਤਾਂ ਸੰਗ ਆਪਾ ਭਰਕੇ ਕੀ ਕਰੇਗਾ
ਪਾਪ ਦੀ ਇਸ ਕਮਾਈ ਖ਼ਾਤਿਰ
ਆਪਣਾ ਖੂਹ ਖਾਲੀ ਨਾ ਕਰ
ਮਨਮੁੱਖ ਸਦਾ ਹੀ
ਬਿੰਨ ਪਾਣੀ ਤੋਂ ਡੁੱਬ ਜਾਂਦੇ ਹਨ
ਦਰਿਆ ਕਿਨਾਰੇ ਉੱਗੇ ਰੁੱਖ
ਪਿਆਸੇ ਸੁੱਕ ਜਾਂਦੇ ਹਨ
ਆਪਣਾ ਆਪ ਪਛਾਣ ਦੇ ਨਹੀਂ ਜੋ
ਉਹ ਜਿਉਂਦੇ ਮੁਕ ਜਾਂਦੇ ਹਨ
-0-
ਆਪਣਾ ਆਪ ਪਛਾਣਦੇ ਹਨ ਜੋ
ਉਹ ਵਿਸ਼ਵ 'ਚ ਚਾਨਣ ਕਰ ਜਾਂਦੇ ਹਨ
ਹਨੇਰਾ ਜਿਉਂਦੇ ਰੁੱਖਾਂ ਵਿਹੜੇ
ਮੱਘਦੇ ਸੂਰਜ ਧਰ ਜਾਂਦੇ ਹਨ
ਮਨਮੁੱਖ ਦੀ ਮੈਲ ਨਾ ਉਤਰੇ
ਚਾਹੇ ਧੋਵੇ ਲੱਖਵਾਰ
ਮਨਮੁੱਖ ਨੂੰ ਸਿੱਖਿਆ
ਕਦੀ ਨਾ ਆਵੇ ਰਾਸ
ਜੀਵੇ ਵਿਚ ਹੰਕਾਰ ਮਰੇ ਵਿਚ ਹੰਕਾਰ
-0-
ਹੇ ਬੰਦੇ ਜੇ ਆਪਾ ਲੋਚੇ
ਤਾਂ ਦੇਹ ਦੀ ਬੁੱਕਲ ਲਾਹ
ਆਤਮ ਸਦਕਾ ਮਿੱਟੀ ਵਿਚ ਸਾਹ
ਆਤਮ ਤੇ ਸੁਰਤ ਟਿਕਾਅ
ਆਤਮ ਜਾਣੇਗਾ ਤਾਂ
ਸਭ ਕੁਝ ਜਾਣ ਜਾਏਗਾ
ਕੌਣ ਹੈ ਕਿਸ ਨੂੰ ਆਖੇ ਸਮਾਂ ਖੁਦਾ

ਨਾਮ ਰਸ ਪੀਅ ਪੀਅ
ਆਪਣੀ ਪਿਆਸ ਬੁਝਾ
ਰਿਮ-ਝਿਮ ਬਰਸੇ ਨੂਰ ਸਵੈ ਦਾ
ਤੂੰ ਮਲ ਮਲ ਮੈਲਾ ਲਾਹ
ਐਸਾ ਰੰਗਿਆ ਜਾਅ ਰੰਗ ਉਸਦੇ
ਆਪਣਾ ਰੰਗ ਮਿਟਾ
ਉਸਦੀ ਜੋਤ ਜਗੇ ਵਿਚ ਤੇਰੇ
ਉਸਦਾ ਤੇਜ਼ ਕਹਾ
ਸਿਰ ਦਿੱਤਿਆਂ ਜੇ ਸਾਂਈ ਮਿਲਦਾ
ਬਿੰਨ ਸਿਰ ਉਮਰ ਲੰਘਾਅ
ਭੁਲ ਜਾ ਕੁਝ ਵੀ ਤੇਰੇ ਵਿਚ ਤੇਰਾ ਹੈ
ਉਸਦਾ ਦਿੱਤਾ ਉਸ ਨੂੰ ਹੱਸ ਪਰਤਾਅ
ਉਸਦੇ ਦਿੱਤੇ ਲੀਤੇ ਦਾ ਨਾ ਹਰਖ ਸੋਗ ਮਨਾਅ
ਉਹ ਤੇਰੀ ਪ੍ਰੀਤ ਕਬੂਲੇ ਤੈਨੂੰ ਲਏ ਅਪਣਾ
ਘਾਟੇ ਦਾ ਨਹੀਂ ਇਹ ਸੌਦਾ ਸਿਰ ਬਦਲੇ ਜੱਸ ਕਮਾਅ
ਜਿਸ ਸੰਗ ਲਾਈਏ ਤੋੜ ਨਿਭਾਈਏ
ਚਾਹੇ ਖਲ ਲਏ ਕੋਈ ਲਾਅ
-0-
ਤ੍ਰਿਪਤੀ ਦਾ ਸਾਗਰ ਤੇਰੇ ਅੰਦਰ
ਤੂੰ ਕਰਦੈ ਜ਼ਿਆਰਤ ਦਾ ਅਡੰਬਰ
ਖੋਲ ਗੰਢ ਅੰਦਰ ਦੀ ਸਿਰ ਤੋਂ ਬੋਝ ਉਤਾਰ
ਤੇਰੀ ਭਾਲ਼ ਦਾ ਤੇਰੇ ਅੰਦਰ ਬਲ ਹੈ ਰਿਹਾ ਚਿਰਾਗ਼
ਤੇਰੇ ਅੰਦਰ ਕਿਸ ਦੀ ਲੋਅ ਹੈ ਇਕ ਵਾਰੀ ਤਾਂ ਕਰ ਖ਼ਿਆਲ
ਤੈਨੂੰ ਤੇਰਾ ਆਪਾ ਮਿਲਸੀ ਅੰਦਰ ਕਰਦਾ ਤੇਰੀ ਤਾਕ
-0-
ਇਸ ਘਰ ਦੇ ਤਾਲੇ ਦੀ ਚਾਬੀ ਤੇਰੇ ਕੋਲ
ਤਾਲਾ ਖੋਲ ਤੇ ਸਾਂਝਾ ਕਰ ਆਪੇ ਸੰਗ ਆਪਣਾ ਬੋਲ
ਇਹੀ ਆਦਿ ਅੰਤ ਹੈ ਇਹੀ ਬੀਜ ਤੇ ਰੁੱਖ
ਇਸ ਤੋਂ ਸ਼ੁਰੂ ਹੋਇਆ ਤੇਰਾ ਪੈਂਡਾ ਇਸ ਤੇ ਜਾਣਾ ਮੁਕ
-0-
ਇੱਛਿਆ ਪੂਰਤੀ ਲਈ
ਧਰਿਆ ਸਿਰ ਤਲ਼ੀ

ਪਰ ਉਸਦੇ ਕਰਮ ਬਿਨ੍ਹਾਂ
ਨਾ ਆਸ ਦੀ ਕਿਰਨ ਮਿਲੀ
-0-
ਉਸ ਦਾ ਦਰ ਦੇਹੀ ਦਾ ਖੋਲ ਸੀ
ਖੋਲ ਦੇ ਵਿਚਲੀ ਉਹ ਜੋਤ ਸੀ
ਅਸੀਂ ਚੜੇ ਰਹੇ ਭਟਕਣ ਸਿੰਗੀ
ਭਟਕਣ ਖਾਦੀ ਪੀਤੀ ਰਿੰਨ੍ਹੀ
ਭਕਟਣ ਵਿਚ ਸ਼ੋਰ ਹੀ ਸ਼ੋਰ ਸੀ
ਸ਼ੋਰ ਵਿਚ ਸੀ ਜੋ ਗੁਆਚਾ
ਨਾ ਉਹ ਚੁੱਪ ਨਾ ਚੁੱਪ ਦਾ ਬੋਲ ਸੀ
ਆਪਣੇ ਬਿਨ੍ਹਾਂ ਨਾ ਕੋਈ ਹੋਰਸੀ
-0-
ਡਿੱਠਾ ਜਗਤ ਹੰਢਾਅ ਕੇ
ਕੋਈ ਨਾ ਕਿਸੇ ਦਾ ਮੀਤ
ਇਕ ਬਸ ਉਹੀ ਸੱਚ ਹੈ
ਬਾਕੀ ਜਗਤ ਪਲੀਤ
ਇਹੀ ਹੈ ਜੀਵਨ ਦਾ ਸੱਚ
ਇਸ ਦਾ ਸੂਤਰ ਵੱਟ
ਢੱਕਣ ਲਈ ਆਪਣਾ ਅੱਗਾ
ਆਪਣਾ ਆਪ ਜੱਪ
-0-
ਸ਼ਾਸਤਰ ਗ੍ਰੰਥ ਵੇਦ ਵਿਚਾਰੇ
ਸਮੀਖਿਆ ਕਰ ਕਰ ਪੁਰਖੇ ਹਾਰੇ
ਕਿਸੇ ਨਾ ਪਾਇਆ ਉਸਦਾ ਭੇਦ
ਕੋਈ ਨਾ ਹੋਇਆ ਉਸ ਜੇਡ
-0-
ਵਿਦਵਾਨ ਹੋਣ ਦੀ ਹਉਮੈ ਕੀਤਾ ਸਭ ਨਾਸ
ਗਿਆਨ ਦੇ ਹਿਰਦੇ ਹੋਇਆ ਹਨੇਰੇ ਦਾ ਵਾਸ
ਕੀਤਾ ਕਰਾਇਆ ਖੂਹ ਪੈ ਗਿਆ
ਕੁਝ ਵੀ ਰਿਹਾ ਨਾ ਪਾਸ
ਐਸਾ ਚੜ੍ਹਿਆ ਅਕਲ ਦੇ ਸਿੰਗੀ
ਨਾ ਪ੍ਰੇਮ ਰਿਹਾ ਨਾ ਸ਼ਰਧਾ ਵਿਸ਼ਵਾਸ

-0-
ਵੇਦ ਗ੍ਰੰਥ ਦਾ ਪੜਿਆ
ਸ਼ਰਧਾ ਬਿਨ੍ਹਾਂ ਸਿਰੇ ਨਾ ਚੜਿਆ
ਕਿੰਜ ਜਮਦਾ ਦੁੱਧ
ਦੇਹ ਦੀ ਕਾੜ੍ਹਨੀ ਵਿਚ ਜੋ ਨਾ ਕੜ੍ਹਿਆ
ਜਿਸ ਨਾ ਆਪਣਾ ਆਪ ਪੜ੍ਹਿਆ
ਉਸ ਦੇ ਮੱਥੇ ਨਾ ਦੀਵਾ ਜਗਿਆ
-0-
ਉਹ ਨਹੀਂ ਮਿਲਦਾ ਵਿਦਵਾਨਾਂ ਨੂੰ
ਸ਼ਾਸਤਰ ਗ੍ਰੰਥਾਂ ਦੇ ਗਿਆਨਾਂ ਨੂੰ
ਉਹ ਮਿਲਦਾ ਜਿਸ ਹਿਰਦੇ ਪ੍ਰੇਮ ਵਸੇਰਾ
ਸ਼ਰਧਾ ਸੰਤੋਖ ਦਯਾ ਦਾ ਜਿਸ ਦੇਹੀ ਵਿਚ ਡੇਰਾ
ਉਹ ਮਿਲਦਾ ਜੋ ਉਸ ਦਾ ਹੋਵੇ
ਸਿਮਰਨ ਸੰਗ ਮਲੀਨਤਾ ਧੋਵੇ
ਆਪਣੇ ਆਪ ਨੂੰ ਨੀਵੇਂ ਤੋਂ ਨੀਵੇਂ ਦਸੇ
ਮੈਂ ਤਿਆਗੇ ਤੂੰ ਵਿਚ ਵਸੇ
ਰੁੱਖਾਂ ਦੀ ਜੀਰਾਂਦ ਹੰਢਾਵੇ
ਆਦੇਸ਼ ਮੰਨੇ ਤੇ ਸ਼ੁਕਰ ਮਨਾਵੇ
-0-
ਇਸ ਖਾਕਸਾਰ ਨੂੰ ਆਪਣੇ ਚਰਨੀ ਲਾਉ
ਭੁਲਕੇ ਸਾਰੇ ਔਗੁਣ ਮੇਰੇ
ਆਪਣੇ ਯੋਗ ਬਣਾਓ
-0-
ਜੇ ਇਹ ਜਨਮ ਤੇਰੇ ਲੇਖੇ ਲਗ ਜਾਏ
ਕੋਠੀ ਵਿਚਲਾ ਦੀਵਾ ਜਗਦਾ ਨਜ਼ਰੀ ਆਏ
ਦਿਸਹੱਦੇ ਤੋਂ ਪਾਰ ਵੀ ਦਿੱਸੇ
ਤੇਰਾ ਜਗਤ ਪਸਾਰਾ
ਤੇਰੀ ਸਿਰਜਣਾ ਦਾ ਹੈ ਜੋ
ਰੂਪ ਸਚਿਆਰਾ
-0-
ਮਿਹਰ ਕਰੋ ਰਹੱਸ ਦੇਹੀ ਦਾ ਜਾਣਾ
ਮਿੱਟੀ ਦੀ ਦੇਹੀ ਵਿਚ ਧਰਿਆ

ਤੇਰਾ ਅੰਸ਼ ਪਛਾਣਾ
ਸੂਰਜ ਚੜੇ ਪ੍ਰਛਾਵਾਂ ਦਿੱਸੇ
ਡੁੱਬੇ ਤੇ ਛੁਪ ਜਾਵੇ
ਚਾਨਣ ਬਿਨ੍ਹਾਂ ਵਿਚ ਹਨੇਰੇ
ਨਾ ਸਾਇਆ ਨਾ ਆਪਾ ਨਜ਼ਰੀਂ ਆਵੇ
ਹਨੇਰ ਹਰੋ ਮਨ ਦਾ
ਕਰੋ ਉਜਿਆਰਾ ਅੰਦਰ
ਨਜ਼ਰੀ ਆਵੇ ਜੋਤ ਧਰੀ ਤੂੰ ਜੋ ਦੇਹੀ ਮੰਦਿਰ
-0-
ਕੋਈ ਸਵਾਸ ਨਾ ਬੀਤੇ ਐਸਾ
ਜਦ ਤੈਨੂੰ ਭੁਲ ਜਾਵਾਂ
ਇਕ ਪਲ ਵੀ ਜੇ ਵਿਸਰੇ
ਜੀਂਦੇ ਜੀਅ ਮਰ ਜਾਵਾਂ
ਐਸੀ ਲਗਨ ਤੂੰ ਲਾਵੇ
ਪੱਥਰਾਂ ਪਿੰਡਿਓ ਫੁੱਲ ਉੱਗ ਆਵਣ
ਪਰਬਤ ਟੁਰਨਾਂ ਸਿਖ ਜਾਵਣ
ਆਪਣੀ ਮੈਂ ਚੋਂ ਤੂੰ ਉੱਗਾਵਣ
ਤੂੰ ਹੀ ਤੂੰ ਕਹਾਵਣ
ਤੂੰ ਵਿਚ ਜੀਵਨ ਯੁਗਾਂ ਤਾਂਈ
ਮੈਂ ਜਨਮਨ ਤੋਂ ਪਹਿਲਾਂ ਹੀ ਮਰਜਾਵਣ
-0-
ਇਸ ਜਗਤ ਵਿਚ
ਨਾ ਰੁੱਖ ਜੰਗਲ ਦੇ ਨਾ ਜੰਗਲ ਰੁੱਖਾਂ ਦਾ
ਨਾ ਬੂੰਦਾਂ ਸਾਗਰ ਦੀ ਦੇਹੀ
ਨਾ ਸਾਗਰ ਬੂੰਦ ਦਾ
ਆਪਣੀ ਆਪਣੀ ਹਸਤੀ ਦਾ
ਸਭਨਾਂ ਬੋਲ ਪੁਗਾਇਆ
ਅੱਪਣਤ ਦਾ ਜਗਦਾ ਦੀਵਾ
ਕਿਤੇ ਨਜ਼ਰ ਨਾ ਆਇਆ
ਰਾਤ ਦਾ ਦੀਵਾ ਰਾਤੀਂ ਜਗਿਆ
ਚੜਿਆ ਦਿਨ ਬੁਝਾਇਆ
ਤੇਰਾ ਜਗਿਆ ਕਦੀ ਨਾ ਬੁਝਿਆ

ਜਿਸ ਨੂੰ ਤੂੰ ਜਗਾਇਆ
ਨਾ ਜੀਵਨ ਦੇ ਤੁਫ਼ਾਨਾਂ ਤੋਂ
ਨਾ ਮੌਤ ਹਨੇਰੀ ਤੋਂ
ਉਹ ਦੀਵਾ ਬੁਝ ਪਾਇਆ
ਜਿਸ ਦੀਵੇ ਦੇ ਮਨੋਰਥ ਲਈ
ਜੀਵ ਜਗਤ ਵਿਚ ਆਇਆ
ਜਿਸ ਦਾ ਮੰਤਵ
ਜਗਤ ਜੀਵਨ ਦਾ ਹੈ ਸੱਚਾ ਸਰਮਾਇਆ
ਹੇ ! ਦਾਤਾ
ਜੀਵਨ ਦਾ ਉਹ ਰਹੱਸ ਸਮਝਾਉ
ਉਸ ਦੀ ਜੋਤ ਜਗਾਉ
ਮੁਕਤ ਕਰੋ ਜਗਤ ਕਾਰਜ ਤੋਂ
ਆਤਮ ਚਰਨੀ ਲਾਉ
ਤਾਂ ਕਿ ਆਪਣੀ ਦੇਹ ਵਿਚਲਾ
ਸੱਚ ਜਾਣ ਸਕਾ
ਜੀਂਦੇ ਜੀਅ
ਦੇਹੀ  ਵਿਚਲੀ ਜੋਤ ਪਛਾਣ ਸਕਾ
ਕੀ ਹਾਂ ਕੌਣ ਹਾਂ ਕਿੱਥੋਂ ਆਇਆ ਜਾਣ ਸਕਾ
-0-
ਕੌਣ ਹੈ ਮਨਮੁਖ
ਕੌਣ ਹੈ ਗੁਰਮੁਖ
ਵਿਛੜੇ ਕਿਤ ਉਪਾਏ ਮਿਲੀਏ
ਕਿਹੜੀ ਸਿੱਖਿਆ
ਕਿਹੜਾ ਹੈ ਉਪਦੇਸ਼
ਮਨਮੁਖ ਗੁਰਮੁਖ ਦਾ ਭੇਦ ਦਏ ਜੋ ਮੇਟ
ਕਿੰਜ ਧਿਆਈਐ ਤੇ ਗਾਈਐ
ਕਿਹੜੀ ਕਾਰਜ ਪ੍ਰਣਾਲੀ ਅਪਣਾਈਐ
ਬਸ ਆਪਣੇ ਲੜ ਲਗ ਜਾਈਐ
ਮਨਮੁਖ ਗੁਰਮੁਖ ਦਾ ਸੱਚ ਪਾਈਐ
ਬਸ ਇਹ ਨੁਕਤਾ
ਸਮਝ ਨਾ ਆਵੇ
ਆਪਣੇ ਆਪ ਤੋਂ

ਉੱਚਾ ਕਿੰਜ ਉੱਠੀਏ ਤੇ ਕੌਣ ਉਠਾਏ
-0-
ਸਭ ਦੁਖਾਂ ਦਾ ਉਪਚਾਰ
ਨਾਮ ਦਾ ਛੱਟਾ ਆਪਣੇ ਅੰਦਰ ਮਾਰ
ਫਿਰ ਉੱਗੇਗਾ
ਉਹ ਰੁੱਖ ਤੇਰੇ ਚੋਂ
ਜੋ ਉਸ ਨੂੰ ਹੈ ਸਵੀਕਾਰ
ਦਰਸ਼ਨ ਕਰੇਗਾ ਆਪਣੇ ਆਪ ਦੇ
ਮਨਮੁਖ ਗੁਰਮੁਖ ਦਾ ਖੋਲ ਉਤਾਰ
ਗੁਰਮੁਖ ਵਿਚ ਉਹ ਗੁਰਮੁਖ ਹੈ
ਮਨਮੁਖ ਵਿਚ ਉਹ ਮਨਮੁਖ ਜਿਹਾ ਹੈ
ਉਸ ਜਿਹਾ ਹੀ ਹੋ ਗਿਆ ਉਹ
ਜਿਸ ਮਿੱਟੀ ਵਿਚ ਗੁੰਨ੍ਹਿਆ ਗਿਆ ਹੈ
-0-
ਹਵਸ ਲਾਲਸਾ
ਹਿਰਸ ਹੰਕਾਰ ਨਾਲ ਭਰੀ ਹੈ ਨਗਰੀ
ਕੰਢਿਆ ਤੀਕਣ
ਚੜ੍ਹੀ ਹੈ ਨਗਰੀ
ਪਰ ਫਿਰ ਵੀ
ਲਗਦੀ ਪਰੀ ਹੈ ਨਗਰੀ
ਇਸ ਨੂੰ ਤਰ ਜਾਣਾ ਹੈ ਉਸ ਪਾਰ
ਪਾਰ ਵਸੇਂਦਾ ਹੈ ਦਿਲਦਾਰ
ਜਿਸ ਨੇ ਸਿਰਜਿਆ ਮੇਰਾ ਆਪਾ
ਵਿਸ਼ਵ ਹੋਂਦ ਦੀ ਜੋਤੀ ਬਾਲ
-0-
ਇਕ ਕਿਰਨ
ਚਾਨਣ ਦੀ ਖ਼ਾਤਿਰ
ਜੰਗਲ ਪਹਾੜ ਹੰਗਾਲ ਰਿਹਾ ਹਾਂ
ਸਾਗਰ ਸਹਿਰਾ
ਧਰਤ ਅਕਾਸ਼
ਅੱਖੀਆਂ ਵਿਚ ਉਬਾਲ ਰਿਹਾ ਹਾਂ
ਕਾਇਨਾਤ ਵਿਚ

ਉਤਰ ਰਿਹਾ ਹਾਂ
ਨਗਰੀ ਦੀ ਅੱਗ ਤਰਨ ਦੀ ਖ਼ਾਤਿਰ
ਆਪਣੇ ਮਨ ਨੂੰ
ਮਾਰ ਰਿਹਾ ਹਾਂ
ਆਪਾ ਧੋਅ ਕੇ
ਸੁੱਕਣੇ ਪਾਉਂਦਾ ਹਾਂ
ਸੱਚ ਲਈ ਸਿਫ਼ਰਾਂ
ਝੂਠ ਲਈ
ਦਾਇਰਾ ਨਜ਼ਰ ਆਉਂਦਾ ਹਾਂ
ਬਸ ਉਸ ਕਿਰਨ ਦਾ
ਅਭਿਲਾਸ਼ੀ ਹਾਂ
ਜਿਸ ਲਈ ਅੰਦਰੋਂ ਪਿਆਸਾ ਹਾਂ
ਕਿਰਨ ਜੋ ਗੰਧਗੀ ਤੇ
ਪੈਂਦੀ ਵੀ ਮੈਲ਼ੀ ਨਹੀਂ ਹੁੰਦੀ
ਕਿਰਨ ਜੋ ਨਗਰੀ ਦੀ ਰਸ਼ਨਾ
ਜਿਉਂਦੀ ਵੀ ਕੁਸੈਲੀ ਨਹੀਂ ਹੁੰਦੀ
-0-
ਉਹ ਕਿਰਨ ਜੇ ਮਿਲ ਜਾਏ
ਦਿਲ ਦਾ ਬੁਝਿਆ ਕੰਵਲ ਖਿਲ ਜਾਏ
ਚਿੱਕੜ 'ਚ ਉੱਗੇ ਕੰਵਲ ਦਾ
ਕੰਵਲ ਹੰਢਾਉਂਦੇ ਚਿੱਕੜ ਦਾ ਸੱਚ ਸਮਝੀ ਆਏ
ਮਨ ਦੀ ਤ੍ਰਿਪਤੀ ਪਾਵਾਂ
ਮਾਇਆ ਨਗਰੀ
ਤਰਨ ਯੋਗ ਹੋ ਜਾਵਾਂ
ਉਸ ਕਿਰਨ ਦੇ ਗਲ ਲਗਾ
ਦੇਹ ਦੀ ਮਿੱਟੀ ਦਾ ਮੁੱਲ ਜਾਣਾ
ਦੇਹ ਵਿਚ ਜਗਦੀ ਜੋਤ ਪਛਾਣਾ
ਨਗਰੀ ਤੋਂ ਨਿਰਲੇਪ ਹੋ ਜਾਵਾਂ
ਯਾਰ ਦੇ ਦਰ ਤੇ
ਤਨ ਮਨ ਦਾ ਅਰਘ ਚੜ੍ਹਾਵਾਂ
-0-
ਯਾਰ ਬਿਨ੍ਹਾਂ ਹੈ ਕਾਹਦਾ ਜੀਣਾ

ਮੁੜ ਮੁੜ ਵਿਸ਼ ਦੁਨੀਆ ਦਾ ਪੀਣਾ
ਇਕ ਵਾਰੀ ਗਲ ਲਾ ਲੈ ਯਾਰਾ
ਢਾਹਦੇ ਸਿਰਜੀਆਂ ਜੋ ਮੈਂ ਦੀਵਾਰਾਂ
ਮੈਂ ਬੱਤੀ ਤੂੰ ਲੋਅ ਮੇਰੀ
ਬੁਝੀ ਆਪ ਜਗਾ ਲੈ ਯਾਰਾ
ਦੇਹ ਦੀ ਵਿੱਥ ਮਿਟਾ ਲੈ ਯਾਰਾ
ਦਰ ਦਰ ਭੌਂਦਾ ਲੱਭਦਾ ਤੈਨੂੰ
ਮਾਰਕੇ ਵਾਜ ਬੁਝਾ ਲੈ ਯਾਰਾ
-0-
ਸੁਣਿਆ ਤੂੰ ਨਹੀਂ ਵੱਖ ਮੇਰੇ ਤੋਂ
ਬੇਸ਼ਕ
ਮੈਂ ਹੋਇਆ ਅਲਗ ਤੇਰੇ ਤੋਂ
ਕਿੰਜ ਜੀਵਾਂ ਆਪੇ ਤੋਂ ਬਿਨ
ਸਾਗਰ ਬੂੰਦ ਮਿਲਾ ਲੈ ਯਾਰਾ
-0-
ਲਾਲਚ ਦੀ ਭਰੀ ਹੈ ਨਗਰੀ
ਕੰਢਿਆ ਤੀਕਣ ਚੜ੍ਹੀ ਹੈ ਨਗਰੀ
ਲਗਦੀ ਹੈ ਇਹ ਪਰੀ ਜੋ ਨਗਰੀ
ਤਰ ਇਸ ਨੂੰ ਜਾਣਾ ਉਸਪਾਰ
ਪਾਰ ਵਸੇਂਦਾ ਹੈ ਦਿਲਦਾਰ
-0-

# ਪੰਜਵੀਂ ਪੁਸਤਕ (ਬੋਲ ਕਬੋਲ ਉਪਭਾਗ)

ਸਵੈ ਦੀ ਤਲਾਸ਼ ਵਿਭਿੰਨ ਮਾਨਵੀ ਪ੍ਰਵਿਰਤੀਆਂ
'ਤੇ ਆਧਾਰਿਤ। ਜਿਨ੍ਹਾਂ ਦਾ ਸੰਬੋਧਨੀ ਅਤੇ
ਧਾਰਨੀ ਮਨੋਵਾਚ ਹੈ।

**ਚਰਨ ਸਿੰਘ**

**ਕਾਵਿ-ਸ਼ਾਸਤਰ**

ਤੂੰ ਸਰਿਸ਼ਟੀ ਦਾ ਮੁੱਢ
ਆਦਿ ਅੰਤ ਬ੍ਰਹਿਮੰਡ ਦਾ ਤੂੰ ਖੁਦ
ਪਰ ਤੇਰਾ ਆਪਣਾ
ਆਦਿ ਮੱਧ ਨਾ ਅੰਤ
ਤੂੰ ਹਰ ਇਕ ਸਮੇਂ ਸਮਤਲ ਬੇਅੰਤ
-0-
ਤੇਰਾ ਕੋਈ ਰੰਗ ਰੂਪ ਨਾ
ਪਰ ਹਰ ਥਾਂ ਤੂੰ ਅਨੁਭਵ ਹਾਰਾ
ਤੂੰ ਦਿਆਲੂ ਕ੍ਰਿਪਾਲੂ
ਤੀਨ ਲੋਕ ਤੋਂ ਨਿਆਰਾ
ਤੇਰੇ ਜਿਹਾ ਹੋਰ ਨਾ ਕੋਈ
ਤੂੰ ਆਪਣੇ ਜਿਹਾ ਆਪ
ਸਾਰੇ ਬ੍ਰਹਿਮੰਡ ਵਿਚ
ਨਾ ਤੇਰੀ ਕੋਈ ਮਿਸਾਲ
ਤੂੰ ਹੀ ਜੀਵਨ ਤੂੰ ਹੀ ਮ੍ਰਿਤੂਯ
ਤੂੰ ਹੀ ਪ੍ਰਿਤਪਾਲ
ਹਰ ਇਕ ਦੇ ਤੂੰ ਅੰਦਰ ਵਸਦਾ
ਪਰ ਪਹੁੰਚ ਤੋਂ ਬਾਹਰ
-0-
ਜੋਗੀ ਭਟਕਣ ਜੰਗਲੀ ਪਹਾੜੀ
ਦੇਵਤੇ ਮਾਨਵ ਤੇਰੇ ਪੁਜਾਰੀ
ਸਭ ਤੇਰੀ ਭਾਲ਼ 'ਚ
ਕੋਈ ਨਾ ਜਾਣੇ ਤੂੰ ਕਦ ਨਜ਼ਰੀਂ ਆਵੇ
ਇਹ ਭੇਦ ਕਿਸੇ ਨਾ ਜਾਤਾ
ਤੇਰੇ ਭਾਣੇ ਦਾ ਨਾ ਕੋਈ ਗਿਆਤਾ
ਤੇਰੇ ਆਦੇਸ਼ ਬਿਨ੍ਹਾਂ ਪੱਤਾ ਨਾ ਹਿਲਦਾ
ਅੱਖ ਦਾ ਅੱਥਰੂ ਨਾ ਅੱਖ ਨੂੰ ਦਿਸਦਾ
ਤੇਰੇ ਹੁਕਮ ਬਿਨ੍ਹਾਂ ਨਾ ਵਗਣ ਹਵਾਵਾਂ
ਤੇਰੇ ਹੁਕਮ ਉਡੀਕਾਂ ਤੈਨੂੰ

ਤੇਰੇ ਭਾਣੇ ਤੈਨੂੰ ਪਾਵਾਂ
-0-
ਆਪੇ ਬਿਨ ਅੱਥਰੂਆਂ ਦੀ ਜੂੰਨ
ਸੂਲ਼ਾਂ ਦਾ ਜਹਾਨ
ਜ਼ਿੰਦਗੀ ਜ਼ਿੰਦਗੀ ਨਹੀਂ
ਹੈ ਕਬਰਸਤਾਨ
ਕੋਈ ਕਿਰਨ ਨਜ਼ਰ ਨਹੀਂ ਆਉਂਦੀ
ਕੋਈ ਦਿਸ਼ਾ ਮੰਜ਼ਿਲ ਨਹੀਂ ਭਾਉਂਦੀ
ਜੋ ਤੇਰੇ ਦਰ ਲੈ ਜਾਵੇ
ਤਪਦੇ ਥਲ ਵਿਚ ਬੱਦਲ ਬਰਸੇ
ਮਨ ਬੇਚੈਨ ਨੂੰ ਸੁਖ ਦਾ ਸਾਹ ਆਵੇ
-0-
ਹਨ੍ਹੇਰੀਆਂ ਤੁਫ਼ਾਨਾਂ 'ਚ
ਬੁਝ ਗਿਆ ਦਿਲ ਦਾ ਚਿਰਾਗ਼
ਧੁਖ ਰਿਹਾ ਚਿਹਰੇ ਦਾ ਦਾਗ਼
ਖਿਲਰੇ ਹਨ ਨਖਸ਼ ਦੁਆਲ਼ੇ
ਦਿਲ ਦੀ ਦੁਨੀਆ ਹੋਈ ਬਰਬਾਦ
ਘੇਰਿਆ ਹੈ ਇਸ ਤਰ੍ਹਾਂ ਦੁਖਾਂ
ਦੁਸ਼ਮਣ ਹੋ ਗਏ ਦੇਹ ਦੇ ਪ੍ਰਾਣ
-0-
ਮੈਂ ਸੁਣਿਆ ਹੈ
ਤੂੰ ਭਰਪੂਰ ਹਮਦਰਦੀ ਦਾ ਮੁਜੱਸਮਾ ਹੈ
ਕੋਈ ਨਹੀਂ ਕਿਸੇ ਦਾ ਇਸ ਦੁਨੀਆ ਵਿਚ
ਤੂੰ ਬਸ ਇਕ ਆਪਣਾ ਹੈ
ਬੰਦਾ ਬੰਦੇ ਦਾ ਦੁਸ਼ਮਣ ਹੈ
ਤੂੰ ਹਰ ਇਕ ਦਾ ਮਿੱਤਰ ਹੈ
ਲਾਲਚ ਦੇ ਹਨ ਸਭ ਰਿਸ਼ਤੇ
ਤੂੰ ਨਿਸ਼ਕਾਮ ਪਵਿੱਤਰ ਹੈ
ਹਰ ਇਕ ਸ਼ਖ਼ਸ 'ਚ ਤੇਰਾ ਨੂਰ ਹੈ
ਤੂੰ ਨਹੀਂ
ਬੰਦਾ ਤੇਰੇ ਤੋਂ ਦੂਰ ਹੈ
-0-

ਕਰ ਉਪਕਾਰ ਮਸਤਕ ਜੋਤ ਜਗਾ
ਹਨ੍ਹੇਰੀ ਦੇਹ ਵਿਚ ਸੂਰਜ ਕੋਈ ਚੜ੍ਹਾਅ
ਤੇਰੀ ਰਹਿਮਤ ਸਦਕਾ
ਬੁੱਧ ਨਿਰਮਲ ਮਨ ਸ਼ੀਸ਼ਾ ਹੁੰਦਾ ਹੈ
ਤੂੰ ਜਗਾਏ
ਤਾਂ ਆਲ਼ੇ ਦਾ ਦੀਵਾ ਜਗਣਾ ਹੁੰਦਾ ਹੈ
ਤੇਰੇ ਕਾਰਨ ਸੁਖ ਸ਼ਾਂਤੀ ਦਾ ਹਿਰਦੇ ਪ੍ਰਕਾਸ਼
ਮਨ ਦੀ ਜੋਤੀ ਹੀ ਤੇਰਾ ਦੀਦਾਰ
ਤੇਰੀ ਅਕਾਂਖਿਆ ਕਾਰਨ ਪੱਥਰ ਤਰ ਜਾਂਦੇ ਨੇ
ਤੂੰ ਜਿਸ ਦਾ ਅਰਥ ਹੋ ਜਾਏ
ਉਹ ਦੀਵੇ ਸੂਰਜ ਬਣ ਜਾਂਦੇ ਨੇ
-0-
ਜਿਨ੍ਹਾਂ ਆਪਾ ਨਾ ਚੇਤਈ
ਉਹ ਤਨ ਤਪਣ ਤੰਦੂਰ
ਜਿਉਂ ਥਲ ਵਿਚ ਜਲ ਭੁੱਜਦਾ
ਜਿਉਂ ਜਲ ਦਾ ਜਲ ਨਾਸੂਰ
-0-
ਥਲ ਸਾਗਰ ਦਾ ਸੱਚ ਹੈ
ਜਲ ਥਲ ਦਾ ਹੈ ਭਰਮ
ਓਹਲੇ ਦੀ ਦੀਵਾਰ ਵਿਚ
ਦੋਵੇਂ ਪਏ ਸੜਣ
ਕਈ ਕਬਰਾਂ ਵਿਚ ਜੀਵਦੇ
ਕਈ ਜਿਉਂਦੇ ਘਰਾਂ 'ਚ ਮਰਨ
ਇਕ ਦੂਜੇ ਦਾ ਸੱਚ ਨਾ ਸਮਝਣ
ਆਪਣੀ ਆਪਣੀ ਪ੍ਰਕਰਮਾ ਕਰਨ
-0-
ਜਿਨ੍ਹਾਂ ਆਪਾ ਚੇਤਈ
ਉਹ ਥਲ ਜਲ ਭਰਪੂਰ
ਸ਼ੀਸ਼ਾ ਚਿਹਰਾ ਇਕ ਉਹ
ਇਕ ਨੂਰ ਦਾ ਨੂਰ
ਤੂੰ ਵਸ ਕੇ ਉਸ ਦੀ ਬੁੱਕਲੇ
ਸਮਝੇਂ ਉਸ ਤੋਂ ਦੂਰ

ਇਹ ਵੱਡਿਆਈ ਕੀ ਮਨਾਂ
ਇਹ ਤਾਂ ਕਰਮ ਹੈ ਨੀਚ
ਉਸ ਨੂੰ ਚੇਤੇ ਨਾ ਰੱਖਿਆ
ਜਿਸ ਸਿਰਜਿਆ
ਥਲ ਸਾਗਰ ਦਾ ਸਰੀਰ
-0-
ਵਾਲੀ ਕੰਘੀਆਂ ਫੇਰੀਆਂ
ਲਿਆ ਨੈਣੀਂ ਸੁਰਮਾ ਪਾਅ
ਇਤਰ ਫੁਲੇਲ ਲਾ ਕੇ
ਲਿਆ ਸੁੰਦਰ ਰੂਪ ਬਣਾ
ਅੱਖੀਆਂ ਸੀ ਜਿਸ ਨੂੰ ਵੇਖਣ
ਲਈ ਉਸ ਲਈ ਮਾਂਗ ਸਜਾ
ਖੁਸ਼ਬੂਆਂ ਸਨ
ਜਿਸ ਨੂੰ ਮੋਹਨ ਲਈ
ਜਿਸ ਲਈ ਸੀ ਚਿਹਰੇ ਦੀ ਭਾਅ
ਆਪਣਾ ਆਪ ਸ਼ਿੰਗਾਰ ਦਿਆਂ
ਉਹ ਸੱਜਣ ਦਿੱਤਾ ਵਿਸਾਰ
ਤੱਕ ਤੱਕ ਚਿਹਰਾ ਆਪਣਾ
ਉਹ ਸੂਰਜ ਦਿੱਤਾ ਠਾਰ
ਹੁਣ ਉਡੀਕਾਂ ਕਾਹਦੀਆਂ
ਕਿਸ ਕੰਮ ਹਾਰ ਸ਼ਿੰਗਾਰ
ਹੁਣ ਅੱਖਾਂ ਕਿਹੜੇ ਰਾਹ 'ਤੇ
ਕਿਸ ਲਈ ਖੁੱਲ੍ਹਾ ਦੁਆਰ
ਰੁਸਿਆ ਸੱਜਣ ਪਰਤਦਾ
ਜੇ ਕੋਈ ਲਏ ਮਨਾਅ
ਉਸ ਸੱਜਣ ਕੀ ਪਰਤਣਾ
ਜਿੰਨੂ ਦਈਏ ਮਨੋਂ ਭੁਲਾ
ਦੀਵਾ ਉਸ ਦੀ ਯਾਦ ਦਾ
ਦਈਏ ਸੁੱਖਾਂ ਵਿਚ ਬੁਝਾ
-0-
ਜਲ ਥਲ ਨੂੰ ਕੌਣ ਵਿਖਾਏਗਾ
ਉਸਦੇ ਘਰ ਦਾ ਰਾਹ

ਤਪਸ਼ ਸ਼ੀਤਲਤਾ ਦੀਆਂ ਕੰਧਾਂ
ਜਦ ਤਕ
ਥਲ ਸਾਗਰ ਨਹੀਂ ਲੈਂਦੇ ਢਾਅ
ਸੱਚ ਲਈ
ਥਲ ਤਪਸ਼ ਦਾ
ਸਾਗਰ ਸ਼ੀਤਲਤਾ ਦਾ ਨਹੀਂ ਲੈਂਦੇ ਭਰਮ ਮਿਟਾ
ਤਪਸ਼ ਸ਼ੀਤਲਤਾ ਬਿਨਸਨਹਾਰ
ਸਦਾ ਜੀਵਤ ਹੈ
ਆਪਣੇ ਆਪ ਦੀ ਪਹਿਚਾਣ
-0-
ਗੁਰੂ ਹੈ ਦਾਰੂ ਸਭ ਰੋਗਾਂ ਦਾ
ਕਰਮ ਅੰਗਾਂ ਵਿਸ਼ਿਆਂ ਭੋਗਾਂ ਦਾ
ਲਾਲਸਾ ਵਾਸ਼ਨਾ ਲਾਲਚ ਅਭਿਮਾਨ ਦਾ
ਦੁਖ ਸੁਖ ਖ਼ੁਸ਼ੀ ਗ਼ਮੀ ਸੋਗਾਂ ਦਾ
ਗੁਰੂ ਪ੍ਰਸੰਨ ਤਾਂ ਕਬਰੀ ਜੀਵਨ ਨਜ਼ਰੀਂ ਆਵੇ
ਪੱਥਰ ਬੁੱਤਾਂ ਵਿਚ ਢਲ ਜਾਵਣ
ਬੁੱਤ ਹੀ ਫਿਰ ਰੱਬ ਹੋ ਜਾਵਣ
ਗੁਰੂ ਕ੍ਰਿਪਾ ਸੰਗ ਉਹ ਪ੍ਰਗਟ ਆਪ
ਪੌਣਾਂ ਕਰਦੀਆਂ ਜਿਸ ਦਾ ਜਾਪ
ਸਿਮਰਨ ਜਿਸ ਨੂੰ ਜਲ ਅੱਗਣ ਧਰਤ ਅਕਾਸ਼
ਹਿਰਦੇ ਵਿਚ ਉਹ ਵੱਸ ਜਾਂਦਾ ਹੈ
ਆਪਣਾ ਨਾਮ ਪਤਾ ਠਿਕਾਣਾ
ਲਿਖ ਪੌਣਾਂ ਮੱਥੇ ਧਰ ਜਾਂਦਾ ਹੈ
-0-
ਨਾਮ ਦਾ ਬੀਜ ਲੈ ਦਿਲ ਦੇ ਵਿਹੜੇ
ਕਟ ਜਾਵਣਗੇ
ਕਸ਼ਟ ਕਲੇਸ਼ ਜੀਵਨ ਦੇ ਤੇਰੇ
-0-
ਰੁੱਖ ਨਾਲੋਂ ਟੁੱਟਿਆ ਪੱਤਾ
ਵਕਤੋਂ ਪਹਿਲਾਂ ਸੁੱਕ ਜਾਂਦਾ ਹੈ
ਟਹਿਣੀ ਨਾਲ ਜੋ ਲੱਗਿਆ ਰਹਿੰਦਾ
ਪਤਝੜ ਤਕ ਹਰਾ ਰਹਿੰਦਾ ਹੈ

ਤੂੰ ਵੀ ਆਪਾ ਜੋੜ ਆਪੇ ਸੰਗ
ਮੁਖੜਾ ਆਪਣਾ ਮੋੜ ਆਪੇ ਵੱਲ
ਮਨ ਤਨ ਤੇਰਾ ਹਰਿਆ ਰਹਿ ਸੀ
ਅਮ੍ਰਿਤ ਦੇ ਨਾਲ ਭਰਿਆ ਰਹਿ ਸੀ
-0-
ਪਤਝੜ ਚੋਂ ਬਹਾਰਾਂ ਉਗਸਨ
ਹੰਝੂਆਂ ਵਿਚੋਂ ਖੇੜੇ
ਉਸਦੀ ਲਗਨ ਸੰਗ
ਸੱਚ ਹੋਵਣਗੇ ਸੁਫ਼ਨੇ ਤੇਰੇ
ਉਸ ਨੇ ਹੀ ਬਲ ਬਖਸ਼ਣਾ
ਦੇਹ ਵਿਚ ਹਲ਼ ਵਾਹੁਣ ਦਾ
ਦੱਭ ਕਾਈ ਪੁੱਟ ਸੁੱਟਣ ਦਾ
ਮਨ ਸਿਮਰਨ ਸੰਗ ਨਿਖਾਰਣ ਦਾ
ਮਨ ਵਿਚਲੀ ਜੋਤ ਧਿਆਵਣ ਦਾ
ਹੋਇਆ ਜਦ ਜੋਤੀ ਦਾ ਤੂੰ
ਸਮਝੀਂ ਉਸ ਦਾ ਹੋਇਆ
ਤੇਰਾ ਚਿਹਰਾ ਉਸ ਦਾ ਚਿਹਰਾ
ਜਗਤ ਦਾ ਚਿਹਰਾ ਹੋਇਆ
ਉਸ ਵਿਚੋਂ ਤੂੰ ਦਿਸੇਗਾ
ਤੇਰੇ ਵਿਚੋਂ ਉਹ
ਉਸ ਦੇ ਵਿਚ ਘਿਰ ਜਾਵੇਗਾ
ਸੀ ਤੇਰੇ ਅੰਦਰ ਜੋ
-0-
ਹੋ ਜਾਵੇਗਾ ਅੰਦਰ ਬਾਹਰ
ਆਪ ਨਜ਼ਾਰਾ ਉਸ ਦਾ ਤੂੰ
ਮਿੱਟ ਜਾਵਣਗੀਆਂ ਸਭ ਵਿੱਥਾਂ
ਦਿਸ ਸੀ ਇਕ ਦਾ ਇਕ ਚੋਂ ਤੂੰ
ਉਸਨੇ ਆਪਣੇ ਕਾਰਜ ਕਾਰਨ
ਆਪਣਾ ਕਾਜ ਰਚਾਣਾ
ਤੂੰ ਆਪਣਾ ਸੱਚ ਭਾਲ਼ਣ ਲਈ
ਹੈ ਉਸਦਾ ਹੋ ਜਾਣਾ
ਤੂੰ ਬਸ ਨਜ਼ਰਾਂ ਰੱਖ ਬੂਹੇ 'ਤੇ

ਰਾਹ ਤਕ ਉਸਦੇ ਆਵਣ ਦਾ
ਨਾਮ ਸਿਮਰ
ਉਸਦੇ ਆਤਮ ਸਿਰਨਾਵੇਂ ਦਾ
-0-
ਕਿਉਂ ਇਕੱਠਾ ਕਰ ਰਿਹਾ ਹੈ
ਤ੍ਰਿਸ਼ਨਾ ਸਿਰ ਤ੍ਰਿਸ਼ਨਾ ਦਾ ਭਾਰ
ਇਹ ਤੂੰ ਚੁੱਕ ਨਹੀਂ ਸਕਣੀ
ਇਹ ਪੰਡ ਪਹਿਲਾਂ ਸਿਰੋਂ ਉਤਾਰ
ਇਹ ਪਾਪਾਂ ਦੀ ਗੱਠੜੀ
ਜੋ ਭਾਰੀ ਕਰਦਾ ਜਾਅ ਰਿਹਾ ਹੈ
ਖੜਾ ਕਿਨਾਰੇ ਸਾਗਰ ਦੇ
ਬਿਨ ਤਰਨੋ ਡੁਬਦਾ ਜਾ ਰਿਹਾ ਹੈ
ਇਹ ਦੌਲਤਾਂ ਸੰਪਤੀਆਂ ਇੰਦਰ ਜਾਲ਼
ਨਹੀਂ ਨਿਭਣੀਆਂ ਨਾਲ
ਇਹ ਕਾਰਾਂ ਕੋਠੀਆਂ ਬੰਗਲੇ
ਪੰਛੀ ਲਈ ਨੇ ਜਾਲ਼
ਇਨ੍ਹਾਂ ਖੰਬਾਂ ਨਾਲ ਨਾ ਉੱਡਣਾ
ਨਹੀਂ ਕਰਨੇ ਸਰ ਪ੍ਰਵਾਜ਼
-0-
ਦੇਹ ਦਾ ਭਾਰ ਵੀ ਲਾਹਦੇ
ਜੇ ਜਾਣਾ ਨਦੀਉਂ ਪਾਰ
ਦੇਹ ਨੇ ਆਖਿਰ ਡੁੱਬਣਾ
ਤੈਨੂੰ ਨਾਮ ਲੰਗਾਣਾ ਪਾਰ
ਤਸਬੀ ਬਣ ਜਿੰਦੇ ਉਸ ਦੀ
ਉਹ ਸਭ ਦਾ ਰਖਣਹਾਰ
ਜੀਣ ਲਈ ਖਾਣਾ
ਖਾਣ ਲਈ ਨਹੀਂ ਜਿਉਣਾ
ਚਿੱਤ ਵਿਚ ਲੈ ਵਸਾ
ਖਾਣ ਲਈ ਨਾ ਜਨਮਨਾ
ਇਸ 'ਤੇ ਬ੍ਰਿਤੀ ਲਾਅ
ਗਿਣਵੇ ਪ੍ਰਾਣ ਨੇ ਤੈਂਡੜੇ
ਉਨੂੰ ਮਰਨੋਂ ਪਹਿਲਾਂ ਪਾਅ

-0-
ਸਾਵਨ ਘਟਾਵਾਂ ਛਾਈਆਂ
ਆਪਣੀਆਂ ਯਾਦਾਂ ਆਈਆਂ
ਅੱਖੀਆਂ ਝੜੀਆਂ ਲਾਈਆਂ
ਇਹ ਬੰਨ੍ਹ ਪ੍ਰਨਾਲ਼ੇ ਚੋਈਆਂ
ਖ਼ੂਹੀਆਂ ਖ਼ਾਲੀ ਹੋਈਆਂ
-0-
ਮਨ ਦੀ ਲਗਨ ਦੀ
ਤਨ ਦੇ ਮਘਣ ਦੀ
ਨੈਣਾਂ ਦੇ ਜਗਣ ਦੀ
ਅੰਗਾਂ ਚੋਂ ਸਿਮਦੀ ਅੱਗ
ਮਹਿਕ ਸੱਜਣ ਦੇ ਸਾਹਾਂ ਦੀ
ਗਈ ਫੇਫੜਿਆਂ ਚੋਂ ਲੰਘ
-0-
ਮੈਂ ਉਡਣੀ ਉਡਾ ਤੇਰੀ
ਲੱਥੀਂ ਸ਼ਰਮ ਹਯਾ ਮੇਰੀ
ਮੈਂ ਬੰਸੀ ਤੇਰੇ ਬੁੱਲਾਂ ਦੀ
ਚਾਹੇ ਚੁੱਪ ਰੱਖ ਚਾਹੇ ਵਜਾ ਸੱਜਣਾ
ਮੇਰੇ ਦਿਲ ਵਿਚ ਤੂੰ ਕੋਈ ਹੋਰ ਨਹੀਂ
ਮੇਰਾ ਤੇਰਾ ਤੇ ਕੋਈ ਜ਼ੋਰ ਨਹੀਂ
ਮੇਰਾ ਦੀਵਾ ਜਗਦਾ ਤੇਰੇ ਲਈ
ਰੱਖ ਜਗਦਾ ਚਾਹੇ ਬੁਝਾ ਸੱਜਣਾ
ਹੁਣ ਆ ਸੱਜਣਾ
ਇਸ ਬਾਵਰੀ ਹੋਈ ਰੁੱਤ ਤਾਂਈ
ਆਪਣਾ ਮੁਖ ਵਿਖਾ ਸੱਜਣਾ
-0-
ਹੇ ! ਦਿਲਾ
ਜੇ ਧੜਕਣਾ ਚਾਹੁੰਦਾ
ਉਸ ਦਾ ਲੈ ਲੈ ਨਾਮ ਧੜਕ
ਰੋਮ ਰੋਮ ਉਹਦਾ ਦੇਵੇ ਹੋਕਾ
ਪ੍ਰਾਣਾਂ ਦੀ ਮਾਲਾ ਦੇ
ਹਰ ਮਣਕੇ ਦੇ ਨਾਲ ਧੜਕ

-0-
ਉਸ ਦੇ ਨਾਮ ਦੀ ਦਰ ਦਰ ਅਲਖ ਜਗਾ
ਉਸ ਦੀ ਖ਼ੈਰ ਪਾਉਣ ਦੀ ਖ਼ਾਤਿਰ
ਨੀਚਾਂ ਤੋਂ ਨੀਚ ਕਹਾ
ਤੇਰਾ ਕੰਮ ਹੈ
ਦਿਲ ਵਿਚ ਯਾਦ ਤੇ ਅੱਖ਼ਾਂ ਦਰ 'ਤੇ
ਉਹ ਉਪਸਥਿਤ ਹੋਵੇ ਨਾ ਹੋਵੇ
ਇਸ ਦੀ ਚਿੰਤਾ ਨਾ ਲਾ
-0-
ਜਿਸ ਰਾਹ 'ਤੇ ਪੈਰ ਤੂੰ ਧਰਿਆ
ਉਹ ਰਾਹ ਛੁੱਟ ਨਾ ਜਾਵੇ
ਉਸ ਰਾਹ ਖ਼ਾਤਿਰ
ਸਿਰ ਤੇਰਾ ਚਾਹੇ ਧੜ ਤੋਂ ਵੱਖ ਹੋ ਜਾਵੇ
ਗਜਾ ਕਰ ਉਸ ਦੀ ਰਜ਼ਾ ਵਿਚ
ਉਹ ਆਪੇ ਪਾਸੀ ਖ਼ੈਰ
ਉਸ ਆਪਣੇ ਲਈ ਸਭ ਬਰਾਬਰ
ਨਾ ਆਪਣਾ ਨਾ ਗ਼ੈਰ
-0-
ਫਲ ਦੀ ਇੱਛਾ ਤਿਆਗ
ਬਸ ਪੁੱਟੀ ਜਾਅ ਪੈਰ
ਤੇਰੇ ਕੋਲ ਖ਼ੁਦ ਚੱਲ ਆਸੀ
ਤੂੰ ਜਿਸ ਤੋਂ ਮੰਗਦਾ ਖ਼ੈਰ
-0-
ਪ੍ਰਭੂ ਜੀ
ਭਰਮ ਮੁਕਤ ਕਰੋ
ਮੇਰੀ ਤਲ਼ੀਏ ਮੇਰਾ ਸੱਚ ਧਰੋ
ਤਾਂ ਕਿ ਮੈਂ
ਆਪਣੀ ਜੋਤ
ਵਿਸ਼ਵ 'ਚ ਜਗਦੀ ਵੇਖ ਸਕਾਂ
ਆਪਣੇ ਆਪ 'ਚ
ਨਿੱਘ ਵਿਸ਼ਵ ਦਾ ਸੇਕ ਸਕਾਂ
ਹੰਕਾਰ ਦੀ ਅੱਗਣੀ ਠਰ ਜਾਵੇ

ਮੇਰੇ ਚੋਂ
ਮੇਰੀ ਮੈਂ ਮਰ ਜਾਵੇ
ਮੇਰਾ ਆਪਾ
ਤੇਰੀ ਤੂੰ ਸੰਗ ਭਰ ਜਾਵੇ
-0-
ਜੇ ਮੈਂ ਆਪਣਾ ਸੱਚ ਜਾਣਾਗਾ
ਲੋਕਾਂ ਦਾ ਸੱਚ ਪਹਿਚਾਣਾਗਾ
ਮੇਰੇ ਅੰਦਰ
ਦੀਵਾ ਜਗ ਜਾਏਗਾ
ਚਾਨਣ ਨਾਲ ਵਿਹੜਾ ਭਰ ਜਾਏਗਾ
ਸ਼ਾਂਤੀ ਦੀ ਪੌਣ ਵਗੇਗੀ
ਤਪਦਾ ਹਿਰਦਾ ਠਰ ਜਾਵੇਗਾ
ਅੰਦਰ ਬਾਹਰ
ਹਰਿਆਉਲਾ ਕਰ ਜਾਵੇਗਾ
-0-
ਹੇ ! ਗਰਭ ਕਲਪਣਾ
ਦੇਹ ਅਣਮੁਲੀ ਬਖਸ਼ੀ
ਉਸ ਸਿਰਜਣਹਾਰ
ਭੰਗ ਦੇ ਭਾਅ ਹੁਣ ਗੁਆ ਨਾ ਇਸ ਨੂੰ
ਕਰ ਇਸਦੀ ਸੰਭਾਲ
-0-
ਇਸ ਦੇਹੀ ਦਾ ਮਕਸਦ ਸਮਝੋ
ਮਕਸਦ ਨੂੰ ਜੀਵਨ ਵਿਚ ਢਾਲੋ
ਆਪੇ ਦਾ ਦੀਵਾ ਬਾਲ਼ੋ
ਚਾਨਣ ਕਰੋ ਜਹਾਨ
ਚਾਨਣ ਵਿਚ ਉਹ ਚਿਹਰਾ ਤੱਕੋ
ਜੋ ਵਿਸ਼ਵ ਦੀ ਹੈ ਪਹਿਚਾਣ
ਆਪਣਾ ਜਨਮ ਸੁਧਾਰਨ ਲਈ
ਜਿਉਂਦੇ ਜੀਅ ਮੁਕਤੀ ਪਾਵਣ ਲਈ
ਦੇਹ ਦਾ ਸੱਚ ਜਾਨਣਾ
ਅਤੀ ਲੋੜੀਂਦਾ ਹੈ
ਫਿਰ ਬੰਦੇ ਨੂੰ ਬੰਦੇ ਚੋਂ

ਆਪਣਾ ਆਪ ਦਸੀਂਦਾ ਹੈ
-0-
ਹੇ ! ਮਨਾਂ
ਮਰਨ ਵਕਤ ਦਾ ਤੈਨੂੰ ਨਹੀਂ ਅਹਿਸਾਸ
ਤੇਰੇ ਕੋਲ ਕਿੰਨ੍ਹਾ ਸਮਾਂ ਹੈ
ਤੈਨੂੰ ਨਹੀਂ ਵਿਸ਼ਵਾਸ
ਇਸ ਮਕਸਦ ਨੂੰ ਪਾਵਣ ਲਈ
ਕੋਈ ਛੇਤੀ ਕਰ ਅਭਿਆਸ
-0-
ਜਗ ਵਿਚ ਆਕੇ
ਜਗ ਦੇ ਵਿਚਰਨ ਤੋਂ ਘਬਰਾਕੇ
ਗਰਭ ਕਾਲ ਨੂੰ ਭਾਲ਼ ਰਿਹਾ ਹੈ
ਗਰਭ ਕਾਲ ਦੀ ਸੁੱਖ ਸ਼ਾਂਤੀ ਚੇਤੇ ਕਰਕੇ
ਜੀਵਨ ਵਿਚਲੀ ਬਲਦੀ ਅੱਗ ਨੂੰ
ਜਲ ਦੇ ਛਿੱਟੇ ਮਾਰ ਰਿਹਾ ਹੈ
-0-
ਗਰਭ ਕਾਲ ਤਾਂ ਸੁਫ਼ਨਾ ਹੋਇਆ
ਉਸ ਵਿਚ ਹੁਣ ਤੂੰ ਜਾਅ ਨਹੀਂ ਸਕਦਾ
ਗੁਜ਼ਰ ਗਿਆ ਸਮਾਂ ਮਨਾਂ ਜੋ
ਉਹ ਤਾਂ ਪਰਤ ਕੇ ਆ ਨਹੀਂ ਸਕਦਾ
-0-
ਯਾਦ ਕਰ ਹੁਣ ਉਸ ਨੂੰ
ਗਰਭ ਕਾਲ ਵਿਚ
ਤੇਰੀ ਲਿਵ ਸੀ ਜਿਸ ਦੇ ਨਾਲ
ਗਰਭ ਕਾਲ ਵਿਚ ਚੇਤੇ ਸੀ
ਤੈਨੂੰ ਤੇਰਾ ਸਿਰਜਣਹਾਰ
ਗਰਭ ਤੋਂ ਜਦ ਤੂੰ ਬਾਹਰ ਨਿਕਲਿਆ
ਤੂੰ ਉਸ ਨੂੰ ਦਿਤਾ ਵਿਸਾਰ
ਦੁਨੀਆ ਦੀਆਂ ਰੰਗ-ਰਲੀਆਂ ਨੂੰ
ਤੇਰੇ ਤੇ ਉਸ ਵਿਚ ਦਿਤੇ ਕਈ ਓਹਲੇ ਉਸਾਰ
-0-
ਹੇ ! ਮਨਾਂ

ਹੁਣ ਤੇਰੇ ਲਈ
ਤੇਰਾ ਵਰਤਮਾਨ ਤੇ ਭਵਿੱਖ ਹੈ
ਉਸਦਾ ਕਰ ਸਤਿਕਾਰ
ਲਾਹ ਦੇ ਇੰਦਰਜਾਲ ਦੀ ਬੁੱਕਲ
ਤੂੰ ਜੋ ਬੈਠਾ ਮਾਰ
ਨਿਚੋੜ ਦੇ ਆਪਣੇ ਆਪ ਚੋਂ
ਚੇਸ਼ਟਾ ਲਾਲਚ ਤੇ ਹੰਕਾਰ
ਢਾਹ ਦੇ ਸਭ ਉਹ ਦੀਵਾਰਾਂ
ਤੂੰ ਜੋ ਉਸਾਰੀਆਂ
ਆਪਣੇ ਤੇ ਉਸ ਵਿਚਕਾਰ
-0-
ਭਵਿੱਖ ਕਾਲ ਲਈ
ਗਰਭ ਕਾਲ ਜਿਹੀ ਚਾਹੀਦੀ ਹੈ
ਤੇਰੀ ਸੋਚ ਵਿਚਾਰ
ਸ਼ੁੱਧ ਕਰ ਲੈ ਆਪਣਾ ਆਪ
ਮੱਥੇ ਦੀਵਾ ਬਾਲ਼
ਗਰਭ ਕਾਲ ਵਿਚ ਜੋ ਜਗਦਾ ਸੀ
ਬੁਝ ਗਿਆ ਜੋ ਗਰਭ ਕਾਲ ਤੋਂ ਬਾਹਰ
-0-
ਸਾਰੇ ਕਰਮਾਂ ਦੇ ਵਿਸ਼ੇ
ਉਸ ਨੂੰ ਅਰਪਣ ਕਰਦਾ ਹਾਂ
ਮਿੱਟੀ ਦਾ ਜਿਸ ਭਾਂਡਾ ਘੜਿਆ
ਉਸ ਨੂੰ ਸਿਜਦਾ ਕਰਦਾ ਹਾਂ
ਭਾਂਡੇ ਵਿਚ ਜਿਸ ਆਪਣਾ ਸੱਚ ਧਰਿਆ
ਉਸ ਦੇ ਹੱਥ ਚੁੰਮਣ ਨੂੰ ਜੀਅ ਕਰਦਾ ਹੈ
ਉਸ ਦੇ ਗਲ ਲੱਗ
ਮਰਨ ਨੂੰ ਜੀਅ ਕਰਦਾ ਹੈ
ਉਸਦੀ ਮਿੱਟੀ ਵਿਚ
ਮਿੱਟੀ ਹੋਵਣ ਨੂੰ ਜੀਅ ਕਰਦਾ ਹੈ
ਉਸ ਨੂੰ
ਅੱਖੀਆਂ ਵਿਚ ਪਾਵਣ ਨੂੰ ਜੀਅ ਕਰਦਾ ਹੈ
ਆਪਾ ਭੁਲਕੇ

ਉਸਦਾ ਹੋ ਜਾਵਣ ਨੂੰ ਜੀਅ ਕਰਦਾ ਹੈ
ਨੰਗੇ ਪਿੰਡੇ
ਉਸ ਨੂੰ ਛੋਹਵਣ ਨੂੰ ਜੀਅ ਕਰਦਾ ਹੈ
ਉਸ ਦੀ ਖ਼ਾਤਿਰ
ਦੁਨੀਆ ਛੱਡਣ ਨੂੰ ਜੀ ਕਰਦਾ ਹੈ
-0-
ਜਗਤ ਮੋਹਨੀਆਂ ਪਰੀਆਂ ਜਿਹੀਆਂ ਨੂਰ ਤ੍ਰਿਸ਼ਨਾ
ਇੱਛਾਵਾਂ ਗੋਰੀਆਂ ਤਜਦਾ ਹਾਂ
ਇਕ ਮਨ ਇਕ ਚਿੱਤ ਹੋ ਕੇ
ਸ਼ਰਧਾ ਵਿਸ਼ਵਾਸ ਦਾ ਕਰ ਇਸ਼ਨਾਨਾ
ਆਲ਼ੇ ਵਿਚ ਜਗਦੀ ਜੋਤੀ ਦੀ ਲੋਅ ਫੜਦਾ ਹਾਂ
ਉਸ ਘੁਮਿਆਰ ਦੀ ਸਰਦਲ 'ਤੇ ਆ ਖੜਦਾ ਹਾਂ
-0-
ਉਠ ਮਨਾਂ ਸੂਰਜ ਚੱਲਿਆ ਢਲ
ਜੇ ਹੁਣ ਵੀ ਸਵੈ ਨਾ ਸਿਮਰਿਆ ਫਿਰ ਸਿਮਰੇਗਾ ਕਦ
ਕਾਲਿਉ ਬੱਗੇ ਆਏ ਕਰ ਨਾ ਟੋਲ ਮਟੋਲ
ਦਰ ਅੰਦਰ ਦਾ ਹੁਣ ਤਾਂ ਕਮਲਿਆ ਖੋਲ
ਜੋ ਹੈ ਤੇਰੇ ਅੰਦਰ ਵਸਦਾ ਰਤਾ ਬਹਿ ਉਸਦੇ ਵੀ ਕੋਲ
ਉਸ ਦੀ ਸੁਣ ਕੁੱਝ ਆਪਣੀ ਕਹਿ ਕਰ ਸਾਂਝੇ ਕੁੱਝ ਬੋਲ
-0-
ਹਰੀ ਸਿਮਰ ਹਰੀ ਸਿਮਰ
ਸਿਫ਼ਰੇ ਤੋਂ ਹੋ ਜਾਅ ਏਕਾ
ਏਕੇ ਤੋਂ ਹੋ ਜਾਅ ਸਿਫ਼ਰ ਸਿਫ਼ਰ
-0-
ਹਰੀ ਸਿਮਰ ਹਿਰਦਾ ਸ਼ੁੱਧ ਹੋਵੇ
ਦਸਤਕ ਹੋਵੇ ਦਰ ਤੇਰੇ 'ਤੇ
ਸੱਜਣ ਘਰ ਢੁਕੇ
ਤਾਂਘ ਤ੍ਰਿਪਤੀ ਪਾਵੇ
ਤਨ ਮਨ ਹਰਿਆ ਕਰ ਲਈ
ਥਲ ਸਾਗਰ ਹੋ ਜਾਵੇ
-0-
ਜਦ ਘਰ ਆਵਣ ਸੱਜਣ

ਆਪਾ ਪੈਰਾਂ ਹੇਠ ਵਿਛਾਵੀਂ
ਵਿਛਾਕੇ ਤਨ ਦੀ ਕੋਰੀ ਚਾਦਰ
ਮਨ ਦਾ ਪੀੜ੍ਹਾ ਡਾਹੀਂ
ਲਹੂ ਰੰਗੀ ਕੱਢ ਫੁਲਕਾਰੀ
ਸੱਜਣਾਂ ਹੇਠ ਵਿਛਾਵੀਂ
ਪਲਕਾਂ ਦਾ ਕਰ ਸ਼ਾਹਮਿਆਨਾ
ਸੱਜਣਾਂ ਦਾ ਦਿਲ ਪ੍ਰਚਾਵੀਂ
ਰੰਗੀ ਜਾਈ ਰੰਗ ਮਾਹੀ ਦੇ
ਮਲਿਹਾਰ ਅੰਗਾਂ ਸੰਗ ਗਾਵੀਂ
ਸਾਹਾਂ ਸੰਗ ਸਿਮਰੀ ਸੱਜਣ
ਦਿਲ ਦੇ ਨਾਲ ਧਿਆਵੀਂ
ਮਿੱਠੜੇ ਬੋਲਾਂ ਦੇ
ਰਸਾਂ ਦਾ ਅਰਘਾ ਸੱਜਣਾਂ ਭੇਟ ਚੜ੍ਹਾਈ
ਭੁੱਲ ਜਾਵੀਂ ਸਭ ਕੁੱਝ ਆਪਣਾ
ਬਸ ਉਸਦੀ ਹੋ ਜਾਵੀਂ
ਰਹਿ ਜਾਏ ਉਹ ਕੋਲ ਸਦਾ ਲਈ
ਤੂੰ ਉਸ ਵਿਚ ਡੁਬ ਜਾਵੀਂ
ਹੇ ! ਮਨਾਂ
ਹਰੀ ਸਿਮਰ ਹਰੀ ਸਿਮਰ
ਸਿਫ਼ਰੇ ਤੋਂ ਹੋ ਜਾਅ ਏਕਾ
ਏਕਾ ਤੋਂ ਹੋ ਜਾਅ ਸਿਫ਼ਰ ਸਿਫ਼ਰ
-0-
ਮਾਇਆ ਦੀ ਉਂਗਲੀ 'ਤੇ ਨਚਣਾ
ਮਨਮੁਖਾਂ ਦਾ ਚਾਅ
ਹੰਕਾਰ ਭਰੀ ਦੇਹ ਦੀ ਨਗਰੀ
ਸੱਚ ਝੂਠ ਇਕ ਭਾਅ
ਚੌਂਕ 'ਚ ਸੂਲ਼ੀ 'ਤੇ ਟੰਗਿਆ ਹੈ
ਸੱਚ ਨੂੰ ਜਾਂਦਾ ਰਾਹ
-0-
ਹੇ ! ਮਨਾਂ
ਵਿਹੜਾ ਸੁੰਬਰ
ਕੰਧਾਂ ਛੱਤਾਂ ਲਿਪ

ਉਸ ਦਾਤੇ ਦੀ ਕਦਮ ਬੋਸੀ ਲਈ
ਨੀਵਾਂ ਹੋਣਾ ਸਿਖ
ਹਿਰਦੇ ਚੋਂ ਹਉਮੇ ਮਿਟੇ
ਜਾਗੇ ਆਤਮ ਅਹਿਸਾਸ
ਉਹ ਦੀਵਾ ਦਿਸ ਪਏ
ਬਲ਼ ਰਿਹਾ ਹੈ ਜੋ ਆਦਿ ਜੁਗਾਦਿ
ਜੇ ਜਲ ਨਿਰਮਲ ਹੋਵੇਗਾ
ਤਾਂ ਦਰਪਣ ਚੋਂ
ਮੂੰਹ ਅੰਬਰ ਦਾ ਵੇਖ ਸਕੇਗਾ
ਉਸ ਉੱਚੇ ਨੂੰ ਆਪ ਬਰੋਬਰ
ਨੀਵਾਂ ਹੁੰਦਾ ਵੇਖ ਸਕੇਗਾ
-0-
ਦੇਹ ਦਾ ਬੂਹਾ ਖੜਕਾ
ਅੰਦਰ ਬਾਹਰ ਸਿਰਜਿਆ
ਆਪਣਾ ਹਨ੍ਹੇਰ ਮਿਟਾ
ਫਿਰ ਆਪਾ ਨਜ਼ਰੀਂ ਆਏਗਾ
ਸ਼ੀਸ਼ੇ ਦੇ ਵਿਚ ਧੁੰਧਲਾ ਚਿਹਰਾ
ਸਵੈ ਸ਼ੀਸ਼ਾ ਹੋ ਜਾਏਗਾ
ਤੈਨੂੰ ਚੁੱਪ ਸੁਣੇਗੀ ਉਸ ਦੀ
ਜੋ ਵਸ ਰਿਹਾ ਹੈ ਤੇਰੇ ਕੋਲ
ਤੂੰ ਗੂੰਜੇਗੀ ਚਾਰ ਚੁਫ਼ੇਰੇ
ਚੁੱਪ ਧਾਰੀ ਜਦ ਤੇਰੇ ਸ਼ੋਰ
ਖੁਲ ਸਨ ਸਭ ਬੂਹੇ ਬਾਰੀਆਂ
ਜਦ ਉਹ ਅੰਦਰੋਂ ਪੈਸੀ ਬੋਲ
ਫਿਰ ਤੂੰ ਬੋਲ ਸੁਣੇਗਾ ਉਸ ਦਾ
ਤੈਨੂੰ ਕੁੱਝ ਨਾ ਸੁਣਸੀ ਹੋਰ
-0-
ਮਨ ਦੀ ਸਾਹਿਬਾ
ਸਭ ਰਿਸ਼ਤੇ ਮਿੱਧ
ਜੇ ਦਰਿਆ ਮੋਹ ਦਾ ਲੰਘ ਜਾਂਦੀ
ਕਥਾ ਨਾ ਰਹਿੰਦੀ
ਸੱਚ ਦਾ ਸੱਚ ਕਹਾਂਦੀ

-0-
ਨਾ ਮਿਰਜ਼ੇ ਦੇ ਤੀਰ ਹੀ ਭੰਨਦੀ
ਨਾ ਤਰਕਸ਼ ਟੰਗਦੀ ਜੰਡ
ਆਪਣੇ ਸਵੈ ਵੱਲ
ਜਨਮ ਤੋਂ ਲੈ ਕੇ ਜੰਡ ਦੇ ਸਫ਼ਰ ਤਕ
ਸਾਹਿਬਾ ਰੱਖੀ ਕੰਡ
ਪੰਡ ਸਾਹਿਬਾ ਦੀ ਜੋ ਮਿਰਜ਼ੇ ਚੁੱਕੀ
ਮਨ ਦੀ ਸਾਹਿਬਾ ਵੀ
ਜੇ ਚੁਕਦੀ ਮਿਰਜ਼ੇ ਦੀ ਪੰਡ
ਐਸੀ ਲੀਨ ਹੁੰਦੀ ਮਿਰਜ਼ੇ ਵਿਚ
ਜਿਉਂ ਜਲ ਦੇ ਵਿਚ ਜਲ
ਤਾਂ ਇਸ਼ਕ ਦੀ ਦੁਨੀਆ ਵਿਚ ਸਾਹਿਬਾ
ਰੱਬੀ ਰੁਤਬਾ ਪਾਉਂਦੀ
ਨਾ ਇਸ਼ਕ 'ਤੇ ਲੱਗਾ ਦਾਗ਼ ਕਹਾਂਦੀ
-0-
ਸਾਹਿਬਾ ਤਾਂ ਤਿਆਗ ਸਕੀ ਨਾ
ਮਾਂ ਜਾਇਆ ਦਾ ਮੋਹ
ਮੋਹ ਦੇ ਲਹੂ 'ਚ ਭਿੱਜੀ ਸਾਹਿਬਾ
ਕਿੰਜ ਮਿਰਜ਼ੇ ਦੀ ਸਕਦੀ ਸੀ ਹੋ
ਆਪਣਾ ਮੋਹ ਮਿਟਾਉਂਦੀ ਪਹਿਲਾਂ
ਫਿਰ ਮਿਰਜ਼ੇ ਨੂੰ ਪਾਉਂਦੀ
ਸਿਰ 'ਤੇ ਗੱਠੜੀ ਮੋਹ ਦੀ ਚੁਕ ਕੇ
ਕਿੰਜ ਦਰਿਆ ਇਸ਼ਕੇ ਦਾ ਤਰ ਜਾਂਦੀ
ਮਿਰਜ਼ਾ ਬਾਰ ਬਾਰ ਨਹੀਂ ਜੰਮਣਾ
ਸਾਹਿਬਾ ਜੰਮਣੀ ਨਿੱਤ
ਜਨਮ ਮਰਨ ਦੀ ਜੂੰਨ ਹੰਢਾਉਂਦੀ
ਭਰਾਵਾਂ ਦਾ ਮੋਹ ਚਿੱਤ
-0-
ਤੇਰਾ ਵਿਸਥਾਰ
ਤੇਰੇ ਆਪਣੇ ਸਭ ਅਧਾਰ
ਆਪੇ ਦੀ ਪ੍ਰਕਰਮਾ ਆਪ
ਆਪੇ ਆਪਣਾ ਸਿਮਰਨ

ਆਪੇ ਆਪਣਾ ਜਾਪ
-0-
ਤੇਰੀ ਹੋਂਦ ਹੈ ਆਤਮ ਰੂਪ
ਉਪਾਦੀ ਰਹਿਤ ਬ੍ਰਹਮ ਸਰੂਪ
ਤੇਰੇ ਸਾਹਾਂ ਵਿਚ ਜੋ ਗਿੜਦਾ ਹੈ
ਤੇਰਾ ਲਹੂ 'ਚ ਜੋ ਘੁਲਿਆ ਹੈ
ਉਸ ਦਾ ਰੰਗ ਪਹਿਚਾਣ
ਤੇਰੀ ਨਸ ਨਸ ਵਿਚ ਜੋ ਟੁਰਦਾ
ਉਸ ਦੇ ਨਖਸ਼ ਸਿਆਣ
ਗਰਭ ਜੂੰਨ ਤੋਂ ਅੰਤ ਦਮਾਂ ਤਕ
ਜੋ ਤੇਰਾ ਸਾਥ ਨਿਭਾਉਂਦਾ ਹੈ
ਤੇਰੀ ਦੇਹ ਸੰਗ ਜਨਮਦਾ ਹੈ
ਜੋ ਦੇਹ ਦਾ ਬੀਜ ਕਹਾਉਂਦਾ ਹੈ
ਦੇਹ ਦਾ ਭਾਂਡਾ ਤਿੜਕਣ ਵੇਲੇ
ਜੋ ਮਾਰ ਉਡਾਰੀ ਜਾਂਦਾ ਹੈ
ਕੀ ਹੈ ਕੌਣ ਹੈ
ਉਸ ਨੂੰ ਜਾਣਨ ਦਾ ਕੀਤਾ ਈ ਕਦੀ ਜੇਰਾ
ਤੂੰ ਉਸਦਾ ਕੀ ਲੱਗਦਾ ਹੈ
ਉਹ ਕੀ ਲੱਗਦਾ ਹੈ ਤੇਰਾ
-0-
ਮਨ ਵਿਚ ਸੂਰਤ ਤੇਰੀ
ਅੱਖੀਆਂ ਦੇ ਵਿਚ ਚਾਅ
ਦੇਹੀ ਪਿੰਜਰ ਹੋ ਗਈ
ਤੱਕ ਤੱਕ ਤੇਰਾ ਰਾਹ
ਛੇਕ ਕਲੇਜੇ ਪ੍ਰੇਮ ਦੇ
ਰੋਮ ਰੋਮ ਤੇਰਾ ਰਾਮ
ਕਦ ਬਾਹੁੜੇਗਾ ਸੱਜਣ
ਸਿਰ 'ਤੇ ਢਲੀ ਹੈ ਸ਼ਾਮ
-0-
ਇਸ਼ਕ ਤੇਰੇ ਸੰਗ ਚੇਤਨ ਹੋਈ
ਲੋਕਾਂ ਰੱਖਿਆ ਕਮਲੀ ਨਾਮ
ਛੱਜ 'ਚ ਪਾ ਕੇ ਛੱਟਿਆ

ਕੀਤਾ ਥਾਂ ਥਾਂ 'ਤੇ ਬਦਨਾਮ
ਇਸ ਉਮਰੇ ਵੀ ਜੇ ਨਾ ਮਿਲਿਉ
ਉਡੀਕ ਕਰੇਸਾ ਬਹਿ ਗੋਰ
ਅੱਖ੍ਹਾਂ ਰਖਸਾਂ ਖੁੱਲ੍ਹੀਆਂ
ਦਿਲ ਦਾ ਦਰਵਾਜ਼ਾ ਖੋਲ
–0–
ਮਿਲੇ ਤਾਂ ਮਿਲਾਂ
ਨਹੀਂ ਤਾਂ ਵਿਛੜਿਆ ਹੀ ਮਰਾ
ਮਰ ਕੇ ਵੀ ਜੇ ਤੂੰ ਨਾ ਮਿਲਿਉ
ਫਿਰ ਦਸ ਕਿੱਧਰ ਜਾਅ
–0–
ਤੂੰ ਹੀ ਦਸ
ਕਿੰਜ ਤੈਨੂੰ ਮਿਲ ਪਾਵਾਂ
ਜਨਮ ਮਰਨ ਦੇ ਚੱਕਰ ਤੋਂ
ਕਿੰਜ ਮੁਕਤ ਹੋ ਜਾਵਾਂ
ਸਮਾਂ ਸਥਾਨ ਮੰਨਜੂਰ ਹੈ ਤੇਰਾ
ਘੱਲ ਸੁਨੇਹੜਾ ਮੈਂ ਪਲ ਨਾ ਲਾਵਾਂ
–0–
ਰਾਤ ਹਨ੍ਹੇਰੀ
ਦਰਿਆ ਚੜ੍ਹਿਆ ਹੈ
ਅਤਿ ਹਨ੍ਹੇਰੀ ਤੁਫ਼ਾਨ ਚਲਿਆ ਹੈ
ਗ਼ਮ ਨਹੀਂ
ਡੁਬਕੇ ਵੀ ਨਾ ਮੋਇਆ
ਗ਼ਮ ਹੈ ਡੁਬਕੇ ਵੀ
ਤੇਰਾ ਨਾ ਹੋਇਆ
ਕੈਸੇ ਵੇਸ ਕਰਾਂ
ਕੈਸੇ ਬੋਲਾਂ ਬੋਲ
ਕਿੰਜ ਕਰਾਂ ਮਨ ਨਿਰਮਲ
ਆ ਬੈਠਾਂ ਤੇਰੇ ਕੋਲ
–0–
ਹੇ ! ਬੰਦੂ
ਬਿੰਦੂ ਤੋਂ ਰੂਪ ਦਾਇਰੇ ਦਾ ਧਾਰ

ਟੱਪ ਸਰਦਲ ਆਪਣੇ ਆਪ ਦੀ
ਬਿੰਦੂ ਦਾਇਰੇ ਵਿਚ ਉਤਾਰ
-0-
ਦੇਹ ਦੀ ਪਹਿਚਾਣ ਬਿੰਦੂ ਹੈ
ਆਪੇ ਦਾ ਨਿਸ਼ਾਨ ਬਿੰਦੂ ਹੈ
ਇਸ ਜਗਤ ਵਿਚ ਆਉਣ ਤੋਂ ਪਹਿਲਾਂ
ਤੇਰੀ ਦੇਹ ਦਾ ਪ੍ਰਾਣ ਬਿੰਦੂ ਹੈ
ਤੂੰ ਹੈ ਜਿਸ ਦਾ ਪ੍ਰਗਟਾਅ
ਉਸਦਾ ਇਹ ਪ੍ਰਮਾਣ ਬਿੰਦੂ ਹੈ
-0-
ਹੇ ! ਸਰੀਰਾ
ਜੋਤ ਨਿਰੰਜਨ ਦਾ ਸੱਚ ਵਰਨ ਲਈ
ਬਿੰਦੂ ਦਾਇਰੇ ਵਿਚ ਧਰਨ ਲਈ
ਦੇਹੀ ਵਿਚ ਬ੍ਰਹਮ ਦੀ ਜੋਤ ਜਗਾ
ਆਪਣਾ ਸੱਚ ਆਪੇ ਚੋਂ ਪਾਅ
ਰੁੱਖ ਲਈ ਜੰਗਲ
ਤੇਰੇ ਲਈ ਮਾਨਵਤਾ ਬ੍ਰਹਮ ਰੂਪ ਹੈ
ਦੇਹ ਬਿਨ ਆਪਾ ਬ੍ਰਹਮ ਸਰੂਪ ਹੈ
ਬ੍ਰਹਮ ਦੀ ਹੋਂਦ ਆਤਮ ਸੱਚ ਹੈ
ਆਤਮ ਸੱਚ ਦਾ ਦਾਜ ਬਣਾ
ਸਾਹੁਰੇ ਘਰ ਦਾ ਸੁਖ ਪੇਕੇ ਘਰ ਵਿਚ ਪਾਅ
-0-
ਹੇ ! ਮਨਾਂ
ਆਤਮ ਆਨੰਦ ਪਾਈਐ
ਸਵੈ ਦੀ ਮਹਿਮਾ ਗਾਈਐ
ਸੜ੍ਹਦਾ ਥਲ ਠਾਰੀਐ
ਸਾਗਰ ਦੇਹ ਉਤਾਰੀਏ
ਲਿਵ ਆਪੇ ਸੰਗ ਲਾਈਐ
ਮਨ 'ਤੇ ਕਾਠੀ ਪਾਈਐ
ਤਜੀਏ ਮੋਹ ਹੰਕਾਰ
ਦੇਹ ਸਾਗਰ ਕਰੀਏ ਪਾਰ
-0-

ਵਰ੍ਹੀਏ ਬੱਦਲ ਬਣਕੇ
ਧਰਤੀ ਕਰੀਏ ਤਰ
ਭਰਿਆ ਖ਼ਾਲੀ ਕਰੀਏ
ਖਾਲੀ ਲਈਏ ਭਰ
ਭਾਣਾ ਮੰਨੀਏ ਉਸ ਦਾ
ਚੱਲੀਏ ਹੁਕਮ ਅਧੀਨ
ਰਹੀਏ ਹੋ ਗਰੀਬੜੇ
ਭੁਲ ਆਪਣਾ ਤੌਫ਼ੀਕ
ਆਪਣਾ ਆਪਾ ਮਾਰਕੇ
ਚਿੱਤ ਵਸਾਈਏ ਕੰਤ
ਫਿਰ ਸਦਾ ਦੀਵਾਲੀ ਸਾਧ ਦੀ
ਅੱਠੋ ਪਹਿਰ ਬਸੰਤ
-0-
ਜੇ ਕੋਈ ਰੁੱਖ
ਰੁੱਖਾਂ ਵਿਚ ਬਹਿਕੇ
ਜੰਗਲ ਨਾਮ ਧਿਆਵੇ
ਜੜ੍ਹ ਤੋਂ ਲੈ ਕੇ ਪੱਤੇ ਤਕ
ਉਹ ਰੁੱਖ
ਜੰਗਲ ਦੇ ਰੰਗ ਰੰਗਿਆ ਜਾਵੇ
-0-
ਉਸ ਦੇ ਨਾਮ ਦਾ ਚਰਖਾ ਕੱਤਦਾ
ਪੱਥਰ ਵੀ ਤਰ ਜਾਵੇ
ਪਹਾੜ ਗਤੀ ਨੂੰ ਥਲ ਸਾਗਰ ਨੂੰ ਪਾਵੇ
ਭਾਲ਼ ਦੀ ਭਾਲ਼ 'ਚ ਮਿਲਿਆ ਸਭ ਨੂੰ
ਮੈਂ ਵਿਚ ਸੀ ਜੋ ਤੂੰ
ਤੂੰ ਹੀ ਤੂੰ ਆਪ ਹੋ ਗਿਆ
ਜਿਸ ਕੱਤਿਆ ਤੇਰਾ ਰੂੰ
-0-
ਜੇ ਕੋਈ ਨਾਮ ਪੁਕਾਰੇ ਉਸਦਾ
ਸਹਿਰਾ ਜਾਵੇ ਠਰ
ਪੌਣਾਂ ਦੀ ਬੁੱਕਲ ਵਿਚ ਵੀ ਦੀਵੇ ਪੈਂਦੇ ਜਗ
ਸਰਹੱਦਾਂ ਤੋਂ ਘਰ ਪਰਤਣ

ਹਰੇ ਰੁੱਖਾਂ ਦੀਆਂ ਛਾਂਗ
ਅੰਬਰ ਤੋਂ ਧਰਤੀ 'ਤੇ ਉਤਰਣ
ਪੰਖੇਰੂਆਂ ਦੀਆਂ ਕਤਾਰਾਂ
ਪਤਝੜ ਦੀ ਕੁੱਖ ਚੋਂ ਜਨਮਨ
ਮੌਸਮ ਰੁੱਤ ਬਹਾਰਾਂ
-0-
ਬਨਵਾਸੀ ਰਾਮ ਅਯੁਧਿਆ ਪਰਤਣ
ਹਰ ਘਰ ਹੋਵੇ ਦੀਵਾਲੀ
ਲੱਖ ਦੀਵੇ ਉਹ ਆਪ ਜਗਾਵੇ
ਚਿੱਟੀ ਕਰ ਦਏ ਗਤ ਕਾਲਖਾਂ ਮਾਰੀ
-0-
ਤੇਰੇ ਗੁਣ ਉਹੀ ਵਾਚੇ
ਜੋ ਗੁਣ ਵਾਚਣਾ ਜਾਣੇ
ਤੈਨੂੰ ਉਹ ਹੀ ਜਾਣ ਸਕੇ
ਜੋ ਆਪਣਾ ਆਪ ਪਹਿਚਾਣੇ
ਉਸ ਵਿਚ ਉਹ ਨਹੀਂ ਤੂੰ ਹੈ
ਜੋ ਤੇਰੀ ਜੋਤ ਸਿਆਣੇ
ਆਪਣਾ ਆਪ ਵਿਸਾਰ ਕੇ
ਤੇਰਾ ਹੋਣਾ ਜਾਣੇ
ਤੇਰਾ ਹੋ ਕੇ ਆਪਾ ਭੁਲ ਜਾਏ
ਨਾ ਆਪਣਾ ਭਰੇ ਹੁੰਗਾਰਾ
ਸਮਰਪਤ ਹੋ ਜਾਏ ਤੇਰੇ ਚਰਨੀਂ
ਬੁੱਤ ਦਾ ਬੁੱਤ ਹੀ ਸਾਰਾ
ਭਟਕਣ ਮੁਕ ਜਾਏ ਤੈਂਡੜੀ
ਕਰ ਕੋਈ ਅਜਿਹਾ ਵਿਚਾਰ
ਸਦਾ ਜਗੇ ਬੁਝ ਨਾ ਪਾਏ
ਕੋਈ ਐਸਾ ਦੀਵਾ ਬਾਲ਼
-0-
ਮਨ ਨੂੰ ਮਨ ਦਾ ਬੀਜ ਵਿਖਾ
ਮਨ ਤੂੰ ਜੋਤ ਸਰੂਪ ਹੈ
ਮਨ ਨੂੰ ਇਹ ਸਮਝਾ
ਮਨ ਡਿੱਠਾ ਜਦ ਸੱਚ ਆਪਣਾ

ਦੇ ਸੀ ਕੂੜ ਭੁਲਾ
ਆਪਣਾ ਹੋ ਕੇ ਰਹਿ ਜਾਸੀ
ਦੇਹ ਦੀ ਬੁੱਕਲ ਲਾਹ
-0-
ਜਦ ਮਨ ਤੱਕਿਆ ਚਿਹਰਾ ਆਪਣਾ
ਕੀਤੀ ਆਪੇ ਦੀ ਪਹਿਚਾਣ
ਹੋਇਆ ਵਾਕਿਫ਼ ਆਪਣੇ ਆਪ ਤੋਂ
ਫਿਰ ਆਤਮ ਲੈ ਸੀ ਜਾਣ
ਆਤਮ ਦਾ ਸੱਚ ਕੀ ਹੈ
ਫਿਰ ਜੀਵ ਨੂੰ ਸਮਝੀ ਆਏ
ਬ੍ਰਹਮ ਦੀ ਪਿਆਸੀ ਆਤਮਾ
ਬ੍ਰਹਮ ਰੂਪ ਹੋ ਆਪਣੀ ਪਿਆਸ ਬੁਝਾਏ
ਮਨ ਦੀ ਅੱਖ 'ਚ ਬੈਠੀ ਆਤਮਾ
ਪਿਆਸ ਤੋਂ ਜਲ ਹੋ ਜਾਏ
ਮਨ ਭਟਕਣ ਮੁਕ ਜਾਏ
ਅੰਬਰੀ ਚੰਨ ਮੁਸਕਾਏ
-0-
ਸਾਗਰ ਵੱਲ ਨਦੀ ਟੁਰੀ
ਮੈਂ ਟੁਰੀ ਵੱਲ ਤੇਰੇ
ਕੱਤਦੀ ਰਹੀ ਮੈਂ ਸੂਤ ਸੱਜਣ ਦਾ
ਸਾਹਾਂ ਦੇ ਹਰ ਗੇੜੇ
ਢਿੱਲੀ ਪੈ ਗਈ ਮਾਲ਼ ਚਰਖੀ ਦੀ
ਤੂੰ ਅਜੇ ਨਾ ਪਾਏ ਫੇਰੇ
ਸਭ 'ਤੇ ਨਜ਼ਰ ਸੁਭਾਗੀ ਤੇਰੀ
ਕੀ ਘਾਟ ਵਿਚ ਮੇਰੇ
ਤੂੰ ਚਾਹੇ ਜੋ ਤੈਨੂੰ ਭਾਵੇ
ਕੁੱਝ ਹੱਥ ਵਸ ਨਹੀਂ ਮੇਰੇ
-0-
ਹੇ ! ਮਨਾਂ
ਮਾਲਿਕ ਨੂੰ ਪ੍ਰਹਾਉਣਾ
ਪ੍ਰਹਾਉਣੇ ਨੂੰ ਮਾਲਿਕ ਸਮਝਿਆ ਤੂੰ
ਪ੍ਰਹਾਉਣੇ ਦੀ ਖ਼ਾਤਿਰ ਕੀਤਾ

ਮਾਲਿਕ ਨੂੰ ਅਣਗੌਲਿਆ ਤੂੰ
ਦੇਹ ਪ੍ਰਾਣਾਂ ਦਾ ਕੋਈ ਪਤਾ ਨਹੀਂ
ਸਵੈ ਦਾ ਜਨਮ ਮਰਨ ਦਾ ਸਾਥ
ਦੇਹ ਦਾ ਪਿੰਜਰਾ
ਆਤਮ ਜੋਤੀ ਸੰਗ ਅਬਾਦ
ਕੀਤੀ ਦੇਹੀ ਦੀ ਪ੍ਰਕਰਮਾ
ਦੇਹ ਦਾ ਸੱਚ ਨਿਕਾਰ
-0-
ਦੋਸਤੀ ਸੁਰਖਸ਼ਾ ਆਸਰਾ
ਬਾਹਰੋਂ ਰਿਹਾ ਤੂੰ ਭਾਲ਼
ਕਦੀ ਪੁਕਾਰਿਆ ਨਾ ਅੰਦਰਲਾ
ਜਨਮ ਜਮਾਂਤਰਾਂ ਦਾ ਜੋ ਨਾਲ
ਜੋ ਤੇਰਾ ਹੈ ਸਦਾ ਕਹਾਉਂਦਾ
ਤੇਰੇ ਉੱਗਣ ਤੋਂ ਪਹਿਲਾਂ
ਜੋ ਤੇਰੇ ਬੀਜ ਚੋਂ ਨਜ਼ਰੀਂ ਆਉਂਦਾ
ਤੇਰਾ ਸੱਚਾ ਦੋਸਤ
ਤੇਰਾ ਆਤਮਾ
ਤੇਰੀ ਸੁਰਖਸ਼ਾ ਸੰਗ ਜਿਸ ਦਾ ਰਾਬਤਾ
-0-
ਉਸ ਨੂੰ
ਭਾਲ਼ਣ ਦੀ ਲੋੜ ਨਹੀਂ ਹੈ
ਤੇਰੇ ਅੰਦਰ ਉਸ ਬਿਨ੍ਹਾਂ
ਕੋਈ ਹੋਰ ਨਹੀਂ ਹੈ
ਤੇਰੀ ਦੇਹ
ਉਸ ਦਾ ਘਰ ਹੈ
ਅੰਦਰ ਵੱਲ ਖੁੱਲ੍ਹਦਾ ਜਿਸਦਾ ਦਰ ਹੈ
ਤੇਰੇ ਬਿਨ
ਨਹੀਂ ਉਹ ਕਿਸੇ ਦਾ
ਜੋ ਨਹੀਂ ਤੈਨੂੰ ਆਪਣਾ ਲੱਗਦਾ
ਤੇਰੇ ਸਾਹਾਂ ਵਿਚ ਜਿਉਂਦਾ
ਜੋਤ ਰੂਪ ਵਿਚ ਤੇਰੇ ਜਗਦਾ
ਤੂੰ ਉਸ ਨੂੰ ਅੱਜ ਤਕ ਨਾ ਜਾਤਾ

ਆਪਣਾ ਚਿਹਰਾ ਨਾ ਆਪ ਪਛਾਤਾ
ਆਪਣੇ ਆਪ ਤੋਂ ਰਿਹਾ ਬੇਗਾਨਾ
ਅਣਜਾਣ ਸ਼ਮ੍ਹਾ ਤੋਂ ਤੂੰ ਪ੍ਰਵਾਨਾ
-0-
ਜੰਗਲ ਭਰਿਆ
ਚੇਸ਼ਟਾ ਗੁੱਸੇ ਲਾਲਚ ਸੰਗ ਹੰਕਾਰ
ਜਿੰਦ ਕਿੰਜ ਲੰਘ ਸੀ ਜੰਗਲੋਂ ਪਾਰ
-0-
ਪਰਲੇ ਪਾਸੇ ਉਸ ਦਾ ਡੇਰਾ
ਮਨ ਵਿਚ ਮਿਲਣ ਦਾ ਚਾਉ ਘਨੇਰਾ
ਮੋਹ ਮਾਇਆ ਦੇ ਝੱਖੜ ਵਗਦੇ
ਪਲ ਨਾ ਕਰਨ ਠਹਿਰਾਉ
ਕਦਮ ਕਦਮ 'ਤੇ ਬਿਸ਼ੀਅਰ ਸ਼ੂਕਣ
ਕਿੰਜ ਧਰਤੀ ਪੈਰ ਟਿਕਾਉ
ਕਰ ਮਨਾਂ ਕੋਈ ਹੀਆ ਵਸੀਲਾ
ਅੱਪੜ ਉਸ ਦੁਆਰ
ਭਰੋਸਾ ਰਖ ਕਰ ਯਾਦ ਸਾਂਈ ਨੂੰ
ਸ਼ਬਦ ਲੰਗਾ ਸੀ ਪਾਰ
-0-
ਉਸ ਦੀ ਲੀਲਾ
ਮਾਇਆ ਮੋਹ ਝੱਖੜ ਤੁਫ਼ਾਨ
ਆਪੇ ਉਹ ਇਨ੍ਹਾਂ ਦਾ ਸਿਰਜਕ
ਆਪੇ ਬਿਨਸਨਹਾਰ
ਝੱਖੜ ਉਠਣ ਤੁਫ਼ਾਨ ਵੀ ਆਵਣ
ਤੂੰ ਹਿੰਮਤ ਨਾ ਹਾਰ
ਬਾਜੀ ਲਾ ਕੇ ਸਿਰਧੜ ਦੀ
ਕਰ ਸੱਜਣ ਦੇ ਦੀਦਾਰ
-0-
ਤੈਨੂੰ ਨਜ਼ਰ ਨਹੀਂ ਆਉਂਦਾ
ਜਿਸ ਮਿੱਟੀ ਵਿਚ ਪਾਈ ਜਾਨ
ਧਰਤੀ ਦਾ ਹਰ ਜ਼ਰਾ ਜ਼ਰਾ
ਜਿਸ ਦੀ ਹੈ ਪਹਿਚਾਣ

-0-
ਜਿਸ ਨੂੰ ਤੱਕਿਆ ਹੋਵੇ ਆਪਾ ਰੌਸ਼ਨ
ਫੁੱਲ ਬਣ ਜਾਵਣ ਦਾਗ਼
ਅੰਬਰ ਸੂਰਜ ਚੰਨ ਸਿਤਾਰੇ
ਜਿਸ ਦਾ ਕਰਨ ਅਲਾਪ
ਧਰਤੀ ਦੇਹੀ ਖੰਭ ਉੱਗਣ
ਨਿਤ ਭਰਦੀ ਮਿਲਣ ਲਈ ਪ੍ਰਵਾਜ਼
ਪਰਬਤ ਕਰਨ ਜਿਸ ਦੀ ਪ੍ਰਕਰਮਾ
ਜੰਗਲ ਕਰਦੇ ਜਿਸ ਦਾ ਜਾਪ
-0-
ਥਲ ਹੈ ਜਿਸ ਦੀ ਮਹਿਮਾ ਗਾਉਂਦਾ
ਸਾਗਰ ਕਰਦਾ ਚੌਰ
ਝਰਨੇ ਜਿਸ ਦੀ ਧੁਨੀ ਉਚਾਰਨ
ਪੌਣ ਉਚਾਰੇ ਬੋਲ
ਅੱਗਣ ਤੇਜ ਨੇ ਬੁੱਲ੍ਹੀ ਲਾਈ
ਜਿਸ ਦੇ ਚਰਨਾਂ ਦੀ ਪਹੁਲ
ਮੌਸਮ ਰੁੱਤਾਂ ਬਹਾਰਾਂ ਦੇ
ਜੋ ਵਿਚ ਰਿਹਾ ਹੈ ਮੌਲ
-0-
ਹੇ ! ਮਨਾਂ
ਤੈਨੂੰ ਨਜ਼ਰ ਨਹੀਂ ਆਉਂਦਾ
ਜਿਸ ਮਿੱਟੀ ਵਿਚ ਪਾਈ ਜਾਨ
ਧਰਤੀ ਦਾ ਹਰ ਜ਼ਰਾ ਜ਼ਰਾ
ਜਿਸਦੀ ਹੈ ਪਹਿਚਾਣ
ਜੰਗਲ ਦਾ ਹਰ ਪੱਤਾ ਤੇ ਰੁੱਖ ਹੈ
ਜਿਸ ਦੀ ਸਿਆਣ
ਜਿਸ ਦੇ ਹੁਕਮ 'ਚ ਤੇਜ ਅੱਗਣ ਦਾ
ਪੌਣ ਗਤੀ ਵਿਚ ਉਸ ਦਾ ਫੁਰਮਾਨ
ਜਲ ਦਾ ਰਸ ਹੈ ਹੋਣਾ ਉਸਦਾ
ਧਰਤ ਸੁਗੰਧੀ ਉਸਦੀ ਸ਼ਾਨ
ਆਪਣੇ ਆਪੇ ਦੀ ਕਰ ਪਹਿਚਾਣ
ਕੌਣ ਪ੍ਰਹਾਉਣਾ ਹੈ ਇਸ ਘਰ ਦਾ

ਕੌਣ ਹੈ ਮਾਲਿਕ ਮਕਾਨ
-0-
ਜੇ ਤੂੰ ਮਨਾਂ ਜਾਣ ਲਿਆ ਇਹ
ਤੈਨੂੰ ਹੋਸੀ ਕੋਠੀ ਦਾ ਫਿਰ ਗਿਆਨ
ਉਹ ਮਾਲਿਕ ਤੂੰ ਹੈ ਮਹਿਮਾਨ
ਉਸ ਮਾਲਿਕ ਨੇ ਸਦਾ ਹੀ ਰਹਿਣਾ
ਘਰ ਹੋਵੇ ਨਾ ਹੋਵੇ
ਘਰ ਬਿਨ੍ਹਾਂ ਵੀ
ਉਸਦੇ ਕਈ ਨੇ ਰਹਿਣ ਸਥਾਨ
ਚਾਰ ਦਿਨਾਂ ਦਾ ਤੇਰਾ ਰਹਿਣ ਵਸੇਰਾ
ਮਾਲਿਕ ਬਣ ਬੈਠਾ ਤੂੰ ਘਰ ਦਾ
ਕੁੱਝ ਨਹੀਂ ਹੈ ਤੇਰੇ ਵਿਚ ਵੀ ਤੇਰਾ
-0-
ਭੋਗ ਅਭਿਲਾਸ਼ਾ ਤਮ੍ਹਾ ਪ੍ਰਤਿਸ਼ਠਾ
ਜਮਾਂਦਰੂ ਮਿਤਰ
ਲਹੂ ਮਾਸ ਤੇ ਜਾਨ ਤੈਂਡੜੇ
ਇਨ੍ਹਾਂ ਬਿਨ੍ਹਾਂ ਕਿੰਜ ਜੀਵਣਾ
ਇਹ ਜੀਵਨ ਦੇ ਪ੍ਰਾਣ ਤੈਂਡੜੇ
ਇਨ੍ਹਾਂ ਸੰਗ ਤੂੰ ਜਨਮਿਉ
ਤੇਰੇ ਹਿਰਦੇ ਇਨ੍ਹਾਂ ਦਾ ਵਾਸ
ਤਿਆਗ ਇਨ੍ਹਾਂ ਦਾ ਕਠਿਨ ਹੈ
ਇਹ ਉਸ ਸਿਰਜੇ ਆਪ
-0-
ਕਿੰਜ ਕਰ ਸਕਦੈ
ਤੂੰ ਮੁਦਰਾ ਦਾ ਤਿਆਗ
ਤੂੰ ਜੀਵਨ ਇਹ ਜੀਵਨ ਲੀਲਾ
ਤੂੰ ਹੱਟ ਇਹ ਰਾਸ
ਹਰੀ ਨਾਮ ਦਾ ਸਿਮਰਨ
ਇਕੋ ਇਕ ਹੈ ਰਾਹ
ਜਿਸ ਦੇ ਕੰਠ ਕੀਤਿਆ
ਇਨ੍ਹਾਂ ਤੋਂ ਤੂੰ ਮੁਕਤੀ ਸਕਦਾ ਪਾਅ
ਸਭ ਕੁਝ ਉਸਦੇ ਵੱਸ ਹੈ ਉਹ ਸਮਰਥ ਤੇ ਯੋਗ

ਉਹ ਆਪ ਮਿਟਾਵਣਹਾਰ ਹੈ
ਮੋਹ ਮਾਇਆ ਦੇ ਰੋਗ
-0-
ਉਸ ਨੇ ਧਰੀ ਹੈ
ਤੇਰੇ ਭਾਂਡੇ ਵਿਚ ਆਪਣੀ ਖੁਸ਼ਬੂ
ਖਿੜਿਆ ਖਿੜਿਆ ਫੁੱਲ ਹੈ ਉਹ
ਜਿਸ ਵਿਚ ਹੈ ਉਸਦੀ ਰੂਹ
-0-
ਖੁਸ਼ਬੂ ਹੈ ਤਾਂ ਰੰਗ ਰੂਪ ਹੈ
ਹਰੀ ਪੱਤੀ ਕੁਦਰਤ ਸਰੂਪ ਹੈ
ਖੁਸ਼ਬੂ ਬਿਨ੍ਹਾਂ ਮਿੱਟੀ ਦੀ ਢੇਰੀ
ਨਾ ਆਪਣੀ ਨਾ ਤੇਰੀ ਮੇਰੀ
ਖੁਸ਼ਬੂ ਬਿਨ੍ਹਾਂ ਕਬਰ ਦਾ ਘਰ ਹੈ
ਖੰਡਰ ਵਿਹੜਾ ਬਿਨ ਦਰ ਹੈ
-0-
ਫੁੱਲ ਦੀ ਤਰਲ ਹੋਂਦ ਤੋਂ ਪਹਿਲਾਂ
ਖੁਸ਼ਬੂ ਫੁੱਲ ਦੇ ਪਿੰਡੇ ਆ ਬਹਿੰਦੀ ਹੈ
ਖੁਸ਼ਬੂ ਚੁਣਦੀ ਹੈ ਵਜੂਦ ਫੁੱਲਾਂ ਦਾ
ਫੁੱਲ ਦੇ ਗਰਭ 'ਚ ਆਉਣ ਤੋਂ ਪਹਿਲਾਂ
ਖੁਸ਼ਬੂ ਗਰਭ 'ਚ ਫੇਰਾ ਪਾਅ ਜਾਂਦੀ ਹੈ
ਆਪਣੇ ਵਸੇਬੇ ਲਈ ਫੁੱਲ ਦਾ ਚਿਹਰਾ
ਗਰਭ ਦੇ ਮੱਥੇ ਲਾਅ ਜਾਂਦੀ ਹੈ
ਫੁੱਲ ਦਾ ਆਦਿ ਅੰਤ ਖੁਸ਼ਬੂ ਹੈ
ਫੁੱਲ ਦਾ ਜਿਸਮ ਤੇ ਰੂਹ ਖੁਸ਼ਬੂ ਹੈ
-0-
ਹੇ ! ਮਨਾਂ
ਤੂੰ ਆਪਣੀ ਖੁਸ਼ਬੂ ਵਿਸਰ ਨਾ ਜਾਈਂ
ਅੰਦਰ ਜਗਦੀ ਖੁਸ਼ਬੂ ਦੀ ਜੋਤੀ ਸਦਾ ਧਿਆਈ
ਖੁਸ਼ਬੂ ਵਿਸਰੀ ਤੇ ਮਰ ਜਾਏਗਾ
ਕਲੀ ਕਰਾਈ ਦੇਹ ਮੈਲ਼ੀ ਕਰ ਜਾਏਗਾ
-0-
ਅਨੇਕਾਂ ਰੂਪ ਨੇ ਉਸਦੇ

ਕਿਹੜਾ ਰੂਪ ਧਿਆਈਐ
ਆਪਣੇ ਚਿਹਰੇ ਚੋਂ
ਕਿੰਜ ਉਸਦਾ ਚਿਹਰਾ ਪਾਈਐ
-0-
ਜੀਭਾ ਕਿਹੜਾ ਸ਼ਬਦ ਉਚਾਰੇ
ਜਿਸ ਦੀ ਆਰਤੀ ਮਨ ਉਤਾਰੇ
ਉਸ ਨੂੰ ਕਿੰਜ ਰਝਾਈਐ
ਕਿਹੜੀ ਭੇਟ ਚੜਾਈਐ
ਕਿੰਜ ਉਸ ਨੂੰ ਆਪਣਾ ਕਰੀਏ
ਤੇ ਉਸਦੇ ਹੋ ਜਾਈਏ
-0-
ਕੋਈ ਪੂਜਾ ਨਾ ਸਮਾਧੀ
ਨਾ ਕੋਈ ਸਿਮਰਨ ਉਸਤਾਦੀ
ਤੀਰਥ ਪੁੰਨ ਦਾਨ ਨਾ ਕੋਈ
ਉਸ ਦਾਤੇ ਨੂੰ ਪ੍ਰਵਾਨ ਨਾ ਕੋਈ
ਕੋਈ ਸਲੋਕ ਨਾ ਬਾਣੀ ਮੰਤਰ
ਉਸ ਨੂੰ ਮੋਹ ਸਕਦਾ ਹੈ
ਉਸ ਜਿਸ ਵਿਚ ਭਿੱਜੇ
ਉਹੀ ਉਸਦਾ ਹੋ ਸਕਦਾ ਹੈ
ਬੰਦੇ ਹੱਥ ਹੈ ਉਡੀਕਣਾ ਤੇ ਸ਼ਲਾਘਾ ਕਰਨਾ
ਉਸ ਦੀ ਨਜ਼ਰ 'ਚ ਆਉਣ ਦੀ ਖ਼ਾਤਿਰ
ਉਸ ਦੀ ਸੇਵਾ ਦਾ ਦਮ ਭਰਨਾ
ਤੈਨੂੰ ਉਸਦਾ ਰਾਹ ਤੱਕਣਾ ਪੈਣਾ
ਉਸ ਦੀ ਖ਼ਾਤਿਰ ਜੀਣਾ ਪੈਣਾ
ਆਪਣੀ ਖ਼ਾਤਿਰ ਮਰਨਾ ਪੈਣਾ
ਜਦ ਦਿਲ ਵਿਚ ਧਾਰ ਲਿਆ ਇਹ
ਸਮਝੀ ਸ਼ਰਧਾ ਸੰਗ
ਵਿਸ਼ਵਾਸ ਦਾ ਧੂਣਾ ਬਾਲ਼ ਲਿਆ ਤੂੰ
ਫਿਰ ਉਸ ਨੇ ਇਕ ਪਲ ਨਹੀਂ ਲਾਉਣਾ
ਖੁਦ ਚਲ ਕੇ ਤੇਰੇ ਕੋਲ ਆਉਣਾ
-0-
ਗੰਗਾ ਨਾਹਤੇ ਮੈਲ਼ ਨਾ ਉਤਰੀ

ਗ੍ਰੰਥ ਪੜ੍ਹੇ ਮਨ ਨਿਰਮਲ ਨਾ ਹੋਇਆ
ਥੱਕੀ ਦੇਹ ਦਾਨ ਕਰਦਿਆਂ
ਭਾਰ ਨਾ ਹੌਲ਼ਾ ਹੋਇਆ
ਜੇ ਆਪੇ ਸੰਗ ਪ੍ਰੀਤ ਲਗਾਉਣੀ
ਤਾਂ ਜਿਉਂਦਾ ਮਰਜੀਵੜਾ ਹੋ
ਮਰਜੀਵੜਾ ਹੋਸੀ ਮਰਸੀ ਮਨ ਦਾ ਮੋਹ
ਸੋਈ ਜਿਉਂਦੇ ਉਸ ਦੁਨੀਆ ਵਿਚ
ਜੋ ਇਸ ਦੁਨੀਆ ਵਿਚ ਨਿਰਲੇਪ
ਉਸ ਦੁਨੀਆ ਵਿਚ ਨਾ ਲਾਲਚ
ਨਾ ਮੋਹ ਮਾਇਆ ਹੰਕਾਰ ਫਰੇਬ
ਇਸ ਦੁਨੀਆ ਵਿਚ ਜੀਂਦੇ ਜੀਅ
ਜੋ ਮਰਜੀਵੜਾ ਹੋਵੇ
ਦੁਨੀਆ ਦੀ ਹਿਰਸ ਤੋਂ ਪਹਿਲਾਂ
ਉਹ ਆਪਣੇ ਹੱਥ ਧੋਵੇ
ਪਿਛਲਾ ਬੀਜਿਆ ਦੁਨੀਆ ਵੱਢਦੀ
ਉਹ ਅੱਗੇ ਲਈ ਬੋਏ
-0-
ਜੇ ਮਨ ਮੈਲ਼ਾ ਤਾਂ ਕਿੰਜ ਤਨ ਉਜਲਾ ਹੋਵੇ
ਮੋਹ ਮਾਇਆ ਸੰਗ ਮਨ ਭਰਿਆ
ਮਹਿਕ ਕੋਈ ਕਿੰਜ ਆਪਣੀ ਹੋਵੇ
ਗੰਗਾ ਗ੍ਰੰਥ ਕਾਹਦੇ ਵਿਚਾਰੇ
ਜੇ ਆਪ ਨਾ ਆਪਾ ਧੋਏ
ਹੇ ! ਮਨਾਂ
ਪੱਥਰ ਚੋਂ ਜੇ ਫੁੱਲ ਉਗਾਉਣਾ
ਫੁੱਲ ਚੋਂ ਜੇ ਤੂੰ ਮਹਿਕ ਨੂੰ ਪਾਉਣਾ
ਤਾਂ ਸਵੈ ਚਰਨੀਂ ਲੱਗ
ਮਿਟਸੀ ਕੂੜ ਸੱਚਿਆਰਾ ਹੋਸੀ
ਨਿਰਮਲ ਹੋਸੀ ਮਨ
ਗੰਗਾ ਗ੍ਰੰਥ ਸਭ ਅੰਦਰ ਤੇਰੇ
ਆਪਣੇ ਚੋਂ ਖੁਸ਼ਬੂ ਆਵੇਗੀ
ਜਦ ਹਿਰਦੇ ਚੜ੍ਹਿਆ ਚੰਨ
-0-

ਫ਼ਕੀਰਾਂ ਦੀ ਕਰ ਚਾਕਰੀ
ਚਰਨੀਂ ਸੀਸ ਨਿਵਾ
ਪਾਪ ਜਨਮਾਂ ਦੇ ਕਟਸੀ
ਦੀਦ ਫੱਕਰ ਦੀ ਪਾਅ
-0-
ਚਰਨ ਪਰਸ ਸਾਧ ਦੇ
ਅੱਠ ਸੱਠ ਤੀਰਥ ਨਹਾ
ਸ਼ੁੱਧ ਕਰ ਆਪਾ ਆਪਣਾ
ਉਸ ਦਰ ਅਲਖ ਜਗਾ
ਦੌਲਤ ਦਾ ਮੋਹ ਛੁਟਸੀ ਮਿਟ ਜਾਸੀ ਹੰਕਾਰ
ਚੜ੍ਹਸੀ ਚੰਨ ਅੰਦਰੋਂ ਚਿੱਤ ਵੱਸਸੀ ਨਿਰੰਕਾਰ
ਸੰਤ ਸਰੂਪ ਰੱਬ ਦਾ ਜਿਸ 'ਤੇ ਮਿਹਰ ਕਰੇ
ਥਲ ਸਾਗਰ ਵਿਚ ਬਦਲੇ ਸੁੱਕੇ ਹੋਣ ਹਰੇ
ਅਮ੍ਰਿਤ ਚਸ਼ਮੇ ਫੁੱਟਦੇ ਜਿਸ ਥਾਂ ਪੈਰ ਧਰੇ
ਆਪ ਤਰੇ ਸੰਗ ਕੌੜ ਨਾ ਸਭ ਦੀ ਬਾਂਹ ਫੜੇ
-0-
ਜੋ ਕੁੱਝ ਵੀ ਉਹ ਸਿਰਜਦਾ
ਉਸ ਵਿਚ ਵਸਦਾ ਆਪ
ਨਾ ਮਸਜਿਦ ਨਾ ਮੰਦਿਰ
ਮਾਨਵ ਦੇਹੀ ਉਸਦਾ ਧਾਮ
ਜਿਸ ਦੀ ਰਚਨਾ ਤੇ ਉਹ ਹੈ
ਉਹ ਉਸਦਾ ਵਜੂਦ
ਉਸ ਦੇ ਚਰਨਾਂ ਦੀ ਕੁਲ ਜਗਤ ਹੈ ਧੂੜ
ਉਹ ਲੱਛਣ ਵਾਚਕ ਰੱਬ ਦਾ
ਤੇ ਭਲਾ ਮੰਗੇ ਸਰਬਤ ਦਾ
ਮੈਂ ਦੇਹੀ ਦੀ ਖਲੜੀ ਲਾਅ
ਉਹਦੇ ਪੈਰਾਂ ਹੇਠ ਵਿਛਾ
ਪੂਰੇ ਕਰ ਲਾਂ ਦਿਲ ਦੇ ਚਾਅ
ਜਿੰਦ ਕਰ ਦਿਆਂ ਉਸਦੇ ਨਾਂਅ
ਮੈਂ ਉਸ ਲਈ ਮਰ ਜਾਂਅ
-0-
ਹੇ ! ਮਨਾਂ

ਬੰਨ੍ਹੇਰੇ ਬੈਠੇ ਕਉਏ ਨੇ ਕੋਈ ਰਾਹਾ ਨਾ ਛੋਹਿਆ
ਕੱਤ ਕੱਤ ਕੇ ਬ੍ਰਿਹਾ ਤੇਰਾ ਹੈ ਤਨ ਕਮਲਾ ਹੋਇਆ
ਜ਼ਿੰਦ ਟੰਗੀ ਉਡੀਕ ਦੀ ਸੂਲ਼ੀ
ਮਨ ਹਿਜ਼ਰ ਵਿਚ ਰੋਇਆ
ਅੱਖੀਆਂ ਦਰ 'ਤੇ ਲੱਗੀਆਂ
ਦਰ ਹੀ ਹੋਈਆਂ ਅੱਖੀਆਂ
-0-
ਕਦੀ ਭਜ ਦਰਵਾਜ਼ੇ ਆ ਖੜਦੀ
ਕਦੀ ਬੌਰੀ ਹੋ ਕੋਠੇ ਚੜਦੀ
ਕਦੀ ਦਰ ਖੋਲਾਂ ਕਦੀ ਢੋਵਾਂ ਮੈਂ
ਕਦੀ ਅੰਦਰ ਵੜ੍ਹ ਵੜ੍ਹ ਰੋਵਾਂ ਮੈਂ
ਪਏ ਦਾਗ਼ ਹਿਜ਼ਰ ਦੇ ਧੋਵਾਂ ਮੈਂ
ਹੁਣ ਆਜਾ ਸੂਰਜ ਡੁੱਬ ਚੱਲਿਆ
ਉਡੀਕਾਂ ਵਿਚ ਬਲ਼ਦੇ ਨੈਣਾਂ ਦਾ
ਦਿਨ ਚੜ੍ਹਿਆ ਦੀਵਾ ਬੁੱਝ ਚੱਲਿਆ
-0-
ਇਕ ਪਲ ਜੇ ਹੋਰ ਤੂੰ ਆਇਉ ਨਾ
ਪਿੰਜਰੇ ਚੋਂ ਪੰਛੀ ਉੱਡ ਜਾਣਾ
ਤੈਨੂੰ ਜੀ ਆਇਆ ਫੇਰ ਕਿਸ ਕਹਿਣਾ
ਜਦ ਦੇਹ ਦਾ ਦੀਵਾ ਬੁੱਝ ਜਾਣਾ
ਫਿਰ ਬਣ ਦਰਵਾਜ਼ਾ ਕਿਸ ਰਹਿਣਾ
ਜੀਂਦੇ ਜੀਅ ਜਿਸ ਤੁਧ ਨੂੰ ਪਾਇਆ
ਸੱਚ ਉਸ ਨੂੰ ਹੀ ਸਮਝੀ ਆਇਆ
ਮੁਰਦਾ ਤਾਂ ਆਪ ਨਾ ਜਾਣੇ
ਕਿੰਜ ਤੈਨੂੰ ਪਹਿਚਾਣੇ
-0-
ਅਕਲ ਲਤੀਫ਼ੀ ਕਿੱਲੀ ਟੰਗਦੇ
ਚਿੱਤ ਆਪੇ ਵਿਚ ਲਾਅ
ਲੜ ਫੜ ਉਸਦਾ ਜੋ ਤੇਰਾ ਹੈ
ਨਾ ਹੋਰ ਦਾ ਖਾਹ ਵਸਾਹ
-0-
ਉਸ ਨੂੰ ਪੂਜ ਤੇ ਕਰ ਪ੍ਰਕਰਮਾ

ਨਿਰਮਲ ਹੋਈ ਤੇਰਾ ਚਿੱਤ ਮੈਲ਼ਾ
ਪਰਾਇਆ ਆਸਰਾ ਭਾਲ਼ੇ
ਸਿਖ ਆਪਣੇ ਸੰਗ ਵੀ ਬਹਿਣਾ
ਸੈਂਸਾ ਮੁਕਤ ਹੋਈ ਮਨ ਤੇਰਾ
ਸੁਖ ਦਾ ਆਸੀ ਸਾਹ
ਇਕ ਕਦਮ ਪੁੱਟ ਉਸ ਵੱਲ
ਉਹ ਤੈਨੂੰ ਮਿਲਸੀ ਧਾਅ
-0-
ਉਸ ਦਾ ਦਰ ਸਦਾ ਖੁੱਲ੍ਹਾ ਹੈ
ਤੂੰ ਉਸਦੀ ਗਲੀਏ ਜਾਅ
ਵਾਜ ਮਾਰਨ ਦੀ ਲੋੜ ਨਾ ਤੈਨੂੰ
ਉਸ ਲੈਣਾ ਆਪ ਬੁਲਾ
ਹਿਰਦੇ ਮੂਰਤ ਰੱਖ ਉਸਦੀ
ਅੱਖੀਆਂ ਦੇ ਵਿਚ ਤਾਂਘ
ਬਸ ਇਹੀ ਸ਼ਰਤ ਹੈ ਉਸ ਨੂੰ ਮਿਲਣ ਦੀ
ਅੱਖ੍ਹਾਂ ਖੋਲ ਤੇ ਜਾਗ
-0-
ਹੇ ! ਅਨੁਭਵਤਾ
ਪੈਰਾਂ ਦੀ ਬੇੜੀ ਨਾ ਬਣ
ਬਣ ਸੁਰਖਸ਼ਤ ਢਾਲ
ਹਨ੍ਹੇਰੀਆਂ ਤੇ ਤੁਫ਼ਾਨਾਂ ਤੋਂ
ਕਰ ਪੁਖਤਾ ਆਪਣਾ ਆਪ
ਹੰਕਾਰ ਸਿਰਜਨਾ ਮੋਹ ਮਾਇਆ ਦੇ ਢੇਰ
ਇਹ ਚਾਨਣ ਨਹੀਂ
ਇਹ ਹੈ ਨਿਰਾ ਹਨ੍ਹੇਰ
-0-
ਤੋੜ ਦੀਵਾਰਾਂ ਖੋਲ ਦੇ ਬੂਹੇ
ਮੁਥਾਜੀ ਦਾ ਕਰਨ ਨਾ ਕਾਰੋਬਾਰ
ਸੂਰਮਿਆਂ ਦਾ ਜੀਵਨ ਜੀਅ
ਆਤਮ ਸੱਚ ਸਵੀਕਾਰ
ਸੱਚ ਲਈ ਜਿਉਣਾ ਸਿੱਖ
ਚਾਨਣ ਖ਼ਾਤਿਰ

ਆਪਣਾ ਸੂਰਜ ਹਨ੍ਹੇਰ ਦੀ ਸੂਲ਼ੀ ਚਾੜ੍ਹ
-0-
ਸਿਰ ਉਠਾ
ਆਪਣੇ ਸਾਂਵੇ ਆਪ ਖਲੋ
ਆਦਿ ਅੰਤ ਤਕ ਜੋ ਤੇਰਾ ਹੈ ਉਸਦਾ ਹੋ
ਉਸ ਦੀ ਕਰ ਸਿਆਣ
ਆਪਣੇ ਦਰਪਣ ਚੋਂ
ਆਪਣਾ ਚਿਹਰਾ ਪਹਿਚਾਣ
-0-
ਹੇ ! ਮਤਿ
ਜੇ ਚਾਹੁੰਦੀ ਹੈ ਉਸ ਨੂੰ ਪਾਉਣਾ
ਯਾਦ 'ਚ ਤਾਰੀ ਲਾਅ
ਸ਼ਰਧਾ ਤੇ ਵਿਸ਼ਵਾਸ ਦਾ ਅਰਘਾ
ਉਸ ਦੀ ਭੇਟ ਚੜਾਅ
-0-
"ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ
ਜਿਤ ਮਾਰਗ ਪੈਰ ਧਰੀਜੈ
ਸਿਰ ਦੀਜੈ ਦਾਨ ਨਾ ਕੀਜੈ"
ਗੁਰਬਾਣੀ ਦਾ ਅਰਥ ਵਿਚਾਰ
ਰੂਹ ਤੋਂ ਦੇਹ ਉਤਾਰ
ਅੰਦਰ ਝਾਤੀ ਮਾਰ
ਕਰਮ ਅੰਗਾਂ ਨੂੰ ਨਿਯਮ 'ਚ ਰਖਕੇ
ਤ੍ਰਿਸ਼ਨਾ ਮੁਕਤ ਹੋ ਜਾਅ
ਆਪਣੇ ਤੋਂ ਉੱਚਾ ਉੱਠਕੇ
ਦੂਜੇ ਦਾ ਭਲਾ ਮਨਾਅ
ਸਰਬਤ ਭਲੇ ਵਿਚ ਭਲਾ ਹੈ ਤੇਰਾ
ਆਪਣੀ ਮੈਂ ਮੁਕਾ ਮੈਂ ਮੁੱਕੀ ਤਾਂ ਝਗੜਾ ਮੁਕਿਆ
ਤੂੰ ਚੋਂ ਤੂੰ ਨੂੰ ਪਾਅ ਤੂੰ ਦਾ ਸੱਚ ਹੋ ਜਾਅ
ਇਹ ਸੱਚ ਹੀ ਬ੍ਰਹਮ ਹੈ ਸਭ ਕਰਮਾਂ ਦਾ ਮੂਲ
ਅੱਖ੍ਹਾਂ ਖੋਲ ਤੇ ਤੱਕ ਅੰਦਰ
ਤੂੰ ਹੈ ਕਿਸ ਦਾ ਨੂਰ

ਉਹ ਤਾਂ ਤੇਰੇ ਅੰਦਰ ਬੈਠਾ ਤੂੰ ਹੈ ਜਿਸ ਤੋਂ ਦੂਰ
-0-
ਧੋਅ ਧੋਅ ਠਾਕੁਰ ਰਖਦੈ
ਪੂਜਾ ਸਮੱਗਰੀ ਸੰਗ
ਨਾ ਮਨ ਧੋਇਆ ਆਪਣਾ
ਨਾ ਰੰਗਿਆ ਉਸਦੇ ਰੰਗ
ਪੀਣ ਵਾਲੇ ਤਾਂ ਪੀਅ ਗਏ
ਤੂੰ ਰਿਹਾ ਘੋਟਦਾ ਭੰਗ
ਜੀਭਾ ਨਾਮ ਖੁਮਾਰੀਆਂ
ਅਮਲੋਂ ਖੀਸਾ ਤੰਗ
ਮੱਤੀਂ ਦੇਵਣ ਹੋਰਨਾਂ
ਆਪਾ ਅਕਲੋਂ ਹੀਣ
ਧਰਮ ਸਿਖਾਵੇ ਪ੍ਰਵਚਨ ਸੁਣਾਵੇ
ਤੇਰਾ ਆਪਣਾ ਨਾ ਕੋਈ ਦੀਨ
-0-
ਮੜ੍ਹੀ ਸਮਾਧੀ ਦੀਵੇ ਧਰਦੈ
ਮੁਰਦੇ ਪਿਆ ਜਿਉਂਦੇ ਕਰਦੈ
ਇਹ ਕਿੰਜ ਜੀਵਤ ਹੋਤ
ਤੇਰੇ ਤੋਂ ਨਾ ਬਲੀ ਕਾਂਗੜੀ
ਤੂੰ ਬੁਝੀ ਜਗਾਏ ਜੋਤ
ਰੀਸਾਂ ਭਰਮ ਭੁਲੇਖਿਆਂ
ਸਦਕਾ ਨਹੀਂ ਮਿਲਣਾ ਉਹ
ਜੇ ਤੂੰ ਮਿਲਣਾ ਉਸਨੂੰ
ਆਪਾ ਮਾਰ ਤੇ ਉਸ ਦਾ ਹੋ
-0-
ਵਿਸ਼ੇ ਵਿਕਾਰਾਂ ਵਿਚ ਨਾ
ਵਕਤ ਗੁਜ਼ਾਰ
ਇਸ ਦੇਹੀ ਦੇ ਮੰਦਿਰ ਵਿਚ
ਤੂੰ ਦੀ ਗੁੱਗਲ ਬਾਲ਼
-0-
ਇਕ ਪਾਸੇ ਹੈ ਨਦੀ ਜ਼ਹਿਰ
ਇਕ ਪਾਸੇ ਹੈ ਅਮ੍ਰਿਤ ਧਾਰਾ

ਤੂੰ
ਕਿਸ ਦੀ ਛਾਵੇਂ ਹੈ ਬਹਿਣਾ
ਖ਼ੁਦ ਇਸ ਦਾ ਕਰ ਨਿਪਟਾਰਾ
ਆਪਣਾ ਆਪਾ
ਪੜ੍ਹਿਆ ਆਪ ਵਿਚਾਰ
ਕੀ ਨਹੀਂ
ਕੀ ਹੈ ਤੈਨੂੰ ਸਵੀਕਾਰ
-0-
ਭਰਮ ਭੁਲੇਖੇ
ਸਭ ਤਜ ਜਾਵਣਗੇ
ਜੋਤ ਸਰੂਪ ਕਹਿਲਾਏਗਾ
ਸਦਾ ਲਈ ਆਪਣਾ ਹੋ ਜਾਏਗਾ
ਆਪਣਾ ਹੋ ਕੇ ਹੀ ਜਾਣੇਗਾ
ਤੇਰੇ ਵਿਚ ਕੌਣ ਹੈ ਤੇਰਾ
ਇਹ ਪਿਆਸ ਜੇ ਤੈਨੂੰ ਲਗ ਜਾਵੇਗੀ
ਤੇਰਾ ਸੂਰਜ
ਤੇਰੀ ਤਲ਼ੀਏ ਧਰ ਜਾਵੇਗੀ
-0-
ਕਿਰਨ ਭਾਲ਼
ਤੈਨੂੰ ਜੋ ਸੂਰਜ ਤਕ ਲੈ ਜਾਵੇ
ਮਨ ਵਿਚ ਤੇਰੇ ਬ੍ਰਿਹਾ ਜਾਗੇ
ਤਾਂਘ ਮਿਲਣ ਦੀ ਧੁੱਖਣੀ ਲਾਵੇ
ਅੱਖੀਆਂ ਦੇ ਖੂਹ ਗਿੜਣ
ਲੂੰ ਲੂੰ ਵਿਚ ਝਰਨਾਟਾ ਛਿੜਨ
-0-
ਜੋ ਕਿਰਨ ਸੂਰਜ ਮਿਲਾਵੇ
ਉਸ ਜਿਹਾ ਹੋਰ ਕੋਈ
ਨਾ ਨਜ਼ਰੀ ਆਵੇ
ਚਰਨ ਧੋਵਾਂ ਮੈਂ ਉਸਦੇ
ਜੋ ਨੀਵਿਆਂ ਸੰਗ ਖਲੋਵੇ
ਅੱਥਰੂ ਅੱਖੁ ਬੇਗਾਨੇ ਹੋਵਣ
ਪਰ ਦਿਲ ਉਸਦਾ ਰੋਵੇ

-0-
ਜੇ ਤੂੰ ਸੱਜਣ ਨੂੰ ਮਿਲਣਾ ਲੋਚਦੈ
ਤਾਂ ਦੁਨੀਆ ਦਾ ਮੋਹ ਛੱਡ
ਭੀੜ ਦਾ ਪਿਆਰਾ ਨਾ ਉਹ
ਤੂੰ ਭੀੜ ਤੋਂ ਹੋ ਅਲੱਗ
ਇਕ ਕਦਮ ਉਸ ਵੱਲ ਵਧਾਅ
ਪਹਿਲਾਂ ਕਦਮ ਹੀ ਮੰਜ਼ਿਲ ਹੈ
ਇਸ 'ਤੇ ਧਿਆਨ ਟਿਕਾਅ
ਆਪ ਖਲੋ ਸੰਗ ਆਪਣੇ
ਰੱਖ ਆਪਣੇ 'ਤੇ ਵਿਸ਼ਵਾਸ
ਤਾਂਘ ਜਗ੍ਹਾ ਉਹਦੇ ਮਿਲਣ ਦੀ
ਤੇ ਮਿਲਣ ਦੀ ਜੀਅ ਆਸ
-0-
ਉਹ ਹੈ ਤੇਰਾ ਆਪਣਾ
ਹੈ ਉਹ ਤੇਰੇ ਪਾਸ
ਫਿਰ ਕਿਸੇ ਨੂੰ ਕੀ ਉਡੀਕਣਾ
ਤੇ ਕੀ ਰਖਣੀ ਆਸ
ਉਸ ਤਾਂਈ ਤੈਨੂੰ ਮਿਲਾਵਸੀ
ਤੇਰਾ ਆਪਣਾ ਵਿਸ਼ਵਾਸ
ਨਿਰਮਲ ਹੋ ਆਪਣੇ ਆਪ 'ਚ
ਧੋਅ ਸੁੱਕਣੇ ਪਾਅ ਆਪਣਾ ਆਪ
ਨਜ਼ਰ ਹਟਾਅ ਹਰ ਪਾਸਿਉ
ਬਸ ਉਸ ਵਿਚ ਸੂਰਤੀ ਲਾਅ
ਬਾਹਰ ਵਰਤਾਰਾ ਉਸਦਾ
ਅੰਦਰੋਂ ਉਸਨੂੰ ਪਾਅ
-0-
ਉਹ ਆਪੇ
ਤੇਰਾ ਕਰਸੀ ਦੂਰ ਹਨ੍ਹੇਰਾ
ਚੜ੍ਹੇਗਾ ਸੂਰਜ ਤੈਂਡੜਾ
ਤੇਰੇ ਨਾਮ ਦੀ ਲੈ ਸਵੇਰ
ਵਹਿਮ ਭਰਮ ਤਿਆਗ ਕੇ
ਇਕ ਉਸ ਦਾ ਦਮ ਭਰ

ਆਪਣੀਆਂ ਨਜ਼ਰਾਂ ਨਾਲ ਹੀ
ਦੀਦ ਆਪੇ ਦੇ ਕਰ
-0-
ਤੀਰਥ ਦਾ ਜਲ
ਤੀਰਥ ਹੋਇਆ ਵੀ ਮੈਲ਼ਾ ਹੈ
ਸਗਲ ਗੁਣ ਕੀਤੇ ਕੰਠ ਪੁਜਾਰੀ
ਅੰਤ ਬਹਿਰੇ ਦਾ ਬਹਿਰਾ ਹੈ
ਵੇਦ ਕਤੇਬਾਂ ਪੜ੍ਹ ਪੜ੍ਹ ਥਕਿਆ
ਫਿਰ ਸਹਿਰਾ ਦਾ ਸਹਿਰਾ ਹੈ
ਗਿਆਨ ਜੋਗ ਕਈ ਤੱਪ ਕੀਤੇ
ਫਿਰ ਵੀ ਉਸਦਾ ਦੀਵਾ ਨਾ ਜਗਿਆ
ਜੰਗਲ ਭਵਿਆ ਪਰਬਤ ਚੜ੍ਹਿਆ
ਕੋਈ ਪਤਾ ਨਾ ਉਸਦਾ ਮਿਲਿਆ
ਹਿਰਦੇ ਵਿਚ ਜੋਤ ਸੀ ਜਿਸਦੀ
ਦੇਹੀ ਵਿਚ ਚਾਨਣ ਸੀ ਜਿਸਦਾ
ਘਰ ਹੀ ਘਰ ਦਾ ਪਤਾ ਸੀ ਪੁੱਛਦਾ
-0-
ਹੇ ! ਮਨਾਂ
ਉਹ ਹੈ ਤੇਰੇ ਅੰਦਰ
ਤੇਰੀ ਦੇਹੀ ਜਿਸ ਦਾ ਮੰਦਿਰ
ਇਹ ਮੰਦਿਰ ਸੀਮਿੰਟ ਨਾ ਸਰੀਆ
ਨਾ ਇਹ ਮਨੁੱਖ ਬਣਾਇਆ
ਇਹ ਮੰਦਿਰ ਉਸ ਆਪ ਸਿਰਜਿਆ
ਵਿਚ ਆਪਣਾ ਆਪ ਬਿਠਾਇਆ
ਇਸ ਜੋਤੀ ਦੀ ਲੋਅ ਹੋ ਜਾਅ
ਜੇ ਚਾਹੇ ਉਸ ਨੂੰ ਪਾਉਣਾ
ਇਸ ਦੀ ਲੋਅ ਵਿਚੋਂ ਹੀ ਤੈਨੂੰ
ਉਸ ਨਜ਼ਰੀ ਹੈ ਆਉਣਾ
-0-
ਹੇ ! ਮਨਾਂ
ਆਪੇ ਨੂੰ ਗੁਣ
ਉਸ ਨੂੰ ਸਿਮਰ ਧਿਆ

ਉਸਦਾ ਜਲਵਾ
ਅੱਖੀਆਂ ਤੇ ਹਿਰਦੇ ਵਿਚ ਵਸਾ
ਹੋ ਕੇ ਉਸਦੇ ਦਰ ਦਾ ਚਾਕਰ
ਉਸਦਾ ਹੁਕਮ ਵਜਾਅ
ਦੇਹੀ ਦੇ ਤੂੰਬੇ 'ਤੇ
ਬ੍ਰਿਹਾ ਦੀਆਂ ਰੇਸ਼ਮੀ ਧੁਨਾਂ
ਕੰਠ ਸੁਰਾਂ 'ਤੇ ਗਾਅ
ਬਿਰਤੀ ਦਾ ਸਾਜ ਬਜਾਅ
ਸੁਣਕੇ
ਭਜਦਾ ਆ ਸੀ ਨੰਗੇ ਪੈਰੀਂ
ਤੇਰਾ ਦੇ ਸੀ ਕਰ ਖੜਕਾ
-0-
ਉਸ ਜੋਤੀ ਦੀ ਕਰ ਭਾਲ਼
ਉਸ ਜੋਤੀ ਦੀ ਲੋਅ ਤੱਕਣ ਲਈ
ਚੇਤਨਤਾ ਦੀ ਬੱਤੀ ਬਾਲ਼
ਡਰ ਨਾ ਤੂੰ ਹਨ੍ਹੇਰੀ ਝੱਖੜ ਤੋਂ
ਹਨ੍ਹੇਰੀ ਝੱਖੜ ਉਸ ਦੇ ਹੁਕਮ 'ਚ
ਚਾਨਣ ਦੇ ਨੇ ਪਹਿਰੇਦਾਰ
-0-
ਸ਼ਰਨ ਪਿਆ ਜੋ ਉਸਦੀ
ਮੇਟ ਨਾ ਸਕੇ ਉਸ ਨੂੰ ਕਾਲ
ਉਸਦਾ ਸਾਂਈ
ਉਹ ਸਾਂਈ ਦਾ ਇਕਬਾਲ
ਉਹੀ ਕਰਨ ਕਰਾਵਣ ਵਾਲਾ
ਉਹੀ ਅੰਦਰ ਬਾਹਰ
ਉਸ ਦੀ ਹੋਂਦ ਸਦਾ ਨਿਰੰਤਰ
ਉਹ ਹੈ ਆਦਿ ਜੁਗਾਦਿ
-0-
ਭੈਅ ਤਜੇ ਆਤਮ ਬ੍ਰਹਮ ਹੋਵੇ
ਜੇ ਉਹ ਹੋਵੇ ਆਪ ਦਿਆਲ
ਉਹ ਆਪਣੇ ਜੇਡਾ ਆਪ ਕਰੇਂਦਾ
ਨੀਵੇਂ ਨੂੰ ਫੜ ਬਾਹੋਂ ਉਠਾਲ

ਉਸ ਦੀ ਮਹਿਮਾ ਕਹੀ ਨਾ ਜਾਏ
ਜਲ 'ਤੇ ਦਿੰਦਾ ਪਰਬਤ ਤਾਰ
ਪਤਝੜ ਚੋਂ ਬਹਾਰਾਂ ਜਨਮੇਂ
ਪੱਥਰਾਂ ਚੋਂ ਗੁਲਜ਼ਾਰ
ਬੁੱਤਾਂ ਨੂੰ ਉਹ ਜਾਨ ਬਖਸ਼ਦਾ
ਮਿੱਟੀ ਨੂੰ ਰੰਗ ਰੂਪ ਅਕਾਰ
ਕਬਰਾਂ ਚੋਂ ਮੁਰਦੇ ਉੱਠ ਖਲੋਂਦੇ
ਕਰਨ ਲਈ ਉਹਦਾ ਦੀਦਾਰ
ਪੈਂਤੀ ਅੱਖ਼ਰੀ ਦਾ ਉਹ ਸਿਰਜਕ
ਸੋਚ ਸ਼ਬਦ ਅਰਥ ਤੋਂ ਬਾਹਰ
ਪ੍ਰੀਤ ਦਾ ਬੱਝਾ ਬੱਝ ਜਾਂਦਾ ਹੈ
ਉਹ ਕੱਚੇ ਧਾਗੇ ਨਾਲ
-0-
ਤੇਰੇ ਹੋ ਕੇ ਜੀਣਾ ਮਰਨਾ
ਹੱਥ ਵਿਚ ਨਹੀਂ ਹੈ ਮੇਰੇ
ਇਕ ਵੀ ਪੱਤਾ ਨਹੀਂ ਹਿਲਦਾ
ਬਿਨ੍ਹਾਂ ਹੁਕਮ ਦੇ ਤੇਰੇ
ਤੂੰ ਜੀਵਤ ਨੂੰ ਮੁਰਦਾ ਕਰਦਾ
ਮੁਰਦੇ ਵਿਚ ਜੀਵਨ ਧਰਦਾ
ਸਭ ਥਾਂਈ ਤੇਰਾ ਵਰਤਾਰਾ
ਤੇਰੇ ਹੁਕਮ ਤੋਂ ਕੋਈ ਨਹੀਂ ਬਾਹਰਾ
-0-
ਪੰਛੀ ਮਨਾਂ
ਮਾਰ ਉਡਾਰੀ ਛੱਡ ਆਲ੍ਹਣਾ
ਅੰਬਰ ਚਿੱਤ ਉਤਾਰ
ਭਰ ਪ੍ਰਵਾਜ਼ ਸ਼ਬਦ ਦੇ ਰਾਹੀਂ
ਸ਼ਬਦ ਮਿਲਾਸੀ
ਤੈਨੂੰ ਤੇਰਾ ਸਿਰਜਣਹਾਰ
ਉੱਡਿਆ ਪੰਛੀ ਅੰਬਰ ਦੇ ਵੱਲ
ਗਗਨ ਗਗਨ ਦਾ ਸ਼ਬਦ ਉਚਾਰ
ਹੂਕ ਸੁਣੀ ਜਦ ਪੰਛੀ ਦੀ
ਅੰਬਰ ਆਇਆ ਅੰਬਰੋਂ ਬਾਹਰ

ਬੋਲਿਆ
ਜਿਸ ਅੰਬਰ ਨੂੰ ਭਾਲ਼ ਰਿਹਾ ਹੈ
ਉਹ ਅੰਬਰ ਹੈ ਤੂੰ
ਮੈਂ ਤਾਂ ਹਾਂ ਉਸ ਅੰਬਰ ਦੀ
ਨਕਲੀ ਦੇਹ ਨਕਲੀ ਖੁਸ਼ਬੂ
ਪੰਛੀ ਮੁੜਿਆ
ਟਹਿਣੀ 'ਤੇ ਆ ਬੈਠਾ
ਆਪਣੇ ਆਲ੍ਹਣਿਉ ਬਾਹਰ
ਨਿਰਮਲ ਮਨ ਕਰ
ਉਜਲਾ ਤਨ ਕਰ
ਇੱਛਾ ਤ੍ਰਿਸ਼ਨਾ ਤਿਆਗ
ਢੋਅ ਕੇ ਦੇਹ ਦੇ ਬੂਹੇ ਬਾਰੀਆਂ
ਉਤਰਿਆ ਆਪਣੇ ਅੰਦਰ
ਆਪਣੀ ਖਲ ਉਤਾਰ
ਮਨ ਤੋਂ ਮਨ ਦੀਆਂ
ਪਰਤਾਂ ਲਾਈਆਂ ਆਪਣਾ ਆਪਾ ਮਾਰ
-0-
ਤੱਕਿਆ ਜੋਤ ਸਰੂਪ
ਜਿਸ ਦੀ ਭਾਲ਼ 'ਚ ਸੀ
ਅੰਬਰੀ ਭੌਂਦਾ
ਉਹ ਸੀ ਉਸ ਦਾ ਆਪਣਾ ਰੂਪ
ਚੁਗਿਆ ਜੋਤ ਨੂਰ ਦਾ ਪੰਛੀ
ਹੋਇਆ ਬ੍ਰਹਮ ਸਰੂਪ
ਹਰ ਪੰਛੀ ਹੀ ਉਸ ਦਾ ਚਿਹਰਾ
ਉਸ ਦਾ ਹੀ ਵਿਸਥਾਰ
ਉਸ ਦੀ ਜੋਤੀ ਹੀ
ਉਸ ਦੇ ਅੰਦਰ ਬਾਹਰ
-0-
ਹੇ ! ਮੌਜੂਦਗੀ
ਤੈਨੂੰ ਕਿੰਜ ਪਾਵਾਂ
ਤੇਰਾ ਹੋਕੇ ਕਿੰਜ ਜੀਵਾਂ
ਤੇਰਾ ਹੋਕੇ ਕਿੰਜ ਮਰ ਜਾਵਾਂ

-0-
ਤੇਰਾ ਹੋਕਾ ਜੇ ਜੀਂਦਾ ਹਾਂ
ਤਾਂ ਆਪਣੇ ਆਪ ਤੋਂ ਅਲੱਗ ਥੀਂਦਾ ਹਾਂ
ਆਪਣੀ ਅੱਖ਼ ਦਾ ਅੱਥਰੂ ਬਣਕੇ
ਦਿਲ ਦੇ ਵਿਹੜੇ ਗੁੰਮ ਜਾਂਦਾ ਹਾਂ
ਬਿਨ ਸਿਰ ਧੜ ਰਹਿ ਜਾਂਦਾ ਹਾਂ
ਆਪਣੇ ਆਪ 'ਚ ਅਜਨਬੀ ਹੋ ਬਹਿ ਜਾਂਦਾ ਹਾਂ
ਚਿਹਰਾ ਬੰਦੇ ਦੀ ਪਹਿਚਾਣ ਹੁੰਦੀ ਹੈ
ਸੱਚ ਦੀ ਜੋ ਸਿਆਣ ਹੁੰਦੀ ਹੈ
ਜੋ ਚਿਹਰਾ ਹੀ ਨਹੀਂ ਮੇਰਾ
ਕਿੰਜ ਹੋਵੇਗਾ ਉਹ ਤੇਰਾ
-0-
ਜੇ ਤੇਰਾ ਹੋ ਕੇ ਮਰ ਜਾਂਦਾ ਹਾਂ
ਤੇਰੇ ਵਿਚ ਆਪਾ ਧਰ ਜਾਂਦਾ ਹਾਂ
ਤਾਂ ਆਪਾ ਖ਼ਾਲੀ ਕਰ ਜਾਂਦਾ ਹਾਂ
ਭਰੇ ਹੋਏ ਨੂੰ ਭਰ ਜਾਂਦਾ ਹਾਂ
ਫਿਰ ਮੇਰੇ ਵਿਚ ਕੀ ਰਹਿ ਜਾਏਗਾ
ਮੁਰਦਾ ਕੀ ਤੇਰਾ ਸੱਚ ਪਾਏਗਾ
ਜੋ ਆਪਣਾ ਹੀ ਨਹੀਂ ਪਹਿਲਾਂ
ਉਹ ਕਿਸੇ ਦਾ ਕੀ ਹੋ ਪਾਏਗਾ
-0-
ਮੇਰੀ ਮੇਰੀ ਕਰੇ ਤੂੰ
ਦਸ ਖਾਂ ਕੀ ਹੈ ਤੇਰਾ
ਤੇਰੀ ਤਾਂ ਇਹ ਦੇਹ ਨਹੀਂ ਆਪਣੀ
ਭਰਮ ਜਿਉਂਦਾ ਜਿਸਦਾ
-0-
ਕੌਣ ਬੋਲਦਾ
ਸੁਣਦਾ ਵੇਖਦਾ ਹੈ ਵਿਚ ਤੇਰੇ
ਕਿਸ ਦੇ ਸਾਹ ਚਲਣ ਦੇਹੀ ਵਿਚ
ਕੌਣ ਹੈ ਚਾਰੇ ਚੁਫ਼ੇਰੇ
ਕਿਸ ਧਰਿਆ ਤੇਜ ਅੱਗਣ ਵਿਚ
ਕਿਸ ਨੇ ਜਲ ਵਿਚ ਰਸ

ਸਭ ਤਾਂ ਉਸ ਖੁਦੀ ਦਾ ਕੀਤਾ
ਕੀ ਹੈ ਤੇਰੇ ਵੱਸ
ਕਿਸ ਦੀ ਜੋਤ ਤੇਰੀ ਦੇਹੀ
ਕਿਸ ਨੂਰ ਦੀ ਜੋਤ
ਕੌਣ ਹੈ ਤੇਰੇ ਜੀਵਨ ਦਾ ਮੁੱਢ
ਕੌਣ ਹੈ ਮੂਲ ਸ੍ਰੋਤ
-0-
ਆਪਣੇ ਆਪ ਦਾ ਮੋਹ ਤਿਆਗ
ਅੁਸ ਵਿਚ ਚਿੱਤ ਲਾ
ਜਨਮ ਤੋਂ ਪਹਿਲੇ
ਮਰਨ ਤੋਂ ਪਿਛਲੇ ਸੱਚ ਨੂੰ ਪਾਅ
ਝੂਠ ਹੈ ਸਭ ਜੋ ਨਜ਼ਰੀ ਆਉਂਦਾ
ਬਸ ਉਹੀ ਹੈ ਇਕ ਸੱਚ
ਡਾਹ ਕੇ ਆਪਣੀ ਦੇਹ ਦੀ ਚਰਖੀ
ਰੂੰ ਬਸ ਉਸ ਦਾ ਕੱਤ
-0-
ਇਸ ਜਗਤ ਵਿਚ ਆਈ
ਜੋਤ ਪਹਿਲਾਂ ਫਿਰ ਦੇਹ
ਜੋਤ ਇੱਕਲਿਆਂ ਵਾਪਿਸ ਪਰਤਣਾ
ਦੇਹ ਹੋ ਜਾਣਾ ਥੇਹ
ਸਾਥ ਨਾ ਜਾਣਾ ਧੀਆਂ ਪੁੱਤਾਂ
ਸਾਥ ਨਾ ਮਾਈ ਬਾਪ
ਜਦ ਮਨਾਂ ਇਹ ਜਾਣਦਾ ਹੈ ਤੂੰ
ਫਿਰ ਕਿਉਂ ਲੈਂਦਾ ਨਹੀਂ ਵਕਤ ਸੰਭਾਲ
-0-
ਜਿਸ ਸੰਗ ਸੀ ਲਾਉਣੀ
ਉਸ ਸੰਗ ਲਈ ਨਾ ਪ੍ਰੀਤ
ਯਾਦ ਨਾ ਕੀਤਾ ਉਸਨੂੰ
ਜਿਸ ਸਦਾ ਨਿਭਾਈ ਰੀਤ
ਜਨਮ ਦਾ ਸਾਥੀ ਛੱਡਕੇ
ਜਗ ਬਣਾਇਆ ਮੀਤ
ਯਾਦ ਰਹੀ ਸਦਾ ਜਗਤ ਦੀ

ਆਪੇ ਦੇ ਵਿਪਰੀਤ
-0-
ਜੀਵਨ ਦਾ ਸੱਚ ਨਾ ਸਮਝਿਆ
ਨਾ ਹੋਇਆ ਆਪਣੇ ਕੋਲ
ਸਦਾ ਸੁਣੀ ਜਗ ਦੀ
ਨਾ ਸੁਣਿਆ ਆਪਣਾ ਬੋਲ
ਭਰਿਆ ਆਇਉ ਜਗ 'ਤੇ ਮਹਿਕ ਆਪੇ ਦੀ ਨਾਲ
ਗਿਆ ਜਗਦਾ ਬੁਝ ਚਿਰਾਗ਼
-0-
ਹੇ ! ਚਿੱਤਵਨ
ਜਿਸ ਕਾਰਜ ਤੂੰ ਜਗਤ 'ਚ ਆਇਆ
ਹੁਣ ਤਕ ਕੀਤਾ ਨਾਹੀ
ਜਨਮ ਲਿਆ ਤੂੰ ਆਤਮ ਮਿਲਣ ਲਈ
ਆਤਮ ਢੂੰਢਿਆ ਨਾਹੀ
-0-
ਇਕ ਜਨਮ ਵਿਚ ਪਾਅ ਬੈਠਾ ਤੂੰ
ਕਈ ਜਨਮਾਂ ਦੀਆਂ ਵਿੱਥਾਂ
ਭੁਲ ਗਿਉਂ ਤੂੰ ਉਸ ਨੂੰ
ਜਿਸ ਜੀਵਨ ਤੈਨੂੰ ਦਿੱਤਾ
ਜੋ ਦੁਨੀਆ ਤੂੰ ਆਪਣੀ ਸਮਝੀ
ਉਹ ਤੇਰੇ ਲਈ ਪਰਾਈ
ਜਿਸ ਅੱਗ ਵਿਚ ਤੂੰ ਆਪਾ ਝੁਲਸਿਆ
ਉਹ ਤੇਰੀ ਆਪਣੀ ਲਾਈ
ਆਪਣੀ ਜਮਾਂ ਚੋਂ ਮਨਫ਼ੀ ਹੋਇਉ
ਮਨਫ਼ੀ ਜਮਾਂ ਬਣਾਈ
ਤੇਰਾ ਸੱਚ ਖਾਹ ਗਈ
ਤੇਰੀ ਆਪਣੀ ਵਡਿਆਈ
-0-
ਹੁਣ ਸੂਰਜ ਡੁਬਣ 'ਤੇ ਆਇਆ
ਹੁਣ ਤੇ ਕਰ ਖ਼ਿਆਲ
ਆਪਣਾ ਆਪ ਖਿਲਾਰਿਆ ਹੋਇਆ
ਇਕੱਠਾ ਕਰ ਸੰਭਾਲ

ਬਹਿ ਜਾਅ ਆਪਣੇ ਕੋਲ ਆਣ ਕੇ
ਪੜ੍ਹ ਆਪਾ ਕਰ ਵਿਚਾਰ
ਸ਼ਾਇਦ
ਕੋਈ ਪਗਡੰਡੀ ਲੈ ਜਾਏ
ਤੈਨੂੰ ਤੇਰੇ ਦੁਆਰ
ਅੰਦਰ ਬੈਠਾ ਦਿਸ ਪਏਗਾ
ਤੈਨੂੰ ਆਪਣਾ ਆਪ
ਮੁਖੜਾ ਵੇਖਕੇ ਉਸਦਾ
ਇਸ ਜਗਤ ਵਿਚ ਆਵਣ ਦਾ
ਤੂੰ ਦੇਵੀਂ ਕਰਜ਼ ਉਤਾਰ
-0-
ਉਸ ਨੇ ਆਪਣੀ ਲੋਅ
ਮਾਨਵ ਦੇਹ ਵਿਚ ਲਾਈ
ਜਿਸ ਲੋਅ ਦਾ ਚਿਤਵਨ ਕੀਤਿਆਂ
ਉਸ ਦੀ ਮਿਲੇ ਵਡਿਆਈ
ਆਪਾ ਮਿਲਣ ਦਾ ਇਹ ਬੇਲਾ
ਸ਼ਬਦ ਸਿਮਰਿਆਂ ਆਈ
ਕੁੱਲ ਦੇਹ ਦੀ ਕਾਰਜ ਪ੍ਰਣਾਲੀ
ਸੁਰਤੀ ਨੇ ਸਚਿਆਈ
ਧਨ ਦੌਲਤ
ਅਭਿਮਾਨ ਦੀ ਅੱਗਣੀ
ਚੇਤਨ ਬੁੱਧ ਬੁਝਾਈ
ਰੁੱਖ ਨੇ
ਆਪਣੀ ਜੜ੍ਹ ਪਛਾਤੀ ਭਟਕਣ ਤੋਂ ਮੁਕਤੀ ਪਾਈ
ਕਿੱਥੋਂ ਆਇਆ ਕਿੱਥੇ ਜਾਣਾ
ਕੀ ਹੈ ਕੌਣ ਹੈ ਦੀ ਰਮਜ਼ ਸਮਝ ਆਈ
ਨਾ ਕੋਈ ਵੈਰੀ ਨਾ ਹੀ ਬੇਗਾਨਾ
ਸਗਲ ਸੰਗ ਬਣ ਆਈ
ਏਕ ਨੂਰ ਤੇ ਸਭ ਜਗ ਉਪਜਿਓ
ਦੀ ਜੋਤੀ ਨਜ਼ਰੀ ਆਈ
ਜ਼ਰੇ ਜ਼ਰੇ ਵਿਚ ਸਰਵ ਵਿਆਪਕ
ਛੁਪੀ ਉਸਦੀ ਇਕਾਈ

ਸਰਗੁਣ ਨਿਰਗੁਣ ਆਪ ਉਹ ਆਪੇ
ਉਸ ਦੀ ਇਹ ਵਡਿਆਈ
ਆਪੇ ਸਿਰਜਕ ਆਪੇ ਸਿਰਜਣਾ
ਆਪੇ-ਬੋਲ-ਸ੍ਰੋਤ
ਦੇਹੀ ਵਿਚ ਉਹ ਸਰਗੁਣ ਆਤਮ
ਬਿਨ ਦੇਹੀ ਨਿਰਗੁਣ ਬ੍ਰਹਮ ਸਰੂਪ
ਬ੍ਰਹਮ ਹੀ ਆਤਮ ਆਤਮ ਹੀ ਬ੍ਰਹਮ
ਬ੍ਰਹਮ ਆਤਮ ਇਕ ਜੋਤ
-0-
ਤੂੰ ਇਕੱਲਾ ਹੀ ਨਹੀਂ
ਤੇਰੇ ਸੰਗ ਤੇਰਾ ਪ੍ਰਾਣ ਅਧਾਰ
ਫਿਕਰ ਨਾ ਕਰ ਤੁਫ਼ਾਨਾਂ ਦਾ
ਦੀਵਾ ਆਪੇ ਦਾ ਬਾਲ਼
ਉਹਨਾਂ ਬੁਝਣ ਦੇਣ ਸੀ
ਜਿਤ ਜਗਾਏ ਆਪ
ਕਣ ਕਣ ਵਿਚੋਂ ਵੇਖਦਾ ਉਹ ਸਭ ਦਾ ਵੇਖਣਹਾਰ
-0-
ਇਕ ਉਹ ਤੇਰਾ ਨਾ ਕੋਈ ਹੋਰ ਅਧਾਰ
ਤਨ ਰਚਿਆ ਜਿਸ ਤੈਂਡੜਾ ਸੱਚ ਦੀ ਜੋਤੀ ਬਾਲ਼
ਉਹ ਤੇਰੇ ਤੋਂ ਵੱਖ ਨਹੀਂ
ਉਹ ਬੈਠਾ ਅੰਦਰ ਤੈਂਡੜੇ ਤੇਰੀ ਵੇਖਣ ਵਾਲੀ ਅੱਖ ਨਹੀਂ
-0-
ਤੇਰੀ ਕਦਮ ਬੋਸੀ
ਜਗਤ ਦਾ ਸੁੱਖ ਅਰਾਮ
ਤੂੰ ਮਾਨਵਤਾ ਦਾ ਸੂਰਜ
ਤੂੰ ਦਿਸਹੱਦਿਆਂ ਦੀ ਸੁਬ੍ਹਾ ਸ਼ਾਮ
-0-
ਹਰ ਕੋਈ ਮੁਥਾਜ ਜਗਤ ਵਿਚ
ਤੂੰ ਇਕ ਬੇਮੁਥਾਜ
ਧਰਤੀ ਤੇਰੀ ਆਪਣਾ ਤੇਰਾ ਅਕਾਸ਼
ਇਹ ਵਸਦੇ ਵਿਚ ਤੇਰੇ
ਤੂੰ ਨਹੀਂ ਇਨ੍ਹਾਂ ਦਾ ਵਾਸ

ਹਰ ਜਨਮ ਤੇਰੇ ਲੇਖੇ ਸਾਂਈਆ
ਹਰ ਝੋਲੀ ਤੇਰੀ ਸੁਗਾਤ
ਇਹ ਸੁਗਾਤ ਝੋਲੀ ਤੋਂ ਮਹਿੰਗੀ
ਝੋਲੀ ਮਿੱਟੀ
ਮਿੱਟੀ ਵਿਚ ਕੋਈ ਨੂਰੀ ਦਾਤ
ਜਿਸ ਕਾਰਨ ਜ਼ਿੰਦ ਦੇਹੀ ਵਿਚ
ਜਿਸ ਕਾਰਨ ਦੇਹੀ ਵਿਚ ਪ੍ਰਾਣ
ਆਤਮ ਜੋਤੀ ਨਾਮ ਹੈ ਉਸਦਾ
ਬਿੰਦੂ ਦਾਇਰੇ ਉਸਦੇ ਧਾਮ
-0-
ਜੀਆ ਜੰਤ ਸਭ ਆਸਰੇ ਉਸਦੇ
ਉਸਦੇ ਆਸਰੇ ਬ੍ਰਹਿਮੰਡਕ ਵਾਸ
ਉਸ ਸਦਕਾ ਕੁਦਰਤ ਹਰਿਆਉਲੀ
ਥਲ ਵਿਚ ਸਾਗਰ
ਸਾਗਰ ਵਿਚ ਥਲ ਆਪ
ਤੂੰ ਨਿਰਗੁਣ ਤੇ ਸਰਗੁਣ ਦਾਤਾ
ਤੂੰ ਆਪਣੀ ਆਪ ਪਛਾਣ
ਤੂੰ ਇਕਾਈ ਸਰਵ ਵਿਆਪਕਤਾ ਦੀ ਸਿਆਣ
ਸਭਨਾਂ ਜੀਆ ਦਾ ਤੂੰ ਮੂਲ
ਅਨੇਕਤਾ ਵਿਚ ਤੂੰ ਇਕ ਸਾਂਈਆ
ਬ੍ਰਹਿਮੰਡ ਦਾ ਮੂਲ ਸਰੂਪ
-0-
ਨਾਮ ਪਦਾਰਥ ਚਖਿਆ ਜਿਨ੍ਹਾਂ
ਤਿੰਨ ਪਾਇਆ ਪੂਰਨ ਪ੍ਰਮਾਨੰਦ
ਧਰਤੀ ਹੋਈ ਘਰ ਦਾ ਵਿਹੜਾ
ਅੰਬਰ ਹੋਇਆ ਛੱਤ
ਹੁਕਮ ਰਜ਼ਾਈ ਜੋ ਨੇ ਚੱਲਦੇ
ਮਨ ਨੀਵਾਂ ਉਨ੍ਹਾਂ ਦਾ
ਤੇ ਉੱਚੀ ਮਤਿ
-0-
ਆਨੰਦ ਹੋਇਆ ਦੇਹ ਪਾਇਆ ਵਿਸ਼ਰਾਮ
ਰੁੱਖ ਉਹ ਲੱਦਿਆ ਫਲਾਂ ਦਾ

ਜਿਸ ਚਿੱਤ ਨਾਮ ਅਧਾਰ
ਅਮ੍ਰਿਤ ਰਸ ਉਹ ਪੀਵਦਾ ਸਿਮਰੇ ਸੁਬ੍ਹਾ ਸ਼ਾਮ
ਪਾਵਨ ਹੋਵੇ ਰਸਨਾਂ
ਦੇਹ ਪ੍ਰਬ ਤੀਰਥ ਇਸ਼ਨਾਨ
ਉਸਦਾ ਹੋਕੇ ਜੋ ਰਹੇ ਉੱਚਾ ਵਿਚ ਜਹਾਨ
ਲਗੀ ਤੋੜ ਨਿਭਾਵਦਾ ਜਿਸ ਸੰਗ ਲਾਏ ਉਹ
ਮਨ ਦਾ ਮੈਲ਼ਾ ਆਪ ਉਤਾਰੇ
ਉਸ ਨੂੰ ਸੱਚ ਵਿਖਾ
-0-
ਹਰ ਜੀਵ ਵਿਚ ਉਸਦਾ ਪ੍ਰਕਾਸ਼
ਵੱਖਰੇ ਵੱਖਰੇ ਰੂਪ ਨੇ ਸਭ ਦੇ
ਪਰ ਜੀਵਨ ਦੀ ਇਕ ਰਾਸ
-0-
ਕ੍ਰੋਧ ਦੇ ਮੀਂਹ ਵਿਚ ਭਿੱਜੀ ਦੁਨੀਆ
ਮੋਹ ਹੰਕਾਰ 'ਚ ਗੁੱਝੀ ਦੁਨੀਆ
ਦੁਨੀਆ ਵਿਚ ਨਾ ਕਿਸੇ ਦਾ ਕੋਈ
ਆਪਣੇ ਆਪ 'ਚ ਰੁੱਝੀ ਦੁਨੀਆ
ਉਹ ਦੁਨੀਆ ਦਾ ਸਵੈ ਹੋ ਕੇ ਵੀ
ਦੁਨੀਆ ਤੋਂ ਨਿਰਲੇਪ
ਜਿਉਂ ਗੰਧਗੀ 'ਤੇ ਕਿਰਨ ਸੂਰਜ ਦੀ
ਜਿਉਂ ਚਿਹਰਾ ਸ਼ੀਸ਼ਾ ਰਿਹਾ ਹੈ ਵੇਖ
ਬੇਸ਼ਕ ਦੁਨੀਆ ਉਸ ਦੀ ਬੁੱਕਲ ਵਿਚ ਹੈ
ਫਿਰ ਵੀ ਦੁਨੀਆ ਤੋਂ ਉਹ ਨਿਰਲੇਪ
-0-
ਉਹ ਹੈ ਆਪਣੇ ਆਪ ਦਾ ਆਪ
ਆਪੇ ਲੋਅ ਬਾਤੀ ਆਪ ਚਿਰਾਗ਼
ਕੁੱਝ ਨਹੀਂ ਸਭ ਕੁੱਝ ਉਹ ਹੈ
ਸਭ ਕੁੱਝ ਵਿਚ ਸ਼ੂਨਯ ਰੂਪ
ਸਿਰਜਣਾ ਦੀ ਜੋ ਕੁੱਖ ਹੈ
ਸ਼ੂਨਯ ਸਿਰਜਣਾ
ਸਿਰਜਣਾ ਸ਼ੂਨਯ ਬ੍ਰਹਮ ਸਰੂਪ
-0-

ਜਲ ਰੂਪ ਹੈ ਉਸ ਸਾਂਈ ਦਾ
ਭਰਿਆ ਜਾਵੇ ਜਿਸ ਬਰਤਨ ਵਿਚ
ਉਸ ਬਰਤਨ ਦਾ ਰੂਪ ਵਟਾਵੇ
ਸਾਗਰ ਵਿਚ ਉਹ ਸਾਗਰ
ਗਾਗਰ ਵਿਚ ਗਾਗਰ ਹੋ ਜਾਵੇ
ਧਰਤੀ 'ਤੇ ਉਹ ਧਰਤੀ ਸਹਿਰਾ ਵਿਚ ਸਹਿਰਾ
ਅੰਬਰ ਵਿਚ ਉਹ ਅੰਬਰ ਵਰਗਾ ਗਹਿਰਾ
ਹਰ ਇਕ ਵਿਚ ਉਹ ਪੂਰਾ
ਵੰਡਿਆ ਹੋਇਆ ਵੀ ਇਕ ਇਕਾਈ
ਕਰੋੜ ਰੂਪ ਨੇ ਉਸਦੇ
ਏਕ ਜੋਤ ਬ੍ਰਹਿਮੰਡ ਸਮਾਈ
-0-
ਭਾਲੇ ਖੰਡਾਂ ਮਿਸ਼ਰੀਆਂ
ਸਵੈ ਉੱਚ ਪਕਵਾਨ
ਇਹ ਸੰਗ ਨਾ ਜਾਵਣੇ ਇਹ ਵਿਸ਼ ਕਰ ਜਾਣ
ਲਗ ਸ਼ਬਦ ਦੇ ਚਰਨੀਂ
ਆਪਣਾ ਆਪ ਪਹਿਚਾਣ
ਉਹ ਮੋਤੀ ਵਿਚ ਤੈਂਡੜੇ ਜਿਸ ਦੀ ਦੇਹ ਹੈ ਖਾਨ
ਦੇਹ ਦੇ ਵਰਕੇ ਫੋਲ
ਅਰਥ ਆਪਣਾ ਟੋਲ
ਤੱਕ ਆਪਣੇ ਆਪ ਨੂੰ ਬਹਿ ਕੇ ਆਪਣੇ ਕੋਲ
ਫਿਰ ਮੂੰਹ ਵਿਚ ਮਿਸ਼ਰੀ ਘੁਲੇਗੀ
ਸੰਤੋਖ ਪੱਕਣ ਪਕਵਾਨ
ਅਮ੍ਰਿਤ ਭੋਜਨ ਚਖਿਆ
ਹੋਸੀ ਆਪੇ ਦੀ ਪਹਿਚਾਣ
ਦੀਵਾ ਅੰਦਰ ਜਗਦਾ ਚਾਨਣ ਵਿਚ ਜਗਣ
ਜਿਹੜਾ ਮਨੁੱਖਤਾ ਦੀ ਜੋਤ ਕਹਾਵਦਾ
ਜਿਹਦਾ ਮਾਨਵ ਦੇਹੀ ਨਿਸ਼ਾਨ
-0-
ਤੈਨੂੰ ਕਿੰਜ ਤੱਕਾਂ ਕਿੰਜ ਪਾਵਾਂ
ਤੇਰੇ ਬਾਝੋਂ ਮੈਂ ਮਰਦਾ ਜਾਵਾਂ
ਦਰਦ ਵੰਡਾਏ ਕਿਹੜਾ

ਸ਼ੀਸ਼ੇ ਚੋਂ ਚਿਹਰਾ ਨਹੀਂ ਦਿਸਦਾ
ਦਿਲ ਨਹੀਂ ਲੱਗਦਾ ਮੇਰਾ
-0-
ਤੱਕ ਤੱਕ ਰਾਹਾਂ ਥੱਕੀਆਂ ਨਜ਼ਰਾਂ
ਅੱਖੀਆਂ ਸੰਗ ਜੋਗੀ ਦੇ ਲੱਗੀਆਂ
ਸਾਨੂੰ ਠੱਗਿਆ
ਸਾਡੀਆਂ ਅੱਖੀਆਂ
ਦਿਲ ਦਾ ਕੁਤਰਾ ਕੁਤਰਾ ਕਰ ਗਈਆਂ
ਜਿਉਂਦੀ ਮੌਤ ਤਲ਼ੀ ਧਰ ਗਈਆਂ
ਆਜਾ ਹੁਣ ਤਾਂ ਭਰੀਆਂ ਅੱਖੀਆਂ
ਤੇਰੀ ਦੀਦ 'ਚ ਸੁੱਕਣੇ ਪਈਆਂ
ਸਿਖ਼ਰ ਦੁਪਹਿਰੇ ਠਰੀਆਂ ਅੱਖੀਆਂ
ਤੂੰ ਨਾ ਆਇਉ
ਉਡੀਕ ਦੀ ਸੂਲ਼ੀ ਚੜ੍ਹੀਆਂ ਅੱਖੀਆਂ
-0-
ਹੁਣ ਜੇ ਆਵੇ ਕਿੰਜ ਤੱਕਾਂਗੀ
ਨਜ਼ਰ ਉਧਾਰੀ ਕਿਸ ਤੋਂ ਮੰਗਾਂਗੀ
ਕੌਣ ਦਿੰਦਾ ਹੈ ਆਪਣੇ ਦੀਦੇ
ਪਰਾਇਆ ਚਿਹਰਾ ਤੱਕਣ ਲਈ
ਕਦ ਪਰਾਈ ਅੱਖ ਚੋਂ ਦਿਸਦਾ ਦਿਲ ਨੂੰ
ਕੋਈ ਦਿਲ ਦਾ ਲੱਗਣ ਲਈ
ਲੱਗੀਆਂ ਸੰਗ
ਲੱਗੀਆਂ ਅੱਖੀਆਂ
ਸਾਨੂੰ ਇਕੱਲਿਆ ਛੱਡ ਗਈਆਂ ਅੱਖੀਆਂ
ਜੋਗੀ ਸੰਗ ਵਗ ਗਈਆਂ ਅੱਖੀਆਂ
-0-
ਆਪਣੇ ਵੱਲੋਂ ਲੱਖ ਹੋਵਾਂ ਮੈਂ ਤੇਰੀ
ਪਰ ਮੈਂ ਤੇਰੀ ਨਾਹੀ
ਕਬੂਲ ਕਰੇ ਤਾਂ ਮੇਰੀ ਹਾਂ
ਨਹੀਂ ਤਾਂ ਮਿੱਟੀ ਦੀ ਢੇਰੀ ਹਾਂ
ਫਿਰ ਵੀ ਖੜੀ ਉਡੀਕ ਤੇਰੀ ਵਿਚ
ਆਪਣਾ ਸਿਰ ਤਲ਼ੀ 'ਤੇ ਧਰਕੇ

ਤੂੰ ਜਾਣੇ ਨਾ ਜਾਣੇ
ਤੈਨੂੰ ਮੰਨਿਆ ਅਸਾਂ ਆਪਣਾ ਕਰਕੇ
ਤੇਰੇ ਬਿਨ ਜਗ ਵਿਚ ਢੋਈ
ਤੇਰੇ ਬਿਨ ਮੇਰਾ ਨਾ ਕੋਈ
ਜਿਸ ਦਾ ਕੋਈ ਨਾ ਉਸਦਾ ਤੂੰ
ਝੋਲੀ ਅੱਡ ਮੈਂ ਖੜੀ ਹਾਂ ਤੇਰੇ ਬਰੂਹ
-0-
ਗਿਆਨੀ ਧਿਆਨੀ ਪੜ੍ਹਨ ਕਤੇਬਾਂ
ਤੇਰੀ ਮਹਿਮਾ ਗਾਵਣ
ਪੜ੍ਹ ਪੜ੍ਹ ਗਿਆਨ ਵਧਾਵਣ
ਪਰ ਤੁੱਧ ਤਕ ਪਹੁੰਚ ਨਾ ਪਾਵਣ
ਜੋ ਤੁੱਧ ਤਕ ਪਹੁੰਚਣ
ਉਹ ਚੁੱਪ ਹੋ ਜਾਵਣ
-0-
ਹੇ ! ਵਿਦਮਾਨ ਤੁੱਧ ਨੂੰ ਪਾਉਣਾ
ਵਿਅਕਤੀਗਤ ਹੈ ਕਾਰ ਵਿਹਾਰ
ਤੇਰੇ ਰਾਹ 'ਤੇ ਟੁਰਨ ਤੋਂ ਪਹਿਲਾਂ
ਲਾਉਣਾ ਪੈਂਦਾ ਰੂਹ ਤੋਂ ਦੇਹ ਦਾ ਭਾਰ
ਜਿਸ ਧਿਆਉਣਾ ਉਸ ਨੇ ਪਾਉਣਾ
ਤੈਨੂੰ ਜੀ ਕੇ ਵੀ ਕੋਈ ਤੈਨੂੰ ਦਰਸਾ ਨਹੀਂ ਸਕਦਾ
ਤੈਨੂੰ ਤੱਕਣ ਪਿੱਛੋਂ ਵੀ ਕੋਈ ਕਿਸੇ ਨੂੰ
ਤੇਰੀ ਝਲਕ ਵਿਖਾ ਨਹੀਂ ਸਕਦਾ
ਤੈਨੂੰ ਪਾਉਣਾ ਵਿਅਕਤੀਗਤ ਕਰਤੱਵ ਹੈ
ਤੈਨੂੰ ਪਾਉਣਾ ਨਿੱਜੀ ਸਫ਼ਰ ਹੈ
-0-
ਕਦੀ ਆ ਸੱਜਣ ਘਰ ਮੇਰੇ
ਮੁਕ ਜਾਵਣ ਸਭ ਝਗੜੇ ਝੇੜੇ
ਤੇਰੇ ਪੈਰਾਂ ਪਿੱਛੇ ਪਰਤਣ ਹੀ ਦਿਨ ਮੇਰੇ
ਆਵੇ ਤਾਂ ਮੈਂ ਦੀਵੇ ਬਾਲ਼ਾਂ
ਤਨ ਦੀ ਸੇਜ ਵਿਛਾਵਾਂ
ਐਸਾ ਸੀਤ ਭਰਾਂ ਇਕ ਹੌਂਕਾ
ਤੈਨੂੰ ਤੱਕਾਂ ਤੇ ਮਰ ਜਾਵਾਂ

ਮੁਕ ਜਾਵਣ ਜਨਮਾਂ ਦੇ ਪੈਂਡੇ
ਜਦ ਪੈਰ ਧਰੇ ਤੂੰ ਵਿਹੜੇ
ਕਦੀ ਆ ਸੱਜਣ ਘਰ ਮੇਰੇ
ਤੇਰੇ ਪੈਰਾਂ ਪਿੱਛੇ
ਪਰਤਣਗੇ ਦਿਨ ਮੇਰੇ
-0-
ਮੁਕੇ ਕਜੀਆਂ ਸਿਰ ਵਾਹਵਣ ਦਾ
ਬੁੱਲੀਂ ਸੱਕ ਕੱਜਲਾ ਲਾਵਣ ਦਾ
ਵਾਰ ਵਾਰ ਸ਼ੀਸ਼ਾ ਤੱਕਣ ਦਾ
ਆਪਣੀਆਂ ਨਜ਼ਰਾਂ ਤੋਂ
ਆਪਣਾ ਆਪਾ ਛੁਪਾ ਰੱਖਣ ਦਾ
ਕਦੀ ਅੰਦਰ ਵੜ੍ਹ ਵੜ੍ਹ
ਕਦੀ ਕੋਠੇ ਚੜ੍ਹ ਚੜ੍ਹ
ਬੂਹੇ 'ਤੇ ਖੜ੍ਹ ਖੜ੍ਹ ਰਾਹਾਂ 'ਤੇ
ਅਸੀਂ ਨੈਣ ਵਿਛਾਅ ਕੇ ਰਖੀਏ
ਉਡੀਕਾਂ ਵਿਚ ਖੁਲ੍ਹ ਜਾਵਣ
ਮੇਰੀ ਤੰਗ ਕੁੜਤੀ ਦੇ ਬੱਖੀਏ
ਦੁਖੀ ਨਾਵਣ ਅੰਗਾਂ ਦੇ ਚਿਹਰੇ
ਕਦੀ ਆ ਸੱਜਣ ਘਰ ਮੇਰੇ
ਤੇਰੇ ਪੈਰਾਂ ਪਿੱਛੇ
ਪਰਤਣਗੇ ਦਿਨ ਮੇਰੇ
-0-
ਇਹ ਜੋਬਨ ਇਮਾਨਤ ਤੇਰੀ
ਸਾਂਭ ਤੇਰੇ ਲਈ ਰਖਿਆ
ਇਸ ਦੀ ਅਸਾਂ ਨਾ ਬੁਰਕੀ ਤੋੜੀ
ਨਾ ਇਸ ਦਾ ਘੁਟ ਭਰਿਆ
ਪਰੋਸਿਆ ਆਪਾ ਤੇਰੀ ਖ਼ਾਤਿਰ
ਸ਼ਰਮ ਹਯਾ ਨਾਲ ਢਕਿਆ
ਪਰ ਨਾ ਬੋਲੇ ਕਾਗ ਬੰਨ੍ਹੇਰੇ
ਕਦੀ ਆ ਸੱਜਣ ਘਰ ਮੇਰੇ
ਤੇਰੇ ਪੈਰਾਂ ਪਿੱਛੇ
ਪਰਤਣਗੇ ਦਿਨ ਮੇਰੇ

-0-
ਤੇਰੀ ਛੋਹ ਸੰਗ ਥਲ ਸਾਗਰ ਹੋ ਜਾਏ
ਸੁਕਿਆ ਰੁੱਖ ਜ਼ਿੰਦਗੀ ਹਰਿਆ ਜੰਗਲ ਹੋ ਜਾਏ
ਕਬਰਾਂ ਦੇ ਵਿਚ ਸੁੱਤਾ ਸਮਾਂ ਉੱਠ ਖਲੋਏ
ਇਕ ਵਾਰੀ ਤੂੰ ਹੋ ਜਾਏ ਮੇਰਾ
ਮੇਰਾ ਸ਼ਬਦ ਅਰਥ ਹੋ ਜਾਏ
ਇਸੇ ਆਸ 'ਤੇ ਜੀਵਾਂ ਸੱਜਣ
ਕਦੀ ਮਿਹਰ ਪਵੇ ਮਨ ਤੇਰੇ
ਕਦੀ ਆ ਸੱਜਣ ਘਰ ਮੇਰੇ
ਤੇਰੇ ਪੈਰਾਂ ਪਿੱਛੇ ਪਰਤਣਗੇ ਦਿਨ ਮੇਰੇ
-0-
ਤੀਰਥ ਨਾਹਵੇ ਕਰੇ ਪੁੰਨ ਦਾਨ
ਪੜ੍ਹੇ ਕਤੇਬਾਂ ਸ਼ਾਸਤਰ
ਤਰੇ ਸਮੁੰਦਰ ਗਿਆਨ
ਥਲ ਭਵਿਆ ਜੰਗਲ ਮਿੱਧਿਆ
ਲੱਭਾ ਨਾ ਕੋਈ ਉਸਦਾ ਪਤਾ ਨਿਸ਼ਾਨ
ਉਹ ਤਾਂ ਅੰਦਰੋਂ ਰੋਜ਼ ਬੋਲਦਾ
ਹਰ ਵੇਲੇ ਤੈਨੂੰ ਫਿਰੇ ਟੋਲਦਾ
ਉਸ ਦਾ ਬੋਲ ਫੜਿਆ ਨਾ ਤੂੰ
ਆਪਣੇ ਅੰਦਰ ਵੜਿਆ ਨਾ ਤੂੰ
ਆਪਣਾ ਆਪ ਪਛਾਣਿਆ ਨਾ ਤੂੰ
-0-
ਕੋਈ ਅੰਦਰੋਂ
ਕੋਈ ਬਾਹਰੋਂ ਬੋਲੇ
ਕੋਈ ਚੁੱਪ ਦੇ ਬੋਲੇ ਬੋਲ
ਬਾਹਰ ਖੜ੍ਹੀ
ਮੈਂ ਮੀਂਹ ਵਿਚ ਭਿੱਜ ਗਈ
ਹੁਣ ਤੇ ਕੁੰਡਾ ਖੋਲ
-0-
ਕੁੰਡਾ ਖੋਲੇਗਾ ਤਾਂ ਜਾਣਾਂ
ਤੂੰ ਕੌਣ ਮੈਂ ਕੌਣ
ਤੇਰੀ ਚੁੱਪ 'ਚ ਮੈਂ ਗੁਆਚੀ

ਮੇਰੀ ਚੁੱਪ ਵਿਚ ਤੇਰਾ ਬੋਲ
ਕਿੰਜ ਜਾਣਾਂ ਬਿਨ ਤੱਕਿਆ ਤੈਨੂੰ
ਤੂੰ ਹੋਰ ਮੈਂ ਹੋਰ
ਮਿਟ ਜਾਵਣ ਸਭ ਭਰਮ ਭੁਲੇਖੇ
ਜੇ ਕੁੰਡਾ ਦੇਵੇ ਖੋਲ
-0-
ਕੀ ਹੈ ਅੰਦਰ ਕੀ ਹੈ ਬਾਹਰ
ਸੋਚਾਂ ਵਿਚ ਡੁੱਬੀ ਕਰਾਂ ਵਿਚਾਰ
ਚਿਹਰੇ ਵਿਚ ਹੀ ਸ਼ੀਸ਼ਾ ਜਾਪੇ
ਸ਼ੀਸ਼ੇ ਵਿਚ ਹੀ ਚਿਹਰਾ
ਤੇਰਾ ਮੇਰਾ ਕੁੱਝ ਨਾ ਇਥੇ
ਜੱਗ ਜੋਗੀ ਵਾਲਾ ਫੇਰਾ
ਨਾ ਕੋਈ ਮਾਂ ਬਾਪ ਕਿਸੇ ਦਾ
ਨਾ ਧੀਆਂ ਨਾ ਪੁੱਤਰ
ਕੁੰਡਾ ਖੋਲੇ ਤਾਂ ਮਿਲ ਜਾਏ
ਇਸ ਤੱਕੜੀ ਨੂੰ ਉਤਰ
ਕੂਕ ਕੂਕ ਮੈਂ ਥੱਕ ਗਈ
ਤੂੰ ਕੁੱਝ ਤਾਂ ਬੋਲ
ਬਾਹਰ ਖੜੀ
ਮੈਂ ਮੀਂਹ ਵਿਚ ਭਿੱਜ ਗਈ
ਹੁਣ ਤਾਂ ਕੁੰਡਾ ਖੋਲ
-0-
ਵੇਖ ਲਵਾਂ ਇਕ ਨਜ਼ਰ ਮੈਂ ਤੈਨੂੰ
ਫਿਰ ਭਾਵੇਂ ਮਰ ਜਾਵਾਂ
ਐਸੀ ਨਜ਼ਰ ਕਰੀ ਮਿਹਰ ਦੀ
ਮਰ ਕੇ ਤੇਰੀ ਹੋ ਜਾਵਾਂ
ਤੂੰ ਆਪਣੀ ਮਰਜ਼ੀ ਦਾ ਮਾਲਕ
ਕਿੰਜ ਕੋਈ ਹੱਕ ਜਤਾਏ
ਮੈਂ ਬੁਲਾਵਾਂ ਤੇਰੀ ਮਰਜ਼ੀ
ਤੂੰ ਸੁਣਨਾ ਜਾਂ ਨਾ ਸੁਣਨਾ ਚਾਹੇ
ਬਹੁਤ ਹੋਈ ਹੁਣ ਬਸ ਕਰ ਸਾਂਈਆ
ਮਿੱਟੀ ਵਿਚ ਨਾ ਰੋਲ

ਬਾਹਰ ਖੜੀ
ਮੈਂ ਮੀਂਹ ਵਿਚ ਭਿੱਜ ਗਈ
ਹੁਣ ਤਾਂ ਕੁੰਡਾ ਖੋਲ
-0-
ਸਰੀਰ ਤਪਾਵੇ ਜੋਗ ਕਹਾਵੇ
ਪਰ ਅੰਦਰੋਂ
ਹਉਮੇ ਦੀ ਦੀਵਾਰ ਨਾ ਢਾਵੇ
ਅੱਖੀਆਂ ਵਿਚ ਵਸਦਾ ਵੀ
ਤੈਨੂੰ ਨਜ਼ਰ ਨਾ ਆਵੇ
-0-
ਹੇ ! ਮਨਾਂ
ਵੇਦ ਹੰਗਾਲਣ ਨਾਲੋਂ ਚੰਗਾ
ਆਪਣੀ ਦੇਹ ਹੰਗਾਲ
ਤੀਰਥ ਨਾਵਣ ਨਾਲੋਂ ਚੰਗਾ
ਰੂਹ ਦੀ ਮੈਲ਼ ਉਤਾਰ
ਸਰੀਰ ਤਪਾਵਣ ਨਾਲੋਂ ਚੰਗਾ
ਜੋਗ ਕਮਾਵਣ ਨਾਲੋਂ ਚੰਗਾ
ਅੰਦਰੋਂ ਚਾੜ ਜੋਗ ਦਾ ਚੰਨ
ਮਨ ਦਰਪਣ ਚੋਂ ਉਸ ਨੂੰ ਤੱਕ
-0-
ਨਦੀਉਂ ਪਾਰ ਝੁੱਗੀ ਸੱਜਣ ਦੀ
ਮੈਂ ਨਦੀਉਂ ਇਸ ਪਾਰ
ਕਰਕੇ ਲੰਮੀ ਬਾਂਹ ਸੱਜਣਾ
ਸਾਨੂੰ ਲੈ ਜਾਅ ਆਪਣੇ ਨਾਲ
ਇਸ ਨਦੀ ਵਿਚ ਮਘਰਮੱਛ
ਕਈ ਸੱਪ ਸਲੂੰਗੇ
ਇਸ ਨਦੀ ਦੇ ਪਾਣੀ
ਮੇਰੇ ਕੱਦ ਤੋਂ ਡੂੰਘੇ
ਤੇਰੀ ਕੁੱਲੀ ਦੇ ਆਲ਼ੇ ਦੀ
ਮੇਰੇ ਮੱਥੇ ਲੋਅ
ਇਸ ਲੋਅ ਦੇ ਚਾਨਣ ਵਿਚ
ਮੈਂ ਜਗਤ ਦੀ ਜਗਤ ਮੇਰਾ ਗਿਆ ਹੋ

ਤਾਂਘ ਹੈ
ਉਸ ਦਾ ਮੁਖ ਵੇਖਣ ਦੀ
ਜਿਸ ਨੇ ਇਹ ਜਗ ਘੜਿਆ
ਜਗ ਵਿਚ ਵਸਦਿਆਂ ਹੋਇਆ ਵੀ
ਜਿਸ ਅਲੱਗ ਹੈ ਆਪਾ ਰੱਖਿਆ
ਚੁਕਦੇ ਸੱਜਣਾ ਹਰ ਪਰਦਾ
ਆਪਣਾ ਮੁਖ ਵਿਖਾਲ
ਕਰਕੇ ਲੰਮੀ ਬਾਂਹ ਸੱਜਣਾ
ਸਾਨੂੰ ਲੈ ਚਲ ਆਪਣੇ ਨਾਲ
-0-
ਮੈਂ ਰੋਹੀ ਦੀ ਝਾੜੀ ਅੜਿਆ
ਤੂੰ ਜੰਗਲ ਦਾ ਸਾਰ
ਮੈਂ ਪਿਆਸ ਹਾਂ ਸੜਦੇ ਥਲਾਂ ਦੀ
ਤੂੰ ਸਾਗਰ ਦਾ ਦਾਰ
ਇਸ ਪਿਆਸੀ ਬੂੰਦ ਦੇ ਕੰਠ 'ਚ
ਆਪਣਾ ਜਲ ਉਤਾਰ
ਸਿੱਲ ਹੋਈ ਸਦੀਆਂ ਤੋਂ ਅਹਲਿਆ
ਹੁਣ ਤਾਂ ਝਾਤੀ ਮਾਰ
ਕਰਕੇ ਲੰਮੀ ਬਾਂਹ ਸੱਜਣਾ
ਸਾਨੂੰ ਲੈਅ ਜਾਅ ਆਪਣੇ ਨਾਲ
-0-
ਕਦੀ ਪਾ ਵਤਨਾਂ ਵੱਲ ਫੇਰਾ
ਸੱਜਣਾ ਜੀਅ ਨਹੀਂ ਲੱਗਦਾ ਮੇਰਾ
ਨੈਣ ਪਿਆਸੇ ਮੇਰੇ
ਰਾਹ ਤੱਕਣ ਸ਼ਾਮ ਸਵੇਰੇ
ਮੈਂ ਇਸ਼ਕ ਤੇਰੇ ਵਿਚ ਕਮਲੀ
ਤੇਰੇ ਸਾਏ ਲਗਦੇ ਮੇਰੇ
ਮੈਂ ਭੱਜਦੀ ਸਾਇਆਂ ਪਿੱਛੇ
ਇਹ ਹੱਥ ਆਉਂਦੇ ਨੇ ਕਿੱਥੇ
-0-
ਅਸਾਂ ਅੱਖਾਂ ਬੂਹੇ 'ਤੇ ਲਾਈਆਂ
ਸਾਡੀ ਪੁੱਛਣ ਹਾਲ ਜੁਦਾਈਆਂ

ਅਸਾਂ ਬ੍ਰਿਹਾ ਹੰਢਾਇਆ ਤੇਰਾ
ਤੇਰਾ ਚਿਹਰਾ ਹੋਇਆ ਮੇਰਾ
ਸਾਡੇ ਨਖਸ਼ ਭੁਲੇਖਾ ਪਾਂਦੇ
ਲੋਕੀਂ ਤੇਰੀ ਆਖ ਬੁਲਾਂਦੇ
ਤੱਕ ਹੱਸਦਾ ਚਾਰ ਚੁਫ਼ੇਰਾ
ਕਦੀ ਪਾਅ ਵਤਨਾਂ ਵੱਲ ਫੇਰਾ
ਸੱਜਣਾ ਦਿਲ ਨਹੀਂ ਲੱਗਦਾ ਮੇਰਾ
-0-
ਵਾਲ ਸੰਵਾਰੇ ਅੰਗ ਨਿਹਾਰੇ
ਤੇਰੀ ਚਾਹਤ ਦਾ ਰੂਪ ਬਣਾਇਆ
ਦੇਹ ਦਾ ਚਰਖਾ ਬੂਹੇ ਡਾਹਿਆ
ਵਾਂਗ ਸ਼ੁਦਾਈਆਂ ਲੋਕੀਂ ਤੱਕਣ
ਮੈਂ ਲਾਜ ਦੀ ਮਾਰੀ ਮਰ ਗਈ
ਐਸੀ ਭਿੱਜੀ ਇਸ਼ਕ ਤੇਰੇ 'ਚ
ਮੈਂ ਗਿੱਲੀ ਹੀ ਬਲ਼ ਗਈ
ਇਕ ਕਦਮ ਵੀ
ਸਾਡੇ ਵੱਲ ਨਾ ਵਧਿਆ ਤੇਰਾ
ਕਦੀ ਪਾਅ ਵਤਨਾਂ ਵੱਲ ਫੇਰਾ
ਸੱਜਣਾ
ਜੀਅ ਨਹੀਂ ਲੱਗਦਾ ਮੇਰਾ
-0-
ਆ ਜਾਂਦੋਂ
ਤੇਰੇ ਚੋਂ ਆਪਣਾ ਸੱਚ ਪਾ ਲੈਂਦੀ
ਦੇਹ ਦੀ ਹਨ੍ਹੇਰੀ ਕੋਠੜੀ ਵਿਚ
ਤੇਰਾ ਦੀਪ ਜਗਾ ਲੈਂਦੀ
ਸ਼ੀਸ਼ੇ ਵਿਚਲਾ ਚਿਹਰਾ
ਮੈਨੂੰ ਲੱਗਦਾ ਫਿਰ ਮੇਰਾ
ਕੀ ਜਾਂਦਾ ਸੀ ਤੇਰਾ
ਕਦੀ ਪਾ ਵਤਨਾਂ ਵੱਲ ਫੇਰਾ
ਸੱਜਣਾ ਜੀਅ ਨਹੀਂ ਲੱਗਦਾ ਮੇਰਾ
-0-
ਦੂਜੇ ਦਾ ਕਰ ਸਤਿਕਾਰ

ਸਭ ਵਿਚ ਵਸਦਾ ਇਕ ਕਰਤਾਰ
ਚੰਗਾ ਮਾੜਾ ਕਰਮ ਪਛਾਣ
ਜਿਤ ਕੀਤੇ ਦੂਜਾ ਦੁਖੀਆ
ਉਹ ਕਰਮ ਵਿਸਾਰ
ਜਿਤ ਕੀਤੇ ਜਗ ਅਨੰਦਿਤ
ਐਸਾ ਕਰਮ ਸਵੀਕਾਰ
ਐਸਾ ਕਾਰਜ  ਕਰੋ ਮੇਰੇ ਮਨੂਆ
ਜਿਤ ਪਾਈਏ ਖ਼ਲਕਤ ਮਾਨ
ਸ਼ੋਭਾ ਹੋਵੇ ਵਿਚ ਜਗਤ ਦੇ
ਇਨਸਾਨ ਪੂਜਣ ਇਨਸਾਨ
-0-
ਅੱਖੀਆਂ ਤਰਸ ਗਈਆਂ
ਤੇਰਾ ਮੁਖ ਨਜ਼ਰੀਂ ਨਾ ਆਇਆ
ਆਪਣੇ ਚੋਂ ਤੈਨੂੰ ਤੱਕਣ ਦਾ
ਅਸਾਂ ਰੋਗ ਆਪੇ ਨੂੰ ਲਾਇਆ
-0-
ਦੋ ਜਿਸਮ ਇਕ ਰੂਹ ਹੋ ਕੇ
ਆਪਣੀ ਆਪਣੀ ਮੈਂ ਦੀ ਪ੍ਰਕਰਮਾ ਕਰਦੇ
ਇਕ ਦੂਜੇ ਦੇ ਵਿਚ ਰਹਿੰਦੇ ਵੀ
ਚੂਰ ਚੂਰ ਹੋਇਆ ਸ਼ੀਸ਼ਾ
ਟੁਕੜੇ ਟੁਕੜੇ ਚਿਹਰਾ
ਨਾ ਚਿਹਰੇ ਚੋਂ ਸ਼ੀਸ਼ਾ ਦਿਸਦਾ
ਨਾ ਸ਼ੀਸ਼ੇ ਚੋਂ ਚਿਹਰਾ
ਅੱਖੀਆਂ ਤਰਸ ਗਈਆਂ
ਤੇਰਾ ਮੁਖ ਨਜ਼ਰੀਂ ਨਾ ਆਇਆ
ਆਪਣੇ ਚੋਂ ਤੈਨੂੰ ਤੱਕਣ ਦਾ
ਅਸਾਂ ਰੋਗ ਆਪੇ ਨੂੰ ਲਾਇਆ
-0-
ਯਕੀਨ ਚੋਂ ਹੀ ਤੂੰ ਉਪਸਥਿਤ
ਯਕੀਨ ਜਿਊਂਦੀ ਦਿਲ ਦੀ ਹਸਰਤ
ਹੁਣ ਆਪਣੇ ਸਾਂਵੇ ਆਪਣਾ ਚਿਹਰਾ
ਆਪੇ ਚੋਂ ਤੈਨੂੰ ਤੱਕਦੀ

ਆਪੇ ਦੀ ਹੁੰਦੀ ਹੋਈ ਵੀ ਤੇਰਾ ਚਿਹਰਾ ਲੱਗਦੀ
ਮੱਥੇ ਵਿਚ ਤੇਰੀ ਜਗਦੀ ਜੋਤੀ
ਮੇਰਾ ਕੀਤਾ ਦੂਰ ਹਨ੍ਹੇਰਾ
ਰੋਮ ਰੋਮ ਵਿਚ ਚਾਨਣ ਹੋਇਆ ਤੇਰਾ
-0-
ਤੂੰ ਹੀ ਹੁਸਨ ਹੈ ਤੂੰ ਹੀ ਇਸ਼ਕ
ਤੂੰ ਹੀ ਤ੍ਰਿਸ਼ਨਾ ਸੰਤੋਖ ਸਿਦਕ
ਮਿੱਟੀ ਦੇ ਭਾਂਡੇ ਵਿਚ
ਤੂੰ ਆਪਾ ਹੈ ਧਰਿਆ
ਭਾਂਡੇ ਦੀ ਮਿਆਦ ਨਾ ਕੋਈ
ਅੱਜ ਸਾਬਤ ਕੱਲ੍ਹ ਭੱਜਿਆ
ਭੱਜੇ ਭਾਂਡੇ ਨੂੰ ਨਜ਼ਰ ਨਾ ਆਇਆ
ਸਾਬਤ ਭਾਂਡੇ ਵਿਚ ਤੈਨੂੰ ਪਾਇਆ
ਤੂੰ ਹੀ ਜਗਤ ਸਮਾਇਆ
-0-
ਅੱਖੀਆਂ ਤਰਸ ਗਈਆਂ
ਤੇਰਾ ਮੁਖ ਨਜ਼ਰੀਂ ਨਾ ਆਇਆ
ਆਪਣੇ ਚੋਂ ਤੈਨੂੰ ਤੱਕਣ ਦਾ
ਅਸਾਂ ਰੋਗ ਆਪੇ ਨੂੰ ਲਾਇਆ
-0-
ਆਪੇ ਨਾਲ ਪ੍ਰੀਤ ਰੱਖ ਸ਼ਬਦ 'ਚ ਆਪਾ ਢਾਲ
ਇਹ ਸ਼ਰਧਾ ਹੈ ਇਹਦਾ ਦੀਵਾ ਬਾਲ਼
ਸ਼ਰਧਾ ਪ੍ਰੇਮ ਪਾਵਨ ਤਿਆਗ ਹੈ
ਇਹਦੀ ਬੁੱਧੀ ਨੂੰ ਨਹੀਂ ਸਾਰ
ਇਸ ਦਾ ਕੱਦ ਵੱਡੇਰਾ
ਇਹ ਨਹੀਂ ਬਿੰਦੂ ਅਕਾਰ
ਰੰਗਿਆ ਜਾਅ ਇਹਦੇ ਰੰਗ 'ਚ
ਇਹ ਰੰਗ ਹੈ ਸਦਾ ਬਹਾਰ
ਸੱਚ ਨਹੀਂ ਹੈ ਇਹ ਜ਼ਿੰਦਗੀ
ਜ਼ਿੰਦਗੀ ਬਿਨਸਨਹਾਰ
ਸਾਥ ਆਪੇ ਦਾ ਸਦਾ ਸੰਗ ਹੈ
ਮਰਨੋਂ ਪਹਿਲਾਂ ਮਰਨੋਂ ਬਾਅਦ

-0-
ਸਵੈ
ਜੀਵ ਜੰਤ ਸਰਿਸ਼ਟੀ ਸਾਜੀ
ਪਹਿਣਨ ਖਾਣ ਬਣਾਇਆ
ਬੁੱਧ ਬਖਸ਼ੀ ਮਾਨਵ ਨੂੰ
ਕੁਕਰਮ ਸੁਕਰਮ ਸਮਝਾਇਆ
ਫਿਰ ਵੀ ਆਪਾ ਮਾਰ ਕੇ ਮਾਨਵ
ਕੁਕਰਮ ਕਰਨ ਲਈ ਧਾਇਆ
-0-
ਢੇਰ ਸੰਪਤੀ ਦਾ ਵਿਹੜੇ ਲਾਇਆ
ਐਸਾ ਰੰਗ ਮਾਇਆ ਦੇ ਰੰਗਿਆ
ਮਾਇਆ ਦਾ ਹੀ ਰੂਪ ਵਟਾਇਆ
ਜੀਣਾ ਰੱਖਿਆ ਯਾਦ ਮਨੁੱਖ ਨੇ
ਮਰਨਾ ਮੂਲ ਭੁਲਾਇਆ
-0-
ਉਡਿਆ ਪੰਛੀ ਪਿੰਜਰਾ ਖ਼ਾਲੀ
ਕੁੱਝ ਵੀ ਹੱਥ ਨਾ ਆਇਆ
ਜ਼ਿੰਦਗੀ ਵਿਚ ਇਕੱਠਾ ਕੀਤਾ
ਕਾਂਵਾਂ ਮੂੰਹ ਨਾ ਲਾਇਆ
ਅਰਥੀ ਉੱਠੀ ਤੇ ਸਭ ਭੁਲ ਗਏ
ਜਗ ਵਿਚ ਆਇਆ ਕਿ ਨਾ ਆਇਆ
-0-
ਖ਼ਾਲੀ ਆਇਆ ਸੈਂ ਭਰਿਆ ਜਾਂਦੋਂ
ਕੁੱਝ ਖੱਟਦਾ ਕੁੱਝ ਗੁਵਾਦੋਂ
ਮੋਇਆ ਨਾਲ ਕੀ ਜਾਂਦਾ ਹੈ
ਤੇ ਪਿੱਛੇ ਕੀ ਰਹਿ ਜਾਂਦਾ ਹੈ
ਇਹ ਤਾਂ ਭੇਦ ਜਾਣਦਾ ਸੈਂ ਤੂੰ
ਪੁੰਨ ਪਾਪ ਪਛਾਣਦਾ ਸੈਂ ਤੂੰ
ਸਾਰੀ ਉਮਰ ਆਪਣੇ ਆਪ 'ਚ
ਰਿਹਾ ਤੂੰ ਅਫਲਾਤੂਨ ਕਹਾਂਦਾ
ਤੂੰ ਚਤੁਰ ਸਿਆਣਾ ਜਗ ਤੋਂ
ਤੈਨੂੰ ਸਮਝ ਨਾ ਆਈ ਬਾਤ

ਚਾਰ ਦਿਨਾਂ ਦੀ ਜ਼ਿੰਦਗੀ ਫਿਰ ਅੰਧੇਰੀ ਰਾਤ
-0-
ਉਡੀਕ ਦੀ ਸੂਲ਼ੀ ਚੜੀ
ਮੈਂ ਤੱਕਦੀ ਤੇਰਾ ਰਾਹ
ਪੰਖ ਪੰਖੇਰੂ ਪਰਤੇ ਘਰਾਂ ਨੂੰ
ਤੂੰ ਵੀ ਚੰਨਾ ਆ
-0-
ਕਈ ਵਾਰੀ ਜਨਮੀ ਕਈ ਵਾਰੀ ਮੋਈ
ਕਿਸੇ ਵੀ ਯੁਗ ਨਾ ਤੇਰੀ ਹੋਈ
ਹੁਣ ਤੇ ਨਿਗਾਹ ਇਸ ਤੱਤੜੀ 'ਤੇ ਪਾਅ
ਦਮ ਆਵੇ ਕਿ ਨਾ ਆਵੇ ਦਮ ਦਾ ਕੀ ਵਸਾਹ
ਲਾ ਕੇ ਅੱਖੀਆਂ ਗਿਆ ਤੂੰ ਭੁਲ
ਉਡੀਕਾਂ ਦੇ ਅੱਥਰੂ ਅਸੀਂ ਤਾਰੇ ਮੁੱਲ
-0-
ਕਾਇਆ ਕਲਪ ਕਰਾਂ ਮੈਂ ਆਪਣੀ
ਤੇਰਾ ਰੂਪ ਵਟਾਵਾ
ਜਿਹੋ ਜਿਹਾ ਹੈ ਤੂੰ ਮੈਂ ਉਂਜ ਦੀ ਹੋ ਜਾਵਾਂ
ਕੀ ਔਕਾਤ ਹੈ ਮੇਰੀ ਕੀ ਹੈ ਮੇਰੀ ਵਾਹ
ਮਿੱਟੀ ਦਾ ਕੀ ਮੁੱਲ ਮਿੱਟੀ ਦਾ ਕੀ ਭਾਅ
ਮਰਜ਼ੀ ਦਿਆ ਮਾਲਕਾ
ਤੂੰ ਮਰਜ਼ੀ ਪੁਗਾਅ
ਪਰ ਆਪਣੇ ਮਿਲਣ ਦਾ
ਕੋਈ ਤਾਂ ਢੰਗ ਸਮਝਾਅ
ਤੇਰੀ ਰਜ਼ਾ 'ਚ ਮੈਂ ਤੱਕਦੀ ਤੇਰਾ ਰਾਹ
ਪੰਖ ਪੰਖੇਰੂ ਘਰਾਂ ਨੂੰ ਪਰਤੇ
ਤੂੰ ਵੀ ਚੰਨਾ ਆ
-0-
ਸਵੈ ਅਭਿਮਾਨੀ ਜੀਉਂਦਿਆਂ ਰਹਿ ਕੇ
ਮਿੱਟੀ ਦਾ ਚਿੰਤਨ ਕਰ
ਮਿੱਟੀ ਪੂਜ ਧਿਆ
ਉਸ ਉੱਚੇ ਨੂੰ ਪਾਉਣ ਦਾ
ਇਕੋ ਇਕ ਹੈ ਰਾਹ

ਉਹ ਖ਼ਲਕਤ ਵਿਚ ਵਸਦਾ
ਤੂੰ ਖ਼ਲਕਤ ਦੀ ਚਰਨ ਧੂੜ ਹੋ ਜਾਅ
-0-
ਉਹ ਕਦੀ ਨਹੀਂ ਭੁਲਣਾ
ਖਾਂਦਾ ਨਹੀਂ ਵਸਾਹ
ਉਸ ਨੂੰ ਰੰਕ ਪਿਆਰੜੇ
ਸਨਮਾਨਿਤ ਦਰਗਾਹ
ਉੱਚਿਆਂ ਦੇ ਉਹ ਸੰਗ ਸਾਥ ਨਾ
ਰਿਹਾ ਨੀਚਾਂ ਵਿਚ ਸਮਾਅ
ਉਸਨੂੰ ਸਚ ਹੀ ਜਾਣਕੇ ਉਸ ਵਿਚ ਹੀ ਲਿਵ ਲਾਅ
ਨਜ਼ਰਾਂ ਰੱਖ ਰਾਹ 'ਤੇ
ਉਹ ਖੁਦ ਮਿਲ ਵੈਸੀ ਆ
-0-
ਬਾਗਾਂ ਦੇ ਵਿਚ ਕੋਇਲ ਕੂਕੇ
ਕੋਇਲ ਦੇ ਵਿਚ ਕੌਣ
ਪੱਤੇ ਪੱਤੇ ਦਾ ਸ਼ੋਰ ਹੈ
ਜਾਂ ਰੁੱਖਾਂ ਦਾ ਮੌਣ
-0-
ਪਤਝੜ ਪਿੰਡਿਉਂ ਰੁੱਤ ਪੁੰਗਰੀ ਹੈ
ਕਲੀਆਂ ਪਿੰਡਿਉਂ ਮਹਿਕ ਟੁਰੀ ਹੈ
ਥਲ ਵਿਚ ਜਲ ਦਾ ਵਾਸਾ ਹੋਇਆ
ਜ਼ਿੰਦਗੀ ਕਬਰਾਂ ਵੱਲ ਮੁੜੀ ਹੈ
ਨੈਣਾਂ ਦੇ ਬੂਹੇ ਢੋਅ ਲਈ ਜਿੰਦੇ
ਜਦ ਸੱਜਣ ਢੁਕਣ ਕੋਲ
ਉਤਰ ਜਾਵੀਂ ਸੱਜਣਾਂ ਦੀ ਚੁੱਪ ਵਿਚ
ਨਾ ਕੋਈ ਉਚਾਰੀ ਬੋਲ
-0-
ਹਵਾ ਨੇ ਆਪਣੀ ਗਤੀ ਪਛਾਤੀ
ਅੱਗਣ ਨੇ ਆਪਣਾ ਤੇਜ਼
ਜਲ ਨੇ ਆਪਣਾ ਰਸ ਪਛਾਤਾ
ਅੰਬਰ ਸ਼ਬਦ ਦਾ ਮੇਲ
ਧਰਤੀ ਆਪਣੀ ਮਹਿਕ ਪਛਾਣੀ

ਸਭ ਆਪਣਾ ਆਪਣਾ ਖੇਲ
ਤੂੰ ਵੀ ਆਪਣਾ ਆਪ ਪਛਾਣ
ਸੋਚ ਸਮਝ ਤੇ ਜਾਣ
ਤੇਰਾ ਸੱਚ ਤੇਰੇ ਅੰਦਰ ਹੈ
ਜੋਤੀ ਜਿਸ ਦਾ ਰੂਪ
ਇਹ ਜੋਤੀ ਹੈ
ਆਪ ਹੀ ਬ੍ਰਹਮ ਸਰੂਪ
-0-
ਇਹ ਤਾਂ ਸਖੀਏ ਉਸਦਾ ਜਲਵਾ
ਜਿਸ ਚਾਹੇ ਉਹ ਦਿਖਲਾਵੇ
ਉਸ ਦੀ ਇਸ਼ਾਰਤ ਬਿਨ ਕੁੱਝ ਨਹੀਂ ਹੁੰਦਾ
ਉਹ ਹੋਵੇ ਜੋ ਚਾਹੇ
ਰੁੱਖਾਂ ਨੂੰ ਗਤੀਆਂ ਦੇ ਲੇਖੇ
ਪੱਥਰ ਤਰਨਾ ਲਾਵੇ
ਖਿੱਚ ਕੇ ਆਪ ਬਰੋਬਰ ਕਰ ਲਏ
ਉਸ ਦੀ ਇਹ ਵਡਿਆਈ
ਉਸ ਬਾਝੋਂ ਕੌਣ ਹੈ
ਜਿਸ ਨੇ ਨੀਚਾਂ ਦੇ ਸੰਗ ਲਾਕੇ
ਤੋੜ ਨਿਭਾਈ
ਆਪਣੀ ਰਚਨਾ ਵਿਚ ਡਿੱਠਾ ਵਸਦਾ
ਜਦ ਦੇਹ ਦੀ ਬੁੱਕਲ ਲਾਈ
ਸਭ ਵਿਚ ਉਸ ਆਪਾ ਗੁੰਨਿਆ
ਉਹ ਆਪੇ ਗੁੱਝਣ ਆਪੇ ਤੌਣ
ਬਾਗਾਂ ਦੇ ਵਿਚ ਕੋਇਲ ਕੂਕੇ
ਕੋਇਲ ਵਿਚ ਕੌਣ
ਪੱਤੇ ਪੱਤੇ ਦਾ ਸ਼ੋਰ ਹੈ ਜਾਂ ਰੁੱਖਾਂ ਦਾ ਮੌਣ
-0-
ਇਹ ਰੁੱਖ
ਤੇਰੀ ਦੇਹੀ ਦਾ ਸਾਇਆ ਨਹੀਂ
ਜਿਸ ਦੇ ਹੇਠ ਰਿਹਾ ਹੈ ਤੂੰ ਬਹਿ
ਉੱਠ ਮੰਜ਼ਿਲ ਦੂਰ ਹੈ ਤੇਰੀ
ਤੂੰ ਕਰਨੇ ਨੇ ਕਈ ਕੋਹ ਤਹਿ

ਇਸ ਦੀ ਠੰਡੀ ਛਾਂਅ ਨੇ
ਸੀਕ ਲੈਣਾ ਹੈ ਤੇਰਾ ਤਾਅ
ਕਿੰਨ੍ਹਾ ਚਿਰ ਲੰਘਾਏਗਾ
ਇਸ ਦੇ ਫਲ ਜ਼ਹਿਰੀਲੇ ਖਾਹ
-0-
ਜਿਸ ਕਾਰਨ ਉਸ ਤੇਰੀ ਦੇਹ ਸਿਰਜੀ
ਉਠ ਉਸ ਦਾ ਨਗਮਾ ਗਾਅ
ਢੂੰਢਲੇ ਉਸਨੂੰ
ਤੇਰੇ ਵਿਚ ਜਿਸ ਆਪਾ ਲਿਆ ਛੁਪਾ
ਬਾਲ਼ ਚਿਰਾਗ਼ ਮੱਥੇ ਵਿਚਲਾ
ਤੇ ਚਾਨਣ ਹੋ ਜਾਅ
ਇਹੀ ਜੀਵਨ ਪ੍ਰਯੋਜਨ ਤੇਰਾ
ਇਸ ਦੀ ਜੋਤ ਜਗਾ
ਤੂੰ ਵਿਛੜਿਆ ਹੈ ਜਿਸ ਨੂਰ ਤੋਂ
ਉਸ ਨੂੰ ਗਲਵਕੜੀ ਪਾਅ
-0-
ਅੱਖੀਆਂ
ਜਾਅ ਲਗੀਆਂ ਦੇਸ਼ ਪਰਾਏ
ਦੇਸ਼ ਪਰਾਏ ਲਗੀਆਂ
ਕੌਣ ਨਿਭਾਏ
-0-
ਨਾ ਘਰ ਚੁੱਲ੍ਹਾ ਚੌਂਕਾ ਮੇਰੇ
ਨਾ ਕੰਧਾਂ ਨਾ ਵਿਹੜਾ
ਓਪਰੀਆਂ ਗਲੀਆਂ ਅਜਨਬੀ ਚਿਹਰੇ
ਆਪਣਾ ਆਪ ਪਰਾਇਆ ਲਗਦਾ
ਵਿਚ ਰੰਗਲੇ ਜਗਤ ਦੇ ਮੇਲੇ
ਆਪਣਾ ਰੰਗ ਵੀ ਫਿੱਕਾ ਲਗਦਾ ਪ੍ਰਦੇਸਾਂ ਵਿਚ
ਸਾਇਆ ਵੀ ਅਣਡਿੱਠਾ ਲਗਦਾ ਪ੍ਰਦੇਸਾਂ ਵਿਚ
ਕਿਹੜਾ ਦਿਲ ਦਾ ਦਰਦ ਵੰਡਾਏ
ਅੱਖੀਆਂ ਜਾਅ ਲਗੀਆਂ ਦੇਸ਼ ਪਰਾਏ
ਦੇਸ਼ ਪਰਾਏ ਲਗੀਆ ਕੌਣ ਨਿਭਾਏ
-0-

ਪੇਕੇ ਘਰੋਂ ਪਰਾਈ ਹੋਈ
ਸਾਹੁਰੇ ਆਣ ਸ਼ੁਦਾਈ ਹੋਈ
ਭੀੜ ਦੇ ਵਿਚ ਗੁਆਚ ਗਈ ਮੈਂ
ਆਪੇ ਚੋਂ ਹੋ ਬਨਵਾਸ ਗਈ ਮੈਂ
ਭੁਲ ਗਈ ਮੈਂ ਮਾਲਕ ਆਪਣਾ
ਨਾ ਹੀ ਆਪਣੇ ਪਾਸ ਰਹੀ ਮੈਂ
ਗਰਭ ਜੂੰਨ ਵਿਚ ਜੋ ਸੀ ਚੇਤੇ
ਅੱਖ ਖੁੱਲ੍ਹੀ ਤਾਂ ਵਿਸਾਰ ਗਈ ਮੈਂ
ਦੁਨੀਆ ਵਿਚ ਮੈਂ ਹੋਈ ਪਰਾਈ
ਪਤਾ ਨਾ ਲਗਿਆ ਕਿਧਰ ਗਈ ਮੈਂ
ਸ਼ਾਲਾ
ਕੋਈ ਮੇਰਾ ਆਪਾ ਮੋੜ ਲਿਆਏ
ਅੱਖੀਆਂ ਲਗੀਆਂ ਦੇਸ ਪਰਾਏ
ਕੋਈ ਦੇਸ ਪਰਾਏ ਲਗੀਆਂ ਕਿੰਜ ਨਿਭਾਏ
-0-
ਤੂੰ ਹੀ ਯਤਨ ਕਰ ਕੋਈ ਜਿੰਦੇ
ਦੁਨੀਆ ਵਿਚ ਰਹਿ ਕੇ
ਪਰਤਣ ਦਾ ਵਲ਼ ਦਸ ਕੋਈ ਜਿੰਦੇ
ਆਪਣੇ ਘਰ ਦਾ ਲੱਭ ਸਿਰਨਾਵਾਂ
ਰਾਹ ਮੰਜ਼ਿਲ ਮਿੱਥ ਕੋਈ ਜਿੰਦੇ
ਮਨ ਦੀ ਜੋਤ ਪਛਾਣ ਲੈ ਜਿੰਦੇ
ਜੀਂਦੇ ਮਰਜੀਵੜਾ ਹੋਣਾ ਜਾਣ ਲੈ ਜਿੰਦੇ
ਜੇ ਮਰਜੀਵੜੀ ਹੋ ਜਾਏਗੀ
ਆਪਣਾ ਸੱਚ ਜੀਂਦੀ ਪਾਏਗੀ
ਫਿਰ ਵਿਛੋੜੇ ਮੁਕ ਜਾਵਣਗੇ
ਬ੍ਰਿਹੋ ਦੇ ਚਸ਼ਮੇ ਸੁਕ ਜਾਵਣਗੇ
ਚਾਅ ਚੜਣਗੇ ਦੂਨ ਸਵਾਏ
ਅੱਖੀਆਂ ਜਾਅ ਲਗੀਆਂ ਦੇਸ਼ ਪਰਾਏ
ਕੋਈ ਦੇਸ਼ ਪਰਾਏ ਲਗੀਆਂ ਕਿੰਜ ਨਿਭਾਏ
-0-
ਜੇ ਤੁੱਧ ਭਾਵੇ
ਰੁੱਖ ਹੋ ਜਾਵਾਂ ਮੈਂ

ਰੁੱਖ ਤੋਂ ਬੀਜ ਬੀਜ ਤੋਂ ਰੁੱਖ ਕਹਾਵਾਂ ਮੈਂ
ਅੰਤ ਰਹਿਤ ਨਿਰੰਤਰਤਾ
ਤੇਰੇ ਰਹਿਤ ਨਿਰੰਤਰਤਾ
ਹੇਰੇ ਹੁਕਮ ਹੰਢਾਵਾਂ ਮੈਂ
ਆਪਣਾ ਆਪ ਭੁਲਾਕੇ ਤੇਰੀ ਹੋ ਜਾਵਾਂ ਮੈਂ
-0-
ਨਾ ਕੋਈ ਰਹੇ ਸ਼ਨਾਖਤ ਮੇਰੀ
ਮਿੱਟੀ ਵਿਚ ਰਲ ਜਾਏ ਮਿੱਟੀ ਮੇਰੀ
ਹੋ ਕੇ ਅੰਤਾਕਰਨ ਰੁੱਖ ਦਾ ਤੈਨੂੰ ਪਾਵਾਂ ਮੈਂ
ਰੁੱਖਾਂ ਵਾਂਗ ਰਹਿਣਾ ਸਿੱਖਾਂ ਮੰਨਾ ਭਾਣਾ ਮੈਂ
ਤੇਰਾ ਰੂਪ ਹੀ ਦਿੱਸਣ ਸਭੇ ਨਾ ਆਪਣਾ ਬੇਗਾਨਾ
ਪੱਥਰ ਮਾਰਨ ਲੋਕ ਤਾਂ ਦੇਵਾਂ ਫਲਾਂ ਫੁੱਲਾਂ ਦਾ ਨਜ਼ਰਾਨਾ
ਖੁਦਾਈ ਚੋਂ ਤੂੰ ਦਿੱਸੇ
ਤੁੱਧ ਚੋਂ ਦਿੱਸੇ ਖੁਦਾਈ
ਰੁੱਖਾਂ ਵਾਂਗ ਧਿਆਵਾਂ
ਮਨ ਸਿਮਰੇ ਤੁੱਧ ਤਾਂਈ
-0-
ਆਪਣਾ ਆਪਾ ਪਾਕੇ ਜਗਤ ਰੂਪ ਹੋ ਜਾਵਾਂ
ਤੇਰੇ ਭਾਣੇ ਵਿਚ ਰਹਿਕੇ ਤੇਰੇ ਦਰ ਅੱਪੜ ਜਾਵਾਂ
ਤੂੰ ਬੂਹਾ ਖੋਲੇ ਨਾ ਖੋਲੇ
ਨਾ ਦਰ ਤੋਂ ਸੀਸ ਉਠਾਵਾਂ
-0-
ਗੈਰਾਂ ਵਿਚ ਵੀ ਤੱਕ ਆਪਾ
ਅੰਤਰ ਨਾ ਉਸਾਰ
ਆਪਣੀਆਂ ਬੁਰਾਈਆਂ
ਚੰਗਿਆਈਆਂ ਵਿਚ ਉਤਾਰ
-0-
ਪਾਣੀ ਹੋਏ ਲੋਹੇ ਨੂੰ ਜੀਭਾ 'ਤੇ ਰੱਖ ਠਾਰ
ਮਾਰ ਨਾ ਸੱਟਾਂ ਵਦਾਨ ਦੀਆਂ
ਸ਼ਬਦਾਂ ਦੀ ਗੁਠਾਲੀ ਵਿਚ ਢਾਲ
ਜੇ ਚਾਹੁੰਦਾ ਹੈ ਆਪਾ ਪਾਉਣਾ
ਤਾਂ ਜ਼ਹਿਰ ਜਗਤ ਦਾ ਪੀਅ

ਮਰ ਕੇ ਆਪਣੇ ਲਈ
ਦੂਸਰਿਆਂ ਲਈ ਜੀਅ
ਗ਼ੈਰ ਦੇ ਅੱਥਰੂ ਬਦਲੇ
ਆਪਣਾ ਲਹੂ ਵਹਾਅ
ਜੇ ਉੱਚੇ ਨੂੰ ਪਾਉਣਾ
ਤਾਂ ਮਿੱਟੀ ਦੀ ਮਿੱਟੀ ਹੋ ਜਾਅ
-0-
ਰੁੱਖ ਜੰਗਲ ਹੈ ਭਾਲ਼ਦਾ
ਸੁੱਖ ਸ਼ਾਂਤੀ ਦਾ ਕਰ ਵਿਚਾਰ
ਰੁੱਖ ਕਮਲਾ ਨਹੀਂ ਜਾਣਦਾ
ਭੀੜ 'ਚ ਹੈ ਸੁਖ ਦੁਸ਼ਵਾਰ
ਭੀੜ ਦਾ ਆਪਣਾ ਸੱਚ ਨਾ
ਭੀੜ ਸ਼ਨਾਖਤ ਹੀਣ
ਭੀੜ ਹੈ ਪਿੱਛੇ ਭੀੜ ਦੇ
ਇਸ ਦਾ ਧਰਮ ਨਾ ਦੀਨ
-0-
ਬਹੁਤੇ ਸ਼ੀਸ਼ੇ ਤੱਕਿਆਂ
ਚਿਹਰਾ ਜਾਂਦਾ ਪਾਟ
ਪੁਰਜਾ ਪੁਰਜਾ ਦਿਸਦਾ
ਇਕਾਈ ਦਾ ਪ੍ਰਭਾਵ
ਅੰਗਾਂ ਨਖਸ਼ਾਂ ਵਿਚ ਖਿੰਡ ਜਾਂਦਾ
ਚਿਹਰੇ ਦਾ ਅਕਾਰ
ਫਿਰ ਜੋੜਿਆ ਨਹੀਂ ਜੁੜਦਾ
ਅੰਗਾਂ ਨਖਸ਼ਾਂ ਦਾ ਕਿਰਦਾਰ
ਕਿੰਜ ਲਭੇਗਾ ਰੁੱਖ ਸਾਬਤਾ
ਗੁਆਚ ਗਿਆ ਜੇ ਜੰਗਲ ਵਿਚਕਾਰ
-0-
ਸੁਖ ਸ਼ਾਂਤੀ ਰੁੱਖ ਅੰਦਰ ਹੈ
ਰੁੱਖ ਆਪਾ ਪੜ੍ਹੇ ਵਿਚਾਰੇ
ਦੇਹ ਨੂੰ ਆਪਣੇ ਆਪ ਤੋਂ ਲਾਹਕੇ
ਆਤਮ ਸੰਗ ਸਮਾਂ ਗੁਜ਼ਾਰੇ
ਇਕ ਵਾਰੀ ਦਰ ਖੋਲ ਕੇ ਤੱਕੇ

ਅੰਦਰ ਹੀ ਹਨ ਸਭ ਸਹਾਰੇ
ਉਸ ਦਾ ਸੱਚ ਹੈ ਤੇਰੇ ਅੰਦਰ
ਜਿਸਦੇ ਦਿੱਸਦੇ ਬਾਹਰ ਨਜ਼ਾਰੇ
-0-
ਰਚਿਉ ਸਭ ਸੰਸਾਰ
ਧਰਤ ਅਕਾਸ਼ ਪਤਾਲ
ਜੀਵ ਜੰਤ ਸਭ ਸਿਰਜਿਉ
ਕੀਤੋਈ ਆਪ ਸੰਭਾਲ
ਸਭ ਵਿਚ ਆਪ ਵਿਆਪਕ
ਸਭ ਤੇਰਾ ਵਿਸਥਾਰ
-0-
ਤੂੰ ਹੀ ਸਿਰਜਣਾ ਤੂੰ ਹੀ ਸਿਰਜਕ
ਤੂੰ ਹੀ ਅੰਦਰ ਬਾਹਰ
ਇਹ ਵੀ ਰਹੱਸ ਤੇਰਾ ਹੈ
ਦੇਹ ਵਿਚ ਰਹਿੰਦਾ ਦੇਹ ਤੋਂ ਹੈ ਨਿਰਲੇਪ
ਇਹ ਤੇਰੀ ਲੀਲਾ ਗਿਰਦਰ
ਵੇਖ ਨਾ ਸਕੀਏ ਵੇਖ
ਵੇਖ ਲਈਏ ਤਾਂ ਆਪਣੇ ਆਪ 'ਤੇ
ਕਿੰਜ ਕਰੀਏ ਵਿਸ਼ਵਾਸ
ਦੇਹੀ ਤੋਂ ਬਿਨ ਆਤਮ ਜੋਤ ਦਾ
ਕੋਈ ਨਾ ਰਹਿਣ ਨਿਵਾਸ
ਜੋਤ ਦੇਹੀ ਵਿਚ ਜੋਤ 'ਚ
ਕਿੰਜ ਹੋਈ ਨਿਰਲੇਪ
ਦੇਹ ਜੋਤ ਜਿਉਂਦੇ ਉਮਰਾਂ ਬੀਤ ਗਈ
ਸਮਝ ਨਾ ਆਇਆ ਭੇਦ
ਫਿਰ ਵੀ ਤਲਾਸ਼ ਜਿਉਂਦੀ ਨੈਣੀਂ
ਤਲਾਸ਼ ਦੀ ਇੱਛਾ ਨਾ ਸਕੀਏ ਦਿਲ ਤੋਂ ਮੇਟ
-0-